2

# ਕਹਾਣੀ ਧਾਰਾ

ਜੁਲਾਈ-ਸਤੰਬਰ, 2006



ਮੁੱਲ : 20/-



2 ਜੁਲਾਈ-ਸਤੰਬਰ, 2006

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN 03559/19/1/2006-TC



e-mail: kahani_dhara@yahoo.co.in

ਸੰਪਾਦਕ:

ਭਗਵੰਤ ਰਸੂਲਪੁਰੀ (94170-64350)

ਸੰਪਾਦਕ:

ਦੇਸ ਰਾਜ ਕਾਲੀ (93562-67116)

ਸਲਾਹਕਾਰ:

ਮੱਖਣ ਮਾਨ (94172-07627)
ਪਰਮਿੰਦਰ ਵਿਰਦੀ (98880-71598)
ਸੁਰਜੀਤ ਸੁਮਨ (98144-30874)

ਟਾਇਟਲ ਫੋਟੋ: ਐਮ. ਰਾਏ, ਸਕੈਚ : ਅਨੇਮਨ ਸਿੰਘ

ਰਚਨਾਵਾਂ ਭੇਜਣ ਲਈ ਪਤਾਮ : ਸੰਪਾਦਕ 'ਕਹਾਣੀ ਧਾਰਾ'
ਪਿੰਡ ਧਰਮਪੁਰ, ਡਾਕ. ਖਾਂਬਰਾ, ਜ਼ਿਲਾ ਜਲੰਧਰ-144026, ਪੰਜਾਬ।
(ਫੋਨ : 0181-2685313)
ਸਾਲਾਨਾ ਚੰਦੇ : 200 ਰੁਪਏ 10 ਅੰਕ, ਡਾਲਰ 25, ਪੌਂਡ 20
ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ
'ਕਹਾਣੀ ਧਾਰਾ' ਦੇ ਨਾਂ ਭੇਜੇ ਜਾਣ।

ਇਸ ਅੰਕ ਦੇ ਲੇਖਕ :

(ਕਹਾਣੀ ਧਾਰਾ) ਸੰਪਾਦਕੀ :1, ਹੰਗਾਰਾ :3, ਸ਼ਬਦ ਚਿੱਤਰ : ਪ੍ਰੇਮ ਪ੍ਰਕਾਸ਼/10, *ਪਰਗਟ ਸਿੱਧੂ*/19
ਕਹਾਣੀਆਂ:*ਜਿੰਦਰ*/24, *ਧਰਮਪਾਲ ਸਾਹਿਲ*/33, *ਬਲਬੀਰ ਰੀਹਲ*/42, *ਬਲਦੇਵ ਪੋਹਲੋਪੁਰੀ*/46,
*ਕਿਰਪਾਲ ਕਜ਼ਾਕ*/56 *ਨਾਵਲ ਕਾਂਡ:ਹਰਵਿੰਦਰ ਭੰਡਾਲ*/50, *ਕਹਾਣੀ ਸੰਦਰਭ:ਕਿਰਪਾਲ ਕਜ਼ਾਕ*/66,
*ਸਥਾਈ ਕਾਲਮ : ਡਾ. ਜਸਵਿੰਦਰ ਕੌਰ ਬਿੰਦਰਾ* / 72, *ਸਵੈ ਜੀਵਨੀ : ਸੁਰਜਪਾਲ ਚੌਹਾਨ* / 75,
ਆਲੋਚਨਾ : ਡਾ. ਰਜਨੀਸ਼ ਬਹਾਦਰ ਸਿੰਘ/84, ਜਸਲੀਨ ਕੌਰ/88, ਅਕਵਿੰਦਰ ਕੌਰ ਬਹਾਲ/91
ਪੁਸਤਕ ਪੜਚੋਲ/95 (ਜਨ ਬੋਧ) *ਡਾ. ਸੇਵਾ ਸਿੰਘ*/100

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ ਬਰਾਈਟ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ1 ਅਗਸਤ, 2006)

ਸੰਪਾਦਕੀ

## *ਅਨੁਵਾਦ ਕਾਰਜ : ਦੂਜੀਆਂ ਭਾਸ਼ਾਵਾਂ ਦੇ ਸਾਹਿਤ ਨੂੰ ਸਮਝਣ ਦਾ ਨਿੱਗਰ ਕਾਰਜ*

ਅਨੁਵਾਦ ਇਕ ਅਜਿਹਾ ਕਾਰਜ ਹੈ, ਜਿਸ ਰਾਹੀਂ ਅਸੀਂ ਦੂਜੀਆਂ ਭਾਸ਼ਾਵਾਂ ਵਿਚ ਰਚੇ ਜਾ ਰਹੇ ਸਾਹਿਤ ਨੂੰ ਪੜ੍ਹ ਕੇ ਆਪਣੇ ਅਨੁਭਵ ਨੂੰ ਅਮੀਰ ਹੀ ਨਹੀਂ ਕਰਦੇ ਸਗੋਂ ਵੱਖ-ਵੱਖ ਖਿੱਤਿਆਂ ਦੇ ਸਭਿਆਚਾਰ, ਰਸਮੋ-ਰਿਵਾਜ਼, ਲੋਕਾਂ ਦੇ ਸੁਭਾ, ਰਹਿਣ ਦੇ ਢੰਗ-ਤਰੀਕੇ, ਸਮਾਜਿਕ, ਆਰਥਿਕ, ਰਾਜਨੀਤਿਕ ਹਾਲਤ ਤੇ ਹੋਰ ਬਹੁਤ ਸਾਰੇ ਪਹਿਲੂਆਂ ਬਾਰੇ ਜਾਣੂ ਹੁੰਦੇ ਹਾਂ। ਸਾਹਿਤ ਦੇ ਅਦਾਨ-ਪ੍ਰਦਾਨ ਦਾ ਅਨੁਵਾਦ, ਇਕ ਨਿੱਗਰ ਪੁਲ ਦਾ ਕੰਮ ਕਰਦਾ ਹੈ। ਜੇ ਅਨੁਵਾਦ ਦਾ ਪੁਲ ਨਾ ਬਣਦਾ ਤਾਂ ਸਾਨੂੰ ਪਤਾ ਹੀ ਨਹੀਂ ਸੀ ਲੱਗਣਾ ਕਿ ਰੂਸੀ ਸਾਹਿਤ ਕਿੰਨਾ ਕੁ ਅਮੀਰ ਹੈ, ਬੰਗਲਾ, ਤਾਮਿਲ, ਮਰਾਠੀ, ਅਤੇ ਹੋਰ ਦੂਜੇ ਦੇਸਾਂ ਦੀਆਂ ਜ਼ੁਬਾਨਾ ਦਾ ਸਾਹਿਤ ਕਿਹੋ ਜਿਹਾ ਹੈ। 'ਮੇਰਾ ਦਾਗ਼ਿਸਤਾਨ' ਵਰਗੀ ਕਿਤਾਬ ਅਨੁਵਾਦ ਨਾਲ ਹੀ ਪੰਜਾਬੀ ਪਾਠਕ ਪੜ੍ਹ ਸਕੇ ਹਨ। ਅਨੁਵਾਦ ਦੇ ਮਧਿਅਮ ਰਾਹੀ ਹੀ ਪੰਜਾਬੀ ਦੇ ਵੱਡੇ ਸਾਹਿਤਕਾਰ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਅਤੇ ਵਿਦੇਸ਼ੀ ਭਾਸ਼ਾਵਾਂ 'ਚ ਅਨੁਵਾਦ ਹੋ ਕੇ ਪੜ੍ਹੇ ਗਏ ਹਨ। ਅਨੁਵਾਦ ਦੇ ਰਾਹੀਂ ਅਸੀਂ ਇਹ ਵੀ ਜਾਣਦੇ ਹਾਂ ਕਿ ਦੂਜੀ ਭਾਸ਼ਾਂ ਵਿਚ ਕਿਸ ਤਰ੍ਹਾਂ ਦੀਆਂ, ਸਾਹਿਤ ਨੂੰ ਲਿਖਣ ਦੀਆਂ ਜੁਗਤਾਂ ਵਰਤੀਆਂ ਜਾਂਦੀਆਂ ਹਨ, ਉਨ੍ਹਾਂ ਦੀ ਪਾਤਰਾਂ ਨੂੰ ਪੇਸ਼ ਕਰਨ ਦੀ ਕਲਾ, ਕਿੰਨੀ ਕੁ ਗਹਿਰੀ ਹੈ।

ਅਨੁਵਾਦ ਦਾ ਪੁਲ ਤਾਂ ਹੀ ਮਜ਼ਬੂਤ ਹੋਵੇਗਾ ਜੇ ਅਨੁਵਾਦ ਕਰਨ ਵਾਲੇ ਕੋਲ ਦੋਵੇਂ ਭਾਸ਼ਾਵਾਂ ਦਾ ਅਮੁੱਕ ਖ਼ਜ਼ਾਨਾ ਹੋਵੇਗਾ। ਦੋਹਾਂ ਜ਼ੁਬਾਨਾਂ ਉਤੇ ਪੂਰੀ ਪਕੜ ਹੋਵੇਗੀ, ਅਨਾੜੀ ਅਨੁਵਾਦਕ ਚੰਗੀ-ਭਲੀ ਕਿਤਾਬ ਦਾ ਮਾੜਾ ਅਨੁਵਾਦ ਕਰਕੇ ਕਿਤਾਬ ਦੀ ਜ਼ਖਣਾ ਵੱਢ ਦਿੰਦਾ ਹੈ। ਚੰਗਾ ਅਨੁਵਾਦਕ, ਕਿਸੇ ਕਿਤਾਬ ਦਾ ਅਨੁਵਾਦ ਕਰਕੇ ਐਨੀ ਜਾਨ ਪਾ ਦਿੰਦਾ ਹੈ ਕਿ ਪੜ੍ਹਨ ਵਾਲੇ ਨੂੰ ਮਹਿਸੂਸ ਹੀ ਨਹੀਂ ਹੁੰਦਾ ਕਿ ਇਹ ਕਿਤਾਬ ਅਨੁਵਾਦ ਹੋਈ ਹੈ। ਰਦੂਗਾ ਪ੍ਰਕਾਸ਼ਨ ਮਾਸਕੋ ਦੇ ਪੰਜਾਬੀ ਅਨੁਵਾਦ ਪੜ੍ਹਦਿਆਂ ਮੌਲਿਕ ਪੰਜਾਬੀ ਲਿਖਤਾਂ ਹੋਣ ਦਾ ਭੁਲੇਖਾ ਪੈਂਦਾ ਹੈ। ਗੁਰੂਬਖ਼ਸ ਦਾ ਅਨੁਵਾਦ ਕੀਤਾ ਰਸੂਲ ਹਮਜ਼ਾਤੋਵ ਦਾ 'ਮੇਰਾ ਦਾਗ਼ਿਸਤਾਨ' ਜਾਂ ਡਾ. ਕਰਨਜੀਤ ਸਿੰਘ ਦੇ ਅਨੁਵਾਦ 'ਪੁਸ਼ਕਿਨ ਦੀ ਚੋਣਵੀਂ ਰਚਨਾ', 'ਅੱਠੇ ਪਹਿਰ' ਜਾਂ ਫਿਰ 'ਮਾਂ' ਤੇ 'ਅਸਲੀ ਇਨਸਾਨ ਦੀ ਕਹਾਣੀ', 'ਸਾਂਤ ਸਰਘੀ ਵੇਲਾ' ਜਦੋਂ ਅਸੀਂ ਪੜ੍ਹਦੇ ਹਾਂ ਤਾਂ ਸਾਨੂੰ ਲੱਗਦਾ ਹੀ ਨਹੀਂ ਕਿ ਇਹ ਅਨੁਵਾਦ ਰਚਨਾ ਹੈ। ਰਦੂਗਾ ਪ੍ਰਕਾਸ਼ਨ ਨਾਲ ਜੁੜੇ ਅਨੁਵਾਦਕ ਬਹੁਤ ਸੂਝ ਬੂਝ ਵਾਲੇ ਅਤੇ ਵਿਦਵਾਨ ਅਨੁਵਾਦਕ ਸਨ।

ਅਨੁਵਾਦ ਦਾ ਕੰਮ ਸਰਕਾਰੀ ਸੰਸਥਾਵਾਂ ਹੀ ਚੰਗੇ ਤਰੀਕੇ ਨਾਲ ਲੰਮੇ ਸਮੇਂ ਲਈ ਕਰ ਸਕਦੀਆਂ ਹਨ ਕਿਉਂਕਿ ਇਸ ਲਈ ਵਧੇਰੇ ਧੰਨ ਦੀ ਲੋੜ ਹੁੰਦੀ ਹੈ। ਤੇ ਅਨੁਵਾਦ ਕਰਵਾ ਕੇ ਉਸ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਤ ਕਰਨ ਦਾ ਕਠਿਨ ਕੰਮ ਵੀ ਹੁੰਦਾ ਹੈ ਨਾਲ ਨਾਲ ਮੂਲ ਲੇਖਕ ਨੂੰ ਰਚਨਾ ਦਾ ਮਿਹਨਤਾਨਾ ਦੇਣਾ ਵੀ ਨੈਤਿਕ ਫਰਜ਼ ਹੁੰਦਾ ਹੈ। ਭਾਸ਼ਾ ਵਿਭਾਗ ਪੰਜਾਬ, ਪੰਜਾਬ ਦੀਆਂ ਯੂਨੀਵਰਸਿਟੀਆਂ, ਭਾਰਤੀ ਸਾਹਿਤ ਅਕੈਡਮੀ, ਭਾਰਤੀ ਗਿਆਨਪੀਠ, ਨੈਸ਼ਨਲ ਬੁੱਕ ਟਰੱਸਟ, ਦਿੱਲੀ ਆਦਿ ਅਜਿਹੀਆਂ ਸੰਸਥਾਵਾਂ ਹਨ, ਜਿਨ੍ਹਾਂ ਨੇ ਅਨੁਵਾਦ ਦੇ ਖੇਤਰ ਵਿਚ ਬਹੁਤ ਯਾਦਗਾਰੀ ਕੰਮ ਕੀਤਾ ਹੈ। ਇਨ੍ਹਾਂ ਵਿਚੋਂ ਨੈਸ਼ਨਲ ਬੁੱਕ ਟਰੱਸਟ' ਦਾ ਕਾਰਜ ਹੀ ਭਾਰਤੀ ਸਾਹਿਤ ਨੂੰ ਇਕ-ਦੂਜੀ ਭਾਸ਼ਾਂ ਵਿਚ ਅਨੁਵਾਦ ਕਰਵਾਉਣਾ ਹੈ। ਇਸ



ਰਾਹੀਂ ਅਸੀਂ ਕਲਾਸਿਕ ਨਾਵਲ ਤੇ ਕਹਾਣੀਆਂ ਪੜ੍ਹ ਸਕੇ ਹਾਂ। ਭਾਰਤੀ ਸਾਹਿਤ ਅਕੈਡਮੀ ਦਾ ਮੁੱਖ ਕੰਮ ਉਨ੍ਹਾਂ ਪੁਸਤਕਾਂ ਨੂੰ ਮੁੱਖ ਤੌਰ ਤੇ ਭਾਰਤ ਦੀਆਂ ਬਾਕੀ ਭਾਸ਼ਾਵਾਂ ਵਿਚ ਅਨੁਵਾਦ ਕਰਵਾਉਣਾ ਹੈ, ਜਿਹੜੀਆਂ ਪੁਸਤਕਾਂ ਨੂੰ ਉਹ ਹਰ ਸਾਲ ਵੱਖ ਵੱਖ ਜ਼ੁਬਾਨਾਂ 'ਚ ਸਾਹਿਤ ਅਕੈਡਮੀ ਐਵਾਰਡ ਦਿੰਦੀ ਹੈ। ਇਹ ਅਦਾਰਾ ਉੱਤਮ ਕਿਤਾਬਾਂ ਪੰਜਾਬੀ ਵਿਚ ਪੜ੍ਹਨ ਲਈ ਹੀ ਨਹੀਂ ਦਿੰਦਾ ਸਗੋ ਪੰਜਾਬੀ ਦੀਆਂ ਐਵਾਰਡ ਜੇਤੂ ਪੁਸਤਕਾਂ ਵੀ ਦੂਜੀਆਂ ਭਾਸ਼ਾਵਾਂ ਦੇ ਪਾਠਕਾਂ ਨੂੰ ਪੜ੍ਹਾਉਂਦਾ ਹੈ। ਕਦੇ ਕਦੇ ਸਾਨੂੰ ਇਨ੍ਹਾਂ ਅਦਾਰਿਆਂ ਵੱਲੋਂ ਕਰਵਾਏ ਅਨਾੜੀ ਅਨੁਵਾਦਕਾਂ ਦੇ ਮਾੜੇ ਅਨੁਵਾਦ ਵੀ ਪੜ੍ਹਨ ਨੂੰ ਮਿਲਦੇ ਹਨ।

ਪਿਛਲੇ ਦੋ ਕੁ ਸਾਲਾਂ ਤੋਂ ਭਾਰਤੀ ਸਾਹਿਤ ਅਕੈਡਮੀ, ਨਵੀ ਦਿੱਲੀ ਨੇ ਅਨੁਵਾਦ ਵਰਕਸ਼ਾਪਾ ਲਗਾਉਣ ਦਾ ਕਾਰਜ ਵੀ ਅਰੰਭਿਆ ਹੈ। ਪਿਛਲੇ ਸਮੇਂ 'ਚ ਅਕੈਡਮੀ ਨੇ ਵੱਖ ਵੱਖ ਰਾਜਾਂ ਦੀ ਕਹਾਣੀ ਦੀਆਂ ਅਨੁਵਾਦ ਵਰਕਸ਼ਾਪ ਦਾ ਪ੍ਰਬੰਧ ਕੀਤਾ।

ਨਿੱਜੀ ਪੱਧਰ 'ਤੇ ਵੀ ਅਨੁਵਾਦ ਦੇ ਯਤਨ ਬਹੁਤ ਸਾਰਥਕ ਹੋਏ ਹਨ। ਸਾਡੇ ਪੰਜਾਬੀ ਵਿਚ ਨਿੱਜੀ ਪੱਧਰ ਤੇ ਵੀ ਅਨੁਵਾਦ ਕਰਵਾਉਣ ਦਾ ਰੁਝਾਨ ਕਾਫੀ ਵੱਧਿਆ ਹੈ। ਛੋਟੇ ਤੋਂ ਵੱਡੇ ਸਾਹਿਤਕਾਰਾਂ ਵੱਲੋਂ ਆਪਣੀਆਂ ਰਚਨਾਵਾਂ ਨੂੰ ਅਨੁਵਾਦ ਕਰਵਾਉਣ ਲਈ ਹਿੰਦੀ ਅੰਗਰੇਜ਼ੀ ਦੇ ਅਨੁਵਾਦਕਾ ਤੱਕ ਨਿੱਜੀ ਪਹੁੰਚ ਕੀਤੀ ਜਾਂਦੀ ਰਹੀ ਹੈ।

ਜਿਸ ਰਚਨਾ ਦਾ ਅਨੁਵਾਦ ਹੋਣਾ ਹੈ, ਅਤੇ ਜਿਸ ਅਨੁਵਾਦਕ ਨੇ ਅਨੁਵਾਦ ਕਰਨਾ ਹੈ, ਉਸ ਵਿਚ ਨਿਰਪੱਖਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਜੇ ਦੋਹਾਂ ਵਿਚ ਕਿਤੇ ਵੀ ਘਪਲਾ ਹੋ ਜਾਵੇ ਤਾਂ ਦੂਜੀ ਭਾਸ਼ਾਂ ਵਾਲੇ ਮਾੜੀ ਰਚਨਾ ਦਾ ਅਨੁਵਾਦ ਪੜ੍ਹ ਕੇ ਨਿਰਾਸ਼ ਹੀ ਨਹੀਂ ਹੁੰਦੇ ਸਗੋਂ ਉਸ ਦਾ ਮੂਲ ਭਾਸ਼ਾਂ ਦੀ ਅਨੁਵਾਦਤ ਰਚਨਾ ਪੜ੍ਹਨ ਨੂੰ ਭਵਿੱਖ 'ਚ ਮਨ ਹੀ ਨਹੀਂ ਕਰਦਾ ਅਤੇ ਜੇ ਰਚਨਾ ਦਾ ਅਨੁਵਾਦ ਅਨਾੜੀ ਵੱਲੋਂ ਕੀਤਾ ਜਾਵੇ ਤਾਂ ਉਹ ਅਰਥਾ ਦਾ ਅਨਰਥ ਹੀ ਨਹੀਂ ਕਰਦਾ ਸਗੋਂ ਚੰਗੀ ਰਚਨਾ ਦਾ ਨਾਸ਼ ਵੀ ਮਾਰ ਦਿੰਦਾ ਹੈ। ਸਿਰਜਣਾਤਮਕ ਲੇਖਕ ਹੀ ਅਨੁਵਾਦ ਰਚਨਾ 'ਚ ਮੌਲਿਕ ਰਚਨਾ ਵਾਲੀ ਜਾਨ ਪਾ ਸਕਦਾ ਹੈ ਅਨੁਵਾਦ ਕਾਰਜ ਪੁਨਰ ਸਿਰਜਣਾ ਵਰਗਾ ਕਾਰਜ ਹੁੰਦਾ ਹੈ।

ਅਨੁਵਾਦ ਕਾਰਜ 'ਚ ਕਈ ਵਾਰੀ ਲਿਹਾਜ ਅਤੇ ਨੇੜਤਾ ਜਾਂ ਚਾਹ ਦੀ ਪਿਆਲੀ ਤੇ ਗਲਾਸੀ ਦੀ ਸਾਂਝ ਅਨੁਵਾਦ ਵਿਚ ਕਈ ਕੁਝ ਗਲਤ-ਮਲਤ ਕਰਵਾ ਦਿੰਦੀ ਹੈ। ਕਈ ਵਾਰੀ ਲੇਖਕ ਸਰਕਾਰੀ ਅਦਾਰਿਆ ਨਾਲ ਜੁੜੇ ਅਧਿਕਾਰੀਆਂ ਤੋਂ ਇਸ ਸਾਂਝ ਕਰਕੇ ਆਪਣੀਆਂ ਮਾੜੀਆਂ, ਹਲਕੀਆਂ ਰਚਨਾਵਾਂ ਦਾ ਅਨੁਵਾਦ ਵੀ ਕਰਵਾ ਲੈਂਦੇ ਹਨ ਸਿੱਟਾ ਕੀ ਨਿਕਲਦਾ ਹੈ? ਹਲਕੀਆਂ ਰਚਨਾਵਾਂ ਦੂਜੀਆਂ ਭਾਸ਼ਾਵਾਂ 'ਚ ਚਲੀਆਂ ਜਾਂਦੀਆਂ ਹਨ ਤੇ ਚੰਗੀਆਂ ਰਚਨਾਵਾਂ ਦੱਬ ਹੋ ਜਾਂਦੀਆਂ ਹਨ। ਦਿੱਲੀ ਤੇ ਪੰਜਾਬ ਦੇ ਵੱਡੇ ਅਦਾਰਿਆ ਵਿਚ ਅਜਿਹੇ ਰੋਲ-ਖਚੋਲ ਚੱਲਦੇ ਹੀ ਰਹਿੰਦੇ ਹਨ।

ਅਸੀਂ ਨਾਂ ਲੈ ਕੇ ਸੁਹਿਰਦ ਲੋਕਾਂ ਦੇ ਮਨਾ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ। ਸਾਡੇ ਕੋਲ ਕਈ ਪਸੰਗ ਹਨ ਅਤੇ ਕਈ ਕਿੱਸੇ ਹਨ। ਅਨੇਕਾਂ ਪੰਜਾਬੀ ਵਿਚ ਮਾੜੇ ਕੀਤੇ ਹੋਏ ਅਨੁਵਾਦ ਦੀਆਂ ਉਦਾਹਰਨਾ ਵੀ ਹਨ।

**-ਭਗਵੰਤ ਰਸੂਲਪੁਰੀ**
**-ਦੇਸ ਰਾਜੀ ਕਾਲੀ**

## ਹੁੰਗਾਰਾ

***☛ ਸਰੂਪ ਸਿਆਲਵੀ ਦੀ 'ਨੇੜ੍ਹੇ ਦੇ ਵਾਸੀ' ਉਚੇਚਾ ਧਿਆਨ ਖਿੱਚਦੀ ਹੈ।***

ਪਰਚਾ ਮਿਲ ਗਿਆ ਸੀ। 'ਸੁਰ ਸਾਂਝ' ਦੀ ਥਾਂ ਨਵੇਂ 'ਕਹਾਣੀ ਧਾਰਾ' ਦੇ ਰੂਪ ਵਿੱਚ ਵੱਡਾ ਫ਼ਰਕ ਤਾਂ ਇਹੀ ਸਾਹਮਣੇ ਆਇਆ ਹੈ ਕਿ ਪਰਚਾ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਇਸ ਬਾਬਤ ਸੰਪਾਦਕੀ ਵਿਚਲਾ ਇਹ ਕਥਨ ਕਿ "ਅਸੀਂ ਕੁਝ ਕਹਿਣਾ ਚਾਹੁੰਦੇ ਹਾਂ ਤੇ ਕੁਝ ਸੁਣਨਾ ਵੀ ਚਾਹੁੰਦੇ ਹਾਂ" ਇਸ ਕਹਿਣ ਸੁਣਨ ਦੀ ਪ੍ਰਕ੍ਰਿਆ ਵਿਚੋਂ ਹੀ ਪਰਚਾ ਆਪਣੀ ਵੱਖਰੀ ਪਛਾਣ ਬਣਾਏਗਾ, ਇਹਦੀ ਕਾਮਨਾ ਕਰਦਾ ਹਾਂ। 'ਜਨ ਬੋਧ' ਵਾਲੇ ਭਾਗ ਵਿਚੋਂ ਡਾ. ਹਰਪਾਲ ਸਿੰਘ ਪੰਨੂੰ ਦਾ 'ਰਾਸਪੁਤਿਨ' ਪਹਿਲੀ ਵਾਰ ਪੜ੍ਹਦਿਆਂ ਅਜੀਬ ਕੈਫ਼ੀਅਤ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ। ਇੱਕ ਪਾਸੇ ਤਾਂ ਇਹ ਸਾਰਾ ਕੁਝ ਅੰਧ ਵਿਸ਼ਵਾਸ ਦੇ ਘੇਰੇ ਵਿੱਚ ਆ ਜਾਂਦਾ ਹੈ ਅਤੇ ਦੂਜੇ ਪਾਸੇ ਹੋਏ ਬੀਤੇ ਇਤਿਹਾਸਕ ਦੌਰਾਂ ਵਿੱਚ ਵਚਿੱਤਰ ਹਸਤੀਆਂ ਦੇ ਵਚਿੱਤਰ ਕਿਰਦਾਰ ਚਕ੍ਰਿਤ ਕਰਦੇ ਵਿਸ਼ਵਾਸ ਅਵਿਸ਼ਵਾਸ ਦੀ ਘੁੰਮਣਘੇਰੀ ਵਿੱਚ ਲਿਆ ਖੜਾ ਕਰਦੇ ਹਨ। ਇਹ ਸਾਧ ਰੂਸੀ ਇਤਿਹਾਸ ਵਿੱਚ ਇੱਕ ਹੋਰ ਵਚਿੱਤ੍ਰਤਾ ਦਾ ਧਾਰਨੀ ਵੀ ਬਣਦਾ ਹੈ ਕਿ ਉਹਦੀ ਮੌਤ ਤੇ ਰੂਸੀ ਜ਼ਾਰ ਤੇ ਕਮਿਊਨਿਸਟ ਦੋਵੇਂ ਅਫ਼ਸੋਸ ਜ਼ਾਹਰ ਕਰਦੇ ਹਨ ਜੋ ਕਿ ਬਾਕਾਇਦਾ ਰਿਕਾਰਡ 'ਚ ਮੌਜੂਦ ਹੈ। ਇਹੋ ਜਿਹੀਆਂ ਸ਼ਖ਼ਸੀਅਤਾਂ ਸ਼ਾਇਦ ਕਿਸੇ ਵੀ ਸਮਕਾਲੀ ਚਿੰਤਕੀ ਲੇਖਕ ਦੀ ਪਕੜ ਤੋਂ ਬਾਹਰ ਦੀ 'ਸ਼ੈਅ' ਹੁੰਦੀਆਂ ਹਨ, ਜਿਹਨਾਂ ਨੂੰ ਸਮਝਣ ਲਈ ਸ਼ਾਇਦ ਸਮੁੱਚੇ ਯੁੱਗ ਨੂੰ ਸਮਝਣ ਦੇ ਬਰਾਬਰ ਹੋਵੇ। ਡਾ. ਸੇਵਾ ਸਿੰਘ ਦਾ 'ਡੇਰਾਵਾਦ' ਵਾਲਾ ਲੇਖ ਡੇਰਾਵਾਦ ਦੇ ਸਮੁੱਚੇ ਇਤਿਹਾਸ 'ਤੇ ਝਾਤ ਪੁਆਉਂਦਾ ਹੈ 'ਤੇ ਮੌਜੂਦਾ ਹਾਲਾਤ ਵਿੱਚ ਇਸਦੀ ਹੋਂਦ ਸ਼ਨਾਖ਼ਤ ਵੀ ਕਰਵਾਉਂਦਾ ਹੈ ਭਾਵੇਂ ਲੇਖ ਦੀ ਭਾਸ਼ਾ ਦਿਮਾਗੀ ਕਸਰਤ ਬਹੁਤੀ ਕਰਵਾਉਂਦੀ ਹੈ। ਇਹ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਦੇ ਵੱਖੋ-ਵੱਖਰੇ ਮੁਹਾਵਰੇ ਕਾਰਣ ਵੀ ਹੋ ਸਕਦਾ ਹੈ ਤੇ ਅਨੁਵਾਦ ਦੀਆਂ ਆਪਣੀਆਂ ਸੀਮਾਵਾਂ ਕਾਰਣ ਵੀ।

ਕਹਾਣੀਆਂ ਵਿਚੋਂ ਸਰੂਪ ਸਿਆਲਵੀ ਦੀ 'ਨੇੜ੍ਹੇ ਦੇ ਵਾਸੀ' ਉਚੇਚਾ ਧਿਆਨ ਖਿੱਚਦੀ ਹੈ। ਚਾਰ ਪੀੜ੍ਹੀਆਂ ਦੀ ਕਥਾ ਨੂੰ ਸਮੇਟਣ ਵਿੱਚ ਲੇਖਕ ਕਾਫ਼ੀ ਹੱਦ ਤੱਕ ਕਾਮਯਾਬ ਹੁੰਦਾ ਹੈ। ਜੱਟਾਂ ਜਿੰਮੀਦਾਰਾਂ ਦੇ ਪਿੱਛੇ 'ਗੱਡੂ' ਬਣ ਕੇ ਦਲਿਤ ਹਰ ਥਾਂ ਹਾਜ਼ਰ ਰਹੇ ਹਨ। ਚਾਹੇ ਇਹ ਲਹਿੰਦੇ ਪੰਜਾਬ ਦੀਆਂ ਬਾਰਾਂ ਹੋਣ ਜਾਂ ਕੋਈ ਵੀ ਥਾਂ ਜਿੱਥੇ ਨਵੀਆਂ ਜ਼ਮੀਨਾਂ ਆਬਾਦ ਹੋਈਆਂ ਹੋਣ। ਇਹ ਇਤਿਹਾਸ ਨਾਲੋਂ ਨਾਲ ਚੱਲਦਾ ਰਿਹਾ ਹੈ। ਸੇਪ, ਸੀਰੀਪੁਣਾ, ਕਿਰਸਾਣਾਂ ਦੋਨਾਂ ਧਿਰਾਂ ਦੀ ਆਪਸੀ ਦੋਵੱਲੀ ਲੋੜ ਸੀ। ਇਹਨਾਂ ਦੇ ਆਪਸੀ ਰਿਸ਼ਤੇ ਨੂੰ ਕੇਵਲ ਜੱਟ ਬਨਾਮ ਦਲਿਤ ਦੇ ਸਾਂਚੇ ਵਿੱਚ ਫਿੱਟ ਕਰਕੇ ਸਿੱਧਰੇ ਰੂਪ ਵਿੱਚ ਵੀ ਨਹੀਂ ਲੈਣਾ ਚਾਹੀਦਾ। ਇਹ ਆਪਸ ਵਿੱਚੀਂ ਦੁਖ-ਸੁਖ ਦੇ ਸਾਂਝੀ ਵੀ ਬਣਦੇ ਰਹੇ ਹਨ।

ਮੇਹਰੂ ਵਰਗਿਆਂ ਨੂੰ ਤਾਂ ਜ਼ਿਮੀਂਦਾਰਾਂ ਤੱਕ ਹਰ ਵੇਲੇ ਗ਼ਰਜ਼ ਰਹਿਣੀ ਹੀ ਰਹਿਣੀ ਸੀ, ਪਰ ਲੋੜ ਪੈਣ ਤੇ 'ਕਾਲਿਆ' ਦੇ ਬੁੜ੍ਹੇ ਵਾਂਗ ਜ਼ਿਮੀਂਦਾਰ ਵੀ ਇਹਨਾਂ ਤੋਂ ਆਪਣੀਆਂ ਗ਼ਰਜ਼ਾਂ ਪੂਰੀਆਂ ਕਰਦੇ ਰਹੇ ਹਨ। ਭਾਵੇਂ ਵਗਾਰ ਵੇਲੇ ਉਹ ਫੇਰ ਦਲਿਤ-ਅਛੂਤ ਹੀ ਰਹਿੰਦੇ ਸਨ ਅਤੇ ਜਦੋਂ ਉਹ ਕੁਝ ਬਣਕੇ ਇਹਨਾਂ ਵਗਾਰਾਂ ਤੋਂ ਨਿਜ਼ਾਤ ਪਾ ਲੈਂਦੇ ਹਨ ਤਾਂ 'ਗੱਡੂ' ਹੋਣ ਦਾ ਮਿਹਣਾ ਦੇ ਕੇ ਉਹਨਾਂ ਨੂੰ ਉਹਨਾਂ ਦੀ ਔਕਾਤ ਬੜੀ ਖਚਰੀ ਭਾਸ਼ਾ ਵਿੱਚ ਯਾਦ ਵੀ ਦਿਲਾਈ ਜਾਂਦੀ ਹੈ।

ਨੰਦੂ ਦੇ ਵਿਆਹ ਤੋਂ ਬਾਅਦ ਸੀਬੋ ਦੇ ਆਉਣ ਨਾਲ ਕਹਾਣੀ ਅਗਲੇ ਪੜਾਅ ਵਿੱਚ ਪ੍ਰਵੇਸ਼ ਕਰਦੀ ਹੈ। ਉਹ ਸ਼ਹਿਰੀ ਮਾਹੌਲ ਦੀ ਜੰਮ-ਪਾਲ ਹੈ, ਜਿਸ ਵਿੱਚ ਡਾ. ਅੰਬੇਡਕਾਰ ਦੀ ਵਿਚਾਰਧਾਰਾ ਦੇ ਫੈਲਣ ਨਾਲ ਚਮਾਰਾਂ ਵਿੱਚ ਵੀ ਦੋ ਧੜੇ ਬਣ ਜਾਂਦੇ ਹਨ। ਇੱਕ 'ਪੱਕਿਆ' ਤੇ ਦੂਜਾ 'ਕੱਚਿਆ' ਦਾ। ਇਹ ਸ਼ਹਿਰੀ ਧੜਾ 'ਪੱਕਿਆ' ਦਾ ਪ੍ਰਤੀਨਿਧ ਹੈ। ਜਿਹਨਾਂ ਮਰੇ ਪਸ਼ੂ ਚੁੱਕਣੇ ਤੇ ਮੁਰਦਾਰ ਖਾਣਾ ਬੰਦ ਕੀਤਾ ਤੇ ਤਿਆਰ ਪੱਕੇ ਚਮੜੇ ਦੀਆਂ ਜੁੱਤੀਆਂ ਬਣਾ ਕੇ ਪੇਂਡੂ ਚਮਾਰਾਂ ਨਾਲੋਂ ਉਚੇਰੇ ਕਹਾਉਣ ਲੱਗ ਪਏ ਸਨ। ਸੀਬੋ



ਦਾ ਰਿਸ਼ਤਾ ਸ਼ਾਇਦ ਉਹਦੇ ਪੇਂਡੂ ਪਿਛੋਕੜ ਵਾਲੇ ਪਿਓ ਕਾਰਨ ਹੀ ਹੁੰਦਾ ਹੈ ਜਾਂ ਕੋਈ ਹੋਰ ਰਿਸ਼ਤਾ ਮਿਲਦਾ ਹੀ ਨਹੀਂ। ਸੀਬੋ ਮਜਬੂਰੀ ਵੱਸ ਆਪਣੀ ਸੱਸ ਨਾਲ 'ਕਿਰਸਾਣਾ' ਦੇ ਗੁੱਡ-ਗੁਡਾਈ ਵਰਗੇ ਸਰੀਰਕ ਮਿਹਨਤ ਦੇ ਕੰਮ ਤਾਂ ਬੱਧੀ-ਰੁੱਧੀ ਕਰਨ ਲੱਗ ਪੈਂਦੀ ਹੈ ਪਰ ਘਰ ਵਿੱਚ ਮੁਰਦਾਰ ਖਾਣਾ ਬੰਦ ਕਰਵਾਣ ਵਿੱਚ ਕਾਮਯਾਬ ਹੋ ਜਾਂਦੀ ਹੈ। ਮੇਹਰੂ ਤੇ ਕਿਰਪੀ ਦੇ ਮਰਨ ਪਿੱਛੋਂ ਉਹ ਅਧਿਆਰੇ ਪਸ਼ੂ ਰੱਖਣੇ ਵੀ ਬੰਦ ਕਰ ਦਿੰਦੀ ਹੈ ਤੇ ਆਪਣੇ ਮੁੰਡੇ ਦੇਵ ਨੂੰ ਸਕੂਲ ਵਿੱਚ ਦਾਖਲ ਕਰਵਾਉਣ ਵਿੱਚ ਵੀ ਕਾਮਯਾਬ ਹੋ ਜਾਂਦੀ ਹੈ। ਹੁਣ ਨੰਦੂ ਵੀ 'ਕਿਰਸਾਣਾਂ' ਦੀ ਸੇਪ ਹੀ ਨਹੀਂ ਛੱਡਦਾ ਮੁਰਦਾਰ ਚੁੱਕਣਾ ਵੀ ਆਪੇ ਬੰਦ ਹੋ ਜਾਂਦਾ ਹੈ। ਉਹ ਕੁੰਨਾ ਪੂਰ ਦਿੰਦਾ ਤੇ ਆਪ ਚੌਧਰੀ ਹਜ਼ਾਰਾ ਰਾਮ ਦੇ ਚਮੜਾ ਰੰਗਣ ਦਾ ਕਾਰਖਾਨੇ ਵਿੱਚ ਨੌਕਰ ਹੋ ਜਾਂਦਾ ਹੈ। ਨੰਦੂ ਦਾ ਪੁੱਤ ਦੇਵ ਤਿੰਨ ਜਮਾਤਾਂ ਪੜ੍ਹ ਕੇ ਚੌਧਰੀ ਹਜ਼ਾਰਾ ਰਾਮ ਦੀਆਂ ਕੋਸ਼ਿਸ਼ਾਂ ਤੇ ਅੰਗਰੇਜ਼ ਤਹਿਸ਼ੀਲਦਾਰ ਮਿਲਟਨ ਸਾਹਿਬ ਦੀ ਮਿਹਰਵਾਨੀ ਨਾਲ ਚਪੜਾਸੀ ਜਾ ਲੱਗਦਾ ਹੈ। ਆਪਣੇ ਸਮੇਂ ਮੁਤਾਬਿਕ ਦੇਵ ਦੀ ਇਹ ਚਪੜਾਸੀਗੀਰੀ ਦੀ ਨੌਕਰੀ ਵੀ ਚਮਾਰ ਦੇ ਡੀ. ਸੀ. ਲੱਗਣ ਤੋਂ ਘੱਟ ਨਹੀਂ ਭਾਵੇਂ ਉਹ ਇਸ ਰੁਤਬੇ ਤੇ ਕਿਸੇ ਰਾਖਵੇਂਕਰਨ ਕਾਰਣ ਨਹੀਂ ਅਪੜਦਾ (ਅੰਗਰੇਜ਼ ਅੰਦਰਲੀ ਈਸਾਈ ਮਿਸ਼ਨਰੀ ਭਾਵਨਾ ਹੋ ਸਕਦੀ ਹੈ) ਇਸ ਸਾਰੀ ਕਰਾਮਾਤ ਦੇ ਪਿੱਛੇ ਸੀਬੋ ਖੜੀ ਹੈ। ਕਹਾਣੀ ਵਿੱਚ ਗੁੰਝਲ ਦੇਵ ਦੇ ਵਿਆਹ ਤੇ ਆ ਕੇ ਪੈਂਦੀ ਹੈ ਜਦੋਂ ਨੰਦੂ ਐਨ ਮੌਕੇ ਸਿਰ ਬਹਾਨਾ ਬਣਾ ਕੇ ਹਸਪਤਾਲ ਜਾ ਦਾਖਲ ਹੁੰਦਾ ਹੈ ਤੇ ਸੀਬੋ ਦੇ ਭਰਾ ਵੀ ਵਿਆਹ ਵਿੱਚ ਸ਼ਾਮਲ ਨਹੀਂ ਹੁੰਦੇ ਤੇ ਇਹੀ ਸਦਮਾ ਸੀਬੋ ਦੀ ਮੌਤ ਦਾ ਸਬੱਬ ਬਣਦਾ ਹੈ। ਏਥੇ ਆ ਕੇ ਨੰਦੂ ਤੇ ਸੀਬੋ ਦੋਵੇਂ ਕਮਜ਼ੋਰ ਪਾਤਰ ਸਾਬਤ ਹੁੰਦੇ ਹਨ, ਜਿਹਦੀਆਂ ਜੜ੍ਹਾਂ ਜਾਤੀ ਹੀਣਤਾ ਦੇ ਸਦੀਆਂ ਦੇ ਸੰਸਕਾਰਾਂ ਦੀ ਕਸ਼ਮਕਸ਼ ਵਿਚੋਂ ਆਪਣਾ ਸਰੂਪ ਗ੍ਰਹਿਣ ਕਰਦੀਆਂ ਹਨ ਭਾਵੇਂ ਨੰਦੂ ਸਾਰੀ ਕਹਾਣੀ ਵਿੱਚ ਪੁੱਤ ਤੇ ਪਤਨੀ ਖ਼ਾਤਰ ਖ਼ਾਮੋਸ਼ ਕੁਰਬਾਨੀ ਦਰ ਕੁਰਬਾਨੀ ਕਰਦਾ ਤੁਰਿਆ ਜਾਂਦਾ ਹੈ। ਜਿਹੜੀ ਗੱਲ ਕਹਾਣੀ ਦੇ ਅੰਤ ਤੇ ਨੰਦੂ ਆਪਣੇ ਪੁੱਤ ਦੇਵ ਨੂੰ ਕਹਿੰਦਾ ਹੈ ਕਿ, "ਤੇਰੇ ਨਹੁੰ ਚਿੱਟੇ ਨਹੀਂ ਹੋਏ ... ਇਹ ਤੇਤੋਂ ਅਗਲੀ ... ਉਸਤੋਂ ਅਗਲੀ... ਤੇ ਕਿੰਨੀਆਂ ਹੀ ਅਗਲੀਆਂ ਪੁਸ਼ਤਾਂ ਤੱਕ ਚਿੱਟੇ ਨਹੀਂ ਹੋਣੇ...।" ਇਹੀ ਗੱਲ ਨੰਦੂ ਨੂੰ ਬਹੁਤ ਪਹਿਲੋਂ ਆਪਣੀ ਪਤਨੀ ਨੂੰ ਸਮਝਾਉਣੀ ਚਾਹੀਦੀ ਸੀ ਤਾਂ ਕਿ ਉਹਦੀ 'ਚਮਾਰੀ' ਨੂੰਹ ਨੂੰ ਰਸੋਈ ਵਿੱਚ ਉਹਦੇ ਭਾਂਡੇ ਵੱਖਰੇ ਰੱਖਣ ਤੱਕ ਦੀ ਨੌਬਤ ਹੀ ਨਾ ਆਉਂਦੀ। ਦੇਵ ਦਾ ਕਿਰਦਾਰ ਅਜੋਕੇ ਸਮੇਂ ਵਿੱਚ ਡੀ. ਸੀ, ਤੋਂ ਵੀ ਵੱਡੇ ਰੁਤਬਿਆਂ ਤੱਕ ਪਹੁੰਚ ਕੇ ਵੀ ਆਪਣੇ ਨਹੁੰ 'ਚਿੱਟੇ' ਹੋਣ ਦਾ ਭਰਮ ਪਾਲਕੇ ਦੋਹਰੀ ਮਾਨਸਿਕਤਾ ਵਿੱਚ ਜੀਅ ਰਿਹਾ ਹੈ, ਜਿਹੜਾ ਆਪਣੇ ਅਸਲੇ ਨੂੰ ਮੰਨਣ ਤੋਂ ਇਨਕਾਰੀ ਹੈ, ਜੋ ਉਹਦੀ ਤ੍ਰਾਸਦੀ ਹੋ ਨਿਬੱੜਦਾ ਹੈ। ਲੇਖਕ ਇਸੇ ਤੱਥ ਨੂੰ ਉਭਾਰਨ ਵਿੱਚ ਕਾਮਯਾਬ ਹੋਇਆ ਹੈ। ਕਹਾਣੀ ਵਿੱਚ ਆਏ ਹੋਰ ਵੇਰਵੇ ਜਿਵੇਂ ਪਰਸਾ ਸਿੰਘ ਦਾ ਅੰਮ੍ਰਿਤਧਾਰੀ ਹੋ ਕੇ ਵੀ ਜੁੱਤੀਆਂ ਵਿੱਚ ਬੈਠਣ ਲਈ ਮਜਬੂਰ ਹੋਣਾ, ਚੌਧਰੀ ਹਜ਼ਾਰਾ ਰਾਮ ਦੀ ਮਿਸ਼ਨਰੀ ਭਾਵਨਾ ਤੇ ਹੋਰ ਕਈ ਪਰਤਾਂ ਦੀ ਉਧੇੜ-ਬੁਣ ਫਰੋਲਣ ਦੇ ਯਤਨ ਹਨ ਜਿਹਨਾਂ ਦੀ ਵੇਰਵੇ ਸਹਿਤ ਚੀਰ ਫਾੜ ਕਿਸੇ ਆਲੋਚਕ ਵਲੋਂ ਹੀ ਉਚਿਤ ਹੋਵੇਗੀ।

ਨਰਿੰਦਰ ਕੌਰ ਭੱਚੂ ਦੀ ਕਹਾਣੀ 'ਤ੍ਰਿਸ਼ਨਾ' ਵੀ ਬਹੁਤ ਪ੍ਰਭਾਵਿਤ ਕਰਦੀ ਹੈ। ਸਾਡੇ ਆਲੇ ਦੁਆਲੇ ਵਿਚਰਦੇ ਅਣਗੌਲੇ ਪਾਤਰਾਂ ਨੂੰ ਇਕ ਮਾਂ ਦੀ ਨਜ਼ਰੇ ਬਹੁਤ ਗਹਿਰਾਈ ਵਿੱਚ ਜਾ ਕੇ ਬਿਆਨਿਆ ਗਿਆ ਹੈ। ਕਹਾਣੀ ਦੀ ਵੱਡੀ ਖ਼ੂਬੀ ਕਹਾਣੀਕਾਰ ਦੀ ਆਪਣੇ ਵਿਸ਼ੇ ਅਤੇ ਪਾਤਰਾਂ ਤੇ ਮਜ਼ਬੂਤ ਪਕੜ ਹੈ।

ਡਾ. ਕੱਲਰਮਾਜਰੀ ਨੇ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਦਾ ਵਿਸ਼ਲੇਸ਼ਣ ਵੇਰਵੇ ਸਹਿਤ ਕੀਤਾ ਹੈ ਪਰ ਉਹ ਸ਼ਬਦ 'ਮੈਲ ਖਾਣਾ' (ਜੋ ਦੋ ਵਾਰ ਵਰਤਿਆ ਗਿਆ ਹੈ) ਵਰਤਣ ਵੇਲੇ ਖੁਦ ਵੀ 'ਅਨੁਭਵ' ਤੋਂ ਸੱਖਣੇ ਪ੍ਰਤੀਤ ਹੁੰਦੇ ਹਨ ਕਿਉਂਕਿ ਇਹ ਸ਼ਬਦ "ਮੈਲ ਪੀਣਾ" ਹੈ ਅਤੇ ਮਾਧੋਪੁਰੀ ਨੇ ਵੀ ਇਹੋ ਸ਼ਬਦ ਵਰਤਿਆ ਹੈ ਤੇ ਦਰੁਸਤ ਵੀ ਇਹੀ ਹੈ।

ਕਿਤਾਬਾਂ ਦੇ ਰਿਵਿਊ ਵਾਲਾ ਹਿੱਸਾ ਕੁਝ ਬਹੁਤਾ ਲਮਕ ਗਿਆ ਲੱਗਦਾ ਹੈ।

ਤੁਹਾਡੀ ਦੋਨਾਂ ਦੀ ਮਿਲਵਰਤਨ ਦੀ ਕਾਮਯਾਬੀ ਦੀ ਕਾਮਨਾ ਕਰਦਾ ਹੋਇਆ।

**- ਜੋਗਿੰਦਰ ਪਾਲ ਮਾਨ, ਸਮਰਾਏ (ਜਲੰਧਰ)**

☛ *ਰਚਨਾ ਛਾਪੋ, ਪ੍ਰਤੀਕਰਮ- ਮੁਲਾਂਕਣ ਅਗਲੇ ਪਰਚੇ ਵਿਚ*

ਕਿਰਪਾਲ ਕਜ਼ਾਕ ਤੋਂ ਤੁਹਾਡਾ ਪਿਆਰਾ ਮੈਗ਼ਜੀਨ 'ਕਹਾਣੀ ਧਾਰਾ' ਮਿਲਿਆ ਜੋ ਚੰਗਾ ਯਤਨ ਹੈ। ਕੁੱਝ ਇਕ ਪ੍ਰਭਾਵ!

ਇਕ ਲੇਖਕ ਦੀਆਂ -ਇਕ ਲੇਖਕ ਬਾਬਤ ਇੱਕੋ ਪਰਚੇ ਵਿੱਚ ਵਧੀਕ ਰਚਨਾਵਾਂ ਨਾ ਛਾਪੋ। ਰਚਨਾ ਛਾਪੋ, ਪ੍ਰਤੀਕਰਮ- ਮੁਲਾਂਕਣ ਅਗਲੇ ਪਰਚੇ ਵਿਚ। ਏਨੇ ਰੀਵੀਓ ਤਾਂ ਤੌਬਾ ਕਰਵਾ ਦੇਣਗੇ ਜੀ। ਰੀਵੀਓ ਹਮੇਸ਼ਾਂ ਸਭ ਤੋਂ ਪਿਛੋਂ ਛਪਦੇ ਹਨ। ਰੀਵੀਓ ਹਰ ਪਰਚੇ ਦਾ ਉਤਾਰਧ ਹੁੰਦਾ ਹੈ। ਮੁੱਖ ਬੰਧ (ਸੰਪਾਦਕੀ ਪੰਨਾ) ਤੇ ਜਿੰਨੇ ਨਾਮ ਲਿਖੇ ਹਨ ਮੈਂ ਏਨਾ ਅਨਪੜ੍ਹ ਹਾਂ ਕਿ 10 % ਨੂੰ ਵੀ ਨਹੀਂ ਜਾਣਦਾ। ਭਵਿੱਖ ਵਿਚ ਜੋ ਲਿਖਾਂਗਾ ਭੇਜਾਂਗਾ। ਟ੍ਰਾਟਸਕੀ ਬਾਬਤ ਬਹੁਤ ਪ੍ਰੇਮ ਨਾਲ ਪੜ੍ਹਿਆ ਤੇ ਨੋਟਸ ਲਏ ਹਨ। ਜਦੋਂ ਲੇਖ ਤਿਆਰ ਹੋ ਗਿਆ ਤਾਂ ਭੇਜਾਂਗਾ।

**- ਪ੍ਰੋਫੈਸਰ ਹਰਪਾਲ ਸਿੰਘ ਪੰਨੂ , ਗੁਰੂ ਗੋਬਿੰਦ ਸਿੰਘ ਭਵਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

☛ *'ਪੈਰੇਂਟ ਗੁਲਾਬ' ਕਹਾਣੀ ਬਹੁਤ ਭਾਈ*

ਮੈਂ ਤਾਂ ਸੁਰ ਸਾਂਝ' ਉਡੀਕਦੀ ਰਹੀ ਪਰ ਇਕ ਨਵਾਂ ਨਕੋਰ ਮੁਹਾਂਦਰਾ ਆ ਮਿਲਿਆ। ਉਸ ਦਾ ਨਾਂ ਵੀ ਚੰਗਾ ਲੱਗਾ, 'ਕਹਾਣੀ ਧਾਰਾ' ਰੂਪ-ਰੇਖਾ ਵੀ ਸੋਹਣੀ, ਨੈਣ-ਨਕਸ਼ ਵੀ ਤਿਖੇ, ਫਬਤ ਵੀ ਜਚਦੀ ਬਣਦੀ। ਆਪ ਜੀ ਬਹੁਤ ਬਹੁਤ ਵਧਾਈਆਂ ਕਬੂਲ ਕਰੋ, ਝੋਲੀਆਂ ਭਰ ਕੇ। ਕਹਾਣੀਆਂ ਵੀ ਚੰਗੀਆਂ ਲੱਗੀਆਂ। ਮੋਹਨ ਭੰਡਾਰੀ ਦੀ ਕਹਾਣੀ ਤਾਂ ਦਿਲ ਨੂੰ ਟੁਬੰਣ ਗਈ। ਮੋਹਨ ਭੰਡਾਰੀ ਦੀ ਤਾਂ ਕੋਈ ਰੀਸ ਨਹੀਂ। ਡੇਰਾਵਾਦ ਲੇਖ ਚੰਗਾ ਲੱਗਾ, ਇਸ ਬਾਰੇ ਤਾਂ ਤੁਸੀਂ ਅੱਜ ਦੇ ਨੌਜੁਆਨ ਕੋਈ ਬੀੜਾ ਚੁੱਕੋ, ਕੋਈ ਵਿਵਾਦ ਛੇੜੋ। ਅਸਾਂ ਆਪ ਇਹ ਲਾਹਣਤ ਸਹੇੜੀ ਹੋਈ ਹੈ। ਇਸ ਬਾਰੇ ਖਾਸ ਕਰ ਕੇ ਪੰਜਾਬ ਵਿਚ ਥੋੜ੍ਹੀ ਜਾਗ੍ਰਿਤੀ ਦੀ ਲੋੜ ਹੈ। ਮੈਂ 'ਕਹਾਣੀ ਧਾਰਾ' ਦੀ ਲੰਮੀ ਉਮਰ ਤੇ ਸਫ਼ਲ ਕਮਨਾਂ ਲਈ ਦੁਆ ਕਰਦੀ ਹਾਂ। ਨਿਰੋਲ ਗਲਪ ਦਾ ਪਰਚਾ ਫਿਰ ਵਧਾਈ ਕਬੂਲ ਕਰੋ। 'ਪੈਰੇਂਟ ਗੁਲਾਬ' ਵੀ ਕਹਾਣੀ ਬਹੁਤ ਭਾਈ।

**ਚੰਦਨ ਨੇਗੀ**, ਦਿੱਲੀ।

☛ *ਇਹ ਨਵੇਂ-ਨਵੇਂ-ਨਵੇਂ-ਨਵੇਂ ਕੁਝ ਨਹੀਂ ਹੈ ਸਿਰਫ ਤਲਿਸ਼ਮੀ ਭਰਮ ਜਾਲ ਹੈ*

'ਕਹਾਣੀ ਧਾਰਾ' ਦਾ ਪਹਿਲਾਂ ਅੰਕ ਮਿਲਿਆ। ਇਕ ਦਮ ਸਹੀ ਨਾਂ ਰਜਿਸਟਰਡ ਕਰਵਾਇਐ ਮੈਗਜ਼ੀਨ ਦਾ। ਮੁਬਾਰਕ! ਕਰੇਂਗਾ ਤਾਂ ਤੂੰ ਆਪਣੀ ਮਰਜ਼ੀ ਪਰ ਆਸ ਕਰਦਾ ਹਾਂ ਕਿ ਤੂੰ ਇਹ ਚੌਥੀ ਕੂੰਟ, ਦੇਹਵਾਦ, ਡੈਸਪੋਰਾ, ਵਿਸ਼ਵੀਕਰਨ ਆਦਿ ਦੇ ਚੱਕਰਾਂ 'ਚ ਨਹੀਂ ਪਏਂਗਾ। ਤੂੰ ਪੰਜਾਬੀ ਦਾ ਕੋਈ ਆਪਣਾ ਮੌਲਿਕ ਕੇਂਦਰ ਤਲਾਸ਼ਣ ਦੀ ਕੋਸ਼ਿਸ਼ ਕਰੇਗਾ। ਇਹ ਨਵੇਂ-ਨਵੇਂ-ਨਵੇਂ-ਨਵੇਂ ਕੁਝ ਨਹੀਂ ਹੈ ਸਿਰਫ ਤਲਿਸ਼ਮੀ ਭਰਮ ਜਾਲ ਹੈ। ਦਰਅਸਲ ਇਹ ਸਾਰਾ ਕੁਝ ਨਿਰੰਤਰਤਾ ਹੈ। ਅਤੇ ਨਿਰੰਤਰਤਾ ਪਰੰਪਰਾ ਤੋਂ ਅਲੱਗ ਹੋ ਹੀ ਨਹੀਂ ਸਕਦੀ।

**ਤੇਜਵੰਤ ਮਾਨ** (**ਡਾ.**), ਸੰਗਰੂਰ

☛ *'ਕਹਾਣੀ ਧਾਰਾ' ਦਾ ਪਲੇਠਾ ਅੰਕ ਹੀ ਪ੍ਰਭਾਵਤ ਕਰਨ ਵਾਲਾ*

ਤੇਰਾ ਉਦਮੀ ਸੁਭਾਅ ਕੁਝ ਨਾ ਕੁਝ ਨਵਾਂ ਕਰਨ ਲਈ ਲੋਚਦਾ ਰਹਿੰਦਾ ਹੈ ਅਤੇ ਤੇਰੇ 'ਚ ਵੱਖਰਾ ਸੋਚਣ ਦੀ ਪ੍ਰਤਿਭਾ ਵੀ ਹੈ। ਇਸ ਲਈ 'ਕਹਾਣੀ ਧਾਰਾ' ਦਾ ਪਲੇਠਾ ਅੰਕ ਹੀ ਪ੍ਰਭਾਵਤ ਕਰਨ ਵਾਲਾ ਹੈ।

ਡਾ. ਬਲਦੇਵ ਸਿੰਘ ਧਾਲੀਵਾਲ, 34, ਅਰਬਨ ਅਸਟੇਟ, ਫੇਜ਼-3, ਪਟਿਆਲਾ

☛ *'ਤ੍ਰਿਸ਼ਨਾ' ਕਹਾਣੀ ਪੜ੍ਹਨ ਨੂੰ ਸਧਾਰਨ ਜਿਹੀ ਲੱਗਦੀ ਹੈ, ਪਰ ਹੈ ਬੜੀ ਡੂੰਘਾਈ ਵਾਲੀ*

'ਕਹਾਣੀ ਧਾਰਾ' ਦਾ ਮੈਟਰ ਕਾਫੀ ਰੌਚਿਕ ਹੈ ਤੇ ਤਰੋ ਤਾਜ਼ਾ ਵੀ ਹੈ। "ਨ੍ਹੇਰੇ ਦੇ ਵਾਸੀ" ਸਰੂਪ ਸਿਆਲਵੀ ਦੀ ਵਧੀਆਂ ਰਚਨਾ ਹੈ। ਦਲਿਤਾਂ ਦੀ ਗੱਲ ਕਰਨਾ ਜਾਂ ਪਿੱਠ ਥਾਪੜਣ ਦਾ ਇਸ ਨੂੰ ਵੱਲ ਹੈ, ਪਾਤਰਾਂ ਅੰਦਰਲਾ ਵਿਦਰੋਹ ਹੌਲੇ ਹੌਲੇ ਭਾਫ਼ ਵਾਂਗ ਨਿਕਲਦਾ ਹੈ। ਕਹਾਣੀ ਅੰਦਰਲੇ ਪਾਤਰ ਨੰਦੂ ਰਾਹੀ ਪੂਰੇ ਪਿੰਡ ਦੀ ਹੀ ਗੱਲ ਕਰ ਜਾਂਦਾ ਹੈ, ਪੂਰੇ ਵਰਗ ਦੀ ਜਾਂ ਕਈ ਪੀੜ੍ਹੀਆਂ ਦੀ। ਇਹ ਕਹਾਣੀ ਵਧਾਈ ਦੀ ਹੱਕਦਾਰ ਹੈ। ਜਿਆਦਾ ਧਿਆਨ ਮੋਹਨ ਭੰਡਾਰੀ ਦੀ ਕਹਾਣੀ 'ਕਬੂਤਰ' ਖਿੱਚਦੀ ਹੈ। ਕੁਝ ਤਾਂ ਲੇਖਕ



ਨੇ ਹਵਾਲਾ ਦੇ ਕੇ ਸੱਪਸ਼ਟ ਕਰ ਦਿੱਤਾ ਅਤੇ ਬਾਕੀ ਡਾ. ਜਸਵਿੰਦਰ ਕੌਰ ਬਿੰਦਰਾ ਨੇ ਕਹਾਣੀ ਦੇ ਪਾਠ ਰਾਹੀਂ ਕਾਫੀ ਗੱਲਾਂ ਦਾ ਖੁੱਲ ਕੇ ਜ਼ਿਕਰ ਕੀਤਾ ਹੈ, ਇਹ ਦੋਵੇਂ ਚੋਟੀ ਦੇ ਵਿਦਵਾਨ ਹਨ, ਫਿਰ ਮੇਰੇ ਵਰਗਾ ਆਮ ਪਾਠਕ ਕੀ ਕਹਿ ਸਕਦੈ, ਉਂਞ ਮੇਰੀ ਜਾਚੇ ਕਹਾਣੀ ਅੰਦਰਲਾ ਕਬੂਤਰ ਖ਼ੁਦ ਹੀ ਮਰ ਜਾਂਦੈ.. ਜਦੋਂ ਤੀਕ ਅੰਨੀ ਸ਼ਰਧਾ ਸੀ, ਉਹ ਚੀਣਾ ਖਾ ਕੇ ਹੀ ਖ਼ੁਸ਼ ਸੀ, ਪਰ ਜਦੋਂ ਚੋਗਾ ਬਾਹਰ ਤੋਂ ਮਿਲਦੈ ... ਯਾਨੀ ਬਾਹਰੋਂ ਕੁੱਝ ਗੱਲਾਂ ਸੁਣਦੈ... ਤਾਂ ਉਸ ਦੇ ਅੰਦਰਲਾ ਕਬੂਤਰ ਮਰ ਜਾਂਦਾ ਏ, ਤੇ ਉਹ ਬਾਜ ਬਣ ਕੇ ਝਪਟ ਮਾਰਨ ਦੀ ਸੋਚਦਾ ਹੈ। ਮੈਂ ਇਹ ਗੱਲ ਇਸ ਨਜ਼ਰੀਏ ਨਾਲ ਲਈ ਹੈ ਕਿ ਭੰਡਾਰੀ ਨੇ ਪਹਿਲਾਂ ਇੱਕਲੇ ਕਬੂਤਰ ਦੀ ਹੀ ਗੱਲ ਕੀਤੀ ਏ, ਪਰ ਔਰਤ ਪੂਜਣ ਲਈ ਬੇ-ਸ਼ੱਕ ਦੇਵੀ ਹੋ ਸਕਦੀ ਏ, ਪਰ ਉਸ ਦਾ ਕਬੂਤਰਾਂ ਨਾਲ ਗੁਜ਼ਾਰਾਂ ਨਹੀਂ ਹੁੰਦਾ ਉਸ ਨੂੰ ਤਾਂ ਝਪਟ ਮਾਰਨ ਵਾਲੇ ਬਾਜ ਦੀ ਵੀ ਲੋੜ ਪੈਂਦੀ ਹੈ। ਖ਼ੈਰ ਕਹਾਣੀ ਪ੍ਰਭਾਵਸ਼ਾਲੀ ਏ, "ਟੀਸੀ ਦੇ ਬੇਰ ਵਰਗੀ" ਸੋਮਾ ਸਬਲੋਕ ਦੀ 'ਪੇਰੇਂਟ ਗੁਲਾਬ' ਸੁਲਘਦੀ ਅੱਗ ਵਰਗੀ ਕਹਾਣੀ ਹੈ, ਪਰ ਗੁਲਾਬ ਦੀ ਖ਼ੁਸ਼ਬੂ ਨਾਲ ਢਕੀ ਪਈ, 'ਮਰਦ ਪ੍ਰਧਾਨ' ਸਮਾਜ ਨੂੰ ਨੰਗਾ ਕਰਦੀ ਹੈ ਤੇ ਸਰਕਾਰੀ ਅਦਾਰਿਆਂ ਦੀ ਨਾਭੀ ਵਿਚ ਤੀਰ ਵੀ ਮਾਰਦੀ ਹੈ। ਕਹਾਣੀ ਧੜਕਦੀ ਜਿੰਦਗੀ ਦੀ ਗੱਲ ਕਰਦੀ ਹੈ ਤੇ ਪ੍ਰੇਰਨਾ ਸ੍ਰੋਤ ਹੈ, ਸਲਾਹੁਣਯੋਗ ਵੀ ਹੈ।

ਨਰਿੰਦਰ ਕੌਰ ਭੱਚੂ ਨੇ ਤਾਂ ਕਹਾਣੀ ਲਿਖ ਕੇ ਕਮਾਲ ਹੀ ਕਰ ਦਿੱਤੀ। 'ਤ੍ਰਿਸ਼ਨਾ' ਕਹਾਣੀ ਪੜ੍ਹਨ ਨੂੰ ਸਧਾਰਨ ਜਿਹੀ ਲੱਗਦੀ ਹੈ, ਪਰ ਹੈ ਬੜੀ ਡੂੰਘਾਈ ਵਾਲੀ। ਸਧਾਰਨ ਸ਼ਬਦਾਂ ਨਾਲ ਇਕ ਕਿਸਾਨ ਪਰਿਵਾਰ ਦੀ ਗੱਲ ਕਰਦੀ ਹੈ, ਪਰ ਇਹ ਪਾਤਰ ਕਮਾਲ ਦਾ ਹੈ, ਗੁੰਗਾ ਵੀ ਹੈ, ਪਾਤਰ ਤੋਤੇ ਦੇ ਅੰਦਰ 'ਔਰਤ ਦੀ ਭੁੱਖ' ਦਰਸਾਉਣਾ ਜਾਂ ਇਸ ਭੁੱਖ ਨੂੰ ਬਿਆਨ ਕਰਨਾ... ਅਸਲੋਂ ਨਵੀਂ ਗੱਲ ਏ। ਭਾਵੇਂ ਇਹ ਭੁੱਖ ਸ਼ਰੀਕਾਂ ਰਾਹੀਂ ਉਭਰਦੀ ਹੈ, ਪਰ ਕਮਾਲ ਤਾਂ ਸਾਰਾ ਲੇਖਕ ਦੀ ਕਲਮ ਦਾ ਹੁੰਦਾ ਹੈ। ਮੈਂ ਪੇਂਡੂ ਖਿੱਤੇ ਵਿਚ ਬੈਠਾ ਹਾਂ, ਇਹ ਗੱਲਾਂ ਆਮ ਵਾਪਰਦੀਆਂ ਹਨ, ਇਨ੍ਹਾਂ ਨੂੰ ਕਹਾਣੀ 'ਚ ਉਭਾਰਨਾ ਇਕ ਕਰਾਗਿਰੀ ਹੈ। ਖੂਹ ਤੇ ਖੜੀ ਮੱਝ ਨਵੇਂ ਦੁੱਧ ਨਹੀਂ ਹੋ ਰਹੀ, ਉਹ ਦੋ ਵੇਰਾਂ ਲਵਾਈ' ਤੋਂ ਪਤਾ ਚਲਦਾ ਹੈ ਕਿ ਡੰਗਰਾਂ ਦੀ ਵੰਸ਼ ਨੂੰ ਚਲਾਉਣ ਲਈ ਸੈਕਸ ਦੀ ਬਹੁਤ ਲੋੜ ਹੈ। ਫਿਰ ਤੋਤੇ ਵਰਗੇ ਬੰਦੇ ਨੂੰ ਤਾਂ...? ਕਹਾਣੀ ਜਿਸ ਰਸਤੇ ਤੁਰਦੀ ਹੈ, ਉਹ ਆਲੇ-ਦੁਆਲੇ ਦੇ ਵਾਤਾਵਰਨ ਨੂੰ ਵੀ ਪੇਸ਼ ਕਰ ਜਾਂਦੀ ਹੈ। ਕਹਾਣੀ ਅੰਦਰ ਹੋਰ ਬੜਾ ਕੁੱਝ ਏ, ਜੋ ਮਨ ਨੂੰ ਝੰਜੋੜਦਾ ਹੈ, ਇਸ ਨਵੇਂ ਪਨ ਨੂੰ ਸੱਤ ਸਲਾਮਾਂ...? "

ਨਛੱਤਰ ਦੇ ਨਾਵਲ 'ਬੰਦ ਖਿੜਕੀ' ਦੀ ਸ਼ੁਰੂਆਤ ਚੰਗੀ ਹੈ। ਕਿਤਾਬਾਂ ਦਾ ਜ਼ਿਕਰ ਕਰਨਾ ਮੈਨੂੰ ਚੰਗਾ ਲੱਗਿਆ, ਇਸ ਤਰ੍ਹਾਂ ਦੀਆਂ ਪੁਸਤਕ ਪੜਚੋਲਾਂ ਦੀ ਲੋੜ ਹੈ, ਜੋ ਹੋਣੀ ਜ਼ਰੂਰੀ ਹੈ। 'ਜਨ ਬੋਧ' ਦੇ ਦੋਵੇਂ ਪ੍ਰਸੰਗ ਚੰਗੇ ਹਨ। 'ਡੇਰਾਵਾਦ' 'ਚ ਡਾ. ਸੇਵਾ ਸਿੰਘ ਨੇ ਨਰੋਈ ਜਾਣਕਾਰੀ ਦਿੱਤੀ ਹੈ। ਹਰਪਾਲ ਸਿੰਘ ਪਨੂੰ ਦਾ 'ਸਾਧ ਰੁਸਪੁਤਿਨ' ਤਾਂ ਇਕ ਨਵਾਂ ਰਾਹ ਖੋਲਦਾ ਲੇਖ ਹੈ। ਸਾਹਿਤ ਵਿਚ ਇਸ ਤਰ੍ਹਾਂ ਦੇ ਜਾਣਕਾਰੀ ਵਾਲੇ ਲੇਖਾਂ ਦੀ ਲੋੜ ਹੈ, ਤਾਂ ਜੁ ਅਸੀਂ ਕੂੜੇ-ਕਬਾੜ ਤੋਂ ਬਚ ਸਕੀਏ। ਐਨਾ ਵਧੀਆ ਮੈਟਰ ਛਾਪਣ ਲਈ ਤੁਹਾਨੂੰ ਬਹੁਤ ਬਹੁਤ ਵਧਾਈ।

**ਬਲਦੇਵ ਪੋਹਲੋਪੁਰੀ**, ਸੰਘੋਲ, ਜਿਲ੍ਹਾਂ ਫਤਿਹਗੜ੍ਹ ਸਾਹਿਬ-140802

☛ *ਨਰਿੰਦਰ ਕੌਰ ਭੱਚੂ ਦਾ ਸ਼ੁਭ ਆਗਮਨ, 'ਤ੍ਰਿਸ਼ਨਾ' ਪੰਜਾਬੀ ਗਲਪ ਲਈ ਸ਼ੁਭ-ਸੰਕੇਤ ਹੈ*

ਮੈਂ ਦਿੱਲੀ ਸਾਂ ਪਰਚਾ ਘਰੋਂ ਮੈਨੂੰ ਦਿੱਲੀ 'ਚ ਮਿਲ ਗਿਆ। ਪੜ੍ਹਿਆ, ਵਾਚਿਆ, ਮੁਬਾਰਕਾਂ, ਗਲਪ ਦੇ ਧੰਨ ਭਾਗ, ਜਾਰੀ ਰਖਣਾ ... ਮਿਹਨਤ ਵਰ ਆਵੇ, ਮੈਂ ਆਪਣੇ ਨਵੇਂ ਕਹਾਣੀ ਸੰਗ੍ਰਹਿ ਦੇ ਪ੍ਰਕਾਸ਼ਨ ਹਿੱਤ ਬਹੁਤ ਹੀ ਰੁੱਝੀ ਰਹੀ ਹਾਂ... ਕਹਾਣੀ ਕੋਈ ਠੀਕ ਲਿਖੀ ਗਈ ਤਾਂ ਜ਼ਰੂਰ ਭੇਜਾਂਗੀ। ਬੀਬੀ ਨਰਿੰਦਰ ਕੌਰ ਭੱਚੂ ਦਾ ਸ਼ੁਭ ਆਗਮਨ, ਪੰਜਾਬੀ ਗਲਪ ਲਈ ਸ਼ੁਭ-ਸੰਕੇਤ ਹੈ।

**- ਸੁਖਵੰਤ ਕੌਰ ਮਾਨ**, **ਚੰਡੀਗੜ੍ਹ**

☛ *ਕਿਸੇ ਕਿਸਮ ਦਾ ਦਾਵ੍ਹਾ ਕਰਨਾਂ ਪਾਠਕ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਕਰਦਾ*

'ਕਹਾਣੀ ਧਾਰਾ' ਪਰਚਾ ਪੜ੍ਹਿਆ। ਪਰਚੇ ਬਾਰੇ ਕੁਝ ਪ੍ਰਤੀਕਰਮ ਭੇਜ ਰਿਹਾ ਹਾਂ। ਹਰ ਰਚਨਾਂ ਦੇ ਮੁੱਢ ਵਿਚ ਵਧਾਅ ਚੜ੍ਹਾਅ ਕੇ ਕੀਤੀ ਸੰਪਾਦਕੀ ਟਿਪਣੀ ਵਾਜਬ ਨਹੀਂ, ਕਿਉਂਕਿ ਇਹਦੀ ਲੋੜ ਜਾਂ ਤਾਂ ਕਿਸੇ

ਬਹੁਤ ਵਿਸ਼ੇਸ਼ ਕਿਸਮ ਦੀ ਰਚਨਾ ਲਈ ਲੋੜੀਂਦੀ ਹੈ, ਜਾਂ ਫਿਰ ਬਿਲਕੁਲ ਕਿਸੇ ਨਵੇਂ ਲੇਖਕ ਬਾਰੇ ਜਾਣਕਾਰੀ ਦੇਣ ਲਈ ਹੋਵੇ ਤਾਂ ਸ਼ੋਭਦੀ ਹੈ।

ਹਰ ਰਚਨਾਂ ਬਾਰੇ ਸੰਪਾਦਕ ਵੱਲੋਂ ਕਿਸੇ ਕਿਸਮ ਦਾ ਦਾਵ੍ਹਾ ਕਰਨਾਂ ਪਾਠਕ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਕਰਦਾ ਹੈ, ਕਿਉਂਕਿ ਪਾਠਕ ਉਸ ਵਿਚੋਂ ਟਿਪਣੀ ਯੁਕਤ ਤੱਥ ਤਲਾਸ਼ ਕਰਨ ਵੱਲ ਉਲਾਰ ਹੋ ਸਕਦਾ ਹੈ।

ਕਿਸੇ ਕਿਤਾਬੀ ਇਸ਼ਤਿਹਾਰ ਵਿਚ ਪੁਸਤਕ ਬਾਰੇ ਕਿਸੇ ਵਿਦਵਾਨ ਦੀ ਰਾਇ ਤਾਂ ਬਰਦਾਸ਼ਤ ਕੀਤੀ ਜਾ ਸਕਦੀ ਹੈ, ਪਰ ਸੰਪਾਦਕ ਵੱਲੋਂ ਹਰ ਪੁਸਤਕ ਨੂੰ ਅਹਿਮ ਹੋਣ ਦਾ 'ਲਕਬ' ਦੇਣਾ ਵਿਚਾਰ ਦੀ ਮੰਗ ਕਰਦਾ ਹੈ। ਮੰਨ ਲਵੋਂ ਪੁਸਤਕ ਉਵੇਂ ਦੀ ਨਾ ਹੋਵੇ ਤਾਂ ਕੀਤੀ ਟਿਪਣੀ ਨਿਰਾਰਥਿਕ ਹੋ ਜਾਵੇਗੀ।

ਆਪ ਜੀ ਦਾ ਪਰਚਾ ਸਧਾਰਨ ਪਰਚਾ ਨਹੀਂ ਹੈ। ਇਸ ਲਈ ਇਹਦੇ ਸੰਪਾਦਕ ਵੀ ਸਧਾਰਨ ਨਹੀਂ ਹਨ। ਅਸੀਂ ਸਾਰੇ ਖਾਸ ਕਰ ਮੇਰੇ ਜਹੇ ਮਾਮੂਲੀ ਲੋਕ ਤੁਹਾਡੇ ਲਿਖੇ ਇਕ ਇਕ ਸ਼ਬਦ ਨੂੰ ਬਹੁਤ ਸੰਜੀਦਗੀ ਨਾਲ ਪੜ੍ਹਦੇ ਹਾਂ।

- **ਕਿਰਪਾਲ ਕਜ਼ਾਕ**, 2687, **ਫੇਜ਼-2**, **ਅਰਬਨ ਅਸਟੇਟ**, **ਪਟਿਆਲਾ**

☛ ***ਪਹਿਲੇ ਅੰਕ ਦੀ ਸੰਪਾਦਕੀ ਨੇ ਧਿਆਨ ਖਿੱਚਿਆ ਹੈ***

'ਕਹਾਣੀ ਧਾਰਾ'-1 ਮੇਰੇ ਵਰਗੇ ਪੰਜਾਬੀ ਪਾਠਕਾਂ ਦੀ ਝੋਲੀ ਪਾਉਣ ਲਈ ਧੰਨਵਾਦ। ਤੁਸੀਂ ਹਿੰਮਤੀ ਨੌਜਵਾਨ ਹੋ। ਤੁਹਾਡੀ ਦਾਦ ਦੇਣੀ ਬਣਦੀ ਹੈ। ਮੈਂ ਆਸ ਕਰਦਾ ਤੁਸੀਂ 'ਕਹਾਣੀ ਧਾਰਾ' ਨੂੰ ਟੀਸੀ ਤੇ ਪਹੁੰਚਾਉਗੇ। ਮੇਰੇ ਵਰਗੇ ਨਿਕੰਮੇ ਪਾਠਕ ਤੁਹਾਡੇ ਨਾਲ ਹਨ। ਇਸ ਪਹਿਲੇ ਅੰਕ ਦੀ ਸੰਪਾਦਕੀ ਨੇ ਧਿਆਨ ਖਿੱਚਿਆ ਹੈ। ਪਰ ਇਸ ਉੱਤੇ ਅਜੇ ਤੱਕ ਕੋਈ ਵਿਦਵਾਨ ਬੋਲਿਆ ਨਹੀਂ। ਇਸ ਪਰਚੇ ਵਿੱਚ 'ਜਨ ਬੋਧ' ਜ਼ਿਆਦਾ ਧਿਆਨ ਖਿੱਚਦਾ ਹੈ। ਤੁਸੀਂ 'ਜਨ ਬੋਧ' ਰਾਹੀਂ ਵੱਡਾ ਯੋਗਦਾਨ ਪਾ ਸਕਦੇ ਹੋ। 'ਡੇਰਾਵਾਦ ਇਤਿਹਾਸਕ ਸੰਦਰਭ' ਡਾ. ਸੇਵਾ ਸਿੰਘ ਦਾ ਅਜਿਹੇ ਲੇਖ ਹੀ ਪਰਚੇ ਨੂੰ ਲੋਕਾਂ ਵਿੱਚ ਲੋਕਪ੍ਰਿਯ ਬਣਾ ਸਕਦਾ ਹਨ। ਨਵੀਆਂ ਤੇ ਪੁਰਾਣੀਆਂ ਪੁਸਤਕਾਂ ਬਾਰੇ ਜਾਣਕਾਰੀ ਦੇਣ ਲਈ ਵੀ ਸ਼ੁਕਰੀਆ।

- **ਅਜਮੇਰ ਸਿੱਧੂ**, ਨਵਾਂ ਸ਼ਹਿਰ

☛ ***ਨਰਿੰਦਰ ਕੌਰ ਭੱਚੂ ਦੀ ਕਹਾਣੀ 'ਤ੍ਰਿਸ਼ਨਾ' ਨੇ ਖਾਸ ਤੌਰ ਤੇ ਪ੍ਰਭਾਵਿਤ ਕੀਤਾ***

ਇਕੋ ਜਿਲਦ ਵਿਚ 'ਕਹਾਣੀ ਧਾਰਾ' ਤੇ 'ਜਨ ਬੋਧ' ਸ਼ੁਰੂ ਕਰਨ ਲਈ ਤੈਨੂੰ ਤੇ ਕਾਲੀ ਨੂੰ ਤਹਿ ਦਿੱਲੋਂ ਵਧਾਈ। ਪਰਚਾ ਪੜ੍ਹ ਕੇ ਖੁਸ਼ੀ ਅਤੇ ਤਸੱਲੀ ਹੋਈ। ਸੰਪਾਦਕੀ ਵਿਚ ਤੁਸੀਂ ਬੜਾ ਗੌਰਤਲਬ ਮੁੱਦਾ ਉਭਾਰਿਆ ਹੈ, ਚੰਗਾ ਲੱਗਿਆ। 'ਜਨ ਬੋਧ' ਵਿਚ ਡਾ. ਸੇਵਾ ਸਿੰਘ ਦਾ ਲੇਖ 'ਡੇਰਾਵਾਦ-ਇਤਿਹਾਸਕ ਸੰਦਰਭ' ਅਤੇ ਹਰਪਾਲ ਸਿੰਘ ਪੰਨੂ ਦਾ ਲੇਖ 'ਰੂਸ ਦਾ ਚਰਚਿਤ ਸਾਧ ਰਾਸਪੁਤਿਨ' ਸਮਾਜਿਕ ਸਰੋਕਾਰਾਂ ਦੇ ਸੰਦਰਭ ਵਿਚ ਬੜੇ ਜਾਨਦਾਰ ਲੇਖ ਹਨ। ਤੁਹਾਡਾ ਇਹ ਇਕ ਵਧੀਆ ਯਤਨ ਹੈ। ਦੂਜਾ ਕਹਾਣੀ ਧਾਰਾ ਵਿਚ ਮੋਹਨ ਭੰਡਾਰੀ ਦੀ ਕਹਾਣੀ 'ਕਬੂਤਰ' ਉਸਦੀ ਰਚਨਾ-ਪ੍ਰਕਿਰਿਆ ਤੇ ਡਾ. ਜਸਵਿੰਦਰ ਕੌਰ ਬਿੰਦਰਾ ਦਾ ਵਿਸ਼ਲੇਸ਼ਣ ਪਰਚੇ ਦੀ ਪ੍ਰਾਪਤੀ ਹਨ। ਕਬੂਤਰ' ਕਹਾਣੀ ਪੜ੍ਹਦਿਆਂ ਮੈਂ ਪਿੰਡ ਬਨਭੌਰਾ ਵਿਚ ਘੁੰਮਿਆ ਹਾਂ। ਉਸ ਪਿੰਡ ਬਨਭੌਰਾ ਵਿਚ, ਜਿਹੜਾ ਮੋਹਨ ਭੰਡਾਰੀ ਦੀ ਜਨਮ ਭੌਂਇ ਹੈ ਤੇ ਜਿੱਥੇ ਮੈਂ ਅੱਜ ਕੱਲ ਪੜ੍ਹਾਉਂਦਾ ਹਾਂ। ਬੜੀ ਖੂਬਸੂਰਤ ਕਹਾਣੀ ਹੈ ਇਹ। ਬਾਕੀ ਸਰੂਪ ਸਿਆਲਵੀ ਤੇ ਸੋਮਾ ਸਬਲੋਕ ਦੀਆਂ ਕਹਾਣੀਆਂ ਵੀ ਚੰਗੀਆਂ ਹਨ। ਐਪਰ ਨਰਿੰਦਰ ਕੌਰ ਭੱਚੂ ਦੀ ਕਹਾਣੀ 'ਤ੍ਰਿਸ਼ਨਾ' ਨੇ ਖਾਸ ਤੌਰ ਤੇ ਪ੍ਰਭਾਵਿਤ ਕੀਤਾ ਹੈ। ਨਰਿੰਦਰ ਦਾ ਅਨੁਭਵ, ਪੇਸ਼ਕਾਰੀ, ਭਾਸ਼ਾ ਤੇ ਕਹਾਣੀ ਦਾ ਕੇਂਦਰੀ ਨੁਕਤਾ, ਉਸਦੀ ਕਲਾ-ਕੌਸ਼ਲਤਾ ਦੇ ਠੋਸ ਪ੍ਰਮਾਣ ਹਨ। ਅਖੀਰ ਪਰਚੇ ਦੀ ਤਰੱਕੀ ਲਈ ਦਿਲੀ ਦੁਆ ਹੈ।

- **ਜਸਵੀਰ ਸਿੰਘ ਰਾਣਾ, ਪਿੰਡ ਤੇ ਡਾਕ ਅਮਰਗੜ੍ਹ, ਸੰਗਰੂਰ**

☛ ***ਡਾ. ਬਿੰਦਰਾ ਕਹਾਣੀ ਦੇ ਸਪੈਸ਼ਲਿਸਟ ਆਲੋਚਕ***

'ਕਹਾਣੀ ਧਾਰਾ' ਦਾ ਪਹਿਲਾਂ ਅੰਕ ਹੀ ਬਹੁਤ ਖੂਬਸੂਰਤ ਹੈ। ਨਵੀਂ ਵਿਆਹੀ ਲਾੜੀ ਵਾਂਗ ਸਜਿਆ-ਸਵਰਿਆ। ਹੋਣਾ ਹੀ ਸੀ। ਜਦੋਂ ਤੁਹਾਡੇ ਵਰਗੇ ਪ੍ਰਤਿਭਾਵਾਨ ਕਹਾਣੀਕਾਰ ਸੰਪਾਦਕ ਹੋਣ।



'ਕਬੂਤਰ' ਵਰਗੀ ਵਧੀਆ ਕਹਾਣੀ ਦੁਬਾਰਾ ਪੜ੍ਹਨ ਨੂੰ ਮਿਲੀ । 'ਕਬੂਤਰ ਕਹਾਣੀ ਦੀ ਕਹਾਣੀ ਅਤੇ ਦਿਸਦੇ 'ਚੋਂ ਅਣ-ਦਿਸਦੇ ਦਾ ਪਾਸਾਰ' ਦੋਵੇਂ ਲੇਖਾ ਨੇ ਕਹਾਣੀ ਦੀਆਂ ਨਵੀਆਂ ਪਰਤਾਂ ਖੋਹਲੀਆਂ। ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਡਾ. ਬਿੰਦਰਾ ਕਹਾਣੀ ਦੇ ਸਪੈਸ਼ਲਿਸਟ ਆਲੋਚਕ ਹਨ। 'ਕਬੂਤਰ' ਤੋਂ ਬਾਅਦ ਜਿਸ ਕਹਾਣੀ ਨੇ ਪ੍ਰਭਾਵਿਤ ਕੀਤਾ ਉਹ ਹੈ 'ਤ੍ਰਿਸ਼ਨਾ' ਨਰਿੰਦਰ ਕੌਰ ਭੱਚੂ ਦੀ ਕਹਾਣੀ 'ਤੇਈਆ' ਵੀ ਪ੍ਰਵਚਨ ਵਿਚ ਪੜ੍ਹੀ ਸੀ ਉਹ ਵੀ ਚੰਗੀ ਕਹਾਣੀ ਸੀ। ਸਰੂਪ ਸਿਆਲਵੀ ਵੀ 'ਨ੍ਹੇਰੇ ਦੇ ਵਾਸੀ' ਸੋਮਾ ਸਬਲੋਕ ਦੀ 'ਪਰੇਂਟ ਗੁਲਾਬ' ਚੰਗੀਆਂ ਕਹਾਣੀਆਂ ਹਨ। 'ਚਿੰਤਨ ਧਾਰਾ' ਭਾਗ ਵੀ ਪ੍ਰਭਾਵਸ਼ਾਲੀ ਹੈ। ਅਨੇਮਨ ਸਿੰਘ ਦੇ ਸਕੈਚ ਪਰਚੇ ਨੂੰ ਚਾਰ ਚੰਦ ਲਾਉਂਦੇ ਨੇ। ਭਵਿੱਖ ਵਿਚ ਚੰਗੀ ਆਸ ਬੱਝਦੀ ਹੈ।

**ਜਤਿੰਦਰ ਸਿੰਘ ਹਾਂਸ**, **ਅਲੂਣਾ ਤੋਲਾ**, **ਅਲੂਣਾ ਪੱਲਾ**, **ਲੁਧਿਆਣਾ**

☛ ***'ਨੇਰ੍ਹੇ ਦੇ ਵਾਸੀ', 'ਤ੍ਰਿਸ਼ਨਾ', 'ਪੇਰੇਂਟ ਗੁਲਾਬ' ਡੂੰਘੀ ਸੋਚ ਵੱਲ ਵੱਧਦੀਆਂ ਕਹਾਣੀਆਂ***

'ਕਹਾਣੀ ਧਾਰਾ' ਨਵਾਂ ਨਾਂ ਤੇ ਨਵਾਂ ਅੰਕ ਦੇਖ ਕੇ ਹੈਰਾਨੀ ਹੋਈ ਕਿ ਇਸ ਤਰ੍ਹਾਂ ਪਹਿਲੇ ਪਰਚੇ ਤੋਂ ਨਵਾਂ ਕਿਉਂ ਸ਼ੁਰੂ ਕੀਤਾ ਗਿਆ। ਸੰਪਾਦਕੀ 'ਚ ਰਚਨਾਵਾਂ ਬਾਰੇ ਗੱਲ ਕੀਤੀ ਹੈ। ਕੁਝ ਚੰਗੀਆਂ ਰਚਨਾਵਾਂ ਦੇ ਨਾਂ ਵੀ ਲਏ ਤੇ ਉਹਨਾਂ ਦੇ ਪਾਏ ਦੀਆਂ ਹੋਰ ਲਿਖਣ ਲਈ ਪ੍ਰੇਰਿਆ ਹੈ। ਜੋ ਕਿਸੇ ਨੇ ਵਖਰਾ ਕੁਝ ਲਿਖਿਆ ਹੈ ਤਾਂ ਉਸ ਨੂੰ ਹੁੰਗਾਰਾ ਮਿਲਿਆ ਵੀ ਹੈ। ਕੁਝ ਆਲੋਚਕ ਵੀ ਉਨ੍ਹਾਂ ਦੀ ਨਿਸ਼ਾਨਦੇਹੀ ਕਰਨ ਲਈ ਅੱਗੇ ਆਏ ਹਨ। ਪਰ ਤੁਸੀਂ ਜਿਨ੍ਹਾਂ ਨਾਵਾਂ ਦਾ ਜ਼ਿਕਰ ਕੀਤਾ ਹੈ ਉਹ ਅਣਗੌਲੇ ਨਹੀਂ ਚਰਚਾ 'ਚ ਆਏ ਹਨ। ਆਲੋਚਕਾਂ ਨੇ ਹਰੇਕ ਪੇਪਰ ਵਿਚ ਉਹਨਾਂ ਦਾ ਜ਼ਿਕਰ ਕੀਤਾ ਹੈ। ਏਨਾ ਕੁ ਹੀ ਚੰਗਾ ਹੈ। ਜੇ ਤੁਸੀਂ ਚਾਹੋ ਢੋਲ ਵੱਜਣ ਤਾਂ ਮਗਰੋਂ ਢੋਲ ਦੀ ਆਵਾਜ਼ ਚੁਪ ਵੀ ਹੋ ਜਾਂਦੀ ਹੈ। ਤੁਸੀਂ ਤੌਖਲੇਪਨ ਨੂੰ ਸਥਿਰ ਰੱਖੋ ਤਾਂ ਹੀ ਇਹ ਨਾਂ ਸਥਿਰ ਰਹਿ ਸਕਣਗੇ।

ਕਹਾਣੀਆਂ 'ਨੇਰ੍ਹੇ ਦੇ ਵਾਸੀ', 'ਤ੍ਰਿਸ਼ਨਾ' ਅਤੇ 'ਪੇਰੇਂਟ ਗੁਲਾਬ' ਸਹਿਜਤਾ ਨਾਲ ਡੰਘੇ ਸੋਚ ਵੱਲ ਵੱਧਦੀਆਂ ਹੋਈਆਂ ਧੀਰਜ ਵਾਲੀਆਂ ਕਹਾਣੀਆਂ ਹਨ। ਯਥਾਰਥ ਦੀ ਬਹੁਤ ਪਕੜ ਹੈ ਤੇ ਕਲਾਤਮਿਕ ਤੌਰ ਤੇ ਪਾਠਕ ਦਾ ਮਨ ਨਾਲ ਨਾਲ ਤੁਰਦਾ ਹੈ। ਕੁਝ ਜੁੜਦਾ ਹੈ ਕੁਝ ਟੁਟਦਾ ਹੈ। ਨਛੱਤਰ ਦੇ ਨਾਵਲ ਦੀ ਸ਼ੁਰੂਆਤ ਚੰਗੀ ਹੈ। ਅਗੇ ਪੜ੍ਹ ਕੇ ਪਤਾ ਚਲੇਗਾ। ਮੋਹਨ ਭੰਡਾਰੀ ਦਾ ਕਬੂਤਰ ਪੜ੍ਹ ਕੇ ਤਾਂ ਨਵੇਂ ਸਿਰਿਓਂ ਤਾਜਾ ਯਾਦ ਹੋ ਗਈ ਹੈ। ਇਹ ਉਦਮ ਵਧੀਆ ਹੈ। ਬਾਕੀ ਕਿਤਾਬਾਂ ਬਾਰੇ ਤੁਸੀਂ ਗੱਲ ਕੀਤੀ ਹੈ ਉਹ ਹੋਣੀ ਹੀ ਚਾਹੀਦੀ ਸੀ। ਜਿਸ ਮਕਸਦ ਲਈ ਪਰਚਾ ਕੱਢਿਆ ਗਿਆ ਹੈ ਉਹ ਕਿਤਾਬਾਂ ਦੀ ਚੀਰਫਾੜ ਲਈ ਠੀਕ ਹੈ। 'ਜਨ ਬੋਧ' ਦਾ ਪਰਚੇ ਵਿੱਚ ਵਾਧਾ ਕਰਕੇ ਨਵੀਂ ਗੱਲ ਕੀਤੀ ਹੈ। ਅੱਜ ਅਸੀਂ ਆਲੇ ਦੁਆਲੇ ਦੇਖਦੇ ਹਾਂ ਜਿਨੇ ਲੋਕ ਡੇਰਿਆ ਵਿੱਚ ਇਕੱਠੇ ਹੋ ਰਹੇ ਹਨ ਸਾਂਝੇ ਕੰਮ ਲਈ ਕਿਤੇ ਵੀ ਨਹੀਂ ਹੁੰਦੇ। ਪੁਰਾਣੇ ਡੇਰਿਆ ਦੇ ਪਾਜ ਉਧੇੜੇ ਹਨ ਚੰਗੀ ਗੱਲ ਹੈ। ਪਹਿਲੇ ਪਰਚਿਆਂ ਨਾਲੋਂ ਇਹ ਨਵਾਂ ਪਰਚਾ ਕੁਝ ਸੋਚਣ ਲਈ ਮਜਬੂਰ ਕਰਦਾ ਹੈ। ਵਧੀਆਂ ਉਦਮ ਹੈ।

**ਮੁਖਤਿਆਰ ਸਿੰਘ**, **ਸੁਨੇਤ ਨਗਰ**, **ਆਮਲੋਹ ਰੋਡ**, **(ਗਲਵੱਡੀ)**, **ਖੰਨਾ**

☛ ***ਕਹਾਣੀ ' ਤ੍ਰਿਸ਼ਨਾ' ਡੂੰਘੇ ਚਿੰਤਨ ਦੀ ਕਹਾਣੀ***

'ਕਹਾਣੀ ਧਾਰਾ' ਦਾ ਪਹਿਲਾ ਅੰਕ ਮਿਲਿਆ ਲੁਕ ਬਹੁਤ ਸੋਹਣੀ ਹੈ। ਹਮੇਸ਼ਾਂ ਤੁਸੀਂ ਨਵਾਂ ਸੋਚਦੇ ਹੋ। ਨਵੇਂ ਤੋਂ ਨਵਾਂ ਚੰਗੇ ਤੋਂ ਚੰਗਾ ਕਰਨ ਦੀ ਕੋਸ਼ਿਸ਼ ਕਰਦੇ ਹੋ। ਇਹ ਬਹੁਤ ਵਧੀਆਂ ਗੱਲ ਹੈ। ਮੈਟਰ ਪੜ੍ਹਨ ਵਾਲਾ ਹੈ। ਖਾਸ ਕਰਕੇ ਕਹਾਣੀ ' ਤ੍ਰਿਸ਼ਨਾ' (ਨਰਿੰਦਰ ਕੌਰ ਭੱਚੂ) ਜੋ ਡੂੰਘੇ ਚਿੰਤਨ ਵਾਲੀ ਕਹਾਣੀ ਹੈ ਤੇ ਨੇਰ੍ਹੇ ਦੇ ਵਾਸੀ' (ਸਰੂਪ ਸਿਆਲਵੀ)

**ਕੁਲਬੀਰ ਬਡੇਸਰੋਂ**, **ਅੰਧੇਰੀ ਵੈਸਟ**, **ਮੁਬੰਈ**

☛ ***ਭੱਚੂ ਨੇ ਮਾਂ ਦੀ ਤ੍ਰਿਸ਼ਨਾ ਨੂੰ ਬੜੀ ਬਾਖੂਬੀ ਨਾਲ 'ਤ੍ਰਿਸ਼ਨਾ' ਵਿਚ ਚਿਤਰਿਆ***

ਸਭ ਤੋਂ ਪਹਿਲਾ ਮੈਂ ਤੁਹਾਨੂੰ 'ਕਹਾਣੀ ਧਾਰਾ' ਪਰਚਾ ਪ੍ਰਕਾਸ਼ਿਤ ਕਰਨ ਤੇ ਬਹੁਤ ਬਹੁਤ ਵਧਾਈ ਦਿੰਦੀ ਹਾਂ ਮੈਂ ਆਪਣੀ ਚੋਣ ਅਨੁਸਾਰ ਅੰਕ ਪੜ੍ਹਿਆ, ਜਿਸ ਤੋਂ ਸੰਪਾਦਕੀ ਸੂਝ ਸਾਫ ਝਲਕਦੀ ਹੈ।

ਇਸ ਅੰਕ ਦੀਆਂ ਚਾਰੇ ਕਹਾਣੀਆਂ ਤੇ ਇਕ ਨਾਵਲ ਕਾਂਡ ਆਪਣੀ ਆਪਣੀ ਥਾਂ ਤੇ ਬਹੁਤ ਵਧੀਆਂ ਹਨ ਪਰ ਮੈਂ ਇਹਨਾਂ ਨੂੰ ਇਕ ਪਾਠਕ ਦੀ ਦ੍ਰਿਸ਼ਟੀ ਤੋਂ ਹੀ ਪੜ੍ਹਿਆ ਹੈ। ਸਰੂਪ ਸਿਆਲਵੀ ਆਪਣੀ ਕਹਾਣੀ 'ਨੇਰ੍ਹੇ ਦੇ ਵਾਸੀ' ਵਿਚ ਮੋਰ ਤੇ ਗੁਟਾਰ ਦੀ ਕਹਾਵਤ ਦੁਆਰਾ ਦਲਿਤ ਪਾਤਰ ਦੀ ਮਾਨਸਿਕਤਾ ਨੂੰ ਫਰੋਲਦਾ ਹੋਇਆ ਸਮਾਜ ਤੇ ਵਿਅੰਗ ਕਸਦਾ ਹੈ। ਨਰਿੰਦਰ ਕੌਰ ਭੱਚੂ ਨੇ ਵੀ ਕਹਾਣੀ ਵਿਚ ਮਾਂ ਦੀ ਤ੍ਰਿਸ਼ਨਾ ਨੂੰ ਬੜੀ ਬਾਖ਼ੂਬੀ ਆਪਣੀ ਕਹਾਣੀ 'ਤ੍ਰਿਸ਼ਨਾ' ਵਿਚ ਚਿਤਰਿਆ ਹੈ। ਸੋਮਾ ਸਬਲੋਕ ਦੀ ਕਹਾਣੀ ਪੇਰੇਂਟ ਗੁਲਾਬ' ਵੀ ਜ਼ਿੰਦਗੀ ਨੂੰ ਵਧੇਰੇ ਸਾਰਥਕ ਸੇਧ ਪ੍ਰਦਾਨ ਕਰਨ ਵਾਲੀ ਹੈ।

ਮੋਹਨ ਭੰਡਾਰੀ ਦੀ ਕਹਾਣੀ 'ਕਬੂਤਰ' ਨੇ ਬੇਹੱਦ ਪ੍ਰਭਾਵਿਤ ਕੀਤਾ ਹੈ। ਇਹ ਕਹਾਣੀ ਪੜ੍ਹਨ ਤੋਂ ਬਾਅਦ ਮੈਂ ਇਸ ਕਹਾਣੀ ਦੀ ਸਿਰਜਣ ਪ੍ਰਕ੍ਰਿਰਿਆ ਬਾਰੇ ਵੀ ਪੜ੍ਹਿਆ। ਜਿਸ ਤੋਂ ਲੇਖਕ ਦੀ ਔਰਤ ਪ੍ਰਤੀ ਸੰਵੇਦਨ ਸ਼ੀਲਤਾ ਸਾਫ ਨਜ਼ਰ ਆਉਂਦੀ ਹੈ ਸ਼ਾਇਦ ਇਸੇ ਕਰਕੇ ਉਸਨੇ ਕਹਾਣੀ ਦੀ ਨਾਇਕਾ ਦਾ ਨਾਮ 'ਸ਼ਕਤੀ ਦੇਵੀ' ਰੱਖਿਆ ਹੈ। ਨਛੱਤਰ ਦਾ ਨਾਵਲ ਕਾਂਡ ਬਹੁਤ ਚੰਗਾ ਲੱਗਿਆ। ਕੁਲ ਮਿਲਾ ਕੇ ਸਾਰਾ ਪਰਚਾ ਸਲਾਹੁਣਯੋਗ ਹੈ।

**ਮਨਦੀਪ ਕੌਰ, ਰਿਸਰਚ ਸਟੂਡੈਂਟ, ਪੰਜਾਬੀ ਵਿਭਾਗ, ਪੰਜਾਬੀ ਯੂਨੀ, ਪਟਿਆਲਾ**

☛ ***'ਕਬੂਤਰ' ਬਹੁਪਰਤੀ ਤੇ ਬਹੁਧੁਨੀਆਂ ਦੀ ਪੇਸ਼ਕਾਰੀ ਕਰਨ ਵਾਲੀ ਕਹਾਣੀ***

'ਕਹਾਣੀ ਧਾਰਾ' ਦਾ ਪਲੇਠਾ ਅੰਕ ਪੜ੍ਹਿਆ ਹੈ। ਪਰਚੇ ਦਾ ਮੈਟਰ ਮਿਆਰੀ ਹੈ। ਉਮੀਦ ਹੈ ਗਲਪ ਦੇ ਖੇਤਰ ਵਿਚ ਸੁਹਿਰਦ ਪਾਠਕ, ਆਲੋਚਕ ਇਸ ਦਾ ਨਿੱਘਾ ਸੁਆਗਤ ਕਰਨਗੇ। ਮੋਹਨ ਭੰਡਾਰੀ ਦੀ ਕਹਾਣੀ 'ਕਬੂਤਰ' ਬਹੁਪਰਤੀ ਤੇ ਬਹੁਧੁਨੀਆਂ ਦੀ ਪੇਸ਼ਕਾਰੀ ਕਰਨ ਵਾਲੀ ਮਿਆਰੀ ਕਹਾਣੀ ਹੈ। 'ਕਬੂਤਰ ਕਹਾਣੀ ਦੀ ਕਹਾਣੀ' ਜਾਣ ਕੇ ਉਤਸੁਕਤਾ ਵਾਲੇ ਪ੍ਰਸ਼ਨ ਚਿੰਨ੍ਹਾਂ ਦਾ ਉੱਤਰ ਹਾਸਲ ਕਰਕੇ ਮਨ ਨੂੰ ਤ੍ਰਿਪਤੀ ਹੋਈ। ਸਿਰਜਣਾਤਮਕ ਆਲੋਚਨਾਤਮਕ ਕਿਰਤਾਂ ਨੂੰ ਬਾਖ਼ੂਬੀ ਥਾਂ ਦੇਣ ਦੇ ਨਾਲ ਨਾਲ ਨਵੇਂ ਚਿੰਤਨ ਨੂੰ ਵੀ 'ਜਨ ਬੋਧ' ਵਿਚ ਥਾਂ ਦਿੱਤੀ ਗਈ ਹੈ। ਸਕੈਚਾਂ ਰਾਹੀਂ ਪਰਚੇ ਵਿੱਚ ਛਪੇ ਸਿਰਜਣਾਤਮਕ ਸਾਹਿਤ ਦੇ ਅਵਚੇਤਨ ਨੂੰ ਜ਼ੁਬਾਨ ਮਿਲੀ ਹੈ। ਤੁਸੀਂ ਵਧਾਈ ਦੇ ਹੱਕਦਾਰ ਹੋ।

**- ਜਸਲੀਨ ਕੌਰ , ਜਲੰਧਰ**

☛ ***ਸਰੂਪ ਸਿਆਲਵੀ ਦੀ ਕਹਾਣੀ 'ਨੇਰੇ ਦੇ ਵਾਸੀ' ਤੇ ਬੜਾ ਏਤਰਾਜ***

**ਤੁਹਾਡਾ ਮੈਗਜ਼ੀਨ** 'ਕਹਾਣੀ ਧਾਰਾ' ਮੈਂ ਪੜ੍ਹ ਲਿਆ ਹੈ। ਮੈਂ ਸਰੂਪ ਸਿਆਲਵੀ ਦੀ ਕਹਾਣੀ 'ਨੇਰੇ ਦੇ ਵਾਸੀ' ਬਾਰੇ ਆਪਣੇ ਵਿਚਾਰ ਦੇਣਾ ਚਾਹੁੰਦਾ ਹਾਂ। ਮੈਨੂੰ ਇਸ ਕਹਾਣੀ ਉੱਤੇ ਬੜਾ ਇਤਰਾਜ਼ ਹੈ। ਇਸ ਕਹਾਣੀ ਦਾ ਪਾਤਰ ਕੱਚਾ ਚਮੜਾ ਰੰਗਣ ਦਾ ਕੰਮ ਕਰਦਾ ਹੈ ਜਿਹੜਾ ਕਿ ਚਮਾਰਾ ਦਾ ਮੁੱਖ ਕਿੱਤਾ ਮੰਨਿਆ ਗਿਆ ਹੈ। ਸਮਾਂ ਬੀਤਦਾ ਹੈ ਤਾਂ ਉਸ ਦੀ ਬਰਾਦਰੀ ਦੇ ਲੋਕ ਅਤੇ ਪਰਿਵਾਰ ਵਾਲੇ ਉਸ ਦੇ ਕੰਮ ਕਰਕੇ ਉਸ ਤੋਂ ਨ.ਫਰਤ ਕਰਦੇ ਹਨ, ਜਦੋਂ ਇਹੀ ਕਿੱਤਾ ਇੰਡਸਟ੍ਰੀ ਵਿਚ ਬਦਲ ਜਾਂਦਾ ਹੈ ਤਾਂ ਉਸ ਪਾਤਰ ਦੇ ਘਰ ਦੇ ਉਸ ਨੂੰ ਪਿਆਰ ਕਰਦੇ ਹਨ, ਕਿਉਕਿ ਉਸ ਨੂੰ ਪੈਸੇ ਮਿਲਦੇ ਹਨ। ਲੋਕਾਂ ਦਾ ਨ.ਫਰਤ ਕਰਨਾ ਤਾਂ ਜਾਇਜ ਹੈ, ਪਰ ਕਹਾਣੀ ਵਿਚ ਅਰਥ ਹੋਰ ਕਿਸਮ ਦੇ ਨਿਕਲਦੇ ਹਨ। ਬਾਕੀ ਨਰਿੰਦਰ ਕੌਰ ਭੱਚੂ ਦੀ ਕਹਾਣੀ ਬੜੀ ਪਿਆਰੀ ਲੱਗੀ। ਮੈਂ ਵੀ ਪੇਂਡੂ ਪਿਛੋਕੜ ਵਿਚੋਂ ਹਾਂ, ਮੰਦ ਬੁੱਧੀ ਵਾਲੇ ਪਾਤਰ ਨੂੰ ਉਸ ਨੇ ਬੜੀ ਰੂਹ ਨਾਲ ਪੇਸ਼ ਕੀਤਾ ਹੈ। 'ਜਨ ਬੋਧ' ਵਾਲਾ ਭਾਗ ਬਹੁਤ ਚੰਗਾ ਲੱਗਾ ਖਾਸ ਕਰਕੇ ਡਾ. ਸੇਵਾ ਸਿੰਘ ਦਾ ਲੇਖ ਜਿਹੜਾ ਕਿ ਡੇਰਾਵਾਦ ਉੱਤੇ ਸੀ। ਮੈਨੂੰ ਪਰਚੇ ਦਾ ਟਾਇਟਲ ਨਿਵੇਕਲਾ ਲੱਗਾ ਜਿਹੜਾ ਕਿ ਸਮਕਾਲੀ ਪਰਚਿਆ 'ਚ ਵੱਖਰੀ ਦਿੱਖ ਦਾ ਹੈ। ਤੁਹਾਡੇ ਵਰਗੇ ਨੌਜਵਾਨ ਮੁੰਡਿਆ 'ਤੇ ਸਾਨੂੰ ਬੁੜਿਆਂ ਨੂੰ ਬਹੁਤ ਆਸਾਂ ਹਨ।

- **ਚੂਹੜ ਸਿੰਘ**, ਪਿੰਡ. ਬੱਜੋਂ, ਡਾਕ. ਹੇੜੀਆਂ, ਜ਼ਿਲ੍ਹਾ ਨਵਾਂ ਸ਼ਾਹਿਰ



# ਮਰਜੀਵੜਾ : ਪ੍ਰੀਤਮ ਪਿਆਰਾ / ਪ੍ਰੇਮ ਪ੍ਰਕਾਸ਼

ਇਹ 1960-61 ਦੇ ਏੜ ਗੇੜ ਦੀ ਗੱਲ ਏ। ਪ੍ਰੀਤਮ ਮੈਨੂੰ ਅੰਬਰਸਰ ਲੇਖਕਾਂ ਦੀ ਕਿਸੇ ਕਾਨਫਰੰਸ ਦੇ ਮੌਕੇ 'ਤੇ ਮਿਲਿਆ ਸੀ। ਫੇਰ ਮੈਂ ਉਹਦੀ ਕੋਈ ਕਹਾਣੀ ਉਰਦੂ ਦੇ ਕਿਸੇ ਅਰਧ ਸਾਹਿਤਕ ਪਰਚੇ 'ਚ ਛਪੀ ਪੜ੍ਹੀ ਸੀ। ਠੀਕ ਈ ਲੱਗੀ ਸੀ। ਫੇਰ ਉਹ 1980 ਦੇ ਗੇੜ 'ਚ ਮੈਨੂੰ ਜਲੰਧਰ ਮੋਤਾ ਸਿੰਘ ਨਗਰ ਅਤੇ ਜਵਾਹਰ ਨਗਰ ਦੇ ਵਿਚਕਾਰਲੇ ਚੌਕ 'ਚ ਮਿਲਿਆ। ਉਹਨੇ ਮੇਰਾ ਨਾਂ ਲੈ ਕੇ ਉੱਚੀ ਸਾਰੀ ਵਾਜ ਮਾਰੀ। ਕਿਸੇ ਦਾ ਇੰਜ ਬੁਲਾਓਣਾ ਮੈਨੂੰ ਚੰਗਾ ਲੱਗਿਆ। ਮੈਨੂੰ ਧਰਮ ਪਾਲ ਸਿੰਗਲ ਸਿਰਫ ਪਹਿਲੇ ਨਾਂ ਤੋਂ ਬੁਲਾਉਂਦਾ ਹੁੰਦਾ ਸੀ। ਚੰਗਾ ਲੱਗਦਾ ਸੀ। ਮੈਂ ਪ੍ਰੀਤਮ ਨੂੰ ਚੰਗੀ ਤਰ੍ਹਾਂ ਪਛਾਣ ਨਾ ਸਕਿਆ। ਉਹਨੇ ਕੋਲ ਆ ਕੇ ਦੱਸਿਆ,"ਮੈਂ ਪ੍ਰੀਤਮ ਹਾਂ। ਮੈਂ ਦਿੱਲੀਉਂ ਆ ਗਿਆ ਵਾਂ। ਏਥੇ ਕਿਸੇ ਉਦਯੋਗਪਤੀ ਦੇ ਸਾਹਿਤਕ ਪਰਚੇ 'ਚ ਐਡੀਟਰੀ ਕਰਨ 'ਤੇ ਨੌਕਰ ਹਾਂ।"... ਓਸ ਉਦਯੋਗਪਤੀ ਦੀ ਕੋਠੀ 'ਚ ਮੈਂ ਵੀ ਜਾਇਆ ਕਰਦਾ ਸੀ। ਇਕ ਤਾਂ ਕਵੀ ਸਵਿਤੋਜ ਨੂੰ ਮਿਲਣ ਤੇ ਦੂਜੇ ਕੋਠੀ ਦੇ ਮਾਲਕ ਦੀ ਸੁੰਦਰ ਪਤਨੀ ਨੂੰ ਵੇਖਣ। ਉਹ ਸੱਚ ਮੁੱਚ ਮੈਨੂੰ ਬਹੁਤ ਸੁਹਣੀ ਲੱਗਦੀ ਸੀ। ਵਿਚਾਰੀ ਬੇਔਲਾਦ ਸੀ। ਉਹਨੂੰ ਮੇਰੀ ਨਜ਼ਰ ਤੋਂ ਮੇਰੇ ਇਰਾਦੇ ਦਾ ਪਤਾ ਲੱਗ ਗਿਆ ਸੀ। ਪਰ ਉਹ ਪ੍ਰੀਤਮ ਬਹੁਤ ਈ ਭਲਾ ਬੰਦਾ ਸਮਝਦੀ ਸੀ। ਮੇਰਾ ਵੀ ਇਹੋ ਖਿਆਲ ਸੀ, ਜਿਹੜਾ ਬਾਅਦ ਦੀਆਂ ਮੁਲਾਕਾਤਾਂ 'ਚ ਝੂਠ ਨਿੱਕਲਿਆ।

ਮੈਨੂੰ ਏਨਾ ਕੁ ਪਤਾ ਸੀ ਕਿ ਪ੍ਰੀਤਮ ਪਹਿਲਾਂ ਬੰਬਈ 'ਚ ਥਾਂ ਕੁਥਾਂ 'ਤੇ ਕੰਮ ਕਰਦਾ ਤੇ ਫੇਰ ਦਿੱਲੀ 'ਚ ਹਿੰਦ ਪਾਕਿਟ ਬੁਕਸ ਦੇ ਨੌਕਰੀ ਕਰਦਾ ਆਇਆ ਸੀ। ਉਹਦੀਆਂ ਕਹਾਣੀਆਂ ਦੀ ਇਕ ਪੁਸਤਕ 'ਅਰਬ ਗਲੀ' ਛਪ ਚੁੱਕੀ ਸੀ। ਮੈਂ ਪੜ੍ਹੀ ਸੀ। ਚੰਗੀਆਂ ਉਰਦੂ ਨਸਲ ਦੀਆਂ ਕਹਾਣੀਆਂ ਸਨ। ਜਿਨ੍ਹਾਂ 'ਤੇ ਰਾਜਿੰਦਰ ਸਿੰਘ ਬੇਦੀ ਦਾ ਅਸਰ ਦਿਸਦਾ ਸੀ।

ਕੁਝ ਸਾਲਾਂ ਬਾਅਦ ਜਦ ਸਾਧੂ ਸਿੰਘ ਹਮਦਰਦ ਨੇ ਆਪਣੇ ਮਨ ਦੀ ਰੀਝ ਪੂਰੀ ਕਰਨ ਲਈ ਅੰਗ੍ਰੇਜ਼ੀ 'ਚ ਹਫਤਾਵਾਰ ਅਖਬਾਰ ਕੱਢਿਆ ਤਾਂ ਪ੍ਰੀਤਮ ਨੂੰ ਪਰੂਫ਼ ਰੀਡਰ ਰੱਖ ਲਿਆ। ਉਹਦੀ ਅੰਗ੍ਰੇਜ਼ੀ ਚੰਗੀ ਸੀ। ਪਰ ਜਦ ਉਹ ਅਖਬਾਰ ਛੇਤੀ ਹੀ ਬੰਦ ਹੋ ਗਿਆ ਤਾਂ ਲੇਖਕ-ਵਰਕਰਾਂ ਦੇ ਹਮਦਰਦ ਮਾਲਕ ਨੇ ਪ੍ਰੀਤਮ ਨੂੰ 'ਅਜੀਤ' 'ਚ ਸਬ-ਐਡੀਟਰ ਦਾ ਗਰੇਡ ਦੇ ਕੇ ਇਸ਼ਤਿਹਾਰ ਅਨੁਵਾਦ ਕਰਨ 'ਤੇ ਰੱਖ ਲਿਆ। ਉਂਜ ਮੈਂ ਕਿਸੇ ਅਖਬਾਰ ਦੇ ਦਫ਼ਤਰ 'ਚ ਜਾਣਾ ਚੰਗਾ ਨਹੀਂ ਸਮਝਦਾ, ਪਰ ਓਥੇ ਪ੍ਰੀਤਮ ਨੂੰ ਮਿਲਣ ਲਈ ਜਾਣ ਨੂੰ ਦਿਲ ਕਰ ਆਉਂਦਾ ਸੀ। ਮੈਂ ਹੋਰ ਕਿਸੇ ਕੋਲ ਨਹੀਂ ਸੀ ਬਹਿੰਦਾ।

ਪ੍ਰੀਤਮ ਦੀਆਂ ਕਈ ਸਾਲ ਸੁਣੀਆਂ ਗੱਲਾਂ ਤੋਂ ਪਤਾ ਲੱਗਿਆ ਕਿ ਉਹਦੀ ਜ਼ਿੰਦਗੀ ਕਹਾਣੀਆਂ ਦਾ ਖਜ਼ਾਨਾ ਏ। ਪਰ ਉਹਤੋਂ ਆਪ ਕਹਾਣੀ ਨਹੀਂ ਸੀ ਲਿਖੀ ਜਾ ਰਹੀ। ਅਖਬਾਰ ਨੇ ਉਹਨੂੰ ਖਾ ਲਿਆ ਸੀ। ਦੂਜੇ ਉਹਦੇ ਜੀਵਨ ਦੀਆਂ ਘਟਨਾਵਾਂ ਏਨੀਆਂ ਖਤਰਨਾਕ ਸਨ ਕਿ ਉਹ ਆਪਣੇ ਆਪ ਦੇ ਨੰਗੇ ਹੋਣ ਤੋਂ ਡਰਦਾ ਸੀ। ... ਸੰਖੇਪ 'ਚ ਏਨਾ ਹੀ ਕਾਫੀ ਏ ਕਿ ਉਹਦੀ ਦੂਜੇ ਵਿਆਹ ਦੀ ਉਮਰੋਂ ਕਾਫੀ ਛੋਟੀ ਪਤਨੀ ਗੋਦੀ ਦਾ ਮੁੰਡਾ ਤੇ ਉਂਗਲ ਦੀ ਕੁੜੀ ਨੂੰ ਛੱਡ ਕੇ ਕਿਧਰੇ ਚਲੀ ਗਈ ਸੀ। ਬੱਚਿਆਂ ਨੂੰ ਕੁਝ ਚਿਰ ਉਹਨਾਂ ਦੀ ਦਾਦੀ ਜਾਂ ਕਿਸੇ ਹੋਰ ਬੁੱਢੜੀ ਨੇ ਸਾਂਭਿਆ ਤੇ ਫੇਰ ਇਹ ਆਪ ਪਾਲ਼ਦਾ ਰਿਹਾ। ਉਹਦੀ ਦੂਜੇ ਵਿਆਹ ਦੀ ਪਤਨੀ ਉਮਰੋਂ ਛੋਟੀ ਹੋਣ ਦੇ ਇਲਾਵਾ ਉਹਦੇ ਨਾਲ ਦਿਲੋਂ ਰਲ਼ੀ ਹੀ ਨਹੀਂ ਸੀ। ਉਹਨੇ ਪਹਿਲਾਂ ਈ ਇਹਦੇ ਨਾਲ ਵਿਆਹ ਤੋਂ ਇਨਕਾਰ ਕੀਤਾ ਸੀ। ਫੇਰ ਹਰ ਰਾਤ ਨੂੰ ਬੱਤੀ ਬੁਝਣ 'ਤੇ ਦੋਹਾਂ 'ਚ ਕੁੱਟ ਮਾਰ ਹੁੰਦੀ ਸੀ। ਉਹ ਇਹਦੇ ਮੂੰਹ 'ਤੇ ਕਹਿ ਦੇਂਦੀ ਸੀ," ਮੇਰੇ ਪਿਓ ਦੇ ਹਾਣ ਦਾ ਏਂ। ਤੈਨੂੰ ਸ਼ਰਮ ਨਹੀਂ ਆਉਂਦੀ।" ... ਅਸਲ 'ਚ ਉਹਦੇ ਮਾਪਿਆਂ ਤੇ ਸਾਕਾਂ ਨੇ ਧੱਕਾ ਕਰ ਕੇ ਵਿਆਹ ਦਿੱਤੀ ਸੀ। ਉਹ ਇਹਦੇ ਕੋਲ ਜਿੰਨਾ ਚਿਰ ਰਹੀ, ਮਾਰ ਕੁਟਾਈ ਹੁੰਦੀ ਰਹੀ ਸੀ। ਜਦ ਘਰੋਂ ਭੱਜੀ ਤਾਂ ਉਹਨੇ ਮੁੜ ਕੇ ਪਿੱਛੇ ਨਹੀਂ ਦੇਖਿਆ।.... ਉਹਨੇ ਬਿੱਲੀ ਵਾਂਗ ਕਈ ਘਰ ਬਦਲੇ। ਬੱਚੇ ਜੰਮਦੀ ਤੇ ਛੱਡਦੀ ਗਈ। ਹਰੇਕ ਦਾ ਪਤਾ ਪ੍ਰੀਤਮ ਨੂੰ ਲੱਗਦਾ ਰਹਿੰਦਾ

ਸੀ। ਉਹਨੂੰ ਉਹਦੇ ਮੁੜਨ ਦੀ ਉਡੀਕ ਵੀ ਸੀ।

ਪ੍ਰੀਤਮ ਆਪਣੇ ਦੋਵੇਂ ਬੱਚਿਆਂ ਨਾਲ ਜਲੰਧਰ ਦੇ ਕਈ ਮੁਹੱਲਿਆਂ 'ਚ ਕਿਰਾਏ ਦੇ ਮਕਾਨਾਂ 'ਚ ਰਹਿੰਦਾ ਰਿਹਾ ਸੀ। ਕਿਸੇ ਇਕ ਮਕਾਨ 'ਚ ਸਾਲ ਤੋਂ ਵੱਧ ਨਹੀਂ ਸੀ ਟਿਕਦਾ। ਮੈਨੂੰ ਜਦ ਵੀ ਮੌਕਾ ਮਿਲਦਾ, ਉਹਦੇ ਘਰ ਚਲਿਆ ਜਾਂਦਾ। ਉਹਦੀ ਬੇਟੀ ਸਕੂਲ ਗਈ ਹੁੰਦੀ ਸੀ ਤੇ ਮੁੰਡਾ ਘਰੇ ਹੁੰਦਾ ਸੀ। ਪ੍ਰੀਤਮ ਸਾਹਿਤ ਤੇ ਬੰਬਈ ਦੀਆਂ ਗੱਲਾਂ ਦੇ ਨਾਲ ਮੈਨੂੰ ਪਰਾਈਆਂ ਤੀਵੀਂਆਂ ਨਾਲ ਆਪਣੇ ਸੰਬੰਧਾਂ ਦੀਆਂ ਕਹਾਣੀਆਂ ਵੀ ਦੱਸਦਾ ਰਹਿੰਦਾ ਸੀ। ਉਹ ਇਸ ਮਾਮਲੇ 'ਚ ਕਾਫੀ ਸੱਚ ਬੋਲਦਾ ਲੱਗਦਾ ਸੀ। ਉਹ ਆਪਣੀਆਂ ਹੋਈਆਂ ਹਤਕਾਂ ਬਾਰੇ ਵੀ ਦੱਸ ਦੇਂਦਾ ਸੀ। ਕਦੇ ਮੈਨੂੰ ਲੱਗਦਾ ਕਿ ਉਹ ਆਪਣੀ ਜ਼ਿੱਲਤ ਨੂੰ ਵੀ ਜ਼ਿੰਦਗੀ ਦਾ ਸੁਆਦ ਮੰਨਦਾ ਸੀ। ਜੀਹਨੂੰ ਲੁਕਾਣ ਦੀ ਉਹਨੂੰ ਕੋਈ ਲੋੜ ਨਹੀਂ ਸੀ।... ਉਹ ਮੰਨਦਾ ਸੀ ਕਿ ਪਰਾਈ ਤੀਵੀਂ ਨਾਲ ਪੈਣ ਲਈ ਜੁੱਤੀਆਂ ਖਾਣ ਲਈ ਤਿਆਰ ਰਹਿਣਾ ਪੈਂਦਾ ਏ। ਇਹ ਬੇਇੱਜ਼ਤੀ 'ਓਸ ਸੁਖ ਸੁਆਦ' ਦੇ ਮੁਕਾਬਲੇ ਕੀ ਏ?... ਉਹਦੀਆਂ ਇਹਨਾਂ ਗੱਲਾਂ ਤੇ ਹਰਕਤਾਂ ਦੀ ਸੂਹ ਉਹਦੇ ਬੱਚਿਆਂ ਨੂੰ ਵੀ ਲੱਗ ਜਾਂਦੀ ਹੋਣੀ ਏ। ਕੁੜੀ ਸੱਤਵੀਂ 'ਚ ਪੜ੍ਹਦੀ ਸੀ। ਮੈਂ ਕਹਿੰਦਾ ਹੁੰਦਾ ਸੀ ਕਿ ਇਕ ਦਿਨ ਇਹ ਬੱਚੇ ਤੈਨੂੰ ਨਫਰਤ ਕਰਨਗੇ। ਪਰ ਉਹ ਡਰਦਾ ਨਹੀਂ ਸੀ। ਏਸ ਮਾਮਲੇ 'ਚ ਸੂਰਬੀਰ ਸੀ। ਰਾਤ ਨੂੰ ਆਪਣੇ ਮੰਜੇ ਤੋਂ ਉੱਠ ਕੇ ਕਿਸੇ ਹੋਰ ਦੇ 'ਤੇ ਚਲਿਆ ਜਾਂਦਾ ਸੀ। ਬੱਚੇ ਜਾਗ ਪੈਂਦੇ ਹੋਣਗੇ। ਮਾਂ ਤੋਂ ਬਿਨਾ ਪਲ਼ੀ ਕੁੜੀ ਦੀ ਮਾਨਸਿਕਤਾ ਬਹੁਤੀ ਉਲਝੀ ਹੋਈ ਹੁੰਦੀ ਏ।

ਇਕ ਦਿਨ ਮੈਂ ਕਿਸੇ ਮੁਹੱਲੇ 'ਚ ਉਹਦਾ ਕਿਰਾਏ ਦਾ ਚੁਬਾਰਾ ਲੱਭ ਕੇ ਚਲਿਆ ਗਿਆ। ਉਹ ਮੰਜੇ 'ਤੇ ਲੇਟਿਆ ਹੋਇਆ ਮੁੰਡੇ ਨਾਲ ਗੱਲਾਂ ਕਰ ਰਿਹਾ ਸੀ। ਬੇਟੀ ਸਕੂਲ ਗਈ ਹੋਈ ਸੀ। ਮੁੰਡਾ ਬਜ਼ਾਰੋਂ ਚਾਹ ਲੈ ਆਇਆ ਤੇ ਆਪਣੇ ਲਈ ਸੋਡੇ ਦੀ ਬੋਤਲ ਫੜ ਲਿਆਇਆ। ਅਸੀਂ ਚਾਹ ਪੀਂਦੇ ਗੱਲਾਂ ਕਰ ਰਹੇ ਸੀ ਤਾਂ ਮੁੰਡਾ ਇਹਦੇ ਪਿੱਛੇ ਖਲੋ ਕੇ ਇਹਦੀਆਂ ਸਾਂਗਾਂ ਲਾਂਦਾ ਤੇ ਜੀਭਾਂ ਕੱਢਦਾ ਰਿਹਾ। ਜਦ ਮੈਂ ਦੱਸਿਆ ਤਾਂ ਪ੍ਰੀਤਮ ਨੇ ਉਹਨੂੰ ਏਸ ਤਰ੍ਹਾਂ ਝਿੜਕਿਆ ਜਿਵੇਂ ਹਲਾਸ਼ੇਰੀ ਦੇਈਦੀ ਏ।.... ਮੁੰਡੇ ਦੇ ਪਰੇ ਜਾਣ 'ਤੇ ਉਹਨੇ ਮੈਨੂੰ ਦੱਸਿਆ ਕਿ ਜੇ ਕੋਈ ਬੰਦਾ ਔਰਤਾਂ ਦੇ ਮਾਮਲੇ 'ਚ ਮਾੜਾ ਮੋਟਾ ਬਦਨਾਮ ਹੋਵੇ ਤਾਂ ਉਹਦਾ ਨੁਕਸਾਨ ਦੀ ਥਾਂ ਬੜਾ ਫਾਇਦਾ ਹੁੰਦਾ ਏ। ਜਨਾਨੀਆਂ ਵੀ ਝਾਕਣਾ ਰੱਖਦੀਆਂ ਨੇ ਇਹੋ ਜਿਹੇ ਬੰਦੇ ਦੀ। ਏਸ ਲਾਲਿਆਂ ਦੁਕਾਨਦਾਰਾਂ ਦੇ ਮੁਹੱਲੇ 'ਚ ਆ ਕੇ ਮੈਂ ਬੜਾ ਸੌਖਾ ਰਿਹਾ ਹਾਂ। ਜਨਾਨੀ ਫਾਹੁਣ ਲਈ ਬਹੁਤਾ ਤਰਦੱਦ ਕਰਨ ਦੀ ਲੋੜ ਈ ਨਹੀਂ ਪਈ। ਆਪੇ ਸਭ ਕੁਝ ਹੋਈ ਜਾਂਦਾ ਏ। ਏਸ ਘਰ 'ਚ ਸੱਸ ਤੇ ਦੋ ਨੂਹਾਂ.... ਬਸ ਕੁਝ ਨਾ ਪੁੱਛ। ਪੰਜੇ ਘਿਓ 'ਚ ਨੇ। ... ਜੁੱਤੀਆਂ ਪਈਆਂ ਤਾਂ ਵੇਖੀ ਡਿੱਠੀ ਜਾਵੇਗੀ। ... ਪ੍ਰੀਤਮ ਨੂੰ ਉਹ ਘਰ ਉਦੋਂ ਛੱਡਣਾ ਪਿਆ ਸੀ ਜਦ ਇਹਦੀ ਅੱਖ ਉਹਦੀ ਧੀ 'ਤੇ ਮੈਲੀ ਹੋਈ ਤੇ ਉਹਦੀ ਮਾਂ ਨੇ ਆਪ ਕੋਈ ਹਰਕਤ ਹੁੰਦੀ ਵੇਖ ਲਈ ਸੀ।

ਜਦ ਮੈਂ ਰੀਟਾਇਰ ਹੋ ਗਿਆ ਤਾਂ ਉਹਨੇ ਕੁੜੀ ਵਿਆਹ ਦਿੱਤੀ, ਸੁਨਿਆਰਿਆਂ ਦੇ। ਉਹਨੂੰ ਜਾਤ ਬਰਾਦਰੀ ਦਾ ਕੋਈ ਖਿਆਲ ਨਹੀਂ ਸੀ। ਨਾਲੇ ਸੁਨਿਆਰੇ ਛੀਂਬਿਆਂ ਨਾਲੋਂ ਮਾੜੇ ਤੇ ਨਹੀਂ ਗਿਣੇ ਜਾਂਦੇ। ਕੁੜੀ ਵੀ ਖੁਸ਼ ਸੀ। ਘਰ ਖਾਂਦਾ ਪੀਂਦਾ ਮਿਲ ਗਿਆ ਸੀ। ਜਦ ਨੂੰ ਪ੍ਰੀਤਮ ਦਾ ਮੁੰਡਾ ਆਵਾਰਾ ਤੇ ਨਸ਼ਿਆਂ ਦਾ ਆਦੀ ਹੋ ਗਿਆ ਸੀ। ਉਹ ਪ੍ਰੀਤਮ ਨੂੰ ਕੁੱਟਣ ਵੀ ਲੱਗ ਪਿਆ ਸੀ। ਪ੍ਰੀਤਮ ਆਪ ਸਮਾਂ ਕੱਟਣ ਕਟਾਣ ਮੇਰੇ ਘਰ ਆਉਣ ਲੱਗ ਪਿਆ ਸੀ। ਉਹ ਚਾਹ ਪੀਂਦਾ, ਰੋਟੀ ਖਾਂਦਾ ਤੇ ਸਮਾਂ ਲੰਘਾਉਂਦਾ ਡਰਦਾ ਵੀ ਹੁੰਦਾ ਸੀ ਕਿ ਕਿਤੇ ਮੈਂ ਕੁਝ ਆਖ ਨਾ ਦਿਆਂ। ਪਰ ਮੈਨੂੰ ਆਪ ਉਹਦੀ ਲੋੜ ਹੁੰਦੀ ਸੀ। ਮੈਂ ਉਹਨੂੰ ਆਤਮਕਥਾ ਲਿਖਣ ਲਈ ਜ਼ੋਰ ਦੇਂਦਾ ਸੀ, ਪਰ ਉਹ ਲਿਖਣ ਤੋਂ ਸੰਕੋਚ ਕਰਦਾ ਸੀ। ਉਹ ਕਦੇ-ਕਦੇ ਕਹਾਣੀ ਲਿਖ ਲੈਂਦਾ ਸੀ। ਉਹਦੀ ਕਹਾਣੀ 'ਚ ਉਸਤਾਦੀ ਵਾਲੇ ਗੁਣ ਲੱਭਦੇ ਸਨ ਮੈਨੂੰ। ਮੈਂ ਲਕੀਰ 'ਚ ਛਾਪ ਲੈਂਦਾ ਸੀ।

ਪ੍ਰੀਤਮ ਮੇਰੀ ਜ਼ਿੰਦਗੀ 'ਚ ਆਇਆ ਸਭ ਤੋਂ ਵੱਧ ਦਿਲਚਸਪ ਬੰਦਾ ਏ। ਜੀਹਨੂੰ ਮਿਲ ਕੇ ਮੇਰੇ ਅੰਦਰ ਕਹਾਣੀਆਂ ਸਰਕਣ ਲੱਗ ਪੈਂਦੀਆਂ ਨੇ। ਦੂਜੇ ਨੰਬਰ 'ਤੇ ਸ਼ਿਵਦੇਵ ਸਿੰਘ ਸੰਧਾਵਾਲੀਆ ਸੀ। ਜੀਹਦੀ ਔਲਾਦ ਬੜੀ ਲਾਇਕ ਨਿੱਕਲੀ। ਪਰ ਪ੍ਰੀਤਮ ਦਾ ਮਾੜਾ ਹਾਲ ਹੋਇਆ। ਉਹਦਾ ਨਸ਼ੇੜੀ ਮੁੰਡਾ ਬਾਪ ਤੋਂ ਪੈਸੇ ਮੰਗਦਾ। ਜਦ ਨਾ ਮਿਲਦੇ ਤਾਂ ਗਾਹਲਾਂ ਕੱਢਦਾ ਤੇ ਬਾਪ ਨੂੰ ਆਨੇ ਬਹਾਨੇ



ਕੁੱਟਦਾ।... ਮੈਂ ਹੱਸ ਕੇ ਕਹਿੰਦਾ," ਕੋਈ ਨਾ, ਤੇਰਾ ਪੁੱਤਰ ਤੈਨੂੰ ਕੁੱਟ ਕੇ ਘਰੋਂ ਕੱਢਦਾ ਏ, ਮੇਰੇ ਬਾਪ ਨੇ ਮੈਨੂੰ ਘਰੋਂ ਕੱਢਿਆ ਸੀ।"... ਜਦ ਉਹ ਮੇਰੇ ਕੋਲ ਆ ਕੇ ਆਪਣੇ ਪੁੱਤਰ ਦੀਆਂ ਕੁੱਟਾਂ ਦੇ ਰੋਣੇ ਰੋਂਦਾ ਹੋਇਆ ਮੈਨੂੰ ਆਪਣੀ ਟੁੱਟੀ ਬਾਂਹ, ਤੇ ਹੋਰ ਸੱਟਾਂ ਵਿਖਾਉਂਦਾ ਸੀ ਤਾਂ ਮੈਂ ਅੰਦਰੇ-ਅੰਦਰ ਖਿਝਦਾ ਰਹਿੰਦਾ ਸੀ। ਕਦੇ ਮਾੜਾ ਚੰਗਾ ਆਖ ਵੀ ਦੇਂਦਾ ਸੀ। ਪਰ ਜਦ ਨਿਰਪੱਖ ਭਾਵ ਨਾਲ ਸੋਚਦਾ ਤਾਂ ਉਹਨੂੰ ਬਹੁਤਾ ਮਾੜਾ ਨਹੀਂ ਸੀ ਆਖਦਾ। ਏਸ ਸਮੇਂ 'ਚ ਮੈਂ ਉਹਦੇ ਬਾਰੇ ਦੋ ਕਹਾਣੀਆਂ 'ਰੀਹਰਸਲ' ਤੇ 'ਪ੍ਰੋਫੈਸਰ ਵਾਲੀਆ' ਲਿਖੀਆਂ। ਜਿਨ੍ਹਾਂ ਨੂੰ ਉਹ ਬਹੁਤ ਵਧੀਆ ਨਹੀਂ ਸੀ ਮੰਨਦਾ।... ਕੁਝ ਸਮੇਂ ਬਾਅਦ ਈ ਪ੍ਰੀਤਮ ਨਾਲ ਹੋਰ ਘਟਨਾਵਾਂ ਏਨੀਆਂ ਬੀਤ ਜਾਂਦੀਆਂ ਕਿ ਮੇਰਾ ਫੇਰ ਕਹਾਣੀ ਲਿਖਣ ਨੂੰ ਮਨ ਕਰਨ ਲੱਗ ਪੈਂਦਾ।

ਏਸੇ ਸਮੇਂ 'ਚ ਮੇਰਾ ਇਕ ਪੁਰਾਣਾ ਦੋਸਤ ਸੁਰਿੰਦਰ ਮੋਹਨ ਇਕ ਦਿਨ ਚਿਰਾਂ ਬਾਅਦ ਮੈਨੂੰ ਮਿਲਣ ਆ ਗਿਆ। ਉਹ ਗੋਲੀਆਂ ਦੇ ਨਸ਼ੇ 'ਚ ਸੀ ਤੇ ਮੇਰੇ ਕਮਰੇ 'ਚ ਵੜਦਾ ਈ ਗ਼ੁਲਾਮ ਅਲੀ ਦੀ ਗਾਈ ਗ਼ਜ਼ਲ ਗਾਉਣ ਲੱਗ ਪਿਆ... 'ਇਸ ਦਸ਼ਤ ਮੇਂ ਇਕ ਸ਼ਹਰ ਥਾ, ਵੋਹ ਕਯਾ ਹੁਆ , ਆਵਾਰਗੀ।'... ਫੇਰ ਲੱਗਾ ਆਪਣੀ ਕਥਾ ਸੁਣਾਉਣ। ਉਹਨੇ ਬੈਂਕ ਦੀ ਨੌਕਰੀ ਤੋਂ ਅਗੇਤਰੀ ਰੀਟਾਇਰਮੈਂਟ ਲੈ ਲਈ ਸੀ। ਮੁੰਡੇ ਜਵਾਨ ਹੋ ਗਏ ਸਨ। ਉਹ ਆਪ ਕਿਸੇ ਗੰਦੀ ਬਸਤੀ ਦੀ ਤੀਵੀਂ ਨਾਲ ਇਸ਼ਕ ਚਲਾ ਰਿਹਾ ਸੀ। ਉਹ ਨਸ਼ੇ 'ਚ ਬਹੁਤ ਚੰਗੀਆਂ ਮੰਦੀਆਂ ਗੱਲਾਂ ਦੱਸਦਾ ਰਿਹਾ।... ਸਾਡੇ ਸਾਂਝੇ ਦੋਸਤ ਉਹਦੇ ਨਸ਼ੇ ਕਰ ਕੇ ਉਹਨੂੰ ਮਾੜਾ ਚੰਗਾ ਕਹਿੰਦੇ ਸੀ, ਪਰ ਮੈਨੂੰ ਉਹ ਬੁਰਾ ਨਹੀਂ ਸੀ ਲੱਗਦਾ।... ਪਰ ਇਕ ਦਿਨ ਉਹ ਵੀ ਰੋ ਕੇ ਦੱਸਣ ਲੱਗ ਪਿਆ ਕਿ ਉਹਦਾ ਪੁੱਤਰ ਉਹਨੂੰ ਕੁੱਟਦਾ ਏ। ਮੈਨੂੰ ਫੇਰ ਉਹ ਬੁਰਾ ਲੱਗਿਆ। ਮੈਨੂੰ ਗੁੱਸਾ ਆਉਂਦਾ ਕਿ ਸਾਲੇ ਪੁੱਤਾਂ ਕੋਲੋਂ ਕੁੱਟਾਂ ਖਾਈ ਜਾਂਦੇ ਨੇ। ਉਹ ਕੁਝ ਕੁ ਦਿਨਾਂ ਬਾਅਦ ਆਉਂਦਾ। ਸਾਹਿਤ ਬਾਰੇ ਬੜੀਆਂ ਸਿਆਣੀਆਂ ਗੱਲਾਂ ਕਰਦਾ ਤੇ ਨਾਲੇ ਪੁੱਤਰਾਂ ਦੀ ਕੁੱਟ ਦੇ ਨਾਲ ਈ ਪੁੱਤਰਾਂ ਤੇ ਪਤਨੀ ਦੇ ਸੁਖ ਦੀਆਂ ਗੱਲਾਂ ਵੀ ਕਰ ਜਾਂਦਾ। ਉਹਦੇ ਮੁੰਡੇ ਉਹਦੀਆਂ ਮਾੜੀਆਂ ਹਰਕਤਾਂ ਬਾਰੇ ਉਵੇਂ ਜਾਣਦੇ ਸੀ ਜਿਵੇਂ ਪ੍ਰੀਤਮ ਦੇ ਬੱਚੇ ਪਰਾਈਆਂ ਤੀਵੀਂਆਂ ਨਾਲ ਬਣਦੇ ਉਹਦੇ ਸੰਬੰਧਾਂ ਬਾਰੇ।... ਇਕ ਦਿਨ ਮੈਂ ਖਿੱਝ ਕੇ ਸੁਰਿੰਦਰ ਨੂੰ ਕਿਹਾ ਕਿ ਮੈਂ ਤੇਰੇ ਮੁੰਡਿਆਂ ਨੂੰ ਕਹਿ ਕੇ ਤੇਰੀ ਡੀਐਡਿਕਸ਼ਨ ਕਰਾ ਦੇਣੀ ਏ। ... ਉਹ ਡਰ ਕੇ ਕੁਰਸੀ ਤੋਂ ਉੱਠ ਖੜ੍ਹਾ ਹੋਇਆ। ਕਹਿੰਦਾ," ਤੁਸੀਂ ਮੇਤੋਂ ਮੇਰੀ ਦੁਨੀਆ ਖੋਹਣਾ ਚਾਹੁੰਦੇ ਹੋ?"

ਉਹਦੀ ਗੱਲ ਸੁਣ ਕੇ ਮੈਂ ਆਪ ਡਰ ਗਿਆ। ਓਸ ਨਸ਼ਾ ਕਰ ਕੇ ਆਪਣੀ ਕਲਪਨਾਂ 'ਚ ਕਿਸੇ ਵੱਖਰੀ ਹੀ ਦੁਨੀਆ 'ਚ ਜਾ ਵੜਦਾ ਸੀ। ਜਿੱਥੇ ਉਹਦੇ ਆਪਣੇ ਸਿਰਜੇ ਪਾਤਰ ਉਹਦੀ ਮਰਜ਼ੀ ਨਾਲ ਚੱਲਦੇ ਸਨ। ਏਸੇ ਲਈ ਤਾਂ ਉਹ ਗਾਉਂਦਾ ਸੀ... 'ਇਸ ਦਸ਼ਤ ਮੇਂ ਇਕ ਸ਼ਹਰ ਥਾ, ਵੋਹ ਕਯਾ ਹੁਆ, ਆਵਾਰਗੀ।'... ਮੈਂ ਉਹਦੇ ਸ਼ਹਿਰ ਨੂੰ ਉਜਾੜਨ ਦੀ ਗੱਲ ਕਰ ਦਿੱਤੀ ਸੀ।

ਇਵੇਂ ਪ੍ਰੀਤਮ ਦਾ ਵੀ ਆਪਣਾ ਇਕ ਸ਼ਹਿਰ ਸੀ, ਜਿਹੜਾ ਚੰਗੀ ਤਰ੍ਹਾਂ ਵਸਦਾ ਨਹੀਂ ਸੀ ਪਿਆ। ਜਦ ਕੁਝ ਵਸਦਾ ਸੀ ਤਾਂ ਪੁੱਤਰ ਉਜਾੜ ਦੇਂਦਾ ਸੀ। ਮੈਨੂੰ ਉਹ ਦੋਵੇਂ ਪਿਓ ਆਪਣੇ-ਆਪਣੇ ਸ਼ਹਿਰ ਦੀਆਂ ਜਿਹੜੀਆਂ ਕਹਾਣੀਆਂ ਸੁਣਾਂਦੇ ਸਨ, ਮੈਨੂੰ ਲੱਗਦਾ ਕਿ ਉਹ ਸੱਤਰ ਪ੍ਰਤੀਸ਼ਤ ਝੂਠ ਨੇ। ਇਹ ਕਾਰਜ ਹੁੰਦੇ ਤਾਂ ਹੋਣਗੇ, ਪਰ ਉਹਨਾਂ ਦੀ ਕਲਪਨਾ 'ਚ।... ਇਹ ਸੋਚ ਕੇ ਉਹਨਾਂ ਨਾਲ ਗੱਲਾਂ ਕਰ ਕੇ ਮੈਨੂੰ ਚੰਗਾ ਲੱਗਦਾ ਸੀ। ਪਰ ਉਹਨਾਂ ਦੇ ਜਾਣ ਬਾਅਦ ਸੋਚਦਾ ਤਾਂ ਮੈਂ ਉਹਨਾਂ ਨੂੰ ਧਿਰਤਰਾਸ਼ਟਰ ਕਹਿੰਦਾ ਸੀ, ਜੀਹਨੇ ਪੁੱਤਰਮੋਹ 'ਚ ਆ ਕੇ ਮਹਾਂਭਾਰਤ ਦਾ ਯੁੱਧ ਨਹੀਂ ਸੀ ਰੋਕਿਆ। ਕਹਿੰਦੇ ਨੇ ਕਿ ਉਹ ਆਪ ਅੱਖੋਂ ਅਨ੍ਹਾ ਨਹੀਂ ਸੀ। ਉਹ ਤਾਂ ਪੁੱਤਰ-ਮੋਹ 'ਚ ਅੰਨ੍ਹਾ ਹੋ ਗਿਆ ਸੀ।

ਜਦ ਪ੍ਰਤਮ 'ਅਜੀਤ' ਅਖਬਾਰ ਤੋਂ ਰੀਟਾਇਰ ਹੋ ਗਿਆ ਤਾਂ ਟੁੱਟ ਜਿਹਾ ਗਿਆ। ਭੈੜੀਆਂ ਜਿਹੀਆਂ ਨੌਕਰੀਆਂ ਤੇ ਟਿਊਸ਼ਨਾਂ ਕਰਦਾ ਰਿਹਾ। ਇਕ ਦਿਨ ਉਹ ਆਇਆ, ਪੁੱਤਰ ਕੋਲੋਂ ਕੁੱਟ ਖਾ ਕੇ। ਕਹਿੰਦਾ,"ਮੈਂ ਫਸਤਾ ਈ ਵੱਢ ਦੇਣਾ ਏ। ਕਿਤੇ ਟੁਰ ਜਾਣਾ ਏ। ਉਹਨੂੰ ਨਹੀਂ ਦੱਸਣਾ।"... ਮੈਨੂੰ ਪਤਾ ਸੀ ਕਿ ਇਹਦੇ ਕੋਲੋਂ ਇਹ ਵੀ ਨਹੀਂ ਹੋਣਾ। ਕੁਝ ਦਿਨ ਪਹਿਲਾਂ ਉਹਨੇ ਮੈਨੂੰ ਦੱਸਿਆ ਸੀ ਕਿ ਰਾਤ ਨੂੰ ਉਹ ਘਰ ਗਿਆ ਤਾਂ ਮੁੰਡਾ ਕੱਲਾ ਬੈਠਾ ਸੀ। ਇਹਨੂੰ ਡਰ ਕਿ ਕਿਤੇ ਬੀਮਾਰ ਨਾ ਹੋਵੇ। ਪੁੱਛ ਲਿਆ," ਕੀ ਗੱਲ ਏ? ਇਹ ਕੇਲੇ ਤੇ ਅੰਗੂਰ ਪਏ ਨੇ, ਤੂੰ ਖਾਧੇ ਈ ਨਹੀਂ?"... ਉਹ ਬੈਠਾ ਇਹਨੂੰ ਘੂਰੀ ਗਿਆ। ਫੇਰ ਇਹ ਕਹਿੰਦਾ ਗਾਹਲਾਂ ਕੱਢਣ ਲੱਗ ਪਿਆ ਕਿ ਤੈਨੂੰ ਵੇਖ ਕੇ ਜਿਹੜਾ ਮਾਸਾ ਕੁ

ਨਸ਼ਾ ਹੋਇਆ ਸੀ, ਉਹ ਵੀ ਲਹਿ ਗਿਆ ਏ। ਤੇਰੀ ਮਾਂ.... ਤੇਰੀ ਭੈਣ...।... ਫੇਰ ਉੱਠ ਕੇ ਕੁੱਟਣ ਲੱਗ ਪਿਆ। ਪਹਿਲਾਂ ਤਾਂ ਇਹ ਸਿਰ ਨੂੰ ਬਾਹਵਾਂ 'ਚ ਲੁਕਾ ਕੇ ਕੱਛੂ ਬਣ ਕੇ ਬੈਠਾ ਰਿਹਾ। ਪਰ ਜਦ ਉਹ ਢਾਹ ਕੇ ਮਾਰਨ ਲੱਗਾ ਤਾਂ ਇਹ ਰੌਲਾ ਪਾਉਂਦਾ ਪੌੜੀਆਂ ਉਤਰ ਗਿਆ। ਮੁੰਡਾ ਵੀ ਨਾਲ ਈ ਆ ਗਿਆ। ਤਦੇ ਗਲੀ ਦੇ ਮੁੰਡਿਆਂ ਨੇ ਆ ਕੇ ਪੁੱਤਰ ਨੂੰ ਫੜ ਲਿਆ। ਪੁਲਸ ਬੁਲਾ ਕੇ ਥਾਣੇ ਭੇਜ ਦਿੱਤਾ। ਸਾਰੀ ਰਾਤ ਹਵਾਲਾਤ ਰਿਹਾ ਤਾਂ ਬਾਪ ਤੋਂ ਸਹਿ ਨਾ ਹੋਇਆ। ਸਵੇਰੇ ਥਾਣੇ ਜਾ ਕੇ ਜ਼ਮਾਨਤ ਨੇਕ ਚਲਣੀ ਆਪ ਦੇ ਕੇ ਛੁਡਾ ਲਿਆਇਆ।... ਮੈਨੂੰ ਇਹ ਸਾਰੀ ਘਟਨਾ ਯਾਦ ਆ ਗਈ ਜਦ ਉਹ ਫਸਤਾ ਵੱਢਣ ਵਾਲੀ ਗੱਲ ਕਰ ਰਿਹਾ ਸੀ।

ਜਦ ਉਹ ਲੱਤ ਦੇ ਦਰਦ ਕਰ ਕੇ ਕੰਮ ਕਰਨ ਜੋਗਾ ਨਹੀਂ ਸੀ ਰਿਹਾ ਤੇ ਅਖਬਾਰ ਤੋਂ ਮਿਲੇ ਪੈਸੇ ਲੁਕਾ ਕੇ ਬਹਿ ਗਿਆ ਸੀ ਤਾਂ ਉਹਦੇ ਨਸ਼ਈ ਜਵਾਨ ਮੁੰਡੇ ਦੀ ਮਾਨਸਿਕ ਹਾਲਤ ਹੋਰ ਵੀ ਵਿਗੜ ਗਈ ਸੀ। ਉਹ ਆਪਣੇ ਬਾਪ ਨੂੰ ਪੈਸੇ ਦੇਣ ਲਈ ਵੱਧ ਤਿੱਖੀਆਂ ਗਾਹਲਾਂ ਕੱਢਣ ਤੇ ਮੋਟੀ ਮਾਰ ਮਾਰਨ ਲੱਗ ਪਿਆ। ਬਾਪ ਆਪਣੇ ਪ੍ਰਾਵੀਡੈਂਟ ਫੰਡ ਦੇ ਪੈਸੇ ਲੁਕਾਈ ਬੈਠਾ ਸੀ। ਪ੍ਰੀਤਮ ਤਾਂ ਵੀ ਮੇਰੇ ਕੋਲ ਆ ਕੇ ਪਹਿਲਾਂ ਪੁੱਤਰ ਦੇ ਜ਼ੁਲਮ ਦਾ ਦੁੱਖ ਰੋਂਦਾ ਤੇ ਫੇਰ ਉਹਦੀ ਵਿਗੜਦੀ ਸਿਹਤ, ਉਹਦੇ ਵਿਆਹ ਤੇ ਹੋਰ ਸੁੱਖਾਂ ਬਾਰੇ ਚਿੰਤਾ ਕਰਦਾ ਰਹਿੰਦਾ ਸੀ। ਮੈਂ ਖਿਝ ਕੇ ਕਹਿੰਦਾ ਸੀ ਕਿ ਕਿਸੇ ਬਿਰਧ ਆਸ਼ਰਮ 'ਚ ਜਾ ਬਹਿ।... ਮੈਂ ਹੈਰਾਨ ਹੋ ਕੇ ਪ੍ਰੀਤਮ ਬਾਰੇ ਸੋਚਦਾ ਹੁੰਦਾ ਕਿ ਕੀ ਇਹ ਮਿੱਟੀ-ਖਾਣਾ ਗੰਡੋਇਆ ਜਿਹਾ ਕਦੇ ਸੱਚੀ ਮੁੱਚੀ ਸੀ. ਪੀ. ਆਈ. ਦਾ ਕਾਰਡ-ਹੋਲਡਰ ਸੀ? ਸਟੂਡੈਂਟ ਫੈਡਰੇਸ਼ਨ ਦਾ ਸਰਗਰਮ ਲੀਡਰ ਸੀ?...ਤਦ ਮੇਰੇ ਮਨ 'ਚ ਉਹਦੀ ਜਾਤ ਤੇ ਖਾਨਦਾਨੀ ਜੀਨਜ਼ ਦੀ ਗੱਲ ਵੀ ਆਉਂਦੀ ਸੀ। ਪ੍ਰੀਤਮ ਜਾਤ ਦਾ ਛੀਂਬਾ ਏ। ਉਹ ਆਪ ਈ ਦੱਸ ਦੇਂਦਾ ਏ। ਏਸ ਗੱਲ ਦੀ ਉਹਦੇ ਮਨ 'ਚ ਕੋਈ ਗੰਢ ਨਹੀਂ। ਉਹ ਮੇਰੇ ਨਾਲੋਂ ਵੱਧ ਯਥਾਰਥਵਾਦੀ ਏ। ਮੇਰਾ ਮਨੋਵਿਗਿਆਨ ਸਮਝਦਾ ਏ। ਤਦੇ ਜਦ ਮੇਰੇ ਕੋਲ ਆਉਂਦਾ ਏ ਤਾਂ ਬੂਹੇ ਦੇ ਬਾਹਰੋਂ ਈ ਕਿਸੇ ਜਨਾਨੀ ਦੀ ਕਹਾਣੀ ਛੇੜ ਲੈਂਦਾ ਏ। ਹੋਰ ਨਹੀਂ ਤਾਂ ਕੰਮ ਕਰਨ ਵਾਲੀ ਮਾਲਣ ਤਾਂ ਕਿਤੇ ਗਈ ਈ ਨਹੀਂ। ਕਦੇ ਸਬਜ਼ੀ ਵੇਚਣ ਵਾਲੀ ਪੂਰਬਣ ਨੂੰ ਘਰ ਜਿਾਣ ਦੀ ਗੱਲ ਦੱਸ ਦੇਂਦਾ ਏ।

ਇਕ ਦਿਨ ਉਹਦਾ ਫੋਨ ਆਇਆ। ਉਹ ਤਿਆਗਮੂਰਤੀ ਬਿਰਧ ਆਸ਼ਰਮ ਤੋਂ ਬੋਲ ਰਿਹਾ ਸੀ। ਮੈਨੂੰ ਲੱਗਿਆ ਕਿ ਇਕ ਦਿਨ ਇਹ ਹੋਣਾ ਈ ਸੀ। ਮੈਂ ਲੱਧੇਵਾਲੀ ਵਾਲੇ ਆਸ਼ਰਮ 'ਚ ਉਹਨੂੰ ਮਿਲਣ ਗਿਆ। ਸ਼ਾਮ ਦਾ ਵੇਲਾ ਸੀ। ਉਹ ਕੁਰਸੀ ਤੇ ਬਹੁਤ ਉਦਾਸ ਬੈਠਾ ਸੀ। ਪਰੇ ਬਿਰਧ ਤੀਵੀਂਆਂ ਬੈਠੀਆਂ ਸਨ। ਮੈਨੂੰ ਲੱਗਿਆ ਕਿ ਇਹ ਸਭ ਮੌਤ ਦੀ ਉਡੀਕ ਕਰ ਰਹੇ ਨੇ। ਮੈਨੂੰ ਏਸ ਗੱਲ ਦਾ ਬੜਾ ਦੁੱਖ ਲੱਗਾ ਕਿ ਇਹ ਬੰਦੇ ਘਰੋਂ ਬੇਘਰ ਹੋ ਗਏ ਨੇ। ਕਿਸੇ ਦੇ ਘਰ ਕੁਝ ਨਹੀਂ ਬਚਿਆ ਹੋਣਾ। ਕਿਸੇ ਨੂੰ ਸਾਂਭਣ ਵਾਲਾ ਕੋਈ ਜੀਅ ਨਹੀਂ ਹੋਣਾ ਤੇ ਕੋਈ ਘਰਦਿਆਂ ਤੋਂ ਰੁੱਸ ਕੇ ਏਥੇ ਆ ਬੈਠਾ ਏ। ਘਰੋਂ ਬੇਘਰ ਹੋਏ ਇਹ ਬੰਦੇ ਹੁਣ ਜਹਾਨੋਂ ਬੇਜਹਾਨ ਹੋ ਜਾਣਗੇ!... ਮੈਂ 'ਘਰ' ਬਾਰੇ ਆਮ ਭਾਰਤੀਆਂ ਵਾਂਗ ਭਾਵੁਕ ਹੋ ਗਿਆ। ਪ੍ਰੀਤਮ ਬਾਹਵਾਂ ਅੱਡ ਕੇ ਮਿਲਿਆ। ਜਿਵੇਂ ਵਿਦਾਅ ਹੋਣਾ ਹੁੰਦਾ ਏ।.... ਪਰ ਜਦ ਮੈਂ ਦਸਾਂ ਦਿਨਾਂ ਬਾਅਦ ਫੇਰ ਗਿਆ ਤਾਂ ਉਹ ਧੁੱਪ ਸੇਕਦਾ ਸਕੂਲ 'ਚ ਪੜ੍ਹਦੀਆਂ ਕੁੜੀਆਂ ਦੀ ਨਵੀਂ ਜਵਾਨੀ ਤੇ ਮੰਦਰ 'ਚ ਆਉਂਦੀ ਨਵੀਂ ਵਿਆਹੀ ਪੰਡਤਾਣੀ ਦੀਆਂ ਗੱਲਾਂ ਕਰਦਾ ਰਿਹਾ। ਉਹਨੂੰ ਬਿਰਧ ਆਸ਼ਰਮ ਦੇ ਹੋਰ ਵਸਨੀਕਾਂ ਬਾਰੇ ਬਹੁਤ ਗੱਲਾਂ ਦਾ ਪਤਾ ਲੱਗ ਗਿਆ ਸੀ। ਉਹ ਆਪਣੇ ਕਮਰੇ 'ਚ ਨਾਲ ਰਹਿੰਦੇ ਬੋਲ਼ੇ ਬੁੱਢੇ ਨੂੰ ਟਿੱਚਰਾਂ ਕਰਨ ਲੱਗ ਪਿਆ ਸੀ।

ਜਦ ਅਸੀਂ ਨੇੜੇ ਦੀ ਚਾਹ ਦੀ ਦੁਕਾਨ 'ਤੇ ਚਾਹ ਪੀ ਰਹੇ ਸੀ ਤਾਂ ਉਹ ਮੈਨੂੰ ਆਪਣੇ ਮੁੰਡੇ ਬਾਰੇ ਦੁੱਖ ਨਾਲ ਦੱਸਣ ਲੱਗ ਪਿਆ ਕਿ ਉਹਦੀ ਤਨਖਾਹ ਤੇ ਨਸ਼ੇ ਪੱਤੇ 'ਤੇ ਲੱਗ ਜਾਂਦੀ ਏ। ਉਹਨੂੰ ਰੋਟੀ ਖਾਣ ਲਈ ਡਬਲ ਰੋਟੀਆਂ ਦਾ ਫੇਰਾ ਲਾਉਣਾ ਪੈਂਦਾ ਏ।... ਮੁੰਡਾ ਇਕ ਦਿਨ ਡਬਲ ਰੋਟੀਆਂ ਵਾਲੀ ਪੇਟੀ ਵਾਲਾ ਸਾਇਕਲ ਉਹਨੂੰ ਵਿਖਾ ਗਿਆ ਸੀ ਤੇ ਇਹ ਗੱਲ ਦੱਸ ਗਿਆ ਸੀ। ਉਹ ਅਜੀਤ ਅਖਬਾਰ ਦੇ ਪ੍ਰੈਸ 'ਚ ਕਾਗਜ ਢੋਣ ਦਾ ਕੰਮ ਕਰਦਾ ਸੀ। ਮੈਨੂੰ ਸ਼ੱਕ ਹੋਇਆ ਕਿ ਮੁੰਡਾ ਬਾਪ ਨੂੰ ਵਿਖਾਣ ਲਈ ਕਿਸੇ ਤੋਂ ਸਾਇਕਲ ਮੰਗ ਕੇ ਲਿਆਇਆ ਹੋਣਾ ਏ।... ਉਦੋਂ ਬਾਪ ਦੀ ਜੇਬ 'ਚ ਜੋ ਵੀ ਹੋਣਾ ਏ, ਲੈ ਗਿਆ ਹੋਵੇਗਾ।

ਪ੍ਰੀਤਮ ਕਦੇ-ਕਦੇ ਮੈਥੋਂ ਹੱਥ ਉਧਾਰ ਮੰਗ ਲੈਂਦਾ। ਮੈਂ ਦੇ ਦਿੰਦਾ। ਉਹ ਕੁਝ ਚਿਰ ਪਿੱਛੋਂ ਮੋੜ



ਦੇਂਦਾ ਸੀ। ਇਕ ਵਾਰ ਉਹਨੇ ਆਉਂਦਿਆਂ ਈ ਕਿਹਾ,"ਮੈਂ ਤੇਰੇ ਕੋਲੋਂ ਪੈਸੇ ਲੈਣੇ ਆ ਅੱਜ। ਚਾਹੀਦੇ ਨੇ।... ਚੰਗਾ ਐਂਜ ਕਰ, ਹੁਣੇ ਦੇ ਦੇ, ਫੇਰ ਮੈਂ ਭੁੱਲ ਜਾਵਾਂਗਾ।".... ਉਹਦੀ ਗੱਲ ਤੋਂ ਲੱਗਿਆ ਕਿ ਉਹਦੀ ਲੋੜ ਭਾਰੀ ਏ। ਜਦ ਮੈਂ ਬਟੂਆ ਖੋਲ੍ਹਿਆ ਤਾਂ ਕਹਿੰਦਾ ਕਿ ਸੌ ਫੜਾ ਦੇ। ਮੈਂ ਪੰਜਾਹਾਂ ਦੇ ਦੋ ਨੋਟ ਦਿੱਤੇ ਤਾਂ ਕਹਿੰਦਾ,"ਚਲ ਇਕ ਹੋਰ ਦੇ ਦੇਹ।... ਯਾਰ ਮੁੰਡਾ ਮੰਗਦਾ ਸੀ। ਮੈਂ ਵਾਅਦਾ ਕਰ ਆਇਆ ਹਾਂ।"

ਇਕ ਦਿਨ ਪ੍ਰੀਤਮ ਨੇ ਦੱਸਿਆ ਕਿ ਉਹਨੇ ਆਪਣੇ ਬੇਟੇ ਨੂੰ ਦਸ ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਏ। ਕਿਤੋਂ ਫੜ ਕੇ ਦੇ ਦੇਣੇ ਨੇ।... ਮੈਂ ਪੁੱਛਿਆ ਕਿ ਏਨੀ ਕੀ ਲੋੜ ਪੈ ਗਈ? ਤਾਂ ਕਹਿੰਦਾ," ਯਾਰ ਉਹਨੇ ਧਮਕੀ ਦਿੱਤੀ ਏ ਕਿ ਜੇ ਮੈਂ ਨਹੀਂ ਦੇਵਾਂਗਾ ਤਾਂ ਉਹ ਆਪਣੀ ਕਿਡਨੀ ਵੇਚ ਦੇਵੇਗਾ।"... ਜਦ ਮੈਂ ਉਹਦੇ ਡਰ ਦਾ ਮਜ਼ਾਕ ਉਡਾਇਆ ਤਾਂ ਕਹਿੰਦਾ," ਤੂੰ ਸੋਚ, ਜੇ ਤੇਰਾ ਮੁੰਡਾ ਜਯੋਤੀ ਤੈਨੂੰ ਇਹ ਧਮਕੀ ਦੇਵੇ ਤਾਂ.... ਫੇਰ ਭੱਜਿਆ ਫਿਰੇਂ ਨਾਂ?".... ਮੈਨੂੰ ਉਹਦੀ ਗੱਲ 'ਚ ਵਜ਼ਨ ਲੱਗਾ।

ਇਕ ਹੋਰ ਮੌਕੇ 'ਤੇ ਉਹਦੇ ਮੁੰਡੇ ਨੇ ਪੈਸੇ ਲੈਣ ਲਈ ਜਮਾਂਦਾਰਾਂ ਦੀ ਕਿਸੇ ਕੁੜੀ ਨਾਲ ਵਿਆਹ ਕਰਾਉਣ ਦੀ ਧਮਕੀ ਵੀ ਦਿੱਤੀ ਸੀ। ਓਦੋਂ ਤਾਂ ਪ੍ਰੀਤਮ ਨੇ ਕਹਿ ਦਿੱਤਾ ਸੀ ਕਿ ਕਰਾ ਲੈ ਜਦ ਮਰਜ਼ੀ। ਅਸਲ 'ਚ ਪ੍ਰੀਤਮ ਚਾਹੁੰਦਾ ਸੀ ਕਿ ਮੁੰਡਾ ਵਿਆਹ ਕਰਾ ਲਵੇ, ਚਾਹੇ ਕਿਸੇ ਨਾਲ ਵੀ। ਖਬਰੇ ਓਸ ਜਨਾਨੀ ਕਰ ਕੇ ਈ ਨਸ਼ਾ ਛੱਡ ਦੇਵੇ।

ਮੈਂ ਤਿਅਗਮੂਰਤੀ ਆਸ਼ਰਮ 'ਚ ਫੇਰ ਗਿਆ ਤਾਂ ਪ੍ਰੀਤਮ ਖੁਸ਼ ਸੀ। ਉਹਨੇ ਮੇਰੇ ਕਹਿਣ 'ਤੇ 'ਲਕੀਰ' ਦੇ 'ਪ੍ਰੌੜ੍ਹ ਅੰਕ' ਵਾਸਤੇ ਆਸ਼ਰਮ ਬਾਰੇ ਇਕ ਵਧੀਆ ਲੇਖ ਤੇ ਆਸ਼ਰਮ ਦੇ ਬੁੱਢਿਆਂ ਬਾਰੇ ਕਮਾਲ ਦੀ ਕਹਾਣੀ 'ਸਹਿ-ਯਾਤ੍ਰੀ' ਲਿਖੀ ਸੀ। ਪਰ ਉਹ ਓਥੋਂ ਤੁਰ ਜਾਣਾ ਚਾਹੁੰਦਾ ਸੀ। ਇਕ ਤਾਂ ਆਸ਼ਰਮ ਦਾ ਮੈਨੇਜਰ ਸ਼ਰਾਬੀ ਹੋ ਕੇ ਮੰਦਾ ਬੋਲਦਾ ਸੀ ਤੇ ਦੂਜੇ ਉਹਨੂੰ ਰਹਿਣ ਬਦਲੇ ਸਕੂਲ 'ਚ ਪੜ੍ਹਾਉਣਾ ਪੈਂਦਾ ਸੀ। ਸਕੂਲ ਛੱਤ 'ਤੇ ਸੀ। ਉਹਨੂੰ ਪੌੜੀਆਂ ਚੜ੍ਹਨਾ ਔਖਾ ਸੀ। ਚੜ੍ਹ ਜਾਂਦਾ ਸੀ ਤਾਂ ਉੱਤਰਨਾ ਔਖਾ ਸੀ। ਆਸ਼ਰਮ ਦੇ ਕਮਰੇ 'ਚ ਠੰਢ ਸੀ। ਘੁੱਟ ਪੀਣ ਵੀ ਨਹੀਂ ਸੀ ਦੇਂਦੇ। ਨਾਲ ਰਹਿੰਦਾ ਬੁੱਢਾ ਬੋਲ਼ਾ ਸੀ। ਚੱਜ ਨਾਲ ਕੋਈ ਗੱਲ ਈ ਨਹੀਂ ਸੀ ਤੁਰਦੀ।

ਇਕ ਦਿਨ ਕਿਸੇ ਹੋਰ ਆਸ਼ਰਮ ਦਾ ਬੰਦਾ ਉਹਨੂੰ ਮੁਫਤ ਰੱਖਣ ਲਈ ਕਹਿ ਗਿਆ। ਉਹ ਬੰਦਾ ਨਵਾਂ ਬਿਰਧ ਆਸ਼ਰਮ ਚਲਾਉਣਾ ਚਾਹੁੰਦਾ ਸੀ। ਦਾਨ ਕੱਠਾ ਕਰ ਕੇ ਬਿਲਡਿੰਗ ਉਹਨੇ ਪਾ ਲਈ ਸੀ, ਹੁਣ ਉਹਨੂੰ ਤਿੰਨ ਬੇਸਹਾਰਾ ਬੁੱਢਿਆਂ ਦੀ ਲੋੜ ਸੀ। ਜਿਨ੍ਹਾਂ ਦੀਆਂ ਫੋਟੋਆਂ ਛਪਵਾ ਕੇ ਉਹ ਵਲੈਤੋਂ ਪੈਸਾ ਕੱਠਾ ਕਰ ਸਕੇ। ਪ੍ਰੀਤਮ ਓਥੇ ਚਲਿਆ ਗਿਆ।

ਮੈਂ ਉਥੇ ਵੀ ਉਹਨੂੰ ਮਿਲਣ ਗਿਆ। ਉਹ ਖੁਸ਼ ਸੀ। ਰੋਟੀਆਂ ਪਕਾਉਣ ਵਾਲੀ ਵਾਹਵਾ ਸੋਹਣੀ ਤੇ ਜਵਾਨ ਸੀ। ਉਹਦੇ ਸਕੂਲ ਪੜ੍ਹਦੇ ਦੋ ਬੱਚੇ ਸਨ। ਪ੍ਰਬੰਧਕ ਉਹਨੂੰ ਆਪਣੀ ਧੀ ਕਹਿੰਦਾ ਸੀ ਪਰ ਪ੍ਰੀਤਮ ਨੂੰ ਕੁਝ ਹੋਰ ਈ ਦਿਸਦਾ ਸੀ।... ਮੈਂ ਦੂਜੀ ਵਾਰ ਗਿਆ ਤਾਂ ਪ੍ਰੀਤਮ ਪ੍ਰਬੰਧਕ ਤੋਂ ਦੁਖੀ ਸੀ। ਉਹ ਪ੍ਰੀਤਮ ਨੂੰ ਲਿਖਣ ਪੜ੍ਹਨ ਦਾ ਕੰਮ ਨਹੀਂ ਸੀ ਕਰਨ ਦੇਂਦਾ। ਆਖਦਾ ਸੀ ਕਿ ਆਸ਼ਰਮ ਲਈ ਕੰਮ ਕਰੋ। ਪ੍ਰੀਤਮ ਪ੍ਰਕਾਸ਼ਕਾਂ ਦੇ ਪਰੂਫ ਪੜ੍ਹ ਕੇ ਚਾਰ ਪੈਸੇ ਕਮਾ ਲੈਂਦਾ ਸੀ। ਜੀਹਦਾ ਇਕ ਹਿੱਸਾ ਉਹਨੇ ਆਪਣੇ ਮੁੰਡੇ ਵਾਸਤੇ ਰੱਖਣਾ ਹੁੰਦਾ ਸੀ। ਤਾਂ ਜੋ ਉਹ ਢਾਬੇ ਤੋਂ ਰੋਟੀ ਖਾ ਲਿਆ ਕਰੇ।... ਪ੍ਰੀਤਮ ਖਿੱਝ ਕੇ ਪ੍ਰਬੰਧਕ ਨੂੰ ਆਦਿ-ਧਰਮੀ ਤੇ ਓਸ ਜਵਾਨ ਤੀਵੀਂ ਨੂੰ ਤਰਖਾਣੀ ਕਹਿੰਦਾ ਸੀ। ਉਹਨੂੰ ਪ੍ਰਾਚੀਨ ਸ਼ਿਵ ਮੰਦਰ ਵੀ ਝੂਠਾ ਲੱਗਦਾ ਸੀ।

ਇਕ ਦਿਨ ਪ੍ਰੀਤਮ ਬੀਮਾਰੀ ਦੀ ਹਾਲਤ 'ਚ ਆਪਣਾ ਬੈਗ ਲੈ ਕੇ ਮੇਰੇ ਘਰ ਆ ਗਿਆ। ਉਹਦਾ ਪੇਟ ਖਰਾਬ ਸੀ। ਮੈਨੂੰ ਪੁੱਛੇ," ਮੈਂ ਹੁਣ ਕਿੱਥੇ ਜਾਵਾਂ?"... ਉਹ ਇਕ ਰਾਤ ਮੇਰੇ ਘਰ ਕੱਟਣਾ ਚਾਹੁੰਦਾ ਸੀ। ਮੈਂ ਡਰ ਗਿਆ ਕਿ ਕਿਤੇ ਇਹਨੂੰ ਰਾਤ ਨੂੰ ਹਸਪਤਾਲ ਨਾ ਲੈ ਜਾਣਾ ਪਵੇ। ਪੈਸੇ ਇਹ ਸਾਰੇ ਕਿਸੇ ਸਾਕ ਦੇ ਰੱਖ ਆਇਆ ਏ। ਮੈਨੂੰ ਖਰਚਾ ਤੇ ਦੇਖ ਭਾਲ ਕਰਨੀ ਪੈਣੀ ਏ। ਮੈਨੂੰ ਤਾਂ ਜਿਹੜੀ ਔਖਿਆਈ ਹੋਣੀ ਏ ਸੋ ਹੋਣੀ ਏ, ਇਹਨੂੰ ਹਸਪਤਾਲ ਲਿਜਾਣ ਲਈ ਮੈਨੂੰ ਆਪਣੇ ਮੁੰਡੇ ਨੂੰ ਭਾਜੜ ਪਾਉਣੀ ਪੈਣੀ ਏ। ਫੇਰ ਮੁੰਡਾ ਖਿਝੂ ਤੇ ਨਾਲ ਉਹਦੀ ਮਾਂ।.... ਇਹ ਵੀ ਡਰ ਸੀ ਕਿ ਕਿਤੇ ਮੇਰੇ ਘਰੇ ਨਾ ਮਰ ਜਾਵੇ। ਫੇਰ ਤਾਂ ਮੁਸੀਬਤਾਂ ਈ ਪੈ ਜਾਣੀਆਂ ਨੇ।... ਮੈਂ ਮਲ੍ਹਵੀਂ ਜੀਭ ਨਾਲ ਉਹਨੂੰ ਆਪਣੇ

ਨਿੱਕੇ ਭਰਾ ਕੋਲ ਕਾਦੀਆਂ ਜਾਣ ਦਾ ਮਸ਼ਵਰਾ ਦੇ ਦਿੱਤਾ। ਉਹ ਕਹਿੰਦਾ ਕਿ ਮੇਰੀ ਮੋਪਡ ਆਪਣੇ ਘਰ ਰੱਖ ਲੈ, ਮੁੰਡਾ ਵੇਚ ਕੇ ਸਮੈਕ ਲੈ ਲਵੇਗਾ।.... ਮੈਂ ਏਸ ਗੱਲ ਲਈ ਵੀ ਤਿਆਰ ਨਾ ਹੋਇਆ। ਮੈਨੂੰ ਡਰ ਸੀ ਕਿ ਪਿੱਛੋਂ ਮੁੰਡਾ ਮੋਪਡ ਮੰਗਣ ਆਵੇਗਾ ਤਾਂ ਮੇਰੇ ਕੋਲੋਂ ਕੁਝ ਮਾੜਾ ਚੰਗਾ ਬੋਲ ਹੋ ਜਾਣਾ ਏ। ਫੇਰ ਉਹ ਪਤਾ ਨਹੀਂ ਕੀ ਬੋਲ ਜਾਵੇ।... ਪ੍ਰੀਤਮ ਨਿਰਾਸ਼ ਹੋ ਕੇ ਬੈਗ ਤੇ ਮੋਪਡ ਲੈ ਕੇ ਚਲਿਆ ਗਿਆ।

ਕੁਝ ਦਿਨਾਂ ਬਾਅਦ ਉਹਦਾ ਫੋਨ ਆਇਆ," ਮੈਂ ਆਪਣੇ ਪੁਰਾਣੇ ਸ਼ਹਿਰ ਦੇ ਬਿਰਧ ਆਸ਼ਰਮ 'ਚ ਜਾ ਬੈਠਾ ਹਾਂ। ਇਹਦਾ ਮੈਨੇਜਰ ਮੇਰੇ ਛੋਟੇ ਭਰਾ ਦਾ ਜਮਾਤੀ ਨਿੱਕਲਿਆ। ਉਹਨੇ ਮੈਨੂੰ ਸਭ ਕੁਝ ਮੁਫਤ ਕਰ ਕੇ ਕਮਰਾ ਦੇ ਦਿੱਤਾ। ਰੋਟੀ ਦੁੱਧ ਸਭ ਕੁਝ ਵਧੀਆ ਮਿਲਦਾ ਏ। ਹਰ ਸਹੂਲਤ ਏ। ਇਕ ਤੰਗੀ ਏ। ਮੈਨੇਜਰ ਰਾਧਾ ਸੁਆਮੀ ਏ। ਏਥੇ ਸ਼ਰਾਬ ਤੇ ਮੀਟ ਦੀ ਮਨਾਹੀ ਏ। ਮੇਰੀ ਲੱਤ ਦਾ ਦਰਦ ਤੰਗ ਕਰਦਾ ਏ। ਟੁਰਨਾ ਔਖਾ ਏ। ਫੋਨ ਕਰਨ ਲਈ ਬਜ਼ਾਰ ਤਕ ਨਹੀਂ ਜਾ ਹੁੰਦਾ। ਕਦੇ ਗੇੜਾ ਮਾਰ ਜਾ। ਏਥੇ ਬੁੱਢੀਆਂ ਵੀ ਨੇ। ਇਕ ਦੋ ਵਾਹਵਾ ਸੁਹਣੀਆਂ ਨੇ। ਜਵਾਨ ਨਾ ਸਹੀ, ਠਾਕ ਠਾਕ ਈ ਨੇ।"

ਇਕ ਵਾਰ ਮੇਰੇ ਮੁੰਡੇ ਦਾ ਦੋਸਤ ਪੁਲਸ ਅਫਸਰ ਉਹਦੇ ਪੁਰਾਣੇ ਸ਼ਹਿਰ ਲੱਗਾ ਹੋਇਆ ਸੀ। ਮੈਂ ਉਹਦੀ ਕਾਰ 'ਚ ਪ੍ਰੀਤਮ ਨੂੰ ਮਿਲਣ ਚਲਿਆ ਗਿਆ। ਗੱਡੀ ਉਹਦੇ ਬਿਰਧ ਆਸ਼ਰਮ ਦੇ ਗੇਟ ਤਕ ਗਈ। ਮੈਂ ਉੱਤਰ ਕੇ ਮੈਨੇਜਰ ਨੂੰ ਮਿਲਿਆ। ਪ੍ਰੀਤਮ ਦਾ ਰੋਹਬ ਬਣ ਗਿਆ। ਇਕ ਸੇਵਕ ਮੈਨੂੰ ਉਹਦੇ ਕੋਲ ਛੱਡ ਆਇਆ। ਉਹ ਕੌਮਨ ਰੂਮ 'ਚ ਗਿੱਲੇ ਵਾਲਾਂ ਨਾਲ ਬੈਠਾ ਟੀ ਵੀ ਦੇਖ ਰਿਹਾ ਸੀ। ਦੋਵੇਂ ਬਾਹਵਾਂ ਖੋਲ੍ਹ ਕੇ ਮਿਲ ਕੇ ਬਾਗੋ ਬਾਗ ਹੋ ਗਿਆ। ਹੁਣ ਉਹ ਬੱਲੇ-ਬੱਲੇ ਸੀ। ਕਮਰਾ ਚੰਗਾ ਸੀ। ਸਾਰੀਆਂ ਸਹੂਲਤਾਂ ਤੇ ਜਾਲੀਆਂ ਵਾਲੇ ਬੂਹਿਆਂ ਵਾਲਾ। ਪਰ ਅੰਦਰ ਕੋਈ ਬੋ ਜਿਹੀ ਸੀ। ਜਿਵੇਂ ਪੁਰਾਣੇ ਪਸੀਨੇ ਮਾਰੇ ਕੱਪੜਿਆਂ ਤੇ ਬਹੀਆਂ ਵਸਤਾਂ 'ਚੋਂ ਆਉਂਦੀ ਏ। ਪਿੱਛੇ ਨੂੰ ਇਕ ਬਾਰੀ ਖੁਲ੍ਹਦੀ ਸੀ, ਬਹੁਤ ਵੱਡੇ ਮੈਦਾਨ ਵੱਲ। ਜਿਥੇ ਇਕ ਥੜ੍ਹਾ ਬਣਿਆ ਹੋਇਆ ਸੀ। ਮੇਰੇ ਪੁੱਛਣ 'ਤੇ ਪ੍ਰੀਤਮ ਨੇ ਦੱਸਿਆ," ਏਸ ਥੜ੍ਹੇ 'ਤੇ ਮਰਿਆਂ ਦਾ ਸੰਸਕਾਰ ਕਰਦੇ ਨੇ ਪ੍ਰਬੰਧਕ। ਹਰ ਮਹੀਨੇ ਦੋ ਮਹੀਨਿਆਂ 'ਚ ਕੋਈ ਨਾ ਕੋਈ ਮਰ ਜਾਂਦਾ ਏ। ਬਿਰਧ ਘਰ ਦੇ ਕਰਮਚਾਰੀ ਚੁੱਕ ਕੇ ਓਸ ਥੜ੍ਹੇ 'ਤੇ ਰੱਖ ਕੇ ਫੂਕ ਦੇਂਦੇ ਨੇ। ਵਿਚ ਰਹਿੰਦੇ ਬੁੱਢੇ ਨਾਲ ਜਾਂਦੇ ਨੇ ਤੇ ਰਾਹ ਪਛਾਣ ਕੇ ਮੁੜ ਆਉਂਦੇ ਨੇ। ਮੈਂ ਇਹ ਬਾਰੀ ਬੰਦ ਈ ਰੱਖਦਾ ਹਾਂ। ਸੜਦੇ ਮੁਰਦੇ ਦੇ ਧੂੰਏਂ ਤੇ ਬੋ ਤੋਂ ਬਚਣ ਲਈ।"... ਫੇਰ ਉਹਨੇ ਖੁਸ਼ ਹੋ ਕੇ ਦੱਸਿਆ," ਪ੍ਰਕਾਸ਼ਕ ਤੋਂ ਚੋਖੇ ਪੈਸੇ ਮਿਲ ਗਏ ਸੀ, ਆਸ ਨਾਲੋਂ ਵਧ। ਇਹ ਲੈ ਲਿਆ ਏ ਚੁੱਲ੍ਹਾ ਤੇ ਸਲੰਡਰ।"... ਉਹਨੇ ਕਮਰੇ ਦੀ ਬਾਰੀ 'ਚ ਗੈਸ ਦਾ ਚੁਲ੍ਹਾ ਰੱਖਿਆ ਹੋਇਆ ਸੀ। ਹੁਣ ਉਹ ਪ੍ਰਬੰਧਕਾਂ ਤੋਂ ਚੋਰੀ ਪਾਈਆ ਕੁ ਮੀਟ ਧਰ ਲੈਂਦਾ ਸੀ। ਕਿਸੇ ਫੌਜੀ ਕੋਲੋਂ ਵਿਸਕੀ ਦੀ ਬੋਤਲ ਮੰਗਵਾ ਲੈਂਦਾ ਸੀ। ਇਕ ਜਨਾਨੀ 'ਤੇ ਅੱਖ ਰੱਖਦਾ ਸੀ। ਵਾਹ-ਵਾਹ ਕੰਮ ਚੱਲ ਪਿਆ ਸੀ।.... ਕੁਝ ਪੈਸੇ ਉਹ ਮੁੰਡੇ ਜੋਗੇ ਜੋੜ-ਜੋੜ ਰੱਖਦਾ ਸੀ।

ਥੋੜ੍ਹੇ ਚਿਰ ਬਾਅਦ ਦੋ ਜਨਾਨੀਆਂ ਦਲੀਆ ਤੇ ਦੁੱਧ ਲੈ ਕੇ ਆਈਆਂ। ਮੈਨੂੰ ਵੀ ਦੇ ਗਈਆਂ। ਪ੍ਰੀਤਮ ਮੈਨੂੰ ਪੁੱਛੇ ਕਿ ਜਿਹੜੀ ਜਵਾਨ ਸੀ, ਉਹਦੇ ਬਾਰੇ ਤੇਰਾ ਕੀ ਖਿਆਲ ਏ?.... ਮੈਨੂੰ ਲੱਗਿਆ ਕਿ ਇਹਨੂੰ ਉਂਜ ਤਾਂ ਜਨਾਨੀ ਦੀ ਲੋੜ ਨਹੀਂ, ਪਰ ਇਹਦੇ ਅੰਦਰ ਅੱਧੀ ਸਦੀ ਦੀ ਜਿਹੜੀ ਭੁੱਖ ਬੈਠੀ ਹੋਈ ਏ, ਉਹ ਇਹਦੇ ਕੋਲੋਂ ਇਹ ਗੱਲਾਂ ਕਰਾ ਰਹੀ ਏ।... ਉਹਦੇ ਜਾਲੀ ਵਾਲੇ ਬੂਹੇ ਅੱਗੋਂ ਦੀ ਜਿਹੜੀ ਵੀ ਜਨਾਨੀ ਲੰਘਦੀ, ਇਹ ਬੋਲ ਪੈਂਦਾ,"ਇਹਨੂੰ ਵੇਖ।"... ਮੈਂ ਆਖੀ ਜਾਵਾਂ ਕਿ ਤੇਰੇ ਵਾਹਤੇ ਮਾੜੀ ਨਹੀਂ।

ਇਕ ਦਿਨ ਉਹ ਮੁੰਡੇ ਨੂੰ ਪੈਸੇ ਦੇਣ ਜਲੰਧਰ ਆਇਆ ਤਾਂ ਮੁੰਡੇ ਨੇ ਅੰਦਰ ਨਾ ਵੜਨ ਦਿੱਤਾ। ਬਾਪ ਨੇ ਕਿਹਾ," ਮੈਨੂੰ ਪਿਆਸ ਲੱਗੀ ਏ। ਗਰਮੀ 'ਚ ਆਇਐਂ, ਪਾਣੀ ਪਿਆ ਦੇ।"... ਉਹਨੇ ਪੰਜ ਗਾਹਲਾਂ ਹੋਰ ਕੱਢ ਦਿੱਤੀਆਂ। ਬਾਪ ਰੋਂਦਾ ਮੁੜ ਗਿਆ। ਸ਼ਰਮ ਦਾ ਮਾਰਿਆ ਮੈਨੂੰ ਮਿਲਣ ਵੀ ਨਾ ਆਇਆ। ਕੁਵੇਲਾ ਜਿਹਾ ਹੋਇਆ ਤਾਂ ਆਪਣੀ ਧੀ ਕੋਲ ਫਗਵਾੜੇ ਚਲਿਆ ਗਿਆ। ਉਹ ਉਹਦਾ ਤੇ ਆਪਣੇ ਨਿੱਕੇ ਭਰਾ ਦਾ ਹਾਲ ਚਾਲ ਪੁੱਛਦੀ ਰਹੀ। ਪ੍ਰੀਤਮ ਦਾ ਖਿਆਲ ਸੀ ਕਿ ਉਹ ਸਵੇਰ ਨੂੰ ਨਾਸ਼ਤਾ ਕਰ ਕੇ ਆਰਾਮ ਨਾਲ ਜਾਵੇਗਾ। ਪਰ ਧੀ ਨੇ ਛੇਤੀ ਨਾਸ਼ਤਾ ਕਰਾ ਕੇ ਉਹਨੂੰ ਅਹਿਸਾਸ ਕਰਾ ਦਿੱਤਾ ਕਿ ਹੁਣ ਉਹਨੂੰ ਵੀ ਆਪਣੇ ਬਾਪ ਦੇ ਆਓਣ 'ਤੇ ਸ਼ਰਮ ਆਉਂਦੀ ਏ।



ਜਠਾਣੀ ਤੇ ਹੋਰ ਸਾਕ ਪੁੱਛਦੇ ਨੇ ਕਿ ਤੇਰਾ ਪਿਓ ਕਿੱਥੇ ਰਹਿੰਦਾ ਏ? ਕੀ ਦੱਸਾਂ ਕਿ ਕਿਸੇ ਯਤੀਮਖਾਨੇ 'ਚ ਦਿਨ ਕੱਟਦਾ ਏ?

ਫੇਰ ਪ੍ਰੀਤਮ ਨੇ ਮੋਬਾਈਲ ਲੈ ਲਿਆ। ਲੱਤ ਦੇ ਦਰਦ ਦਾ ਬਹਾਨਾ ਨਾ ਰਿਹਾ। ਤੀਜੇ ਚੌਥੇ ਦਿਨ ਮੇਰੇ ਨਾਲ ਗੱਲ ਹੋ ਜਾਂਦੀ। ਇਕ ਦਿਨ ਉਹਨੇ ਦੱਸਿਆ," ਉਹ ਈਸਾਈ ਜਨਾਨੀ ਜੂਲੀ ਜਿਹੜੀ ਪਹਿਲੀ ਵਾਰ ਹੱਥ ਫੜਨ 'ਤੇ ਕਹਿੰਦੀ ਸੀ ਕਿ ਮੈਂ ਇਹੋ ਜਿਹੀਆਂ ਜਨਾਨੀਆਂ ਵਰਗੀ ਨਹੀਂ, ਹੁਣ ਉਹ ਆਪ ਈ ਗੇੜੇ ਮਾਰ ਜਾਂਦੀ ਏ। ਜ਼ਿੰਦਗੀ 'ਚ ਜਿਹੜਾ ਕੰਮ ਮੈਂ ਨਹੀਂ ਸੀ ਕੀਤਾ, ਉਹ ਵੀ ਕਰ ਕੇ ਵੇਖ ਲਿਆ।.... ਏਨੀ ਪਿਆਰੀ ਜਨਾਨੀ ਨਹੀਂ ਲੱਭਣੀ ਦੁਨੀਆਂ 'ਤੇ।... ਉਹ ਕਿਤੇ ਜਨਾਨੀ ਜਾਤ ਏ, ਉਹ ਤਾਂ ਫਰਿਸ਼ਤਾ ਏ ਏਸ ਜੱਗ 'ਤੇ ਗਲਤੀ ਨਾਲ ਰੱਬ ਦਾ ਘੱਲਿਆ ਹੋਇਆ।... ਮੈਂ ਪੈਸੇ ਦੇਂਦਾ ਹਾਂ, ਉਹ ਜਵਾਬ ਦੇ ਦੇਂਦੀ ਏ। ਮੈਨੂੰ ਧੱਕੇ ਨਾਲ ਉਹਦੇ ਬੋਝੇ ਪਾਓਣੇ ਪੈਂਦੇ ਨੇ।... ਲੈ ਆ ਗਈ ਉ, ਤੇਰੀ ਭਰਜਾਈ। ਤੂੰ ਗੱਲ ਕਰਨੀ ਊ?.... 'ਲੈ ਮੇਰਾ ਯਾਰ ਬੋਲਦਾ ਏ, ਗੱਲ ਕਰ। ਸੰਗ ਨਾ। ਚਲ, ਇਹਨੂੰ ਸਾਸਰੀਕਾਲ ਕਹਿ ਦੇ।"... ਪਤਲੀ ਤੇ ਮੱਧਮ ਜਿਹੀ ਅਵਾਜ ਸੁਣਦੀ ਏ,"ਸਾਸਰੀਕਾਲ ਜੀ।"... ਉਹਦੀ ਅਵਾਜ਼ ਸੁਣ ਕੇ ਮੈਨੂੰ ਪਤਾ ਨਹੀਂ ਕਿਹੜੇ ਨਗਰ ਪੀਤਮ ਦੇ ਘਰ ਕੰਮ ਕਰਨ ਆਉਂਦੀ ਤੇ ਸਾਰੇ ਗੁਪਤ ਧੰਦੇ ਕਰਨ ਵਾਲੀ ਮਾਲਣ ਯਾਦ ਆ ਗਈ। ਜਿਹੜੀ ਸਰੀਰ ਤੋਂ ਤਾਂ ਹੱਟੀ ਕੱਟੀ ਸੀ, ਪਰ ਦੇਖ ਕੇ ਮੈਨੂੰ ਲੱਗਦਾ ਹੁੰਦਾ ਸੀ ਕਿ ਉਹਦੇ ਪਿੰਡੇ 'ਚੋਂ ਬੋ ਆਉਂਦੀ ਹੋਵੇਗੀ। ਇਹ ਉਹਦੀਆਂ ਤਾਰੀਫਾਂ ਕਰਦਾ ਨਹੀਂ ਸੀ ਥੱਕਦਾ ਹੁੰਦਾ। ਹੁਣ ਕਹਿੰਦਾ," ਉਹ ਮਾਲਣ ਕੀ ਸੀ? ਪਾਂ ਪਾਂਸਕੂ ਵੀ ਨਹੀਂ। ਕਿੱਥੇ ਇਹ ਤੇਰੀ ਭਰਜਾਈ! ... ਉਹ ਤੂੰ ਆ ਕੇ ਤਾਂ ਦੇਖ, ਪ੍ਰੇਮ ਆਪਣੀ ਭਰਜਾਈ, ਜੂਲੀ! ਉਂਜ ਭਰਜਾਈਆਂ ਲੱਖ ਹੋਣਗੀਆਂ, ਇਹਦੇ ਵਰਗੀ ਨਹੀਂ ਹੋਣੀ ਜੱਗ 'ਤੇ! ... ਹੁਣ ਤੇ ਇਹੋ ਫਿਲਮੀ ਗਾਣਾ ਗਾਉਂਦਾ ਹਾਂ," ... ਨਾ ਕੁਛ ਤੇਰੇ ਬਸ ਮੇਂ ਜੂਲੀ, ਨਾ ਕੁਛ ਮੇਰੇ ਬਸ ਮੇਂ....।"

ਫੇਰ ਉਹਦਾ ਫੋਨ ਕੁਝ ਦਿਨਾਂ ਬਾਅਦ ਆ ਜਾਂਦਾ। ਨਿੱਤ ਨਵੀਂ ਕਹਾਣੀ ਸੁਨਣ ਨੂੰ ਮਿਲਦੀ। ਉਹ ਦੱਸਦਾ....

- ਜੂਲੀ ਦੇ ਘਰ ਇਕ ਅਮੀਰ ਕਾਮਰੇਡ ਵੀ ਰਹਿੰਦਾ ਏ। ਉਹ ਪਹਿਲਾਂ ਏਸ ਆਸ਼ਰਮ 'ਚ ਈ ਰਹਿੰਦਾ ਸੀ। ਹੁਣ ਇਹਦੇ ਘਰ ਵੜ ਗਿਆ ਏ। ਉਹਨੇ ਇਹਦੇ ਘਰ 'ਚ ਪੱਕਾ ਕਮਰਾ ਪਾ ਲਿਆ ਏ। ਇਹਦੇ ਮੁੰਡੇ ਨੂੰ ਪੁਰਾਣਾ ਸਕੂਟਰ ਲੈ ਦਿੱਤਾ ਏ। ਉਹਦਾ ਏਥੇ ਹੋਰ ਕੋਈ ਨਹੀਂ। ਜਿਮੀਂਦਾਰ ਏ। ਉਹਨੂੰ ਚਿੰਤਾ ਏ ਕਿ ਉਹਦੇ ਬਾਅਦ ਉਹਦੀ ਜਾਇਦਾਦ ਸ਼ਰੀਕਾ ਸਾਂਭਣੀ ਏ। ਉਹ ਜੂਲੀ ਨਾਲ ਸਾਰੀਆਂ ਮੌਜਾਂ ਕਰਦਾ ਏ। ਉਂਜ ਉਹਨੂੰ ਬੇਟੀ ਕਹਿੰਦਾ ਏ। ਰੱਬ ਈ ਜਾਣੇ।... ਬੰਦਾ ਪੜ੍ਹਿਆ ਗੁਣਿਆ ਤੇ ਖੂਬਸੂਰਤ ਏ। ਪੈਸੇ ਧੇਲੇ ਦੀ ਮਦਦ ਇਹਦੇ ਸਾਕਾਂ ਦੀ ਵੀ ਕਰ ਦੇਂਦਾ ਏ।
- ਜੂਲੀ ਨੇ ਅੱਜ ਰੰਗ ਲਾ ਦਿੱਤੇ।... ਤੇਰੇ ਕੋਲ ਕੋਈ ਸੁਣਦਾ ਤੇ ਨਹੀਂ ?... ਅੱਜ ਦੁਪਹਿਰੇ ਆਈ ਤਾਂ ਮੈਂ ਕੰਬਲ ਲਈ ਪਿਆ ਸੀ। ਮੈਂ ਸੋਚਿਆ ਕਿ ਕਾਮਰੇਡ ਕਿਤੇ ਗਿਆ ਹੋਇਆ ਏ। ਇਹਨੂੰ ਪੈਸਿਆਂ ਦੀ ਲੋੜ ਹੋਵੇਗੀ। ਪਰ ਨਹੀਂ, ਉਹ ਤਾਂ ਕੁੰਡੀ ਲਾ ਕੇ ਮੇਰੇ ਕੰਬਲ 'ਚ ਵੜ ਗਈ। ਅੱਗੋਂ ਰੱਬ ਨੇ ਮਿਹਰ ਕਰ ਦਿੱਤੀ। ਜਾਣ ਲੱਗੀ ਨੂੰ ਮੈਂ ਪੈਸੇ ਦਿਆਂ, ਪਰ ਉਹ ਲਵੇ ਨਾ। ਮੈਂ ਧੱਕੇ ਨਾਲ ਉਹਦੇ ਬੋਝੇ 'ਚ ਪਾ ਦਿੱਤੇ।
- ਕਲ੍ਹ ਮੇਰੀ ਭੈਣ ਪੂਰੀ ਹੋ ਗਈ, ਵੱਡੀ। ਨਿੱਕਾ ਆਇਆ। ਮੈਨੂੰ ਕਾਰ 'ਚ ਲੈ ਗਿਆ।... ਸੱਚ ਦੱਸਾਂ, ਮੈਨੂੰ ਕੋਈ ਦੁੱਖ ਨਹੀਂ ਹੋਇਆ। ਸਸਕਾਰ ਕਰ ਕੇ ਮੁੜ ਆਏ। ਹੁਣ ਮੈਂ ਭੋਗ 'ਤੇ ਨਹੀਂ ਜਾਣਾ। ਯਾਰ ਕਿਸੇ ਦੇ ਜਾਣ ਨੂੰ ਰੂਹ ਨਹੀਂ ਕਰਦੀ।
- ਅੰਬਰਸਰ ਭਣਵਈਆ ਰਹਿੰਦਾ ਸੀ। ਉਹ ਵੀ ਪੂਰਾ ਹੋ ਗਿਆ। ਮੇਰਾ ਇਕ ਰਿਸ਼ਤੇਦਾਰ ਕਾਰ 'ਚ ਮੈਨੂੰ ਲੈ ਗਿਆ। ਮੈਂ ਜਾਣਾ ਨਹੀਂ ਸੀ ਚਾਹੁੰਦਾ। ਸਸਕਾਰ ਵੇਲੇ ਰੋਂਦੀਆਂ ਵੈਣ ਪਾਉਂਦੀਆਂ ਜਨਾਨੀਆਂ ਮੈਨੂੰ ਉਹ ਲੱਗੀਆਂ, ਜਿਨ੍ਹਾਂ ਨੂੰ ਤੂੰ 'ਫਫਾਕੁਟਨੀਆਂ' ਕਹਿੰਦਾ ਹੁੰਦਾ ਏਂ। ਖੇਖਣ ਕਰਦੀਆਂ। ਉਹ ਮੇਰੇ ਹਾਣ ਦਾ ਸੀ। ਮਰ ਗਿਆ ਸੋ ਮਰ ਗਿਆ। ਮੇਰਾ ਹੁਣ ਕੋਈ ਲੈਣਾ ਦੇਣਾ ਈ ਨਹੀਂ ਸੀ ਓਸ ਬੰਦੇ ਨਾਲ।... ਹੁਣ ਅਜਿਹੇ ਮੌਕੇ 'ਤੇ ਜਾਣ ਨੂੰ ਦਿਲ ਨਹੀਂ ਕਰਦਾ। ਕਾਰ

'ਚ ਜਾ ਕੇ ਵੀ ਜਿਸਮ ਥੱਕ ਜਾਂਦਾ ਏ।

ਤੂੰ ਕੱਲਾ ਈ ਏਂ ਨਾ ਕਮਰੇ 'ਚ। ਜੂਲੀ ਹੁਣੇ ਗਈ ਏ। ਉਹ ਅਰਜ਼ੀ 'ਤੇ ਗੂਠਾ ਲਾਂਦੀ ਏ। ਕਹਿੰਦੀ, ਮੈਨੂੰ ਦਸਖ਼ਤ ਕਰਨੇ ਸਿਖਾ ਦੇ। ਮੈਂ ਉਹਦਾ ਹੱਥ ਫੜ ਕੇ ਪੈਨ ਚਲਾਣਾ ਦੱਸਿਆ, ਉਹਨੂੰ ਕੁੱਛੜ 'ਚ ਬਹਾ ਕੇ। ... ਦੇਖ ਮੈਂ ਤਾਂ ਸਮਝਿਆ ਸੀ ਕਿ ਜ਼ਿੰਦਗੀ ਹਾਰ ਚੁੱਕਾ ਹਾਂ। ਕੀ ਪਤਾ ਸੀ, ਇਹ ਕੌਤਕ ਵੀ ਹੋਣੇ ਨੇ। ਮੈਨੂੰ ਏਨਾ ਪਿਆਰ ਮਿਲੇਗਾ ਏਸ ਉਮਰੇ, ਕਦੇ ਸੋਚਿਆ ਨਹੀਂ ਸੀ। ਲੱਗਦਾ ਸੀ ਕਿ ਹੁਣ ਤਾਂ ਬੱਸ ਧੱਕੇ ਰਹਿ ਗਏ। ਤੇ ਫੇਰ ਮੌਤ। ਮੈਨੂੰ ਸਾਰਾ ਕੁਝ ਹਰਾ-ਹਰਾ ਈ ਸੁੱਝਦਾ ਏ ਹੁਣ। ... ਹੁਣ ਤੇ ਦਿਲ ਕਰਦਾ ਏ ਕਿ ਮਰ ਈ ਜਾਵਾਂ। ਦੁਨੀਆ 'ਚ ਹੋਰ ਏਸ ਤੋਂ ਵੱਧ ਖ਼ੁਸ਼ੀ ਕਿਥੇ ਮਿਲਣੀ ਏ? ... ਤੂੰ ਹੈਰਾਨ ਹੋਵੇਂਗਾ ਕਿ ਸਾਰੀ ਉਮਰ ਮੈਂ ਪਤਾ ਨਹੀਂ ਕਿਹੜੀ-ਕਿਹੜੀ ਗੰਦੀ ਮੰਦੀ ਜਨਾਨੀ ਦੇ ਤਰਲੇ ਲੈਂਦਾ ਰਿਹਾ ਹਾਂ। ਇਹ... ਇਹ ਜੇ ਮੈਂ ਇਕ ਦਿਨ ਪਿਆਰ ਨਾ ਕਰਾਂ ਤਾਂ ਮੇਰੇ ਤਰਲੇ ਕਰਨ ਲੱਗ ਪੈਂਦੀ ਏ। ਖ਼ਬਰੇ ਕੀ ਬਣਾਇਆ ਈ ਇਹਨੂੰ ਰੱਬ ਨੇ। ਮੈਂ ਇਹਨੂੰ ਮਿਲ ਕੇ ਹੁਣ ਰੱਬ ਨੂੰ ਮੰਨਣ ਲੱਗ ਪਿਆ ਹਾਂ।

ਸਵੇਰੇ ਇਕ ਪੁਰਾਣਾ ਜਮਾਤੀ ਮਿਲਿਆ। ਉਹ ਮੈਨੂੰ ਖਾਲਿਸਤਾਨੀ ਅੱਤਵਾਦ ਦੇ ਸਮੇਂ 'ਚ ਵੀ ਮਿਲਣ ਆਉਂਦਾ ਹੁੰਦਾ ਸੀ। ਉਹਨੇ ਕਦੇ ਵੀ ਭਾਵੁਕ ਹੋ ਕੇ ਗੱਲ ਨਹੀਂ ਸੀ ਕੀਤੀ। ਨਾ ਰਾਜਸੀ ਤੇ ਨਾ ਧਾਰਮਕ ਗੱਲਾਂ ਉਹਨੂੰ ਭੜਕਾਉਂਦੀਆਂ ਸਨ। ਉਹਦਾ ਦ੍ਰਿਸ਼ਟੀਕੋਣ ਹਮੇਸ਼ਾ ਖੱਬੇਪੱਖੀ ਸੋਚ ਵਾਲੇ ਬੰਦੇ ਦਾ ਰਿਹਾ। ਹੁਣ ਉਹ ਏਸ ਆਸ਼ਰਮ ਦੀ ਸਿਆਸਤ ਦਾ ਤਕੜਾ ਮੋਹਰਾ ਏ। .... ਮੈਨੂੰ ਕਹਿੰਦਾ," ਕਿਸੇ ਗਰੁੱਪ ਦਾ ਸਾਥ ਨਾ ਦੇਵੀਂ। ਫੇਰ ਮੌਜਾਂ ਕਰਦਾ ਰਹਿ, ਜਿਵੇਂ ਮਰਜੀ!"

ਕੁਝ ਦਿਨਾਂ ਬਾਅਦ ਪ੍ਰੀਤਮ ਮੇਰੇ ਘਰ ਜਲੰਧਰ ਆਇਆ। ਉਹਨੇ ਨਵੇਂ ਕੱਪੜੇ ਤੇ ਨਵੇਂ ਬੂਟ ਪਾਏ ਹੋਏ ਸਨ। ਉਹਨੇ ਦੱਸਿਆ ਕਿ ਇਹ ਬਿਰਧ ਆਸ਼ਰਮ ਵਾਲਿਆਂ ਦਿੱਤੇ ਨੇ। ਉਹ ਮੈਨੂੰ ਤਾਂ ਮਿਲਣ ਰਸਮੀ ਤੌਰ 'ਤੇ ਆਇਆ ਸੀ, ਪਰ ਬਹੁਤਾ ਮਿਲਣ ਤਾਂ ਉਹ ਆਪਣੇ ਪੁੱਤ ਨੂੰ ਆਇਆ ਸੀ। ਉਹਦੇ ਕੋਲ ਹੋ ਆਇਆ ਸੀ। ਪੈਸੇ ਦੇ ਆਇਆ ਸੀ। ਫੇਰ ਉਹਨੇ ਦੱਸਿਆ ਕਿ ਮੁੰਡਾ ਆਸ਼ਰਮ 'ਚ ਜਾਣ ਲੱਗ ਪਿਆ ਏ। ਮੋਟੀ ਮਾਇਆ ਮੰਗਦਾ ਏ। ਮੈਂ ਕਿੱਥੋਂ ਦਿਆਂ? ਕਾਦੀਆਂ ਵੀ ਜਾ ਆਉਂਦਾ ਏ। ਮੈਂ ਕਿਹਾ, ਚੰਗਾ ਹੁਣ ਉਹਨੂੰ ਜਿਊਣ ਦਾ ਢੰਗ ਆ ਰਿਹਾ ਏ।... ਜਦੋਂ ਮੈਂ ਪੁੱਛਿਆ ਕਿ ਮੁੰਡਾ ਆਪਣੀ ਮਾਂ ਨੂੰ ਨਹੀਂ ਮਿਲਣ ਗਿਆ ? ਉਹਨੇ ਵੀ ਪੈਸੇ ਜੋੜ ਕੇ ਰੱਖੇ ਹੋਣਗੇ ? ਤਾਂ ਪ੍ਰੀਤਮ ਨੇ ਮੈਨੂੰ ਆਪਣੀ ਧੀ ਦੇ ਆਪਣੀ ਮਾਂ ਨੂੰ ਮਿਲਣ ਜਾਣ ਦੀ ਗੱਲ ਸੁਣਾ ਦਿੱਤੀ। ਉਹ ਵੀ ਆਪਣੀ ਮਾਂ ਨੂੰ ਮਿਲਣ ਗਈ ਸੀ। ਮਾਂ ਨੇ ਰੌਲ਼ਾ ਪਾ ਕੇ ਕਿਹਾ ਸੀ ਕਿ ਇਹ ਕੋਈ ਠੱਗੀ ਲਾਓਣ ਆਈ ਏ। ਮੇਰੇ ਤਾਂ ਦੋਵੇਂ ਬੱਚੇ ਤੇ ਮਰਦ ਦਿੱਲੀ ਦੇ ਚੁਰਾਸੀ ਦੇ ਸਿੱਖ ਵਿਰੋਧੀ ਦੰਗਿਆਂ 'ਚ ਮਾਰੇ ਗਏ ਸਨ।... ਧੀ ਪੁਲਸ ਤੋਂ ਡਰਦੀ ਮੁੜ ਆਈ ਸੀ।

ਦੂਜੇ ਤੀਜੇ ਦਿਨ ਪੀਤਮ ਦਾ ਫੋਨ ਆ ਜਾਂਦਾ। ਅੱਜ ਐਂਜ ਹੋ ਗਿਆ।ਅੱਜ ਉਂਜ ਹੋ ਗਿਆ। ਇਕ ਦਿਨ ਕਹਿੰਦਾ," ਪ੍ਰੇਮ ਮੇਰਾ ਦਿਲ ਕਰਦਾ ਏ, ਮੈਂ ਹੁਣ ਮਰ ਜਾਵਾਂ।"... ਮੈਂ ਪੁੱਛਿਆ ਕਿ ਕੀ ਹੋ ਗਿਆ ਤਾਂ ਕਹਿੰਦਾ," ਜਿਹੋ ਜਿਹਾ ਜ਼ਿੰਦਗੀ ਦਾ ਸੁਆਦ ਹੁਣ ਆਇਆ ਏ, ਏਸ ਤੋਂ ਵੱਧ ਨਹੀਂ ਕੁਝ ਹੋ ਸਕਦਾ।... ਯਾਰ ਤੂੰ ਕਦੇ ਵੇਖ ਈ ਜਾਹ ਆਪਣੀ ਭਰਜਾਈ ਜੂਲੀ ਨੂੰ।"

ਇਕ ਦਿਨ ਮੇਰਾ ਵੀ ਦਿਲ ਕਰ ਆਇਆ। ਮੈਂ ਪੀਤਮ ਨੂੰ ਫੋਨ ਕਰ ਕੇ ਫੇਰ ਆਪਣੇ ਮੁੰਡੇ ਦੇ ਦੋਸਤ ਪੁਲਸ ਆਫਸਰ ਦੀ ਕਾਰ 'ਚ ਗੱਲਾਂ ਕਰਦਾ ਪ੍ਰੀਤਮ ਦੇ ਆਸ਼ਰਮ ਪਹੁੰਚ ਗਿਆ। ਉਹਨੇ ਪਹਿਲਾਂ ਈ ਸਭ ਨੂੰ ਦੱਸਿਆ ਹੋਇਆ ਸੀ। ਮੇਰੇ ਰਹਿਣ ਵਾਸਤੇ ਵਧੀਆ ਕਮਰੇ ਦਾ ਪ੍ਰਬੰਧ ਸੀ।... ਦਫਤਰ 'ਚ ਕੰਮ ਕਰਦੀ ਇਕ ਸੋਹਣੀ ਜਨਾਨੀ ਮੈਨੂੰ ਪ੍ਰੀਤਮ ਦੇ ਕਮਰੇ ਤਕ ਲੈ ਗਈ। ਇਕ ਸੇਵਾਦਾਰਨੀ ਚਾਹ ਲੈਣ ਚਲੀ ਗਈ। ਦੂਜੀ ਖਾਕੀ ਵਰਦੀ ਵਾਲੀ ਨੇ ਮੇਰੇ ਲਈ ਵੱਡਾ ਤੇ ਸਾਫ ਸੁਥਰਾ ਕਮਰਾ ਖੋਲ੍ਹ ਦਿੱਤਾ। ਜਿੱਥੇ ਗੀਜ਼ਰ ਵਾਲਾ ਵੱਡਾ ਬਾਥ ਰੂਮ ਸੀ। ਮੇਜ਼ਾਂ ਕੁਰਸੀਆਂ ਸਨ ਤੇ ਟੀ. ਵੀ. ਲੱਗਾ ਹੋਇਆ ਸੀ। .... ਮੇਰੀ ਸੈਨਤ ਦੇ ਜਵਾਬ 'ਚ ਪ੍ਰੀਤਮ ਨੇ ਦੱਸਿਆ ਕਿ ਨਹੀਂ, ਇਹ ਉਹ ਨਹੀਂ। ਉਹਨੇ ਅੱਜ ਠਹਿਰ ਕੇ ਆਓਣਾ ਏ।

ਵਿਹੜੇ 'ਚ ਲੱਗੇ ਸ਼ਾਨਦਾਰ ਫੁੱਲ ਬੂਟਿਆਂ ਵਿਚ ਕਾਰ ਚਾਹ ਪੀਂਦਿਆਂ ਮੈਂ ਵੇਖਿਆ ਕਿ ਦੋਵੇਂ ਪਾਸੀਂ ਵਰਾਂਡਿਆਂ 'ਚ ਆਪਣੇ ਕਮਰਿਆਂ ਅੱਗੇ ਮੰਜੇ ਡਾਹ ਕੇ ਬੁੱਢੇ ਤੇ ਬੁੱਢੀਆਂ ਬੈਠੇ ਸਨ। ਚਾਰੇ ਪਾਸੇ



ਚੁੱਪ ਸੀ। ਇਕ ਖੂੰਜੇ ਵਹਲੇ ਕਮਰੇ ਦੀ ਬੁੱਢੀ ਮੰਜੇ ਜਾਂ ਕੁਰਸੀ ਨੂੰ ਠਾਹ ਮਾਰ ਕੇ ਖੜਾਕ ਕਰ ਦੇਂਦੀ ਸੀ। ਪ੍ਰੀਤਮ ਨੇ ਮੈਨੂੰ ਦੱਸਿਆ ਕਿ ਇਹ ਇਕ ਦਿਨ ਮੇਰੇ ਕਮਰੇ 'ਚ ਦੁੱਧ ਗਰਮ ਕਰਨ ਆ ਗਈ। ਮੈਂਭ ਅੰਦਰੇ ਇਹਦੇ ਹੱਥ ਫੇਰ ਲਿਆ। ਇਹ ਚੁੱਪ ਰਹੀ। ਮੈਂ ਫੇਰ ਚੁੰਮ ਲਈ। ... ਦੁੱਧ ਗਰਮ ਕਰ ਕੇ ਇਹ ਬਾਹਰ ਨਿਕਲ ਕੇ ਗਾਹਲਾਂ ਕੱਢਣ ਲੱਗ ਪਈ ਕਿ ਵੀਹ ਸਾਲ ਦੀ ਮੇਰਾ ਤਪ ਭੰਗ ਕਰ ਦਿੱਤਾ ਏ। ... ਏਸ ਪਾਗਲ ਜਿਹੀ ਦੀ ਗੱਲ ਦਾ ਕੋਈ ਅਤਵਾਰ ਨਹੀਂ ਕਰਦਾ।

ਪ੍ਰੀਤਮ ਦਾ ਕਮਰਾ ਗੰਦਾ ਸੀ। ਬੱਤੀ ਜਗਣ 'ਤੇ ਵੀ ਹਨ੍ਹੇਰਾ ਸੀ। ਚੀਜ਼ਾਂ ਖਿੱਲਰੀਆਂ ਪਈਆਂ ਸਨ। ਮੇਰਾ ਕਿਸੇ ਚੀਜ਼ ਨੂੰ ਹੱਥ ਲਾਓਣ ਨੂੰ ਵੀ ਦਿਲ ਨਹੀਂ ਸੀ ਕਰਦਾ। ਮੈਂ ਕਿਆਸ ਕਰਦਾ ਰਿਹਾ ਕਿ ਉਹ ਤੇ ਜੂਲੀ ਕਿਹੜੇ ਖੂੰਜੇ 'ਚ ਬਹਿ ਕੇ ਉਹ ਸਾਰੇ ਕੰਮ ਕਰਦੇ ਸੀ, ਜਿਹੜੇ ਉਹ ਮੈਨੂੰ ਰੋਜ਼ ਟੈਲੀਫੋਨ 'ਤੇ ਦੱਸਦਾ ਰਹਿੰਦਾ ਸੀ। ਉਹਦੇ ਬਾਥ ਰੂਮ 'ਚ ਜਾ ਕੇ ਬਾਹਰ ਨਿੱਕਲਦਿਆਂ ਈ ਮੈਨੂੰ ਗੰਦਗੀ ਤੇ ਬਦਬੂ ਦਾ ਮੈਂ ਆਪਣਾ ਬੈਗ ਚੁੱਕ ਕੇ ਨਵੇਂ ਕਮਰੇ 'ਚ ਚਲਿਆ ਗਿਆ। ਅਸੀਂ ਸੋਫੇ 'ਤੇ ਬੈਠੇ ਗੱਲਾਂ ਕਰਦੇ ਰਹੇ। ਕੁਝ ਚਿਰ ਬਾਅਦ ਜੂਲੀ ਆ ਗਈ। ਉਹ ਚਾਲੀ ਪੰਜਤਾਲੀ ਸਾਲ ਦੀ ਮੂੰਹ ਮੱਥੇ ਲੱਗਦੀ ਚੰਗੀ ਜਨਾਨੀ ਸੀ। ਉਹਦੇ ਬੋਲਣ ਤੇ ਕੰਮ ਕਰਨ 'ਚ ਸਲੀਕਾ ਸੀ। ਪ੍ਰੀਤਮ ਦੇ ਗੰਦੇ ਕਮਰੇ ਤੇ ਟਾਇਲਟ ਦੇ ਦਿਸਦੇ ਕਮੋਡ ਦੇ ਸਾਹਮਣੇ ਰੱਖੇ ਚੁਲ੍ਹੇ 'ਤੇ ਬਣਾਈ ਜੂਲੀ ਦੀ ਚਾਹ ਚੰਗੀ ਸੀ। ਪਰ ਮੈਨੂੰ ਪੀਂਦੇ ਨੂੰ ਕੁਝ ਗਲਿਆਣ ਜਿਹੀ ਆਓਣ ਲੱਗ ਪਈ। ਇਕ ਤਾਂ ਉਹ ਜਿੱਥੇ ਬਣਾਈ ਗਈ ਸੀ ਤੇ ਦੂਜੇ ਓਸ ਔਰਤ ਨੇ ਬਣਾਈ ਸੀ, ਜਿਹੜੀ ਅੱਤ ਨੀਵੀਂ ਜਾਤ ਦੀ ਸੀ ਤੇ ਦੂਜੇ ਉਹ ਪ੍ਰੀਤਮ 'ਤੇ ਕਹਿਣ 'ਤੇ ਗੰਦੇ ਤੋਂ ਗੰਦਾ ਕੰਮ ਕਰ ਲੈਂਦੀ ਸੀ।

ਦੂਜੇ ਦਿਨ ਮੈਂ ਸਵੇਰੇ ਈ ਜਲੰਧਰ ਵਾਲੀ ਬਸ ਫੜ ਲਈ। .... ਕੁਝ ਦਿਨਾਂ ਬਾਅਦ ਪ੍ਰੀਤਮ ਦਾ ਫੋਨ ਆਇਆ। ਉਹ ਕਾਦੀਆਂ ਤੋਂ ਬੋਲ ਰਿਹਾ ਸੀ। ਉਹ ਪੰਦਰਾਂ ਮਿੰਟਾਂ ਤਕ ਇਹ ਦੱਸਦਾ ਰਿਹਾ ਕਿ ਉਹਨੂੰ ਬੁੱਢਿਆਂ ਨਾਲ ਕਾਮੁਕ ਵਿਹਾਰ ਦੇ ਕਿੰਨੇ ਅਜੀਬ-ਅਜੀਬ ਤਜਰਬੇ ਹੋਏ ਨੇ। ਪਤਾ ਨਹੀਂ ਉਹਦੀਆਂ ਗੱਲਾਂ 'ਚ ਕਿੰਨਾ ਕੁ ਸੱਚ ਤੇ ਕਿੰਨੀ ਕੁ ਕਲਪਨਾ ਸੀ।

ਹੁਣ ਪ੍ਰੀਤਮ ਬਿਰਧ ਆਸ਼ਰਮ 'ਚ ਉੱਕਾ ਕੱਲਾ ਏ। ਉਹਦੀ ਪਤਨੀ ਸ਼ਹਿਰ ਦੇ ਕਿਸੇ ਹਸਪਤਾਲ 'ਚ ਨੌਕਰੀ ਕਰਦੀ ਏ। ਜਿੱਥੇ ਉਹਨੇ ਲਿਖ ਕੇ ਦਿੱਤਾ ਹੋਇਆ ਏ ਕਿ ਉਹ ਦਿੱਲੀ ਦੇ ਦੰਗਿਆਂ ਦੀ ਵਿਧਵਾ ਏ। ਉਹਦਾ ਪਤੀ ਪ੍ਰੀਤਮ ਸਿੰਘ ਦੰਗਈਆਂ ਨੇ ਮਾਰ ਦਿੱਤਾ ਸੀ।... ਪ੍ਰੀਤਮ ਉਦਾਸ ਰਹਿੰਦਾ ਏ। ਕੋਈ ਕੁੱਟਣ ਵਾਲਾ ਪੁੱਤ ਉਹਦੇ ਕੋਲ ਨਹੀਂ। ਜੀਹਤੋਂ ਕੁੱਟ ਖਾ ਕੇ ਉਹ ਉਹਦੇ ਸੁਖਾਂ ਬਾਰੇ ਤੇ ਉਹਦੇ ਵਿਆਹ ਬਾਰੇ ਸੋਚਦਾ ਰਵ੍ਹੇ। ਆਖਰ ਜੀਹਦੇ ਪੁੱਤ ਹੁੰਦਾ ਏ, ਕੁੱਟ ਵੀ ਉਹੀ ਖਾਂਦਾ ਏ।

ਪ੍ਰੀਤਮ ਏਨਾ ਕਮਜ਼ੋਰ ਨਹੀਂ ਕਿ ਹੌਂਸਲਾ ਹਾਰ ਜਾਵੇ। ਉਹ ਬਿਰਧ ਆਸ਼ਰਮ 'ਚ ਪ੍ਰਕਾਸ਼ਕ ਲਈ ਪਰੂਫ ਪੜ੍ਹਦਾ ਤੇ ਅਨੁਵਾਦ ਕਰਦਾ ਏ। ਦਿਲ ਕਰੇ ਤਾਂ ਪਾਈਆ ਮੀਟ ਲਿਆ ਕੇ ਚਾੜ੍ਹਦਾ ਏ। ਫੌਜੀ ਕੈਂਟੀਨ ਤੋਂ ਮੰਗਵਾਈ ਵਿਸਕੀ ਦੇ ਦੋ ਪੈੱਗ ਲਾਉਂਦਾ ਏ। ਤੇ ਜੂਲੀ ਨਾਲ ਕਲਪਨਾ 'ਚ ਕਲੋਲਾਂ ਕਰਦਾ ਸੌਂ ਜਾਂਦਾ ਏ। ਹੁਣ ਮੈਂ ਉਹਦੀ ਇਕ ਹੋਰ ਕਹਾਣੀ ਲਿਖਾਂਗਾ, 'ਇਕ ਹੋਰ ਜਣਾ'।

ਮੇਰੀ ਕਲਪਨਾ 'ਚ ਉਹਦੀ ਜੀਵਨ ਕਹਾਣੀ ਦਾ ਇਕ ਰੋਮਾਂਟਿਕ ਜਿਹਾ ਅੰਤ ਬਣਿਆ ਪਿਆ ਏ। ... ਇਹ ਭਾਵੇਂ ਕਦੇ ਵੀ ਹੋਵੇ ਜਾਂ ਨਾ। ਪਰ ਮੇਰਾ ਮਨ ਕਹਿੰਦਾ ਏ ਕਿ ਇਕ ਦਿਨ ਅਜਿਹਾ ਆਵੇਗਾ ਕਿ ਉਹਦੇ ਓਸ ਪੁਰਾਣੇ ਸ਼ਹਿਰ 'ਚ ਉਹ ਹੋਵੇਗਾ। ਨਾਲ ਉਹਦੀ ਪਤਨੀ ਹੋਵੇਗੀ। ਉਹਦੀ ਧੀ ਤੇ ਪੁੱਤਰ ਵੀ ਪਹੁੰਚ ਜਾਣਗੇ। ... ਸਭ ਕੱਠੇ ਹੋਣਗੇ।

ਰੱਬ ਕਰੇ ਅਜਿਹਾ ਨਾ ਹੋਵੇ। ਇਹ ਉਹਦੇ ਲਈ ਤਾਂ ਪਤਾ ਨਹੀਂ ਕਿਹੋ ਜਿਹਾ ਹੋਵੇ, ਮੇਰੇ ਲਈ ਬਹੁਤ ਭਿਆਨਕ ਦ੍ਰਿਸ਼ ਹੋਵੇਗਾ। o

# ਬੱਨਸ਼ਫਾ ਦਾ ਫੁੱਲ ਜਸਬੀਰ ਭੁੱਲਰ / ਪਰਗਟ ਸਿੰਘ ਸਿੱਧੂ

**ਪਰਗਟ ਸਿੰਘ ਸਿੱਧੂ ਉਹਨਾਂ ਕਹਾਣੀਕਾਰਾਂ ਵਿਚੋਂ ਹੈ ਜੋ ਆਪਣੇ ਸਾਹਿਤਕ ਸਿਰੜ ਤੇ ਲਗਨ ਨਾਲ ਕਮਾਏ ਹੋਏ ਨਾਂ ਦੀ ਲਾਜ ਪਾਲਦਿਆਂ ਸਤਹੀ ਲਿਖਣ ਤੋਂ ਸੰਕੋਚ ਕਰਦੇ ਹਨ ਅਤੇ ਪਾਠਕ ਅੱਗੇ ਜੋ ਵੀ ਪਰੋਸਦੇ ਹਨ, ਉਸ ਵਿਚ ਆਪਣੀ ਸਮਰਥਾ ਅਨੁਸਾਰ ਕੋਈ ਕਸਰ ਨਹੀਂ ਰਹਿਣ ਦਿੱਤੀ ਗਈ ਹੁੰਦੀ।। ਚੰਗੀ ਫਸਲ ਦੀ ਆਸ ਕਰਨ ਤੋਂ ਪਹਿਲਾਂ ਖੇਤ ਦੀ ਮਿੱਟੀ ਨੂੰ ਸ਼ੱਕਰ ਵਰਗੀ ਬਣਾ ਲੈਣ ਵਾਲੇ ਅਤੇ ਬੀ ਪਾਉਣ ਸਮੇਂ ਵਿੰਗ-ਵਲੇਵਿਆਂ ਤੋਂ ਰਹਿਤ ਸਪੱਸ਼ਟ-ਸਿੱਧੇ ਓਰੇ ਕੱਢਣ ਵਾਲੇ ਕਿਸਾਨ ਵਾਂਗ ਪਰਗਟ ਚੰਗੀ ਕਹਾਣੀ ਦੀ ਆਸ ਕਰਨ ਤੋਂ ਪਹਿਲਾਂ ਵਿਸ਼ੇ-ਵਸਤੂ ਦੀ ਮੁਕੰਮਲ ਤਸਵੀਰ ਮਨ ਵਿਚ ਉਲੀਕ ਲੈਂਦਾ ਹੈ ਅਤੇ ਭਾਸ਼ਾ ਸਮੇਤ ਰਚਨਾ ਦੇ ਰੂਪ ਨੂੰ ਆਪਣੀ ਕਲਪਨਾ ਵਿਚ ਸਪੱਸ਼ਟ ਕਰ ਲੈਂਦਾ ਹੈ। ਉਹ ਇਕ ਚੰਗਾ ਲੇਖਕ ਹੀ ਨਹੀਂ ਸੂਝਵਾਨ ਪਾਠਕ ਅਤੇ ਈਰਖਾ ਮੁਕਤ ਸਾਹਿਤ-ਪਾਰਖੂ ਵੀ ਹੈ। ਉਹ ਦੂਜੇ ਲੇਖਕਾਂ ਦੀਆਂ ਰਚਨਾਵਾਂ ਨੂੰ ਪੂਰੀ ਤਰ੍ਹਾਂ ਖੁੱਭ ਕੇ ਪੜ੍ਹਦਾ ਹੈ ਅਤੇ ਨਿਰਪੱਖ ਹੋ ਕੇ ਲੇਖਕ ਨਾਲ ਆਪਣੇ ਕੌੜੇ ਮਿੱਠੇ ਨਿੱਜੀ ਸੰਬੰਧਾਂ ਨੂੰ ਪੂਰੀ ਤਰ੍ਹਾਂ ਲਾਂਭੇ ਛਡਦਿਆਂ ਰਚਨਾ ਦੇ ਗੁਣ ਔਗੁਣ ਪਛਾਣਦਾ ਹੈ। ਤੇ ਫੇਰ ਉਹ ਆਪਣੇ ਕੀਤੇ ਇਸ ਮੁਲਾਂਕਣ ਨੂੰ ਪ੍ਰਕਾਸ਼ਿਤ ਕਰਨ ਵਿਚ ਵੀ ਕੋਈ ਝਿਜਕ ਨਹੀਂ ਦਿਖਾਉਂਦਾ।**

**ਜਦੋਂ ਮੈਂ ਉਹਨੂੰ ਇਕ ਸਾਹਿਤਕ ਮੁਲਾਕਾਤ ਲਈ ਚੁਣਿਆ, ਉਹਦੇ ਇਹ ਸਾਰੇ ਪੱਖ ਮੇਰੇ ਮਨ ਵਿਚ ਸਨ। ਉਹਨੇ ਆਪਣੀ ਕਹਾਣੀ ਕਲਾ ਉਤੇ ਤਾਂ ਭਰਵੀਂ ਝਾਤ ਪੁਆਈ ਹੀ ਸਮਕਾਲੀ ਕਹਾਣੀ ਅਤੇ ਕਹਾਣੀਕਾਰਾਂ ਬਾਰੇ ਵੀ ਬੇਝਿਜਕ ਹੋ ਕੇ ਵਿਚਾਰ ਪ੍ਰਗਟਾਏ। ਉਹ ਸਾਹਿਤਕ ਧੜੇਬੰਦੀਆਂ ਤੋਂ ਦੁਖੀ ਵੀ ਹੈ ਅਤੇ ਨਿਰਾਸ਼ ਵੀ। ਖਾਸ ਕਰਕੇ ਇਸ ਲਈ ਕਿ ਇਸ ਬੀਮਾਰੀ ਦੇ ਸ਼ਿਕਾਰ ਕੇਵਲ ਆਲੋਚਕ ਹੀ ਨਹੀਂ ਲੇਖਕ ਵੀ ਹਨ। ਉਹ ਉਦਾਸ ਹੋ ਜਾਂਦਾ ਕਿ ਸਾਡੇ ਦੂਜੇ ਲੇਖਕਾਂ ਨਾਲੋਂ ਵੱਡੀ ਲਕੀਰ ਖਿੱਚਣ ਦੀ ਥਾਂ ਉਹਨਾਂ ਦੀਆਂ ਲਕੀਰਾਂ ਮੇਚ ਕੇ ਆਪਣੀ ਲਕੀਰ ਨੂੰ ਵੱਡੀ ਦਿਖਾਉਣ ਦੇ ਸੁਚੇਤ ਯਤਨ ਕਰਦੇ ਹਨ। ਉਹ ਇਸ ਗੱਲੋਂ ਵੀ ਉਦਾਸ ਹੋ ਜਾਂਦਾ ਹੈ ਕਿ ਬਹੁਤੇ ਲੇਖਕ ਆਪਣੀ ਰਚਨਾ ਬਾਰੇ ਨਿਰੋਲ ਵਡਿਆਈ ਸੁਣਨ ਦੇ ਹੀ ਚਾਹਵਾਨ ਹਨ ਅਤੇ ਕਿਸੇ ਊਣਤਾਈ ਦਾ ਨਿਰਪੱਖ ਹੋ ਕੇ ਦੱਸੇ ਜਾਣਾ ਵੀ ਬਰਦਾਸ਼ਤ ਨਹੀਂ ਕਰਦੇ। ਕਿਸੇ ਸਮੁੱਚੀ ਵਿਧਾ ਨੂੰ ਕਲਾਵੇ ਵਿਚ ਲੈਣ ਵਾਲੀ ਆਲੋਚਨਾ ਦਾ ਦੌਰ ਸਮਾਪਤ ਹੋਣ ਮਗਰੋਂ ਪੰਜਾਬੀ ਸਾਹਿਤ ਦੇ ਪਿੜ ਵਿਚ ਨੰਗੀ ਹੋ ਕੇ ਨੱਚ ਰਹੀ ਚੁਟਕੀ ਪਾਠਵਾਦੀ ਧੜੇਬੰਦਕ ਆਲੋਚਨਾ ਬਹੁਤੇ ਲੇਖਕਾਂ ਵਾਂਗ ਪਰਗਟ ਨੂੰ ਵੀ ਚੁਭਦੀ ਹੈ। ਮੋਹਰੀ ਕਹਾਉਣ ਵਾਲੇ ਆਲੋਚਕਾਂ ਵਲੋਂ ਛੋਟੀਆਂ ਛੋਟੀਆਂ ਗਰਜ਼ਾਂ ਅਤੇ ਛੋਟੇ ਛੋਟੇ ਲਾਲਚਾਂ ਕਾਰਨ ਕੀਤੀ ਜਾਂਦੀ ਮੂਲੋਂ ਹੀ ਉਲਾਰ ਆਲੋਚਨਾ ਉਹਦੀ ਸਮਝ ਤੋਂ ਬਾਹਰ ਦੀ ਗੱਲ ਹੈ।**

***ਗੁਰਬਚਨ ਸਿੰਘ ਭੁੱਲਰ***

ਕੀ ਤੁਸੀਂ ਪੰਜਾਬੀ ਦੇ ਕਿਸੇ ਅਜਿਹੇ ਲੇਖਕ ਨੂੰ ਜਾਣਦੇ ਹੋ ਜਿਸਦੇ ਸ਼ਬਦਾਂ ਵਿੱਚ ਫੁੱਲ ਖਿੜਦੇ ਹੋਣ ਤੇ ਪੜ੍ਹਨ ਵਾਲਾ ਮਹਿਕ ਨਾਲ ਸਰਸ਼ਾਰ ਹੋ ਜਾਵੇ। ਜਾਂ ਤੁਹਾਡੀ ਯਾਦ ਦੀ ਤਖ਼ਤੀ ਤੇ ਅਜਿਹੇ ਕਿਸੇ ਵਿਅਕਤੀ ਦਾ ਨਾਂ ਹੈ ਜੋ ਬਰੱਸ਼ ਵੀ ਵਰਤਦਾ ਹੈ ਤੇ ਕਲਮ ਵੀ। ਉਹ ਬਰੱਸ਼ ਨਾਲ ਵੀ ਦ੍ਰਿਸ਼ ਬਣਾਉਂਦਾ ਹੈ ਤੇ ਆਪਣੀ ਕਲਮ ਨਾਲ ਵੀ ਦ੍ਰਿਸ਼ ਪੇਂਟ ਕਰਦਾ ਹੈ। ਆਪਣੇ ਦਿਮਾਗ਼ ਤੇ ਬੋਝ ਪਾ ਕੇ ਸੋਚੋ ਕਿ ਉਹ ਕੌਣ ਹੈ ਜੋ 65 ਪੱਤਝੜਾਂ ਨੂੰ ਆਪਣੇ ਪਿੰਡੇ ਤੇ ਝੱਲ ਕੇ ਅੱਜ ਵੀ ਜਵਾਨ ਹੈ ਤੇ ਖ਼ੂਬਸੂਰਤ ਹੈ। ਵਰ੍ਹਿਆਂ ਪਿਛੋਂ ਵਰ੍ਹੇ ਗੁਜ਼ਰ ਜਾਣ ਦੇ ਬਾਵਜੂਦ ਉਹ ਅੱਜ ਵੀ ਸੁੰਦਰ ਹੈ। ਵਕਤ ਉਸ ਨਾਲ ਵਗੈਰ ਕਿਸੇ ਪ੍ਰਕਾਰ ਦੀ ਛੇੜ ਛਾੜ ਦੇ ਉਸਦੇ ਕੋਲ ਦੀ ਚੁਪ-ਚੁਪ ਗੁਜਰਦਾ ਜਾ ਰਿਹਾ ਹੈ। ਜਦ ਉਹ ਬਣ ਠਣ ਕੇ ਆਪਣੀ ਕੋਠੀ 'ਚੋਂ ਬਾਹਰ ਨਿਕਲਦਾ ਹੈ ਸ਼ਾਇਦ ਕਿਸੇ ਖ਼ੂਬਸੂਰਤ ਜਵਾਨ ਔਰਤ ਲਈ ਇਹ ਸੰਭਵ ਨਹੀਂ ਕਿ ਉਸਨੂੰ ਨਜ਼ਰ ਅੰਦਾਜ ਕਰਕੇ, ਵਗੈਰ ਉਸ ਵੱਲ ਤੱਕਿਆਂ ਲੰਘ ਜਾਵੇ। ਉਹਦੀ ਮਿਕਨਾਤੀਸੀ ਸ਼ਖ਼ਸ਼ੀਅਤ ਦਾ ਪ੍ਰਭਾਵ



ਔਰਤਾਂ ਤੇ ਹੀ ਨਹੀਂ ਆਦਮੀਆਂ ਤੇ ਵੀ ਪੈਂਦਾ ਹੈ। ਉਹ ਵੱਡਾ ਲੇਖਕ ਹੀ ਨਹੀਂ ਵੱਡੇ ਜਿਗਰੇ ਵਾਲਾ ਇਨਸਾਨ ਹੈ। ਤੁਸੀਂ ਪੰਜਾਬੀ ਦੇ ਵਧੀਆਂ ਲਿਖਣ ਵਾਲੇ ਗਲਪਕਾਰਾਂ / ਕਵੀਆਂ ਵੱਲ ਨਿਗਾਹ ਮਾਰੋ ਤੇ ਸੋਚੋ, ਉਹ ਕੌਣ ਹੈ ਜਿਸਦੀ ਪਿਆਰੀ ਮੁਸਕਾਨ ਦੀ ਕਾਤਰ ਤੁਹਾਡੇ ਦਿਲ ਅੰਦਰ ਡੂੰਘੀ ਲੰਘ ਜਾਂਦੀ ਹੈ। ਜਦ ਉਹ ਗਲਵਕੜੀ ਪਾ ਕੇ ਮਿਲਦਾ ਹੈ, ਉਸ ਵਿਚ ਅੰਤਾਂ ਦਾ ਨਿੱਘ ਹੁੰਦਾ ਹੈ।

ਇਹ ਅਤਿਕਥਤੀ ਨਹੀਂ, ਜੋ ਅਮੀਰੀ ਪੰਜਾਬੀ ਵਾਰਤਕ ਨੂੰ ਉਸ ਨੇ ਦਿੱਤੀ ਹੈ। ਪੰਜਾਬੀ ਦੇ ਕਿਸੇ ਹੋਰ ਲੇਖਕ ਨੇ ਨਹੀਂ। ਉਹ ਹੀ ਇਕੋ ਇੱਕ ਅਜਿਹਾ ਇਨਸਾਨ ਹੈ, ਜਿਸਨੇ ਆਪਣੇ ਹੱਥਾਂ ਵਿੱਚ ਬੰਦੂਕ ਵੀ ਫੜੀ, ਕਲਮ ਵੀ, ਬਰੱਸ਼ ਵੀ, ਉਸਨੇ ਡਾਕਯੂਮੈਂਟਰੀ ਫਿਲਮਾਂ ਵੀ ਬਣਾਈਆਂ। ਆਰਮੀ ਵਿੱਚ ਉੱਚੇ ਰੁਤਬੇ ਦੇ ਬਾਵਜੂਦ, ਉਹਦੇ ਸੰਵੇਦਨਸ਼ੀਲ ਮਨ ਨੇ ਬਗਾਵਤ ਕੀਤੀ ਤੇ ਉਹ ਪ੍ਰੀਮੈਚਿਉਰ ਰਿਟਾਇਰਮੈਂਟ ਲੈ ਆਇਆ। ਜੇਕਰ ਉਹ ਪੂਰੀ ਨੌਕਰੀ ਕਰਦਾ ਤਾਂ ਉਸਨੇ ਮੇਜਰ ਜਨਰਲ ਜਾਂ ਲੈਫਟੀਨੈਂਟ ਜਨਰਲ ਹੋਣਾ ਸੀ। ਪਰ ਉਸਨੇ ਆਪਣੀ ਕਲਮ ਲਈ ਰੁਤਬੇ ਤੇ ਪੈਸੇ ਨੂੰ ਠੋਕਰ ਮਾਰ ਦਿੱਤੀ। ਕਿਉਂਕਿ ਉਹ ਜਾਣਦਾ ਹੈ ਕਿ ਕਲਮ ਤੋਂ ਵੱਡਾ ਕੋਈ ਅਹੁਦਾ ਨਹੀਂ। ਕੋਈ ਉਚਾ ਰੁਤਬਾ ਜਾਂ ਪੈਸਾ, ਇਨਸਾਨ ਪੂਰਾ ਹੋਣ ਨਾਲ ਹੀ ਖਤਮ ਹੋ ਜਾਂਦਾ ਹੈ। ਪਰ ਇਹ ਕਮਾਲ ਦੀ ਹੀ ਤਾਕਤ ਹੈ ਜਿਹੜੀ ਵਕਤ ਦੀ ਪਿੱਠ ਤੇ ਹਸਤਾਖ਼ਰ ਕਰਦੀ ਹੈ ਤੇ ਸਦੀਆਂ ਗੁਜਰ ਜਾਣ ਬਾਅਦ ਵੀ ਇਹ ਹਸਤਾਖ਼ਰ ਓਵੇਂ ਹੀ ਰਹਿੰਦੇ ਹਨ।

ਹੁਣ ਤੱਕ ਤੁਸੀਂ ਸਮਝ ਗਏ ਹੋਵੋਗੇ, ਇਹ ਲੇਖਕ ਕੌਣ ਹੈ? ਜਿਸ ਬਾਰੇ ਉਪਰੋਕਤ ਸਾਰੀਆਂ ਗੱਲਾਂ ਸੱਚ ਨੇ। ਪਰ ਇਹ ਸਾਰੀਆਂ ਗੱਲਾਂ ਤੁਹਾਨੂੰ ਤਦ ਹੀ ਸੱਚ ਲੱਗਣਗੀਆਂ ਜੇਕਰ ਤੁਸੀਂ ਈਰਖਾ ਮੁਕਤ ਹੋ। ਨਹੀਂ ਤਾਂ ਤੁਸੀਂ ਬੜੀ ਆਸਾਨੀ ਨਾਲ ਇਹ ਦੋਸ਼ ਲਾ ਸਕੋਗੇ ਕਿ ਇਹ ਇਕ ਦੋਸਤ ਦੀ ਬੇਲੋੜੀ ਪ੍ਰਸ਼ੰਸ਼ਾ ਹੈ।

ਕੁੱਝ ਮਿੱਤਰਾਂ ਦਾ ਕਹਿਣਾ ਹੈ ਕਿ ਜਸਬੀਰ ਭੁੱਲਰ ਬਹੁਤ ਰੀਜ਼ਰਵ ਕਿਸਮ ਦਾ ਵਿਅਕਤੀ ਹੈ। ਉਹ ਕਿਸੇ ਨਾਲ ਘੁਲਦਾ ਮਿਲਦਾ ਨਹੀਂ। ਉਹਨੇ ਆਪਣੇ ਦੋਸਤਾਂ ਦਾ ਦਾਇਰਾ ਬਹੁਤ ਸੀਮਿਤ ਬਣਾ ਰੱਖਿਆ ਹੈ।

ਇਕ ਦਿਨ ਹਰਭਜਨ ਹਲਵਾਰਵੀ ਕੋਲ ਲੇਖਕ-ਮਿੱਤਰਾਂ ਦੀਆਂ ਗੱਲਾਂ ਚੱਲ ਰਹੀਆਂ ਸਨ। ਜਦੋਂ ਮੈਂ ਹਲਵਾਰਵੀ ਨੂੰ ਦੱਸਿਆ ਕਿ ਮੈਂ ਜਦ ਵੀ ਚੰਡੀਗੜ੍ਹ ਆਉਂਦਾ ਹਾਂ ਸ਼ਾਮ, ਮੈਂ ਅਤੇ ਜਸਬੀਰ ਭੁੱਲਰ ਇਕੱਠੇ ਗੁਜਾਰਦੇ ਹਾਂ। ਤਾਂ ਹਲਵਾਰਵੀ ਬੜਾ ਹੈਰਾਨ ਹੋਇਆ। ਤੇ ਕਹਿਣ ਲੱਗਿਆ ਉਹ ਤਾਂ ਬਹੁਤ ਰੀਜਰਵ ਕਿਸਮ ਦਾ ਬੰਦਾ ਹੈ। ਤੁਹਾਡੇ ਨਾਲ ਉਸਦੀ ਕਿਵੇਂ ਨਿਭਦੀ ਹੈ। ਮੈਂ ਸੋਚਿਆ 1970 ਤੋਂ ਚਿਠੀ ਰਾਹੀਂ ਸਾਡੀ ਮਿੱਤਰਤਾ ਬਣੀ ਸੀ। ਪਰ ਏਨੇ ਲੰਬੇ ਸਮੇਂ ਤੋਂ ਸਾਡੀ ਮਿੱਤਰਤਾ ਵਿੱਚ ਕਦੀ ਕੋਈ ਮਲਾਲ ਨਹੀਂ ਆਇਆ। ਭਾਵੇਂ ਅਸੀਂ ਕਦੀ ਮਿਲੇ ਨਹੀਂ ਸਾਂ। ਉਸ ਸਮੇਂ ਉਹ ਵੀ ਫੌਜ ਵਿਚ ਸੀ ਤੇ ਮੈਂ ਵੀ। ਬਾਅਦ ਵਿੱਚ ਉਹ ਵੀ ਫ਼ੌਜ਼ ਦੀ ਨੌਕਰੀ ਛੱਡ ਆਇਆ ਤੇ ਮੈਂ ਵੀ। ਫਿਰ ਮੈਂ ਜਦ ਵੀ ਚੰਡੀਗੜ੍ਹ ਆਉਂਦਾ ਮੁਹਾਲੀ ਉਸਨੂੰ ਜ਼ਰੂਰ ਮਿਲਦਾ। ਤੇ ਫਿਰ ਇਤਫਾਕ ਨਾਲ ਮੇਰੀ ਬੇਟੀ ਰਾਣੀ ਮੁਹਾਲੀ ਵਿਆਹੀ ਗਈ। ਮੈਂ ਜਦ ਵੀ ਉਸ ਕੋਲ ਆਉਂਦਾ ਹਾਂ ਤੇ ਸਭ ਤੋਂ ਪਹਿਲਾਂ ਜਸਬੀਰ ਭੁੱਲਰ ਨੂੰ ਫੋਨ ਕਰਦਾ ਹਾਂ। ਅਸੀਂ ਨੌਂ ਦਸ ਵਜੇ ਤੱਕ ਇੱਕਠੇ ਗੱਪ-ਸ਼ੱਪ ਮਾਰਦੇ ਹਾਂ। ਮਿਸਜ ਭੁੱਲਰ ਮੇਰੇ ਪਿੰਡ ਕੋਲ ਦੀ ਹੋਣ ਕਾਰਨ ਮੈਂ ਉਸਨੂੰ "ਭੈਣ" ਕਹਿੰਦਾ ਹਾਂ। ਜਿਹੜੇ ਮਿੱਤਰ ਜਸਬੀਰ ਭੁੱਲਰ ਦੇ ਨੇੜੇ ਹਨ ਉਹ ਜਾਣਦੇ ਹਨ ਕਿ ਮਿਸਜ ਭੁੱਲਰ ਕਿੰਨੇ ਨਿੱਘੇ ਸੁਭਾਅ ਦੇ ਹਨ। ਜਦ ਭੁੱਲਰ ਦਾ ਕੋਈ ਦੋਸਤ ਉਹਨਾਂ ਦੇ ਘਰ ਆ ਜਾਵੇ ਤਾਂ ਗੁੱਡ ਨੂੰ (ਉਸ ਦੇ ਮਾਂ ਬਾਪ ਉਸਨੂੰ ਗੁੱਡ ਕਹਿੰਦੇ ਹਨ) ਚਾਅ ਚੜ੍ਹ ਜਾਂਦਾ ਹੈ। ਆਪਣੇ ਸਾਰੇ ਕੰਮ ਛੱਡ ਕੇ ਉਹ ਸੇਵਾ ਤੇ ਲੱਗ ਜਾਂਦੀ ਹੈ। ਉਸਦੀ ਬੋਲ-ਚਾਲ, ਉਸਦਾ ਸਲੀਕਾ, ਉਸਦੇ ਵਿਵਹਾਰ ਵਿੱਚ ਆਪਣਾਪਣ ਹੈ ਤੇ ਘਰ ਆਏ ਮਹਿਮਾਨ ਬਾਰੇ ਨਿੱਕੀ ਨਿੱਕੀ ਗੱਲ ਦਾ ਜਦੋਂ ਉਹ ਬੇਹੱਦ ਖ਼ਿਆਲ ਰਖਦੀ ਹੈ। ਇਥੋਂ ਤੱਕ ਜੇ ਫੋਨ ਦੀ ਘੰਟੀ ਵੱਜ ਜਾਵੇ ਤੇ ਦੋ ਮਿੰਟ ਲਈ ਫੋਨ ਅਟੈਂਡ ਕਰਨ ਲਈ ਅੰਦਰ ਚਲੀ ਜਾਵੇ ਤਾਂ ਆ ਕੇ ਕਹੇਗੀ ਸੌਰੀ ਵੀਰ ਜੀ, ਮੈਨੂੰ ਅੰਦਰ ਜਾਣਾ ਪਿਆ। ਤਦ ਮੈਨੂੰ ਉਸਤੇ ਬੜਾ ਫਖ਼ਰ ਮਹਿਸੂਸ ਹੁੰਦਾ ਹੈ ਕਿ ਸਾਡੇ ਪਛੜੇ ਇਲਾਕੇ

ਮਾਲਵੇ ਦੀ ਇਹ ਕੁੜੀ (ਮੇਰੇ ਲਈ ਤਾਂ ਉਹ ਕੁੜੀ ਹੀ ਹੈ) ਏਡੀ ਸਿਆਣੀ ਤੇ ਸਲੀਕੇ ਵਾਲੀ ਹੈ। ਕਈ ਵਾਰ ਇੰਜ ਵੀ ਲਗਦਾ ਹੈ ਅਜਿਹੀ ਤਹਿਜੀਬ ਤੇ ਸਲੀਕਾ ਮਾਲਵੇ 'ਚ ਕਿਥੇ ਹੈ? ਉਹ ਤਾਂ ਜਿਵੇਂ ਚੰਡੀਗੜ੍ਹ ਦੀ ਹੀ ਜੰਮਪਲ ਹੋਵੇ। ਫਿਰ ਜਦੋਂ ਉਹ 'ਵੀਰ ਜੀ, ਵੀਰ ਜੀ" ਕਹਿੰਦੀ ਖਾਣ ਪੀਣ ਦੀਆਂ ਚੀਜਾਂ ਵੀ ਲਿਆਉਂਦੀ ਰਹਿੰਦੀ ਹੈ ਤੇ ਗੱਲਾਂ ਵੀ ਕਰੀਂ ਜਾਂਦੀ ਹੈ ਤਦ ਮੈਂ ਸੋਚਦਾ ਹਾਂ ਇਹ ਤਾਂ ਸਾਡੇ ਮਾਲਵੇ ਦੀ ਹੀ ਕੁੜੀ ਹੈ।

ਜਸਬੀਰ ਭੁੱਲਰ ਦੀ ਵਾਰਤਕ ਹੀ ਕਾਵਿਕ ਨਹੀਂ। ਕਦੀ ਕਦੀ ਉਹ ਕਵਿਤਾ ਵੀ ਲਿਖਦਾ ਹੈ। ਉਸਦੀ ਕਵਿਤਾ ਦੀਆਂ ਇਹ ਲਾਈਨਾ,

"ਜੋ ਰਾਹ ਉਸਦੇ ਬੂਹੇ ਤੱਕ ਜਾਂਦਾ ਸੀ
ਹੁਣ ਉਹ ਅਗਾਂਹ ਤੁਰ ਗਿਆ ਹੈ।"

ਮੈਨੂੰ ਬਹੁਤ ਪਿਆਰੀਆਂ ਲਗਦੀਆਂ ਹਨ। ਉਸਨੇ ਚਾਹੇ ਵਿਅਕਤੀ ਚਿੱਤਰ ਲਿਖੇ, "ਟਾਹਣੀਆਂ ਵਾਲੀ ਸ਼ਾਮ" ਚਾਹੇ ਕਵਿਤਾ, "ਤੂੰ ਪਹਿਲਾਂ ਵਾਂਗ ਨਾ ਮਿਲੀਂ।" ਕਹਾਣੀਆਂ ਜਾਂ ਉਪਨਿਆਸ ਸਾਹਿਤ ਦੀ ਜਿਸ ਵਿਧਾ ਨੂੰ ਵੀ ਹੱਥ ਪਾਇਆ। ਉਸ ਦੀ ਕਲਮ ਦੀ ਛੋਹ ਨਾਲ ਉਹੀ ਵਿਧਾ ਇੱਕ ਵੱਖਰਾ ਅੰਦਾਜ ਤੇ ਖ਼ੂਬਸੂਰਤੀ ਲੈ ਕੇ ਆਪਣੀ ਅਲੱਗ ਪਛਾਣ ਬਣਾ ਗਈ। ਤੁਸੀਂ ਕਵਿਤਾ, ਨਾਵਲ, ਵਿਅਕਤੀ ਚਿੱਤਰ, ਜਾਂ ਵਿੱਚ ਵਿੱਚ ਦਿਸਦੇ ਤਾਰੇ' ਜਿਹੀ ਲੇਖ ਲੜੀ ਪੜ੍ਹੋ ਉਸਦੇ ਅੱਖਰ ਅੱਖਰ ਤੇ ਜਸਬੀਰ ਦੇ ਨਾਂ ਦੀ ਮੋਹਰ ਹੈ। ਉਹ ਆਪਣੀ ਕਲਮ ਦੀ ਛੋਹ ਨਾਲ ਸ਼ਬਦਾਂ ਨੂੰ ਖ਼ੂਬਸੂਰਤੀ, ਸਾਇਸਤਗੀ ਤੇ ਸੰਵੇਦਨਤਮਿਕ ਗਹਿਰਾਈ ਬਖ਼ਸਦਾ ਹੈ। ਉਸਦੀ ਕਲਮ 'ਚੋਂ ਨਿਕਲੇ ਸ਼ਬਦ ਆਪਣੀ ਥਾਂ ਨਹੀਂ ਟਿਕਦੇ। ਉਹ ਫੁੱਲਾਂ ਵਾਂਗ ਖਿੜਦੇ ਨੇ ਤੇ ਪੰਛੀਆਂ ਵਾਂਗ ਉਡਾਣ ਭਰਦੇ ਨੇ। ਉਹ ਤੁਹਾਨੂੰ ਸਮੁੰਦਰਾਂ ਪਹਾੜਾਂ, ਨਦੀਆਂ ਮੈਦਾਨਾ ਵਿੱਚ ਲੈ ਜਾਂਦੇ ਨੇ। ਉਹ ਤੁਹਾਨੂੰ ਇਸ ਕਾਇਨਾਤ ਦੀ ਖ਼ੂਬਸੂਰਤੀ ਦਿਖਾਉਂਦੇ ਨੇ ਜੋ ਤੁਹਾਡੀਆਂ ਅੱਖਾਂ ਨੇ ਪਹਿਲਾਂ ਕਦੀ ਨਹੀਂ ਸੀ ਦੇਖੀ। ਉਹ ਤੁਹਾਨੂੰ ਬਰਫਾਂ ਤੇ ਲੈ ਜਾਂਦੇ ਨੇ ਜਿਥੇ ਬੰਦੇ ਲੰਬੇ ਰੱਸੇ ਫੜਕੇ ਤੁਰਦੇ ਨੇ ਤਾਂ ਕਿ ਬਰਫ਼ ਲੱਦੇ ਇਹਨਾਂ ਪਹਾੜਾਂ ਦੀਆਂ ਡੂੰਘੀਆਂ ਖੱਡਾਂ ਵਿੱਚ ਨਾ ਡਿੱਗ ਪੈਣ। ਉਹ ਤੁਹਾਨੂੰ ਵੇਸਵਾਵਾਂ ਕੋਲ ਲੈ ਜਾਂਦੇ ਨੇ, ਜਿਨ੍ਹਾਂ ਦੀ ਜ਼ਿੰਦਗੀ ਪਥਰਾਈ ਹੋਈ ਹੈ। ਜਿਥੇ ਔਰਤਾਂ ਕੇਵਲ ਭੋਗਣ ਵਾਲੇ ਜਿਸਮ ਹਨ। ਜਿਥੇ ਉਹ ਮੋਹ ਦੀ ਇੱਕ ਇੱਕ ਬੂੰਦ ਨੂੰ ਤਰਸਦੀਆਂ ਨੇ। ਉਹਨਾਂ ਦੀ ਨਿੱਕੀ ਜਿਹੀ ਦੁਨੀਆਂ ਇਸ ਸੰਸਾਰ ਨਾਲੋਂ ਕੱਟੀ ਹੋਈ ਹੈ। ਇਸ ਸੰਸਾਰ ਨਾਲ ਜੋੜਨ ਲਈ ਉਹਨਾਂ ਦੀ ਸਮੁੰਦਰ ਵੱਲ ਖੁਲ੍ਹਦੀ ਖਿੜਕੀ ਹੈ। ਇਹ ਸ਼ਬਦ ਤੁਹਾਨੂੰ ਉਹਨਾਂ ਔਰਤਾਂ ਦੀਆਂ ਮੁਸਕਾਨਾਂ ਪਿਛੇ ਛੁਪੇ ਹੰਝੂਆਂ ਤੱਕ ਲੈ ਜਾਂਦੇ ਨੇ। ਇਹ ਸ਼ਬਦ ਤੁਹਾਨੂੰ ਲੈ ਕੇ ਉਡਾਣ ਭਰਦੇ ਨੇ ਤੇ ਜੰਗ -ਏ-ਮੈਦਾਨ ਵੱਲ ਲੈ ਤੁਰਦੇ ਨੇ। ਜਿਥੇ ਸੈਨਿਕਾਂ ਦੇ ਕੱਟੇ ਹੋਏ ਅੰਗ ਬਿਖਰੇ ਪਏ ਹਨ। ਦੂਰ ਤੱਕ ਬਿਖਰੀਆਂ ਲਾਸ਼ਾਂ ਹਨ। ਇਕ ਸੈਨਿਕ ਦੀ ਕੱਟੀ ਹੋਈ ਬਾਂਹ ਹੈ ਤੇ ਉਸ ਉਪਰ ਕੀੜੀਆਂ ਖ਼ੂਨ ਨਾਲ ਲਿਬੜੇ ਹੱਥ ਉਪਰ ਚੜ੍ਹ ਰਹੀਆਂ ਹਨ। ਉਥੇ ਤੜ ਤੜ ਵਰ੍ਹਦੀਆਂ ਗੋਲੀਆਂ ਸੂਬੇਦਾਰ ਦੇ ਜਿਸਮ ਨੂੰ ਦੋਫਾੜ ਕਰ ਦਿੰਦੀਆਂ ਨੇ। ਜਿਥੇ ਚਿੱਠੀਆਂ ਲਈ ਜਾਂਦਾ ਸੈਨਿਕ ਬਰਫ਼ ਤੇ ਤੁਰਦਾ ਦਮ ਤੋੜ ਦਿੰਦਾ ਹੈ ਤੇ ਡਿੱਗ ਕੇ ਮਰ ਜਾਂਦਾ ਹੈ ਤਾਂ ਉਸ ਦੇ ਨਾਲ ਨਾਲ ਤੁਰਦਾ ਕੁੱਤਾ ਰੁਕਦਾ ਹੈ, ਮਰੇ ਹੋਏ ਸੈਨਿਕ ਨੂੰ ਸੁੰਘਦਾ ਹੈ ਤੇ ਫਿਰ ਉਸ ਨੂੰ ਛੱਡਕੇ ਤੁਰ ਜਾਂਦਾ ਹੈ। ਕਿਉਂਕਿ ਬੰਦਿਆਂ ਨਾਲ ਤੇ ਜਾਨਵਰਾਂ ਨਾਲ ਕੇਵਲ ਜ਼ਿੰਦਗੀ ਦੇ ਰਿਸ਼ਤੇ ਹਨ। ਮਰੇ ਹੋਏ ਇਨਸਾਨ ਦਾ ਕਿਸੇ ਨਾਲ ਕੋਈ ਰਿਸ਼ਤਾ ਨਹੀਂ ਹੁੰਦਾ। ਕਿਉਂਕਿ ਜ਼ਿੰਦਗੀ ਨੂੰ ਰਿਸ਼ਤਿਆਂ ਦੀ ਲੋੜ ਹੈ। ਮੁਰਦੇ ਨੂੰ ਕਿਸੇ ਰਿਸ਼ਤੇ ਦੀ ਲੋੜ ਨਹੀਂ। ਜਿਉਂਦੇ ਬੰਦੇ ਨੂੰ ਤਾਂ "ਕੰਧ ਦਾ ਰਿਸ਼ਤਾ' ਵੀ ਮਨਜ਼ੂਰ ਹੈ।

ਜਸਬੀਰ ਭੁੱਲਰ ਆਪਣੇ ਨਵੇਂ ਨਾਵਲ "ਮਹੂਰਤ" ਰਾਹੀਂ ਪਾਠਕ ਨੂੰ ਮਾਇਆ ਨਗਰੀ ਮੁੰਬਈ ਲੈ ਜਾਂਦਾ ਹੈ। ਉਹ ਫਿਲਮੀ ਇੰਡਸਟਰੀ ਦੀ ਉਪਰਲੀ ਚਮਕ ਦਮਕ ਹੇਠਾਂ ਛਿਪੀ ਗੰਦਗੀ, ਕਮੀਨਗੀ ਤੇ ਦਰਿੰਦਗੀ ਪਾਠਕ ਨੂੰ ਦਿਖਾਉਂਦਾ ਹੈ। ਪਰ ਇਸ ਚਿੱਕੜ ਵਿੱਚ ਜਿਥੇ ਕਿਤੇ ਕੰਵਲ ਦਾ ਕੋਈ ਫੁੱਲ



ਖਿੜਿਆ ਹੋਇਆ ਹੈ ਉਹ ਵੀ ਦਿਖਾਉਂਦਾ ਹੈ।

"ਮਹੂਰਤ" ਪੰਜਾਬੀ ਦਾ ਮਹੱਤਵਪੂਰਨ ਨਾਵਲ ਹੈ ਜਿਹੜਾ ਮੁੰਬਈ ਦੇ ਫਿਲਮੀ ਜੀਵਨ ਦੇ ਪ੍ਰਮਾਣਿਕ ਚਿਤਰ ਹੀ ਪੇਸ਼ ਨਹੀਂ ਕਰਦਾ। ਉਸਦੀ ਤੀਖਣ ਦ੍ਰਿਸ਼ਟੀ ਇਹਨਾਂ ਪਾਤਰਾਂ ਦੇ ਕਰੂਰ ਤੇ ਨਰਮ ਕੋਮਲ ਦਿਲ ਦੀਆਂ ਗਹਿਰਾਈਆਂ ਤੱਕ ਜਾਂਦੀ ਹੈ। ਜਸਬੀਰ ਭੁੱਲਰ ਦੀ ਭਾਸ਼ਾ ਸ਼ਿਲਪ, ਕਹਾਣੀ ਕਹਿਣ ਦੀ ਕਲਾ-ਕੌਸ਼ਲਤਾ ਤੇ ਫਿਲਮੀ ਜ਼ਿੰਦਗੀ ਦੀਆਂ ਕਰੂਰ ਸਚਾਈਆਂ ਦੇ ਰੂਬਰੂ ਕਰਨ ਕਾਰਣ ਇਹ ਪੰਜਾਬੀ ਦਾ ਮਹੱਤਵਪੂਰਣ ਉਪਨਿਆਸ ਹੈ। ਇਸ ਦਾ ਮਹੱਤਵ ਇਸ ਲਈ ਵੀ ਹੈ ਕਿ ਇਸ ਤੋਂ ਪਹਿਲਾਂ ਫਿਲਮੀ ਜੀਵਨ ਦਾ ਪ੍ਰਮਾਣਿਕ ਚਿਤਰਣ ਕਿਸੇ ਨੇ ਵੀ ਪੰਜਾਬੀ ਵਿੱਚ ਪ੍ਰਸਤੁਤ ਨਹੀਂ ਕੀਤਾ। ਇਹ ਜਸਬੀਰ ਭੁੱਲਰ ਦੀ ਕਾਲਜੀਵੀ ਰਚਨਾ ਹੈ। ਪੰਜਾਬੀ ਵਿੱਚ ਜਿਸਦਾ ਕਿਧਰੇ ਕਿਸੇ ਨੇ ਜਿਕਰ ਤੱਕ ਨਹੀਂ ਕੀਤਾ। ਇਹ ਉਪਨਿਆਸ ਪੜ੍ਹਨ ਪਿੱਛੋਂ ਸਾਰੇ ਪਾਤਰ ਜਿਉਂਦੇ ਜਾਗਦੇ ਮਨੁੱਖਾਂ ਵਾਂਗ ਤੁਹਾਡੇ ਇਰਦ ਗਿਰਦ ਖੜੇ ਹੋ ਜਾਂਦੇ ਹਨ। ਤੇ ਹਰ ਪਾਤਰ ਆਪਣੀ ਆਪਣੀ ਦਰਦ ਏ ਦਾਸਤਾਂ ਬਿਆਨ ਕਰਦਾ ਹੈ। ਕੀ ਇਹ ਸਾਡੀ ਪੰਜਾਬੀ ਜ਼ੁਬਾਨ ਦੀ ਗਰੀਬੀ ਨਹੀਂ ਕਿ ਇਥੇ ਤਕੜੀ ਤੋਂ ਤਕੜੀ ਰਚਨਾ ਦਾ ਕੋਈ ਨੋਟਿਸ ਤੱਕ ਨਹੀਂ ਲੈਂਦਾ। ਪੰਜਾਬੀ ਵਿੱਚ ਪੰਜ-ਚਾਰ ਨਾਵਲਾਂ ਦਾ ਜਿਕਰ ਏਨੇ ਜੋਰ ਸ਼ੋਰ ਨਾਲ ਹੋ ਰਿਹਾ ਹੈ। ਜਿਸ ਕਾਰਨ ਇੰਜ ਜਾਪਦਾ ਹੈ ਜਿਵੇਂ ਇਹ ਹੀ ਪੰਜਾਬੀ ਦੇ ਸ੍ਰੇਸ਼ਠ ਨਾਵਲ ਹਨ, ਬਾਕੀ ਹੋਰ ਕੁੱਝ ਚੰਗਾ ਨਹੀਂ ਲਿਖਿਆ ਜਾ ਰਿਹਾ। ਸਚਾਈ ਇਹ ਹੈ ਪੁਸਤਕਾਂ ਦੇ ਢੇਰ ਥੱਲੇ ਦੱਬੀ ਚੰਗੀ ਪੁਸਤਕ ਲਭਦੀ ਨਹੀਂ।

ਮੇਰੀ ਜਸਬੀਰ ਭੁੱਲਰ ਨਾਲ ਮਿੱਤਰਤਾ 1970 ਤੋਂ ਹੈ। ਮੈਂ ਏਨੇ ਵਰ੍ਹਿਆਂ ਵਿੱਚ ਉਸ ਬਾਰੇ ਕੁੱਝ ਨਹੀਂ ਲਿਖਿਆ। ਜੇ ਕਦੀ ਆਪਣੇ ਕਾਲਮ 'ਕਮਲ ਦੇ ਨਕਸ਼' ਵਿਚ ਉਸ ਬਾਰੇ ਲਿਖਿਆ ਵੀ ਹੈ ਤਾਂ ਹੋਰਾਂ ਪੰਜਾਬੀ ਕਥਾਕਾਰਾਂ ਵਾਂਗ ਹੀ ਲਿਖਿਆ ਹੈ।

ਪਰ ਹੁਣ ਰੇਡੀਓ ਟੀ. ਵੀ. ਤੇ ਤੁਸੀਂ ਦੇਖਦੇ ਹੋ ਕੁੱਝ ਚਿਹਰੇ ਵਾਰ ਵਾਰ ਆ ਰਹੇ ਹਨ। ਉਹਨਾਂ ਦੇ ਏਦਾਂ ਆਉਣ ਤੇ ਕਿਸੇ ਨੂੰ ਕੋਈ ਇਤਰਾਜ ਨਹੀਂ। ਅਖ਼ਬਾਰਾਂ ਵਿੱਚ ਕੁਝ ਆਲੋਚਕ ਪੁਸਤਕਾਂ ਬਾਰੇ ਵਾਰ ਵਾਰ ਲਿਖ ਰਹੇ ਹਨ ਕਿਸੇ ਨੂੰ ਕੋਈ ਗਿਲਾ ਨਹੀਂ। ਸਾਹਿਤ ਵਿੱਚ ਹਰ ਪਾਸੇ ਉਦਾਸੀਨਤਾ ਦਾ ਆਲਮ ਹੈ। ਪੰਜ ਚਾਰ ਉਪਨਿਆਸਕਾਰਾਂ ਤੇ ਕਹਾਣੀਕਾਰਾਂ ਦਾ ਬਾਰ ਬਾਰ ਜਿਕਰ ਹੋ ਰਿਹਾ ਹੈ। ਅਸੀਂ ਇਸ ਚਰਚਾ ਨੂੰ ਬੰਦ ਨਹੀਂ ਕਰ ਸਕਦੇ ਕਿ ਉਹ ਪ੍ਰਚਾਰ ਝੂਠਾ ਤੇ ਭਰਾਮਿਕ ਹੈ। ਫਿਰ ਇਹ ਵੀ ਕਿਹਾ ਜਾ ਰਿਹਾ ਹੈ। ਪੰਜਾਬੀ ਵਿਚ ਮਿਆਰੀ ਸਾਹਿਤ ਨਹੀਂ ਰਚਿਆ ਜਾ ਰਿਹਾ। ਬਲਦੇਵ ਸਿੰਘ ਸੜਕਨਾਮਾ ਵਰਗੇ ਪ੍ਰਤਿਭਾਸ਼ੀਲ ਲੇਖਕ ਵੀ ਇਸ ਚਰਚਾ ਵੱਲ ਆਕ੍ਰਸ਼ਤ ਹੋ ਰਹੇ ਹਨ ਜਦ ਕਿ ਉਹਨੂੰ ਇਸ ਦੌੜ ਵਿਚ ਸ਼ਾਮਲ ਹੋਣ ਦੀ ਲੋੜ੍ਹ ਨਹੀਂ ਮੈਂ ਮਹਿਸੂਸ ਕਰਦਾ ਹਾਂ ਪੰਜਾਬੀ ਆਲੋਚਨਾ ਉਲਾਰ ਤੇ ਪੱਖਪਾਤੀ ਹੋਣ ਕਾਰਨ ਅਪਣੀ ਤਾਕਤ ਖੋ ਰਹੀ ਹੈ। ਇਕ ਆਲੋਚਕ ਦੀ ਇਸ ਤੋਂ ਵੱਡੀ ਤੌਹੀਨ ਕੀ ਹੋ ਸਕਦੀ ਹੈ ਕਿ ਕੋਈ ਉਸਦੀ ਗੱਲ ਤੇ ਯਕੀਨ ਨਾ ਕਰੇ? ਮੇਰੇ ਵਿਚਾਰ ਅਨੁਸਾਰ ਪੰਜਾਬੀ ਸਾਹਿਤ ਅਲੋਚਨਾ ਦੇ ਗੰਭੀਰ ਸੰਕਟ ਵਿਚੋਂ ਗੁਜਰ ਰਿਹਾ ਹੈ। ਸੰਬਾਦ ਖਤਮ ਹੋ ਰਿਹਾ ਹੈ। ਕੁੱਝ ਇਕ ਆਲੋਚਕ ਆਲੋਚਨਾ ਨਹੀਂ ਕਰ ਰਹੇ, ਫਤਵੇ ਦੇ ਰਹੇ ਹਨ। ਕਿਉਂਕਿ ਆਲੋਚਨਾ ਦਾ ਆਧਾਰ ਤਰਕ ਹੁੰਦਾ ਹੈ। ਤਦ ਹੀ ਮੈਂ ਬਤੌਰ ਪਾਠਕ ਇਹ ਲੇਖ ਲਿਖਣ ਬਾਰੇ ਸੋਚਿਆ ਤੁਸੀਂ ਕਹੋਗੇ ਏਨੇ ਵਰ੍ਹੇ ਚੁਪ ਕਿਉਂ ਰਹੇ ? ਦਰਅਸਲ ਮੈਂ ਚਾਹੁੰਦਾ ਸਾਂ ਮੈਂ ਜਸਬੀਰ ਬਾਰੇ ਨਾਂ ਲਿਖਾਂ ? ਉਹ ਮੇਰਾ ਦੋਸਤ ਹੈ। ਲੋਕ ਕਹਿਣਗੇ ਸਿੱਧੂ ਨੇ ਤਾਂ ਤਾਰੀਫ਼ ਹੀ ਕਰਨੀ ਸੀ ਕਰ ਦਿੱਤੀ।

ਦੂਜਾ ਨਾ ਲਿਖਣ ਦਾ ਕਾਰਨ ਸੀ ਕਿ ਜਸਬੀਰ ਭੁੱਲਰ ਬਿਲਕੁਲ ਹੀ ਇਗਨੋਰ ਲੇਖਕ ਨਹੀਂ। ਸਾਹਿਤ ਵਿੱਚ ਉਸਦਾ ਆਦਰਯੋਗ। ਸਥਾਨ ਹੈ। ਫੇਰ ਮੈਨੂੰ ਯਾਦ ਆਇਆ ਇੱਕ ਵਾਰ ਕਿਸੇ ਨੇ ਹਿੰਦੀ ਦੇ ਪ੍ਰਸਿੱਧ ਆਲੋਚਕ ਡਾ. ਨਾਮਵਰ ਸਿੰਘ ਨੂੰ ਸਵਾਲ ਕੀਤਾ ਕਿ "ਕਿੰਨੇ ਹੀ ਪ੍ਰਸਿੱਧ ਕਥਾਕਾਰਾਂ ਦਾ ਜਿਕਰ ਤੁਸੀਂ ਕੀਤਾ ਪਰ ਕਾਸ਼ੀ ਨਾਥ ਸਿੰਘ ਦਾ ਨਹੀਂ, ਕੀ ਕਾਰਨ ਹੈ ?"

ਡਾ. ਨਾਮਵਰ ਸਿੰਘ ਕਹਿਣ ਲੱਗੇ ਕਿ ਉਹ ਮੇਰਾ ਭਾਈ ਹੈ ਲੋਕਾਂ ਨੇ ਕਹਿਣਾ ਸੀ ਕਾਸ਼ੀ ਨਾਥ ਦੀ

ਤਾਰੀਫ਼ ਉਹ ਆਪਣਾ ਭਾਈ ਹੋਣ ਕਰਕੇ ਕਰ ਰਿਹਾ ਹੈ।

ਪ੍ਰਸ਼ਨ ਕਰਤਾ ਨੇ ਫਿਰ ਸਵਾਲ ਕੀਤਾ, "ਕੀ ਕਾਸ਼ੀ ਨਾਥ ਸਿੰਘ ਦਾ ਜ਼ਿਕਰ ਤੁਹਾਡਾ ਭਰਾ ਹੋਣ ਕਾਰਨ ਨਾ ਕਰਨਾ ਉਸ ਨਾਲ ਜਿਆਦਤੀ ਨਹੀਂ?

ਜਦ ਕਿ ਜਿਨ੍ਹਾਂ ਕਹਾਣੀਕਾਰਾਂ ਦਾ ਜਿਕਰ ਤੁਸੀਂ ਕੀਤਾ ਹੈ ਉਹ ਉਹਨਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਮਹੱਤਵਪੂਰਨ ਨਹੀਂ ? " ਤਾਂ ਡਾ. ਨਾਮਵਰ ਸਿੰਘ ਕੋਈ ਉਤਰ ਨਾਂ ਦੇ ਸਕੇ।

ਜਸਬੀਰ ਭੁੱਲਰ ਕਿਸੇ ਆਲੋਚਕ ਦੇ ਘਰ ਗੇੜੇ ਨਹੀਂ ਕਢਦਾ। ਉਹ ਨਵੀਂ ਛਪੀ ਪੁਸਤਕ ਦੋਸਤਾਂ ਮਿੱਤਰਾਂ ਵਿੱਚ ਵੰਡ ਦਿੰਦਾ ਹੈ ਪਰ ਉਸਨੇ ਕਦੀ ਇਹ ਨਹੀਂ ਕਿਹਾ ਕਿ ਮੇਰੀ ਪੁਸਤਕ ਬਾਰੇ ਲਿਖੋ। ਜਦ ਉਹ ਸਾਹਿਤ ਬਾਰੇ ਚਰਚਾ ਕਰਦਾ ਹੈ ਕਈ ਲੇਖਕਾਂ, ਆਲੋਚਕਾਂ ਨੂੰ ਚੰਗਾ ਨਹੀਂ ਸਮਝਦਾ। ਪਰ ਉਸ ਦੇ ਦਿਲ ਵਿੱਚ ਕਿਸੇ ਪ੍ਰਤੀ ਘਿਰਣਾ ਨਹੀਂ ਉਹ ਤਾਂ ਸਭ ਨੂੰ ਮੋਹ ਕਰਨ ਵਾਲਾ ਸੱਚਾ ਸੁੱਚਾ ਫੌਜੀ ਅਫਸਰ ਹੈ ਜਿਹੜਾ ਕਿਸੇ ਵੀ ਬੰਦੇ ਨੂੰ ਆਪਣੇ ਤੋਂ ਛੋਟਾ ਹੋਣ ਦਾ ਅਹਿਸਾਸ ਨਹੀਂ ਹੋਣ ਦਿੰਦਾ। ਦੋਸਤਾਂ ਲਈ ਉਹ ਮੋਹ ਦਾ ਸ਼ੂਕਦਾ ਦਰਿਆ ਹੈ। ਪਰ ਜਿਹੜੇ ਲੇਖਕ ਤੰਗਦਿਲ ਤੇ ਈਰਖਾਵਾਦੀ ਹਨ ਉਹਨਾਂ ਲਈ ਉਹ ਇੱਕ ਖ਼ਾਮੋਸ਼ ਰੇਗਿਸਤਾਨ ਦੀ ਤਰ੍ਹਾਂ ਹੈ ਜਿਸਦੀ ਹਿੱਕ ਉਪਰੋਂ ਚੀਖਦੀਆਂ ਤੇ ਪੈਰਾਂ ਨਾਲ ਰੇਤ ਉਡਾਉਂਦੀਆਂ ਹਵਾਵਾਂ ਲੰਘ ਜਾਂਦੀਆਂ ਹਨ, ਪਰ ਉਹ ਚੁੱਪ ਤੇ ਅਡੋਲ ਪਿਆ ਰਹਿੰਦਾ ਹੈ।

ਉਹ ਤਾਂ ਪਹਾੜਾਂ ਦੀਆਂ ਡੂੰਘੀਆਂ ਵਾਦੀਆਂ ਵਿਚ, ਆਮ ਲੋਕਾਂ ਦੀਆਂ ਨਜਰਾਂ ਤੋਂ ਦੂਰ ਖਿੜਿਆ ਬਨੱਸ਼ਫੇ ਦਾ ਫੁੱਲ ਹੈ। ਜਿਸ ਤੱਕ ਕੇਵਲ ਉਹੀ ਯਾਤਰੀ ਪੁੱਜਦਾ ਹੈ, ਜਿਸ ਅੰਦਰ ਨਵੀਆਂ ਚੋਟੀਆਂ, ਨਵੀਆਂ ਥਾਵਾਂ ਦੇਖਣ ਦੀ, ਕੁਦਰਤ ਦੇ ਅਦਭੁੱਤ ਦ੍ਰਿਸ਼ ਮਾਨਣ ਦੀ ਚਾਹ ਹੁੰਦੀ ਹੈ। ਜੇ ਤੁਸੀਂ "ਮਹੂਰਤ" ਨਾਵਲ ਪੜ੍ਹੋਗੇ ਤਾਂ ਮੇਰਾ ਇਹ ਲੇਖ ਤੁਹਾਨੂੰ ਫੋਕੀ ਤਾਰੀਫ਼ ਨਹੀਂ ਲੱਗੇਗਾ। ਬਲਕਿ ਤੁਸੀਂ ਵੀ ਜਸਬੀਰ ਭੁੱਲਰ ਦੀ ਕਲਮ ਨੂੰ ਪਿਆਰ ਕਰ ਲੱਗੋਗੇ। ੦


ਕਹਾਣੀ ਧਾਰਾ

***ਦੇ ਪ੍ਰਾਪਤੀ ਸਥਾਨ***

| | |
|---|---|
| ਲੁਧਿਆਣਾ | 1. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ |
| ਪਟਿਆਲਾ | 2. ਮਦਾਨ ਬੁੱਕ ਹਾਊਨ, ਯਨੀਵਰਸਿਟੀ ਕੈਂਪਸ |
| | 3. ਜੇ ਕੇ ਬੁੱਕ ਸੈਂਟਰ, ਬਸ ਸਟੈਂਡ ਤੋਂ ਬਾਹਰ |
| ਚੰਡੀਗੜ੍ਹ | 4. ਪੰਜਾਬ ਬੁੱਕ ਸੈਂਟਰ, ਐਸ. ਸੀ. ਓ. 1126-27, ਸੈਕਟਰ 22-ਬੀ |
| ਬਠਿੰਡਾ | 5. ਵੋਹਰਾ ਨਿਊਜ ਏਜੰਸੀ, ਬਸ ਸਟੈਂਡ |
| ਅੰਮ੍ਰਿਤਸਰ | 6. ਰਵੀ ਸਹਿਤ ਪ੍ਰਕਾਸ਼ਨ, ਗੁਰੂ ਨਾਨਕ ਦੇਵ ਯੂਨੀਵਰਸਿਟੀ |
| ਜਲੰਧਰ | 7. ਕੁਕਨਸ ਪ੍ਰਕਾਸ਼ਨ, ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ |
| | 8. ਸੁੰਦਰ ਬੁੱਕ ਡੀਪੂ, ਮਾਈ ਹੀਰਾਂ ਗੇਟ |
| | 9. ਅਰੁਨ ਬੁੱਕ ਸਟਾਲ, ਬੱਸ ਸਟੈਂਡ |
| | 10. ਪ੍ਰਕਾਸ਼ ਨਾਵਲ ਸਟੋਰ, ਬੱਸ ਸਟੈਂਡ ਦੇ ਬਾਹਰਵਾਰ |




## ਰਫ਼ਤਾਰ/ਜਿੰਦਰ

***ਸਮਕਾਲੀ ਪੰਜਾਬੀ ਕਹਾਣੀ ਵਿਚ ਜਿੰਦਰ ਇਕ ਅਹਿਮ ਅਤੇ ਮਹੱਤਵਪੂਰਨ ਕਹਾਣੀਕਾਰ ਹੈ। ਉਹ ਪਿਛਲੇ 16 ਸਾਲਾ ਤੋਂ ਕਹਾਣੀ ਲਿਖ ਰਿਹਾ ਹੈ। 'ਮੈਂ ਕਹਾਣੀ ਤੇ ਉਹ', 'ਤੁਸੀਂ ਨਹੀਂ ਸਮਝ ਸਕਦੇ', 'ਨਹੀਂ ਮੈਂ ਨਹੀਂ', 'ਬਿਨਾਂ ਵਜ੍ਹਾ ਤਾਂ ਨਹੀਂ' ਉਸ ਦੇ ਕਹਾਣੀ ਸੰਗ੍ਰਹਿ ਹਨ। ਜਿਨ੍ਹਾਂ ਕਹਾਣੀਆਂ ਰਾਹੀ ਉਨ੍ਹਾਂ ਸਮਾਜ ਦੇ ਲੁਕਵੇ ਅਤੇ ਹਾਸ਼ੀਏ ਤੇ ਧਕੇਲ ਦਿੱਤੇ ਗਏ ਵਿਭਿੰਨ ਪਾਸਾਰਾ ਨੂੰ ਆਪਣੀਆਂ ਕਹਾਣੀਆਂ ਵਿਚ ਬੜੀ ਸਮਰੱਥਾਂ ਨਾਲ ਪੇਸ਼ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਆਪਣੇ ਪਰਿਵਾਰ ਦੇ ਵਿਅਕਤੀਆਂ ਤੇ ਲੇਖਕਾਂ ਦੇ ਰੇਖਾ ਚਿੱਤਰ ਵੀ ਪੁਸਤਕ ਰੂਪ ਵਿਚ ਲਿਖੇ। 'ਪ੍ਰੇਮ ਪ੍ਰਕਾਸ਼ ਇਕ ਗੋਰਖ ਧੰਦਾ' ਰੇਖਾ ਚਿੱਤਰਾਂ ਦੀ ਕਿਤਾਬ ਵੀ ਸੰਪਾਦਤ ਕੀਤੀ। ਅੱਜ ਕੱਲ ਉਹ 'ਸ਼ਬਦ' ਮੈਗਜ਼ੀਨ ਦੀ ਵੱਖਰੀ ਦਿੱਖ ਬਣਾਉਣ 'ਚ ਲੱਗਾ ਹੋਇਆ ਹੈ। ਉਸ ਦੀਆਂ ਕਹਾਣੀਆਂ ਨੂੰ ਸਮਝਣ ਲਈ ਆਲੋਚਨਾ ਪੁਸਤਕ 'ਜਿੰਦਰ ਦੀਆਂ ਕਹਾਣੀਆਂ ਔਰਤ, ਸੈਕਸ ਤੇ ਦਲਿਤਵਾਦ' ਵੀ ਪ੍ਰਕਾਸ਼ਤ ਹੋ ਚੁੱਕੀ ਹੈ।***


***ਪਤਾ 984-ਮਾਡਲ ਹਾਊਸ ਜਲੰਧਰ-3***


ਪਾਰਟੀ ਦੇਰ ਰਾਤ ਤੱਕ ਚੱਲੀ ਸੀ। ਪੂਨਮ ਨੇ ਵੀਹ ਕੁ ਨੇੜਲੇ ਦੋਸਤਾਂ ਨੂੰ ਮੋਬਾਇਲ 'ਤੇ ਆਉਣ ਦਾ ਸੱਦਾ ਦਿੱਤਾ ਸੀ। ਆ ਤੀਹ ਗਏ ਸਨ। ਖ਼ੂਬ ਰੰਗ ਜੰਮਿਆ ਸੀ। ਇਸ ਘਰ 'ਚ ਇਹ ਆਪਣੇ ਕਿਸਮ ਦੀ ਪਹਿਲੀ ਪਾਰਟੀ ਸੀ। ਬੱਚਿਆਂ ਦੀ ਖ਼ੁਸ਼ੀ ਦੇਖਣ ਵਾਲੀ ਸੀ। ਜ਼ਿੰਦਗੀ 'ਚ ਪਹਿਲੀ ਵਾਰ ਮੈਨੂੰ ਅਹਿਸਾਸ ਹੋਇਆ ਸੀ ਕਿ ਜਵਾਨੀ ਦਾ ਵੀ ਆਪਣੇ ਹੀ ਤਰ੍ਹਾਂ ਦਾ ਨਸ਼ਾ ਹੁੰਦਾ ਹੈ।

ਕਮਲਕਾਂਤ ਨੇ ਕੰਪਿਊਟਰ ਨਾਲ ਅਟੈਚਡ ਸਪੀਕਰਾਂ ਕੋਲੋਂ ਡੈੱਕ ਦਾ ਕੰਮ ਲਿਆ ਸੀ। ਵਿਦੇਸ਼ੀ ਸੰਗੀਤ ਸੀ। ਵਿਦੇਸ਼ੀ ਨਾਚ ਸੀ। ਕੁਝ ਵੀ ਰਸਮੀ ਨਹੀਂ ਹੋ ਰਿਹਾ ਸੀ। ਕੋਈ ਊਚ-ਨੀਚ ਦੀ ਭਾਵਨਾ ਨਹੀਂ ਸੀ। ਸਾਰੇ ਖ਼ੁਸ਼ ਸਨ। ਹਰਸੂਰਤ ਨੂੰ ਆਸਟਰੇਲੀਆ ਦਾ ਵੀਜ਼ਾ ਮਿਲਣ ਲਈ। ਪੂਨਮ ਦੀ ਪਹਿਲੀ ਨੌਕਰੀ ਲਈ। ਨੱਚਣ ਲਈ ਵੀ ਕਿਸੇ ਨੂੰ ਜ਼ੋਰ ਨਹੀਂ ਪਾਇਆ ਗਿਆ ਸੀ। ਸਭ ਕੁਝ ਇਕ ਰੌਂਅ 'ਚ ਹੋਇਆ ਸੀ। ਐਦਾ ਲੱਗਦਾ ਸੀ ਕਿ ਜਿਵੇਂ ਤੀਹ ਜਣੇ ਮੂਲ ਰੂਪ 'ਚ ਇਕ ਹੀ ਹੋਣ।

ਜਦੋਂ ਮੈਨੂੰ ਬੈੱਡ ਨਸੀਬ ਹੋਇਆ ਉਦੋਂ ਬਾਰਾਂ ਵਜੇ ਤੋਂ ਉੱਪਰ ਸਮਾਂ ਹੋ ਗਿਆ ਸੀ। ਮੈਂ ਬੁਰੀ ਤਰ੍ਹਾਂ ਥੱਕ ਗਈ ਸੀ। ਸੁਦੇਸ਼ ਦੀ ਪੱਕੀ ਆਦਤ ਹੈ ਕਿ ਉਹ ਬੈੱਡ 'ਤੇ ਪਿਆ ਨਹੀਂ ਤੇ ਉਹਨੂੰ ਨੀਂਦ ਨੇ ਘੇਰਿਆ ਨਹੀਂ। ਮੈਂ ਵੀ ਜਲਦੀ ਸੌਣ ਦੀ ਆਦਤ ਪਾ ਰੱਖੀ ਹੈ। ਪਰ ਅੱਜ ਮੈਨੂੰ ਨੀਂਦ ਨਹੀਂ ਆ ਰਹੀ। ਮਨ ਬੇਚੈਨ ਸੀ।

ਫੇਰ ਮੈਨੂੰ ਖਿਝ ਜਿਹੀ ਆਉਣ ਲੱਗੀ ਸੀ। ਇਸ 'ਚ ਗੁੱਸਾ ਵੀ ਸ਼ਾਮਿਲ ਹੋ ਗਿਆ ਸੀ। ਮੈਨੂੰ ਲੱਗਿਆ ਜਿਵੇਂ ਮੈਂ ਨਹੀਂ ਹਾਂ। ਹੁਣ ਮੈਂ ਕੁਝ ਵੀ ਨਹੀਂ ਹਾਂ। ਇਹ ਕਿਹੋ ਜਿਹੀ ਸਥਿਤੀ ਹੈ। ਇਸ ਦਾ ਕਾਰਨ ਮਾਂ ਸੀ? ਮੈਂ ਸਾਂ? ਜਾਂ ਪੂਨਮ? ਜਾਂ ਹਰਸੂਰਤ? ਇਹਦੇ ਬਾਰੇ ਕੀ ਕਹਾਂ? ਮੇਰੇ ਸਾਹਮਣੇ ਮਾਂ ਹੀ ਆ ਗਈ। ਮਨ ਕਾਹਲਾ ਪਿਆ ਇਹ ਕਹਿਣ ਨੂੰ, "ਜਾਹ ਮਾਈ ਜਾਹ, ਆਪਣੇ ਘਰੇ ਜਾਹ।" ਇਹ ਕਹਿਣਾ ਕਿਹੜਾ ਸੌਖਾਲਾ ਸੀ। ਇਨੀਂ ਦਿਨੀਂ ਮਾਂ ਬੇਸਹਾਇ, ਲਾਚਾਰ ਤੇ ਬੇਆਸਰਾ ਸੀ। ਮੈਨੂੰ ਪਤਾ ਸੀ ਕਿ ਜਦੋਂ ਮਾਂ ਨੂੰ ਉਸ ਦੇ ਆਪਣੇ ਲਾਡਲੇ ਨਾ ਸੰਭਾਲਣ, ਉਦੋਂ ਧੀ ਹੀ ਉਸ ਦਾ ਅੰਤਿਮ ਸਹਾਰਾ ਹੁੰਦਾ ਹੈ। ਇਹੀ ਸੋਚ ਮੈਨੂੰ ਚੁੱਪ ਕਰਾ ਜਾਂਦੀ।

ਪੂਨਮ ਦੇ ਦੋਸਤ ਆਉਂਦੇ ਤਾਂ ਸਾਹਮਣੇ ਵਾਲੇ ਕਮਰੇ 'ਚ ਬੈਠੀ ਮਾਂ ਔਖ ਮੰਨਦੀ। ਮੇਰੇ ਲਈ ਇਨ੍ਹਾਂ ਪਲਾਂ 'ਚ ਮੁਸੀਬਤ ਆ ਖੜਦੀ। ਮੈਨੂੰ ਧੁੜਕੂ ਲੱਗਾ ਰਹਿੰਦਾ ਕਿ ਕਿਤੇ ਉਹ ਹਰਸੂਰਤ ਨੂੰ ਵੱਧ-ਘੱਟ ਨਾ ਬੋਲ ਜਾਵੇ। ਉਹ ਮੇਰੇ ਵੱਲ ਕੌੜ ਨਜ਼ਰ ਨਾਲ ਝਾਕਦੀ। ਆਪਣੇ ਬੈੱਡ 'ਤੇ ਬੈਠੀ ਬੁੜਬੁੜ ਕਰਦੀ, "ਹੈ ਕੋਈ ਇਹਨੂੰ ਸੰਗ ਸ਼ਰਮ। ਕਿਦਾਂ ਕੁੱਤੇ ਝੱਗੀ ਪਾਈ ਆ। ਮੀਤੋ ਨੇ ਕੁੜੀ ਸਿਰੇ ਚੜ੍ਹਾ ਰੱਖੀ। ਇਹਨੂੰ ਪਤਾ

ਉਦੋਂ ਲੱਗਣਾ-ਜਦੋਂ ਇਹਨੇ ਕੋਈ ਨਵਾਂ ਚੰਦ ਚੜ੍ਹਾਇਆ। ਐਦਾਂ ਦੀਆਂ ਡਰਾਈਵਰਾਂ ਨਾਲ ਦੌੜ ਜਾਂਦੀਆਂ ਹੁੰਦੀਆਂ....।" ਮੈਂ ਉਸ ਦਾ ਧਿਆਨ ਕਿਸੇ ਹੋਰ ਪਾਸੇ ਲਾਉਣ ਦੀ ਮਨਸਾ ਨਾਲ ਉਹਦੇ ਕਮਰੇ 'ਚ ਜਾਂਦੀ ਤਾਂ ਉਹ ਬੁੱਲ੍ਹ ਘੁੱਟ ਲੈਂਦੀ। ਮੈਂ ਉਹਦੀ ਰਮਜ਼ ਸਮਝ ਲੈਂਦੀ। ਉਹਦੀਆਂ ਨਜ਼ਰਾਂ ਪੁੱਛ ਰਹੀਆਂ ਹੁੰਦੀਆਂ ਕਿ ਨੌਜੁਆਨ ਕੁੜੀ ਮੁੰਡਾ ਇਕੱਲੇ ਕਿਉਂ ਬੈਠਣ ਦਿੱਤੇ। ਇਕ ਛੱਤ ਹੇਠਾਂ ਇਕੱਲੇ ਤਾਂ ਭੈਣ ਭਰਾ ਨਹੀਂ ਬੈਠਣ ਦੇਣੇ ਚਾਹੀਦੇ। ਕੀ ਮੈਂ ਅੰਨੀ ਹੋਈ ਹਾਂ। ਉਹ ਮੈਥੋਂ ਬਹੁਤ ਕੁਝ ਹੋਰ ਵੀ ਪੁੱਛਣਾ ਚਾਹੁੰਦੀ ਸੀ। ਮੇਰੀ ਜਵਾਬ ਤਲਬੀ ਕਰਨਾ ਚਾਹੁੰਦੀ ਸੀ। ਫੇਰ ਪਤਾ ਨਹੀਂ ਕੀ ਸੋਚ ਕੇ ਚੁੱਪ ਰਹਿੰਦੀ।

ਮਾਂ ਨਹੀਂ ਸਮਝਦੀ ਕਿ ਹੁਣ ਉਹਦੇ ਵਾਲੇ ਸਮੇਂ ਨਹੀਂ ਰਹੇ। ਮੇਰੇ ਵਾਲੇ ਸਮੇਂ ਨਹੀਂ ਰਹੇ। ਪੂਨਮ ਨੇ ਉਹੀ ਬਣਨਾ ਹੈ, ਜੋ ਉਹ ਬਣਨਾ ਚਾਹੁੰਦੀ ਹੈ। ਉਹ ਕਿਸੇ ਤਰ੍ਹਾਂ ਦੀ ਵੀ ਜ਼ਬਰਦਸਤੀ ਨੂੰ ਸਹਿਨ ਨਹੀਂ ਕਰਦੀ। ਮਾਂ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਉਹਦੇ ਵਾਲੇ ਸਮੇਂ ਉਹਦੇ ਨਾਲ ਗਏ। ਮੇਰੇ ਵਾਲੇ ਸਮੇਂ ਮੇਰੇ ਨਾਲ ਗਏ। ਪੂਨਮ ਮੇਰਾ ਹੱਥ ਫੜ ਕੇ ਹਰ ਜਗ੍ਹਾ ਨਹੀਂ ਤੁਰ ਸਕਦੀ। ਉਹਨੇ ਜਿੱਥੇ ਵੀ ਜਾਣਾ ਹੈ ਇਕੱਲੀ ਨੇ ਹੀ ਜਾਣਾ ਹੈ। ਉਹ ਜਾਣਦੀ ਹੈ ਕਿ ਜੇ ਉਸ ਆਪਣਾ ਕੈਰੀਅਰ ਬਣਾਉਣਾ ਹੈ ਤਾਂ ਇਸ ਸੰਬੰਧੀ ਫੈਸਲਾ ਆਪ ਹੀ ਕਰਨਾ ਪੈਣਾ ਹੈ। ਮਾਂ ਚਾਹੁੰਦੀ ਸੀ ਕਿ ਪੂਨਮ ਉਹਦੇ ਵਰਗੀ ਬਣੇ। ਉਹਦੀਆਂ ਸਿੱਖਿਆਵਾਂ/ਨਸੀਹਤਾਂ ਨੂੰ ਮੰਨੇ। ਬੰਦਿਸ਼ਾਂ 'ਚ ਰਹੇ। ਪਰ ਪੂਨਮ ਦੀ ਆਪਣੀ ਨਿੱਜੀ ਜ਼ਿੰਦਗੀ ਹੈ। ਉਹ ਕਿਸੇ ਦੂਜੇ/ਤੀਜੇ ਦੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੀ। ਮੈਂ ਆਪ ਮਾਂ ਹਾਂ। ਡਰ ਜਾਂਦੀ ਹਾਂ। ਕਈ ਤਰ੍ਹਾਂ ਦੇ ਸ਼ੰਕੇ ਘੇਰ ਲੈਂਦੇ ਹਨ। ਮੈਂ ਆਪਣਾ ਦੁੱਖ-ਦਰਦ ਕਿਸ ਨਾਲ ਸਾਂਝਾ ਕਰਾਂ। ਸੁਦੇਸ਼ ਨਾਲ? ਉਹ ਬੱਚਿਆਂ ਨੂੰ ਦੋਸਤਾਂ ਵਾਂਗ ਸਮਝਦਾ ਹੈ। ਮੈਨੂੰ ਕਈ ਵਾਰ ਲੱਗਦਾ ਹੈ ਕਿ ਉਹ ਆਪ ਵੀ ਬੱਚਿਆਂ ਤੋਂ ਡਰਨ ਲੱਗਾ ਹੈ। ਉਹ ਉਨ੍ਹਾਂ ਸਾਹਮਣੇ ਆਪਣੇ ਆਪ ਨੂੰ ਬੌਣਾ ਸਮਝਦਾ ਹੈ। ਮੈਂ ਜ਼ਿਆਦਾ ਹੀ ਜ਼ੋਰ ਪਾਵਾਂ ਤਾਂ ਉਹ ਲੰਬਾ ਚੌੜਾ ਭਾਸ਼ਨ ਦੇਣਾ ਸ਼ੁਰੂ ਕਰ ਦਿੰਦਾ। ਮੈਨੂੰ ਉਹਦੀਆਂ ਬਹੁਤੀਆਂ ਗੱਲਾਂ ਵੀ ਸਮਝ ਹੀ ਨਹੀਂ ਲੱਗਦੀਆਂ। ਪਿਛਲੇ ਮਹੀਨੇ ਹੀ ਪੂਨਮ ਕਰਕੇ ਸਾਡੀ ਆਪਸ ਵਿੱਚ ਲੜਾਈ ਹੋ ਗਈ ਸੀ। ਉਸ ਕਾਹਲੀ-ਕਾਹਲੀ 'ਚ ਦੱਸਿਆ ਸੀ, "ਤੂੰ ਸਮਝਦੀ ਕਿਉਂ ਨ੍ਹੀਂ? ਅੱਜ ਸੂਚਨਾਵਾਂ ਦਾ ਐਡਾ ਵੱਡਾ ਢੇਰ ਸਾਡੇ ਸਾਹਮਣੇ ਆ ਕੇ ਸਥਿਤੀਆਂ ਬੇਹੱਦ ਜੱਟਲ ਹੋ ਗਈਆਂ। ਕਈ ਤਰ੍ਹਾਂ ਦੇ ਸੱਚ ਆ। ਅਰਧ ਸੱਚ ਆ। ਇਹ ਸਾਰੇ ਇਕੋ ਵੇਲੇ ਪ੍ਰੋਸੇ ਜਾ ਰਹੇ ਆ। ਅਜਿਹੀ ਸਥਿਤੀ 'ਚ ਨਵੀਂ ਪੀੜ੍ਹੀ ਦੇ ਰਾਹ ਦਾ ਰੋੜਾ ਨ੍ਹੀਂ ਬਣਨਾ ਚਾਹੀਦਾ। ਇੱਥੇ ਬਾਜ਼ਾਰ ਦਾ ਦਬਾਉ ਆ। ਹਾਲਾਤਾਂ ਦਾ ਦਬਾਉ ਆ। ਸੂਚਨਾਵਾਂ ਦਾ ਦਬਾਉ ਆ। ਅਜਿਹੀ ਸਥਿਤੀ ਚਿੰਤਾਜਨਕ ਆ। ਬੱਚਿਆਂ ਦਾ ਵੱਡਾ ਸਪਨਾ ਰੋਜ਼ੀ-ਰੋਟੀ ਦਾ ਆ।....ਬੰਦਿਸ਼ਾਂ 'ਚ ਇਨ੍ਹਾਂ ਦਾ ਵਿਕਾਸ ਨਹੀਂ ਹੋਣਾ। ਯੂ ਨੋ-ਚੇਂਜ਼ ਇਜ ਦਾ ਲਾ ਆਫ਼ ਨੇਚਰ।...." ਮੈਨੂੰ ਘਰ 'ਚ ਬੈਠੀ ਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ! ਮੈਂ ਆਪਣੇ ਫਿਕਰ ਸੁਦੇਸ਼ ਦੇ ਕੁਲੀਗ ਰਮਨ ਦੀ ਮਿਸਿਜ਼ ਕਮਲੇਸ਼ ਨਾਲ ਸਾਂਝੇ ਕੀਤੇ ਸਨ। ਉਸ ਨੇ ਮੈਨੂੰ ਸਮਝਾਇਆ ਸੀ, "ਬੱਚਿਆਂ ਨੂੰ ਬਹੁਤਾ ਰੋਕਣਾ, ਟੋਕਣਾ ਨ੍ਹੀਂ ਚਾਹੀਦਾ। ਉਨ੍ਹਾਂ ਨੂੰ ਸਮਝਣਾ ਚਾਹੀਦਾ। ਉਹ ਵੀ ਪਿਆਰ ਨਾਲ। ਸਖਤੀ ਨਾਲ ਉਹ ਬਾਗੀ ਹੋ ਜਾਣਗੇ। ਇਕ ਵਾਰੀ ਬਾਗੀ ਹੋ ਗਏ ਤਾਂ ਮੁੜ ਉਨ੍ਹਾਂ ਨੂੰ ਲੀਹ ਤੇ ਲਿਆਉਣਾ ਔਖਾ ਕੰਮ ਆ। ਮੇਰੇ ਖਿਆਲ ਵਿੱਚ ਸਾਡੇ ਬੱਚੇ ਸਾਡੇ ਨਾਲੋਂ ਜ਼ਿਆਦਾ ਸਿਆਣੇ ਆ।"

ਮਾਂ ਦੀਆਂ ਕਈਆਂ ਗੱਲਾਂ ਠੀਕ ਵੀ ਸਨ। ਬੱਚਿਆਂ ਨੂੰ ਸਮੇਂ ਸਿਰ ਸੌਣਾ ਚਾਹੀਦਾ। ਸਮੇਂ ਸਿਰ ਉੱਠਣਾ ਚਾਹੀਦਾ ਬਹੁਤਾ ਚਿਰ ਘਰੋਂ ਬਾਹਰ ਨਹੀਂ ਰਹਿਣਾ ਚਾਹੀਦਾ। ਕੋਈ ਕਿਸੇ ਦੀ ਇੱਜ਼ਤ ਦਾ ਸਾਂਝੀਦਾਰ ਨਹੀਂ ਹੁੰਦਾ। ਖਾਸ ਕਰਕੇ ਕੁੜੀਆਂ ਦਾ ਇਸੇ ਲਈ ਮੈਂ ਗੱਲਾਂ-ਗੱਲਾਂ 'ਚ ਪੂਨਮ ਨੂੰ ਘੂਰਿਆ ਸੀ ਕਿ ਉਸ ਦਾ ਘਰੋਂ ਇੰਨੇ ਦੇਰ ਤੱਕ ਬਾਹਰ ਰਹਿਣਾ ਠੀਕ ਨਹੀਂ ਤਾਂ ਉਸ ਜਿਵੇਂ ਕੋਈ ਵੱਡਾ ਛੋਟੇ ਨੂੰ ਸਮਝਾਉਂਦਾ ਹੈ, ਉਸੇ ਰੋਅ 'ਚ ਲੈਕਚਰ ਦਿੱਤਾ ਸੀ, "ਮੰਮੀ ਤੁਸੀਂ ਚੰਗੇ ਭਲੇ, ਸਿਆਣੇ ਬਿਆਣੇ ਐਨੇ ਬੈਕਵਰਡ ਕਿਉਂ ਹੋ ਜਾਂਦੇ ਹੋ। ਤੁਹਾਡੇ 'ਚੋਂ ਨਾਨੀ ਜੀ ਬੋਲਣ ਲੱਗ ਜਾਂਦੇ। ਮੈਂ ਤੁਹਾਨੂੰ ਕਿੰਨੀ ਵਾਰ ਦੱਸਿਆ ਕਿ ਇਹ ਕੰਪਿਊਟਰ ਤੇ ਮਾਰਕੀਟਿੰਗ ਦਾ ਯੁੱਗ ਆ। ਇਹਨੂੰ ਨਰਡਸ ਵੀ ਕਹਿੰਦੇ ਆ। ਹੁਣ ਮੈਨੂੰ ਦੱਸਣਾ ਪਊ ਕਿ ਨਰਡਸ ਕੀ ਹੁੰਦਾ। ਪਹਿਲਾਂ ਤੁਹਾਨੂੰ ਟਰੇਂਡ ਕਰ ਲਾਂ। ਠਹਿਰ ਕੇ ਦੱਸਾਂਗੀ।



ਪੂਨਮ ਨੇ ਕੰਪਿਊਟਰ ਮੇਨਟੇਨਸ 'ਚ ਬੀ. ਐਸਸੀ. ਕੀਤੀ ਹੈ। ਉਹ ਦੌੜੀ ਫਿਰਦੀ ਹੈ। ਪਤਾ ਨਹੀਂ ਲੱਗਦਾ ਉਹ ਕਿਹਨੂੰ-ਕਿਹਨੂੰ ਫੋਨ ਕਰਦੀ ਹੈ। ਕਿਹਨੂੰ-ਕਿਹਨੂੰ ਮਿਲਦੀ ਹੈ। ਕੰਪਿਊਟਰ 'ਤੇ ਇੰਟਰਨੈਟ ਦੀਆਂ ਫਾਇਲਾਂ ਪੜ੍ਹਦੀ/ਵਾਚਦੀ ਹੈ। ਛੋਟੀ-ਮੋਟੀ ਜੌਬ ਉਹਦੇ ਨੱਕ ਹੇਠ ਨਹੀਂ ਆਉਂਦੀ। ਇੱਕ ਦਿਨ ਉਸ ਦੱਸਿਆ ਸੀ ਕਿ ਉਹਨੂੰ ਪੰਦਰਾਂ ਹਜ਼ਾਰ ਰੁ. ਮਹੀਨਾ ਦੀ ਔਫਰ ਆਈ ਸੀ। ਉਹਨੇ ਨਾਂਹ ਕਰ ਦਿੱਤੀ ਸੀ। ਉਹਦਾ ਖਿਆਲ ਸੀ ਕਿ ਸ਼ੁਰੂਆਤ ਚੰਗੀ ਹੋਣੀ ਚਾਹੀਦੀ ਹੈ। ਉਹਨੂੰ ਸੈੱਟ ਹੋਣ ਦੀ ਕਾਹਲ ਹੈ ਪਰ ਉੱਨੀ ਵੀ ਨਹੀਂ ਜਿੰਨੀ ਕਿ ਮੈਂ ਸੋਚ ਰਹੀ ਹਾਂ। ਉਹਨੇ ਇਕ ਹੋਰ ਡਿਪਲੋਮਾ ਸ਼ੁਰੂ ਕਰ ਦਿੱਤਾ ਸੀ। ਮੈਂ ਪੁੱਛਿਆ ਤਾਂ ਉਸ ਦੱਸਿਆ ਸੀ, "ਸਿਸਕੋ ਸਰਟੀਫਾਇਡ ਅਸੋਸੀਏਟ ਦਾ ਡਿਪਲੋਮਾ ਕਰ ਰਹੀ ਹਾਂ। ਇੰਡਸਟਰੀ ਵਿੱਚ ਜਾਣ ਬਾਰੇ ਮਨ ਬਣਾਇਆ।" ਮੈਨੂੰ ਉਹਦੀ ਪੜ੍ਹਾਈ ਬਾਰੇ ਕੁਝ ਪੱਲੇ ਨਹੀਂ ਪੈਂਦਾ। ਮੈਂ ਬੀ. ਏ. ਸੈਕਿੰਡ ਯੀਅਰ ਪਾਸ ਉਸ ਅੱਗੇ ਅਨਪੜ੍ਹ ਹਾਂ। ਮੈਂ ਤਾਂ ਬਿਟਰ-ਬਿਟਰ ਉਹਦੇ ਮੂੰਹ ਵੱਲ ਦੇਖਦੀ ਹਾਂ। ਉਹ ਆਪਣੀ ਪੜ੍ਹਾਈ ਬਾਰੇ ਆਪਣੇ ਡੈਡੀ ਨਾਲ ਹੀ ਸਲਾਹੀਂ ਪੈਂਦੀ ਹੈ। ਮੈਨੂੰ ਤਾਂ ਜਿਵੇਂ ਉਸ ਅਨਪੜ੍ਹ-ਗੰਵਾਰ ਸਮਝ ਰੱਖਿਆ ਹੈ। ਉਹਦੇ ਡੈਡੀ ਉਹਨੂੰ ਕਦੇ ਨਹੀਂ ਰੋਕਦੇ/ਟੋਕਦੇ। ਉਹ ਦੇ ਨਿੱਤ ਦੇ ਫੈਸ਼ਨ-ਉਹਦੇ ਖਰਚਿਆਂ ਬਾਰੇ ਉਨ੍ਹਾਂ ਨੂੰ ਹੀ ਪਤਾ ਹੁੰਦਾ ਹੈ। ਉਹ ਟੌਪ, ਐਡੀਡਾਸ ਦੀ ਜੀਨ ਤੇ ਰੀਬੌਕ ਦੇ ਬੂਟਾਂ ਤੋਂ ਹੇਠਾਂ ਗੱਲ ਨਹੀਂ ਕਰਦੀ। ਮੈਂ ਨੱਕ ਬੁੱਲ੍ਹ ਚੜ੍ਹਾਵਾਂ ਤਾਂ ਉਹ ਵਿਸ਼ਵਾਸ ਨਾਲ ਕਹਿ ਦਿੰਦੀ, "ਸੋਸਾਇਟੀ ਵਿੱਚ ਸਟੇਟਸ ਰੱਖਣਾ ਪੈਂਦਾ।"

ਮਾਂ ਨੂੰ ਕੀ ਦੱਸਾਂ! ਪਹਿਲਾਂ ਕੁੜੀਆਂ ਨੂੰ ਪੜ੍ਹਾਇਆ ਜਾਂਦਾ ਸੀ ਤਾਂ ਕਿ ਉਨ੍ਹਾਂ ਨੂੰ ਚੰਗਾ ਜਿਹਾ ਮੁੰਡਾ ਮਿਲ ਜਾਵੇ। ਹੁਣ ਉਨ੍ਹਾਂ ਨੂੰ ਆਤਮ ਨਿਰਭਰ ਬਣਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਪੂਨਮ ਦੀ ਦੁਨੀਆਂ ਮੇਰੇ ਲਈ ਅਨੋਖੀ ਹੈ। ਉਹ ਤੇ ਉਹਦੀ ਮਿੱਤਰ ਮੰਡਲੀ ਕੰਪਿਊਟਰ ਅੱਗੇ ਬੈਠ ਜਾਂਦੀ। ਉਹ ਇੰਟਰਨੈੱਟ ਦੀਆਂ ਵੱਖ-ਵੱਖ ਫਾਇਲਾਂ ਖੋਲ੍ਹਦੇ। ਬਹਿਸਦੇ। ਵੱਖ-ਵੱਖ ਵੈਬ ਸਾਈਟਾਂ ਦੇਖਦੇ। ਮਹੀਨਾ ਕੁ ਪਹਿਲਾ ਹਰਸੂਰਤ ਦੱਸ ਰਿਹਾ ਸੀ, "ਮਿਲਵੌਰਨ ਵਿੱਚ ਆਰ. ਐਮ. ਆਈ. ਯੂਨੀਵਰਸਿਟੀ ਵਿੱਚ ਐਮ. ਆਈ. ਟੀ. ਦੀ ਡਿਗਰੀ ਲਈ ਐਡਵਰਟਾਈਜ਼ਮੈਂਟ ਨਿਕਲੀ। ਮੈਂ ਅਪਲਾਈ ਕਰ ਰਿਹਾ। ਪੂਨਮ ਤੂੰ ਵੀ ਅਪਲਾਈ ਕਰ ਦੇ ।"

"ਉਨ੍ਹਾਂ ਦੀਆਂ ਕੀ ਕੰਡੀਸ਼ਨ ਨੇ?" ਪੂਨਮ ਤੋਂ ਪਹਿਲਾਂ ਜਸਪ੍ਰੀਤ ਨੇ ਪੁੱਛਿਆ ਸੀ।

"ਬੀ. ਐਸਸੀ. ਕੰਪਿਊਟਰ। ਇਹ ਡਿਪਲੋਮਾ ਕਰਨ ਨਾਲ ਆਸਟਰੇਲੀਆ ਵਿੱਚ ਸੈੱਟ ਵੀ ਹੋਇਆ ਜਾ ਸਕਦਾ ਤੇ ਇਧਰ ਵੀ ਨੈੱਟਵਰਕ ਤੇ ਅਸਾਨੀ ਨਾਲ ਜੌਬ ਮਿਲ ਸਕਦੀ।"

"ਖਰਚਾ?"

"ਗਿਆਰਾਂ ਲੱਖ ਅਡਮੀਸ਼ਨ ਫੀਸ ਆ। ਨਾਲ ਹੀ ਉਹ ਚਾਰ ਘੰਟੇ ਦਾ ਵਰਕ ਪਰਮੈਂਟ ਕਾਰਡ ਇਸ਼ੂ ਕਰਨਗੇ। ਤੁਸੀਂ ਆਪਣੇ ਖਰਚੇ ਜੋਗਾ ਕਮਾ ਸਕਦੇ ਹੋ।"

"ਓ. ਕੇ. ਆਈ ਮਸਟ ਜੋਆਇਨ ਇਟ।" ਜਸਪ੍ਰੀਤ ਨੇ ਇਕਦਮ ਹਾਂ ਕਰ ਦਿੱਤੀ ਸੀ। ਪੂਨਮ ਚੁੱਪ ਕਰ ਗਈ ਸੀ। ਉਹ ਕੁਝ ਚਿਰ ਲਈ ਅੱਪਸੈਟ ਹੋਈ ਸੀ। ਇਹ ਉਹਦੀ ਆਦਤ ਹੈ। ਘਰ ਦੀ ਸਥਿਤੀ ਨੂੰ ਦੇਖ/ਜਾਣ ਕੇ ਕੁਝ ਹੀ ਪਲਾਂ 'ਚ ਉਹ ਪਹਿਲਾਂ ਵਰਗੀ ਹੋ ਗਈ ਸੀ। ਉਹਨੂੰ ਆਪਣੀ ਸੀਮਾ ਦਾ ਪਤਾ ਹੈ। ਇਹੀ ਉਸ ਦਾ ਅਹਿਮ ਗੁਣ ਹੈ। ਪੂਨਮ ਨੇ ਮੈਨੂੰ ਕੌਫੀ ਪੀਣ ਲਈ ਆਵਾਜ਼ ਦਿੱਤੀ ਸੀ। ਪਤਾ ਨਹੀਂ ਕਿਹੜੀ ਗੱਲ ਸੀ ਕਿ ਉਹ ਸਾਰੇ ਤਾੜੀਆਂ ਮਾਰ ਕੇ ਹੱਸੇ ਸਨ। ਬਹੁਤ ਹੀ ਜ਼ਿਆਦਾ ਖ਼ੁਸ਼ੀ ਦੇ ਮੂਡ 'ਚ ਸਨ। ਮੈਂ ਅੱਧੇ ਮਨ ਨਾਲ ਉਨ੍ਹਾਂ ਦੀ ਖ਼ੁਸ਼ੀ 'ਚ ਸ਼ਾਮਿਲ ਹੋਈ ਸਾਂ। ਅੱਧਾ ਮਨ ਚਿੰਤਾਵਾਂ ਨਾਲ ਭਰਿਆ ਪਿਆ ਸੀ। ਅਕਸਰ ਮੇਰੀ ਇਹੀ ਅਵਸਥਾ ਰਹਿੰਦੀ ਹੈ। ਇਸ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਾਂ ਤਾਂ ਮੇਰੇ 'ਚ ਮੇਰੀ ਮਾਂ ਧੱਕੇ ਨਾਲ ਆ ਵੜਦੀ ਹੈ। ਮੈਨੂੰ ਕਈ ਡਰ ਘੇਰ ਲੈਂਦੇ ਹਨ। ਮੇਰੀਆਂ ਪਰੇਸ਼ਾਨੀਆਂ ਵੱਧ ਜਾਂਦੀਆਂ ਹਨ। ਅੰਦਰ ਹੀ ਅੰਦਰ ਸ਼ਬਦ ਉਭਰਦੇ ਹਨ, "ਮਾਵਾਂ ਨੂੰ ਬੱਚਿਆਂ ਦੇ ਫਿਕਰ ਮਾਰ ਲੈਂਦੇ ਆ। ਮੈਂ ਕਦੇ ਆਪਣੀਆਂ ਜ਼ਰੂਰਤਾਂ ਬਾਰੇ ਨ੍ਹੀਂ ਸੋਚਿਆ। ਆਪਣੀ ਜ਼ਿੰਦਗੀ ਨ੍ਹੀਂ ਜਿਉਂਈ।" ਮੈਂ ਰਸੋਈ 'ਚ ਜਾ ਖੜੋਈ ਸੀ। ਉਦੋਂ ਹੀ ਮਾਂ ਦੇ ਕਮਰੇ 'ਚੋਂ ਕੁਝ ਡਿਗਣ ਦੀ ਆਵਾਜ਼ ਆਈ ਸੀ। ਉਹਨੇ ਕੌਲੀ ਜਾਂ ਗਿਲਾਸ

ਜਾਣ-ਬੁੱਝ ਕੇ ਸੁੱਟਿਆ ਸੀ। ਐਸ ਵੇਲੇ ਉਹ ਢਾਹਡੀ ਔਖੀ ਸੀ। ਜੇ ਉਹਦਾ ਆਪਣਾ ਘਰ ਹੁੰਦਾ ਤਾਂ ਉਹਨੇ ਹੁਕਮ ਸੁਣਾ ਦੇਣਾ ਸੀ, "ਕਿਦਾਂ ਹਿੜ-ਹਿੜ ਲਾਈ ਆ। ਦਫਾ ਹੋ ਜਾਓ। ਖ਼ਬਰਦਾਰ ਜੇ ਤੁਹਾਡੇ 'ਚੋਂ ਕੋਈ ਵੀ ਜਣਾ ਮੁੜ ਕੇ ਘਰੇ ਆਇਆ। ਇਹ ਘਰ ਆ। ਕੋਈ ਰੇਲਵੇ ਸਟੇਸ਼ਨ ਨ੍ਹੀਂ।" ਇਥੇ ਉਸਦੀ ਕੋਈ ਪੇਸ਼ ਨਹੀਂ ਜਾਂਦੀ ਸੀ। ਪਰ ਉਹ ਵੀ ਆਪਣੀ ਆਦਤ ਤੋਂ ਮਜ਼ਬੂਰ ਸੀ। ਗੱਲਾਂ-ਗੱਲਾਂ 'ਚ ਉਹ ਪੂਨਮ ਨੂੰ ਕਈ ਕੁਝ ਕਹਿ ਵੀ ਚੁੱਕੀ ਸੀ ਪਰ ਪੂਨਮ ਨੇ ਇਕ ਕੰਨੋ ਸੁਣਿਆ ਤੇ ਦੂਜੇ ਕੰਨੋ ਕੱਢ ਦਿੱਤਾ-ਵਾਲੀ ਪਾਲਿਸੀ ਬਣਾ ਰੱਖੀ ਸੀ। ਉਹ ਕਹਿੰਦੀ ਸੀ ਕਿ ਉਸ ਕੋਲ ਆਊਟ-ਡੇਟਿਡ ਸਮਝੌਤਿਆਂ ਸੁਣਨ ਦਾ ਸਮਾਂ ਨਹੀਂ ਹੈ। ਨਾ ਹੀ ਉਹ ਆਪਣਾ ਧਿਆਨ ਇਸ ਪਾਸੇ ਲਾਉਣਾ ਚਾਹੁੰਦੀ ਹੈ। ਉਸ ਲਈ ਕਰਨ ਵਾਲਾ ਬਹੁਤ ਕੁਝ ਹੈ। ਉਹ ਹਰ ਗੱਲ ਬਾਰੇ ਕਲੀਅਰ ਹੈ। ਉਸ ਕੋਲ ਵਿਚ-ਵਿਚਾਲੇ ਵਾਲਾ ਕੋਈ ਰਸਤਾ ਨਹੀਂ ਹੈ। ਘਰ 'ਚ ਉਸ ਦੀ ਸੁਰ ਕਮਲਕਾਂਤ ਨਾਲ ਮਿਲਦੀ ਹੈ। ਉਹਨੂੰ ਉਹਦੇ ਸਬਜੈਕਟ ਨਾਲ ਸੰਬੰਧਤ ਪੁੱਛਦੀ ਹੈ। ਉਹਦੀ ਚੋਣ ਜਾਣਦੀ ਹੈ। ਉਹ ਨੂੰ ਸਮਝਾਉਂਦੀ ਹੈ ਕਿ ਅੱਜ ਕਲ੍ਹ ਮਾਰਕੀਟ 'ਚ ਕਿਹੜੇ ਵਿਸ਼ਿਆਂ ਦੀ ਮੰਗ ਹੈ। ਬੀ.ਏ., ਬੀ. ਐਸ. ਸੀ. ਤੇ ਬੀ. ਕਾੱਮ ਦਾ ਕੋਈ ਫਾਇਦਾ ਨਹੀਂ ਰਿਹਾ। ਇਨ੍ਹਾਂ ਤੋਂ ਫਾਸਟ ਰਿਜਲਟ ਨਹੀਂ ਮਿਲ ਰਹੇ। ਫਾਸਟ-ਫੂਡ, ਫਾਸਟ-ਐਜੂਕੇਸ਼ਨ, ਫਾਸਟ ਰਿਜਲਟ। ਕਮਲਕਾਂਤ ਵੀ 'ਦੀਦੀ ਦੀਦੀ' ਕਰਦਾ ਰਹਿੰਦਾ ਹੈ।

ਮਾਂ ਲਈ ਹੁਣ ਇਸ ਘਰ 'ਚ ਕੋਈ ਥਾਂ ਨਹੀਂ ਹੈ। ਜੇ ਉਹਨੇ ਇੱਥੇ ਰਹਿਣਾ ਹੈ ਤਾਂ ਉਹ ਚੁੱਪ-ਚਾਪ ਆਪਣੀ ਸੇਵਾ ਕਰਵਾਈ ਜਾਵੇ। ਉਸ ਦੇ ਕੋਲ ਟੋਕਾ ਟਾਕੀ ਨਹੀਂ ਚੱਲਣੀ। ਉਹਨੂੰ ਹਰਸੂਰਤ ਦੀ ਸਤਿ ਸ੍ਰੀਅਕਾਲ ਨੂੰ ਖਿੜੇ ਮੱਥੇ ਸਵੀਕਾਰਨਾ ਪੈਣਾ ਹੈ। ਫੇਰ ਉਹ ਕਿਹੜਾ ਮਾੜੇ ਧੀੜੇ ਘਰ ਦਾ ਹੈ। ਉਹਨਾਂ ਦਾ ਵੈਲ ਇਸਟੇਬਲਸਡ ਪਰਿਵਾਰ ਹੈ। ਉਸ ਦੇ ਬੈਠਣ-ਉੱਠਣ, ਬੋਲਣ ਤੇ ਖਾਣ ਪੀਣ 'ਚ ਸਲੀਕਾ ਹੈ। ਆਉਂਦਿਆਂ ਜਾਂਦਿਆਂ ਮੇਰੇ ਪੈਰੀਂ ਹੱਥ ਲਾਉਂਦਾ ਹੈ। ਮਾਂ ਦੀ ਇੱਜ਼ਤ ਕਰਦਾ ਹੈ। ਬਾਕੀ ਮੁੰਡੇ ਕੁੜੀਆਂ ਵੀ ਐਦਾਂ ਹੀ ਕਰਦੇ ਹਨ। ਸਾਨੂੰ ਹੋਰ ਕੀ ਚਾਹੀਦਾ ਹੈ। ਬੱਚਿਆਂ ਦਾ ਆਪਣਾ ਸਰਕਲ ਹੈ। ਉਨ੍ਹਾਂ ਉਸੇ 'ਚ ਵਿਚਰਨਾ ਹੁੰਦਾ ਹੈ। ਇਹ ਸਮਾਂ ਹੀ ਸੰਪਰਕਾਂ ਦਾ ਹੈ। ਇਕੱਲਾ ਬੰਦਾ ਕੀ ਹੁੰਦਾ ਹੈ। ਇਕ ਗੱਲ ਹੋਰ ਹੈ। ਜਿਹੜੀ ਮੈਂ ਕਿਸੇ ਨਾਲ ਸਾਂਝੀ ਨਹੀਂ ਕੀਤੀ। ਕਰ ਹੀ ਨਹੀਂ ਸਕਦੀ। ਮੈਨੂੰ ਹਰਸੂਰਤ ਚੰਗਾ ਲੱਗਦਾ ਹੈ। ਮੈਂ ਚਾਹੁੰਦੀ ਹਾਂ ਕਿ ਇਨ੍ਹਾਂ ਦੀ ਜੋੜੀ ਬਣ ਜਾਵੇ। ਪਰ ਮਾਂ ਨੂੰ ਪਤਾ ਨਹੀਂ ਹਰਸੂਰਤ 'ਚ ਕੀ ਖਰਾਬੀ ਦਿੱਸਦੀ ਹੈ ਕਿ ਮੁੰਡਾ ਘਰ ਆਇਆ ਨਹੀਂ ਇਸ ਮੱਥੇ 'ਤੇ ਸੌ ਤਿਉੜੀਆਂ ਪਾਈਆਂ ਨਹੀਂ। ਅੱਗੋਂ ਪਿੱਛੋਂ ਉਹ ਕੰਨ 'ਚ ਪਾਈ ਨਹੀਂ ਰੜਕਦੀ। ਕਿਸੇ ਗੱਲੋਂ ਵੀ ਔਖਾ ਨਹੀਂ ਕਰਦੀ। ਜੋ ਦਿੱਤਾ-ਸੋ ਖਾ ਲਿਆ। ਜਿੱਥੇ ਬਿਠਾ ਦਿੱਤਾ-ਬੈਠ ਗਈ। ਕਿਸੇ ਨਾਲ ਕੋਈ ਸ਼ਿਕਾਇਤ ਨਹੀਂ। ਕੋਈ ਗਿਲਾ/ਸ਼ਿਕਵਾ ਨਹੀਂ। ਜਿੰਨਾ ਪੁੱਛਿਆ ਜਾਂਦਾ ਉੱਨਾ ਕੁ ਹੀ ਜਵਾਬ ਦਿੰਦੀ। ਬਹੁਤਾ ਸਮਾਂ ਪਾਠ ਕਰਦੀ ਜਾਂ ਟੀ. ਵੀ. ਤੇ ਧਾਰਮਿਕ ਪ੍ਰੋਗਰਾਮ ਦੇਖਦੀ।

ਮੈਨੂੰ ਲੱਗਦਾ ਕਿ ਮੈਂ ਇਹਨੂੰ ਇਥੇ ਲਿਆ ਕੇ ਭਾਰੀ ਗਲਤੀ ਕੀਤੀ ਸੀ। ਉਹਨੇ ਮੇਰੀ ਸ਼ਾਂਤੀ ਭੰਗ ਕੀਤੀ ਹੈ। ਆਪ ਹੀ ਉਸ ਕੋਲ ਦੋ ਮਹੀਨੇ ਰਹਿ ਆਉਂਦੀ। ਜਦੋਂ ਪੂਨਮ ਤੇ ਹਰਸੂਰਤ ਇਕੱਲੇ ਬੈਠੇ ਹੋਣ ਤਾਂ ਤੈਨੂੰ ਅਦਿੱਖ ਖ਼ੁਸ਼ੀ ਹੁੰਦੀ ਹੈ। ਮੇਰੇ ਮਨ 'ਚ ਆਉਂਦਾ ਹੈ ਕਿ ਉਨ੍ਹਾਂ ਨੂੰ ਕਹਾਂ ਕਿ ਬੱਚਿਉ ਦੌੜ ਜਾਉ। ਇਹ ਸੰਸਾਰ ਦੇ ਬੰਧਨ ਤੋੜ ਦਿਉ। ਮੈਂ ਤੁਹਾਡੇ ਨਾਲ ਹਾਂ। ਕੁਝ ਨਹੀਂ ਹੋਣ ਲੱਗਾ। ਤੁਸੀਂ ਮੇਰੇ ਵਾਲੀ ਮੌਤ ਨਾ ਮਰਿਉ। ਜਦੋਂ ਮੈਨੂੰ ਕਦੇ ਉਨ੍ਹਾਂ ਦਿਨਾਂ ਦੀ ਯਾਦ ਆਉਂਦੀ ਹੈ ਤਾਂ ਮੈਨੂੰ ਇਹ ਜਿਉਣਾ ਫਜ਼ੂਲ ਲੱਗਦਾ ਹੈ। ਕਿੰਨੇ ਚੰਗੇ ਸਨ ਉਹ ਦਿਨ। ਬੀ. ਏ. ਪਾਰਟ ਫਸਟ 'ਚ ਪੜ੍ਹਦੀ ਸਾਂ। ਕੋਠੀ ਵਾਲਿਆਂ ਦੇ ਪਰਸ਼ੋਤਮ ਨਾਲ ਨੋਟਸਾਂ ਦਾ ਲੈਣ-ਦੇਣ ਸ਼ੁਰੂ ਕੀਤਾ ਸੀ। ਮੈਂ ਉਹਦੇ ਬਣਾਏ ਨੋਟਸ ਲੈ ਲੈਂਦੀ। ਉਹ ਪੜ੍ਹਣ ਤੇ ਗੱਲਾਂ ਸੁਣਾਉਣ 'ਚ ਬਹੁਤ ਤੇਜ਼ ਸੀ। ਉਹਦੀ ਮਾਂ ਦਾ ਸਾਡੇ ਘਰੇ ਆਉਣ-ਜਾਣ ਸੀ। ਸਾਡਾ ਉਨ੍ਹਾਂ ਦੇ। ਅਸੀਂ ਇਕੱਠੇ ਡੀ.ਏ.ਵੀ. ਕਾਲਜ 'ਚ ਦਾਖਲ ਹੋਏ ਸੀ। ਮੇਰੀ ਮਾਂ ਉਹਨੂੰ ਸਾਊ ਪੁੱਤ ਕਹਿੰਦੀ ਸੀ। ਉਹ ਵੀ ਸਾਡੇ ਘਰ ਆ ਜਾਂਦਾ। ਮਾਂ ਦੇ ਪੈਰੀਂ ਹੱਥ ਲਾਉਂਦਾ। ਚੋਰ ਅੱਖ ਨਾਲ ਮੇਰੇ ਵੱਲ ਦੇਖ ਲੈਂਦਾ। ਅਸੀਂ ਪੀਰੀਅਡ ਮਿੱਸ ਕਰਕੇ ਧਰਮਿੰਦਰ ਦੀ 'ਅਜ਼ਾਦ' ਫਿਲਮ ਦੇਖੀ ਸੀ। ਚੋਰੀ-ਛੁਪੇ ਮਿਲਣ ਲੱਗੇ ਸੀ। ਇਕ



ਦਿਨ ਮਾਂ ਬਾਜ਼ਾਰ ਗਈ ਸੀ। ਆਮ ਦਿਨਾਂ ਵਾਂਗ ਪਰਸ਼ੋਤਮ ਘਰੇ ਆਇਆ ਸੀ। ਮੈਂ ਚਾਹ ਦੇ ਦੋ ਕੱਪ ਬਣਾ ਕੇ ਮੋਹਰਲੀ ਬੈਠਕ 'ਚ ਉਸਦੇ ਸਾਹਮਣੇ ਆ ਬੈਠੀ ਸੀ। ਉਹਨੇ ਬਿਨਾਂ ਕਿਸੇ ਲੁਕ ਲਕੋ ਦੇ ਸੁਝਾਅ ਰੱਖਿਆ ਸੀ, "ਮੀਤ-ਚਲ ਕਿਤੇ ਦੌੜ ਚਲੀਏ।"

ਮੈਨੂੰ ਹੈਰਾਨੀ ਹੋਈ ਸੀ ਕਿ ਉਹ ਇਥੋਂ ਤੱਕ ਕਿਵੇਂ ਸੋਚੀ ਬੈਠਾ। ਮੇਰੇ ਮਨ 'ਚ ਅਜਿਹਾ ਕੁਝ ਨਹੀਂ ਸੀ। ਜੇ ਸੀ ਤਾਂ ਉਹਦਾ ਮੈਨੂੰ ਥਹੁ ਪਤਾ ਨਹੀਂ ਸੀ।

"ਇਕ ਵਾਰ ਫੇਰ ਕਹੀਂ-ਕੀ ਕਿਹਾ? "

"ਇਹ ਛੋਟਾ ਸ਼ਹਿਰ ਆਪਣੇ ਸੁਪਨਿਆਂ ਦਾ ਸ਼ਹਿਰ ਨ੍ਹੀਂ। ਇਥੇ ਮੇਰਾ ਦਮ ਘੁੱਟਦਾ। ਹਿੰਮਤ ਮਾਰ। ਦੌੜ ਚਲੀਏ।"

"ਪਲੇ ਧੇਲਾ ਨ੍ਹੀਂ-ਕਹਿੰਦਾ ਦੌੜ ਚਲੀਏ।"

"ਆਪਾਂ ਜੀਉਣ ਜੋਗਾ ਤਾਂ ਕਮਾ ਹੀ ਸਕਦੇ ਹਾਂ," ਉਹ ਦੀਆਂ ਨਜ਼ਰਾਂ 'ਚ ਸੁਪਨੇ ਸਨ। ਅਸਾਧਾਰਣ ਸੁਪਨੇ। ਮੈਂ ਉਹਨਾਂ ਦੀ ਭਾਸ਼ਾ ਨੂੰ ਪੜ੍ਹ ਲਿਆ ਸੀ। ਮੇਰੀ ਲੂੰਈਂ-ਲੂੰਈਂ ਖੜ ਗਈ ਸੀ। ਮੈਨੂੰ ਉਹਦਾ ਸੁਝਾਅ ਆਪਣਾ-ਆਪਣਾ ਲੱਗਾ ਸੀ। ਉਹ ਉੱਠ ਕੇ ਮੇਰੇ ਕੋਲ ਆ ਬੈਠਿਆ ਸੀ ਤੇ ਮੇਰਾ ਹੱਥ ਫੜ ਲਿਆ ਸੀ।

ਅਸੀਂ ਚੁੱਪਚਾਪ ਬੈਠੇ ਸੀ। ਉਥੇ ਸਿਰਫ਼ ਦਿਲ ਦੀਆਂ ਤੇਜ਼ ਧੜਕਣਾਂ ਦੀ ਆਵਾਜ਼ ਸੀ। ਸਮਾਂ ਜਿਵੇਂ ਖੜ ਗਿਆ ਸੀ। ਕੁਦਰਤ ਦੇ ਬਣਾਏ ਦੋ ਅਨਮੋਲ ਜੀਵ। ਇਕ ਜਾਨ ਹੋਣ ਲਈ ਉਤਾਵਲੇ ਸਨ। ਉਹਦੇ ਹੱਥਾਂ 'ਚ ਤੇਜ਼ੀ ਆਉਣ ਲੱਗੀ ਸੀ। ਮੇਰਾ ਆਪਣਾ ਆਪ ਮੇਰੇ ਵੱਸ 'ਚ ਨਹੀਂ ਰਿਹਾ ਸੀ। ਕੋਈ ਸ਼ੈਅ ਸੀ ਜਿਹੜੀ ਮੈਨੂੰ ਉੜਾਈ ਜਾ ਰਹੀ ਸੀ। ਮੈਂ ਉਤੇਜਿਤ ਹੋ ਗਈ ਸੀ। ਉਹਨੇ ਕਿੱਸ ਕਰਨ ਲਈ ਆਪਣਾ ਮੂੰਹ ਨੇੜੇ ਨੂੰ ਕੀਤਾ ਸੀ ਜਾਂ ਮੈਂ ਹੀ ਉਹਦੇ ਵੱਲ ਸਰਕੀ ਸੀ ਕਿ ਉਦੋਂ ਹੀ ਉਪਰੋਂ ਮਾਂ ਆ ਗਈ ਸੀ। ਮੈਨੂੰ ਤਾਂ ਇਸ ਗੱਲ ਦਾ ਚੇਤਾ ਵੀ ਨਹੀਂ ਰਿਹਾ ਸੀ ਕਿ ਬਾਹਰਲਾ ਦਰਵਾਜ਼ਾ ਖੁੱਲ੍ਹਾ ਸੀ।

ਮੈਥੋਂ ਵੱਧ ਦੌਰੇ ਮਾਂ ਨੂੰ ਪਏ ਸਨ। ਉਹ ਅਰਧ ਪਾਗਲ ਹੋ ਗਈ ਸੀ। ਬੈਠੀ-ਬੈਠੀ ਹੱਸਣ ਲੱਗ ਜਾਂਦੀ। ਰੋਣਾ ਸ਼ੁਰੂ ਕਰ ਦਿੰਦੀ। ਮੈਨੂੰ ਇਸ ਗੱਲ ਦੀ ਸਤੁੰਸ਼ਟੀ ਸੀ ਕਿ ਉਸ ਇਹ ਗੱਲ ਪਰਿਵਾਰ ਦੇ ਕਿਸੇ ਜੀਅ ਨੂੰ ਨਹੀਂ ਦੱਸੀ ਸੀ। ਉਸ ਦਿਨ, ਜਦੋਂ ਉਸਨੇ ਮੈਨੂੰ ਤੇ ਪਰਸ਼ੋਤਮ ਨੂੰ ਬੈਠਿਆ ਦੇਖਿਆ ਸੀ, ਪਿਛਲੇ ਕਮਰੇ 'ਚ ਢਿੱਠੇ ਸੂਤੜੀ ਦੇ ਮੰਜੇ 'ਤੇ ਮੂਧੇ ਮੂੰਹ ਡਿਗ ਪਈ ਸੀ। ਮੈਂ ਡਰਦੀ-ਤ੍ਰਬਕਦੀ ਦੋ-ਤਿੰਨ ਵਾਰ ਗਈ ਸੀ। 'ਮਾਂ-ਮਾਂ ਨੀ' ਕਹਿ ਕੇ ਆਵਾਜ਼ ਮਾਰੀ ਸੀ। ਉਸ ਮੇਰੀ ਕਿਸੇ ਗੱਲ ਦਾ ਜਵਾਬ ਨਹੀਂ ਦਿੱਤਾ ਸੀ। ਉਹ ਭਾਪਾ ਜੀ ਆਏ ਤੋਂ ਵੀ ਨਹੀਂ ਉਠੀ ਸੀ। ਇੰਨਾ ਕੁ ਕਿਹਾ ਸੀ, "ਮੈਂ ਬਹੁਤ ਹੀ ਜ਼ਿਆਦਾ ਪ੍ਰੇਸ਼ਾਨ ਹਾਂ। ਕੁਸ਼ ਵੀ ਕਰ ਸਕਦੀ ਹਾਂ। ਇਸੇ ਗੱਲ ਵਿੱਚ ਭਲਾ ਆ ਕਿ ਮੈਨੂੰ ਨਾ ਬੁਲਾਉ। ਮੈਨੂੰ ਇਕੱਲੀ ਨੂੰ ਛੱਡ ਦਿਉ।" ਰਾਤੀਂ ਰੋਟੀ ਲੈ ਕੇ ਗਈ ਤਾਂ ਉਸ ਮੇਰੇ ਵੱਲ ਦੇਖਿਆ ਤਕ ਨਹੀਂ ਸੀ। ਨਾ ਹੀ ਮੇਰੀ ਗੱਲ ਦਾ ਕੋਈ ਹੁੰਗਾਰਾ ਭਰਿਆ ਸੀ। ਨਾ ਰੋਟੀ ਖਾਧੀ ਸੀ। ਮੇਰੀਆਂ ਮਿੰਨਤਾਂ, ਅਰਜੋਈਆਂ, ਮਾਫੀਆਂ ਦਾ ਕੋਈ ਅਸਰ ਨਹੀਂ ਹੋਇਆ ਸੀ। ਦੂਜਾ ਦਿਨ ਵੀ ਐਦਾਂ ਹੀ ਲੰਘ ਗਿਆ ਸੀ। ਤੀਜੇ ਦਿਨ ਕੇਸਰ ਨੇ ਉਸ ਨੂੰ ਮੱਲੋਜੋਰੀ ਚਾਹ ਪਿਲਾਈ ਸੀ। ਅੱਧਾ ਕੁ ਕੱਪ ਪੀਣ ਮਗਰੋਂ ਉਹ ਉੱਚੀ-ਉੱਚੀ ਰੋਈ ਸੀ। ਉਹ ਦੀਆਂ ਚੀਕਾਂ ਮੈਥੋਂ ਸੁਣੀਆਂ ਨਹੀਂ ਗਈਆਂ ਸਨ। ਪੰਜ ਕੁ ਮਿੰਟਾਂ ਬਾਅਦ ਉਹ ਖਿੜਖਿੜਾ ਕੇ ਹੱਸੀ ਸੀ। ਕੇਸਰ ਭਾਪਾ ਜੀ ਨੂੰ ਬੁਲਾਉਣ ਚਲਾ ਗਿਆ ਸੀ। ਮੈਂ ਉਹਨੂੰ ਜੱਫੀ ਪਾ ਲਈ ਸੀ। ਉਸਦੀ ਹਾਲਤ ਪਾਗਲਾਂ ਵਾਲੀ ਸੀ। ਉਹ ਕਦੇ ਹੱਸਣ ਲੱਗ ਜਾਂਦੀ। ਕਦੇ ਰੋਣ ਲੱਗ ਜਾਂਦੀ। ਮੈਂ ਆਪ ਵੀ ਰੋਈ ਸੀ। ਮੈਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਮਾਂ ਨੂੰ ਕਿਵੇਂ ਮੰਨਾਵਾਂ। ਉਹਦੇ ਮਨ 'ਤੇ ਗਹਿਰੀ ਚੋਟ ਲੱਗੀ ਸੀ। ਫੇਰ ਉਹ ਉੱਚੀ-ਉੱਚੀ ਬੋਲਣ ਲੱਗ ਪਈ। ਕਈ ਨਾਂ ਲਏ। ਉਹਨਾਂ ਨੂੰ ਗਾਲ੍ਹਾਂ ਕੱਢੀਆਂ। ਬਹੁਤ ਹੀ ਗੰਦੀਆਂ ਗਾਲਾਂ। ਬੇਸ਼ਰਮੀ ਦੀ ਹੱਦ ਤਕ। ਮੈਂ ਉਹਦੇ ਮੂੰਹ ਅੱਗੇ ਹੱਥ ਰੱਖ ਦਿੱਤਾ ਸੀ। ਕਿਹਾ ਸੀ, "ਮਾਂ---ਤੂੰ ਜਿਦ੍ਹਾਂ ਕਹੇਂਗੀ--ਮੈਂ, ਉਦਾਂ ਕਰੂੰਗੀ। ਜਿਹਦੀ ਮਰਜ਼ੀ ਸੌਂਹ ਖਿਲਾ ਲੈ। ਕੇਸਰ ਦੀ ਸਹੁੰ ਖਾਨੀ ਆਂ।" "ਕੁੱਤੀਏ, ਬਦਮਾਸ਼ੇ-ਮੇਰੀਆਂ ਨਜ਼ਰਾਂ ਤੋਂ ਦੂਰ ਹੋ ਜਾ। ਮੈਂ ਸਾਰੀ ਉਮਰ ਕਿਸੇ ਕੋਲੋਂ ਉਏਂ ਨ੍ਹੀਂ ਅਖਵਾਈ-ਤੈਨੂੰ ਨਵੀਂ

ਜਵਾਨੀ ਚੜ੍ਹੀ ਆ।'' ਉਹਨੇ ਆਪਣੇ ਮੂੰਹ 'ਤੇ ਸਿਰਹਾਣਾ ਰੱਖ ਲਿਆ ਸੀ। ਭਾਪਾ ਜੀ ਨੇ ਆਉਂਦੇ ਸਾਰ ਹੀ ਡਾਹਢੇ ਗੁੱਸੇ 'ਚ ਪੁੱਛਿਆ ਸੀ ਕਿ ਆਖਿਰ ਗੱਲ ਕੀ ਹੈ। ਮੈਂ ਉਨ੍ਹਾਂ ਨੂੰ ਕੀ ਦੱਸਦੀ ਕਿ ਉਸ ਦੀ ਇਹ ਹਾਲਤ ਮੇਰੇ ਕੰਮ ਕਰਕੇ ਹੀ ਹੋਈ ਹੈ। ਮੈਂ ਹੀ ਉਸਦਾ ਵਿਸ਼ਵਾਸ ਤੋੜਿਆ। ਮੈਂ ਐਵੇਂ ਕਿਵੇਂ ਦੀ ਕੋਈ ਕਹਾਣੀ, ਜਿਹੜੀ ਕਿ ਪਹਿਲਾਂ ਤੋਂ ਘੜ ਰੱਖੀ ਸੀ, ਉਹੀ ਸੁਣਾ ਦਿੱਤੀ ਸੀ। ਮਾਂ ਨੂੰ ਕਮਲ ਮੈਂਟਲ ਹਸਪਤਾਲ 'ਚ ਦਾਖਲ ਕਰਾ ਦਿੱਤਾ ਸੀ। ਡਾਕਟਰ ਦਾ ਕਹਿਣਾ ਸੀ ਕਿ ਉਸਨੂੰ ਕੋਈ ਗਹਿਰਾ ਸਦਮਾ ਪਹੁੰਚਿਆ। ਉਸ ਨੂੰ ਵਿਸ਼ੇਸ਼ ਦੇਖ-ਭਾਲ ਦੀ ਲੋੜ ਹੈ। ਜਿਸ ਬੰਦੇ ਕਰਕੇ ਉਸਦੀ ਅਜਿਹੀ ਹਾਲਤ ਹੋਈ ਹੈ-ਉਸ ਨੂੰ ਇਹਦੇ ਮੱਥੇ ਨਾ ਲੱਗਣ ਦਿਉ। ਮੈਂ ਭਾਪਾ ਜੀ ਨੂੰ ਜ਼ੋਰ ਪਾ ਕੇ ਮਾਸੀ ਜੀ ਨੂੰ ਬੁਲਾ ਲਿਆ ਸੀ। ਮੈਂ ਇਕ ਦਿਨ ਵੀ ਕਾਲਜ ਤੋਂ ਛੁੱਟੀ ਨਹੀਂ ਕੀਤੀ ਸੀ। ਘਰ ਸੰਭਾਲਿਆ ਸੀ। ਪੜ੍ਹਾਈ ਦਾ ਨੁਕਸਾਨ ਵੀ ਨਹੀਂ ਹੋਣ ਦਿੱਤਾ ਸੀ। ਪਰਸ਼ੋਤਮ ਨੇ ਆਨੀਂ ਬਹਾਨੀਂ ਕਈ ਵਾਰ ਮਿਲਣ ਦੀ ਕੋਸ਼ਿਸ਼ ਕੀਤੀ ਸੀ ਪਰ ਮੈਂ ਉਹਦੇ ਵੱਲ ਦੇਖਿਆ ਤਕ ਨਹੀਂ ਸੀ। ਉਹ ਨੇ ਮੈਨੂੰ ਲੰਬੀ ਚਿੱਠੀ ਲਿਖੀ ਸੀ। ਮੈਂ ਪੜ੍ਹਦੀ-ਪੜ੍ਹਦੀ ਜ਼ਾਰ-ਜ਼ਾਰ ਰੋਈ ਸੀ। ਮੈਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਇਸ ਵੇਲੇ ਮੇਰਾ ਰੋਲ ਕਿਹੋ ਜਿਹਾ ਹੋਵੇ। ਮੇਰੀ ਅਜੀਬ ਸਥਿਤੀ ਸੀ। ਮੈਂ ਨਾ ਦੁੱਖ ਵਿੱਚ ਸੀ। ਨਾ ਸੁੱਖ 'ਚ। ਕਦੇ ਪਰਸ਼ੋਤਮ ਦਾ ਚਿਹਰਾ ਦਿੱਸਦਾ। ਕਦੇ ਮਾਂ ਦੀ ਡਰਾਉਣੀ ਸ਼ਕਲ। ਮੇਰੇ 'ਤੇ ਗੁਨਾਹ ਦੀ ਭਾਵਨਾ ਭਾਰੂ ਹੋਣ ਲੱਗੀ ਸੀ। ਮੈਂ ਹਸਪਤਾਲ ਉਦੋਂ ਹੀ ਜਾਂਦੀ ਸੀ ਜਦੋਂ ਮਾਂ ਨੂੰ ਨੀਂਦ ਵਾਲਾ ਇੰਜੈਕਸਨ ਲਾਇਆ ਹੁੰਦਾ।

ਇਕ ਦਿਨ ਗਲੀ ਗੁਆਂਢ ਦੀਆਂ ਗੱਲਾਂ ਚੱਲੀਆਂ ਤਾਂ ਮੈਂ ਉਸ ਕੋਲੋਂ ਪੁੱਛਿਆ ਸੀ, ''ਮਾਂ-ਉਹ ਕੋਠੀ ਵਾਲਿਆਂ ਦਾ ਪਰਸ਼ੋਤਮ ਹੁੰਦਾ ਸੀ...।''

''ਮੀਤੋ-ਉਨ੍ਹਾਂ ਦਾ ਕਾਰੋਬਾਰ ਬਹੁਤ ਵਧੀਆ। ਪਰਸ਼ੋਤਮ ਦੇ ਦੋ ਮੁੰਡੇ। ਦੋਵੇਂ ਇੰਗਲੈਂਡ ਚਲੇ ਗਏ। ਪਰਸ਼ੋਤਮ ਕਾਲਜ ਪੜ੍ਹਾਉਂਦਾ। ਉਹਦੀ ਘਰਵਾਲੀ ਬੈਂਕ ਵਿਚ ਲੱਗੀ।''

ਸ਼ਾਇਦ ਮਾਂ ਨੂੰ ਵੀ ਉਹ ਘਟਨਾ ਯਾਦ ਆ ਗਈ ਹੋਵੇ। ਸਾਰਾ ਦਿਨ ਮੈਂ ਉਖੜੀ-ਉਖੜੀ ਰਹੀ ਸੀ। ਸਿਰ ਨੂੰ ਗੁਭਾਰ ਜਿਹਾ ਚੜ੍ਹਦਾ ਉਤਰਦਾ ਰਿਹਾ ਸੀ। ਮੈਂ ਮੁੜ ਕੇ ਉਹਦੇ ਕਮਰੇ 'ਚ ਨਹੀਂ ਗਈ ਸੀ।

ਪੂਨਮ ਦੀ ਮਾਂ ਨਾਲ ਬਹੁਤੀ ਬਣਦੀ ਨਹੀਂ। ਮਾਂ ਉਹਨੂੰ ਬਾਂਹੋਂ ਫੜ ਕੇ ਬਿਠਾ ਲੈਂਦੀ। ਆਪਣੇ ਕੋਲੋਂ ਉੱਠਣ ਨਾ ਦਿੰਦੀ। ਮਾਂ ਉਸ ਨਾਲ ਬਹੁਤਾ ਹੀ ਜ਼ਿਆਦਾ ਪਿਆਰ ਕਰਦੀ ਹੈ। ਉਹਦੇ ਬਚਪਨ ਤੋਂ ਹੀ। ਨਾਨਕਿਆਂ-ਦਾਦਕਿਆਂ 'ਚ ਉਹ ਪਹਿਲੀ ਔਲਾਦ ਸੀ। ਦੋਵੇਂ ਘਰ ਉਹਨੂੰ ਪੁੱਤਾਂ ਵਾਂਗ ਸਮਝਦੇ। ਮੈਂ ਮਾਂ ਨੂੰ ਮਿਲਣ ਜਾਂਦੀ ਤਾਂ ਮਾਂ ਰਾਤ ਨੂੰ ਪੂਨਮ ਨੂੰ ਆਪਣੇ ਨਾਲ ਸੁਲਾ ਲੈਂਦੀ। ਵਾਪਸੀ 'ਤੇ ਉਹਦੀਆਂ ਅੱਖਾਂ ਭਰ ਆਉਂਦੀਆਂ। ਉਹ ਭਰੇ ਮਨ ਨਾਲ ਕਹਿੰਦੀ, ''ਆਹ ਪੁੱਤ ਨੂੰ ਏਥੇ ਛੱਡ ਜਾ।'' ਫੇਰ ਉਹਦੀਆਂ ਚਿੱਠੀਆਂ ਆਉਂਦੀਆਂ। ਸੁਨੇਹੇ ਮਿਲਦੇ। ਮਿਡਲ ਪਾਸ ਕਰਨ ਤੱਕ ਪੂਨਮ ਵੀ ਮਾਂ ਨੂੰ ਬਹੁਤ ਪਿਆਰ ਕਰਦੀ ਰਹੀ ਸੀ। ਛੁੱਟੀਆਂ ਹੁੰਦੀਆਂ ਤਾਂ ਉਹ ਮਾਂ ਕੋਲ ਛੱਡ ਆਉਣ ਦੀ ਜ਼ਿੱਦ ਕਰਦੀ ਜਾਂ ਚਿੱਠੀ ਲਿਖ ਕੇ ਮਾਂ ਨੂੰ ਏਥੇ ਬੁਲਾ ਲੈਂਦੀ। ਮਾਂ ਉਸ 'ਤੇ ਨਾਨੀ ਵਾਲਾ ਹੱਕ ਜਤਾਉਂਦੀ। ਇਹ ਸਿਲਸਿਲਾ ਪਲੱਸ ਟੂ ਤੱਕ ਨਿਰਵਿਘਨ ਚੱਲਦਾ ਰਿਹਾ। ਦੋਹਾਂ ਦੀ ਜਾਨ ਇਕ ਦੂਜੀ ਵਿੱਚ ਵੱਸਦੀ ਸੀ। ਕਾਲਜ ਜੁਆਇਨ ਕਰਦਿਆਂ ਹੀ ਪੂਨਮ ਦੇ ਸੁਭਾ 'ਚ ਕਈ ਤਬਦੀਲੀਆਂ ਆ ਗਈਆਂ। ਮਾਂ ਦੀ ਹੋਂਦ ਪਿੱਛੇ ਪੈ ਗਈ। ਉਹਦੇ ਸਰਕਲ ਦੀਆਂ ਕੁੜੀਆਂ/ਮੁੰਡੇ ਨੇੜੇ ਆਉਣ ਲੱਗੇ। ਹੁਣ ਉਹਨੂੰ ਮਾਂ ਦੀਆਂ ਬਹੁਤੀਆਂ ਆਦਤਾਂ ਪਸੰਦ ਨਹੀਂ ਸਨ। ਉਹ ਕਹਿੰਦੀ ਕਿ ਮਾਂ ਨੂੰ ਘੁੰਮਾ ਫਿਰਾ ਕੇ ਗੱਲ ਕਰਨ ਦੀ ਆਦਤ ਹੈ। ਉਹ ਕਿਸੇ ਵੀ ਸ਼ੈਅ, ਆਦਮੀ ਬਾਰੇ ਸਪੱਸ਼ਟ ਰਾਏ ਨਹੀਂ ਰੱਖਦੀ। ਬਚਪਨ ਵਾਲਾ ਪਿਆਰ ਯਾਦ ਆਉਂਦਾ ਤਾਂ ਮਾਂ ਕੋਲ ਬੈਠ ਨਵੀਂਆਂ ਗੱਲਾਂ ਛੇੜ ਲੈਂਦੀ। ਮਾਂ ਉਹਨੂੰ ਕਹਿੰਦੀ, ''ਚੁੱਪ ਰਹਿ ਨੀ ਕੁੜੀਏ-ਮੈਨੂੰ ਸਾਰਾ ਪਤਾ।''

''ਤੁਹਾਨੂੰ ਕੀ ਪਤਾ। ਨਾ ਤੁਹਾਨੂੰ ਪਤਾ। ਨਾ ਤੁਹਾਡੀ ਧੀ ਨੂੰ।''

''ਤੂੰ ਜਿਉਂ ਸਿਆਣੀ ਜੰਮ ਪਈਂ।''

''ਦੇਖੋ-ਤੁਸੀਂ 1947 ਤੋਂ ਪਹਿਲਾਂ ਦੇ ਹੋ। ਯਾਨੀ ਕਿ ਬੇਬੀ ਬੂਮਰ ਕਲਾਸ। ਮੰਮੀ ਸੱਠ ਤੋਂ



ਬਾਅਦ ਦੇ। ਇਹ ਹੋ ਗਈ ਜਨਰੇਸ਼ਨ ਐਕਸ। ਮੈਂ ਇਕਾਸੀ ਦੀ ਹਾਂ। ਜਨਰੇਸ਼ਨ ਵਾਈ।''

ਮਾਂ ਨੂੰ ਉਹਦੀਆਂ ਇਨ੍ਹਾਂ ਗੱਲਾਂ ਦੀ ਸਮਝ ਨਾ ਲੱਗਦੀ। ਉਹ ਕਹਿੰਦੀ, ''ਤੂੰ ਊਟ-ਪਟਾਂਗ ਕੀ ਬੋਲੀ ਜਾਨੀ ਆਂ। ਸਿੱਧੀ ਗੱਲ ਕਰ।''

ਪੂਨਮ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਸਿੱਧੀ ਗੱਲ ਨਾਲ ਮਾਂ ਔਖ ਮੰਨਦੀ ਸੀ। ਉਹਨੂੰ ਸਮਝਾਉਣ ਲਈ ਭੂਮਿਕਾ ਬੰਨਣੀ ਪੈਂਦੀ ਸੀ।

ਇਕ ਦਿਨ ਪੂਨਮ ਮਾਂ ਨੂੰ ਉਠਾਲ ਕੇ ਲੌਬੀ 'ਚ ਲੈ ਆਈ। ਉਸ ਨੈਸ਼ਨਲ ਜੋਗਰੈਫਿਕ ਚੈਨਲ ਲਾ ਦਿੱਤਾ। ਗੋਰੇ ਨੇ ਸ਼ੇਰ ਦਾ ਬੱਚਾ ਪਾਲ ਰੱਖਿਆ ਸੀ। ਉਹ ਬੱਚੇ ਨੂੰ ਦੁੱਧ ਪਿਲਾਉਂਦਾ। ਬੱਚਾ ਗੋਰੇ ਦਾ ਬਹੁਤ ਮੋਹ ਕਰਨ ਲੱਗਾ। ਉਹਦੀਆਂ ਆਦਤਾਂ ਸ਼ੇਰ ਵਾਲੀਆਂ ਨਹੀਂ ਰਹੀਆਂ ਸਨ। ਗੋਰਾ ਚਾਹੁੰਦਾ ਸੀ ਕਿ ਬੱਚਾ ਆਪਣੇ ਅਸਲੀ ਰੂਪ 'ਚ ਆਵੇ। ਉਹ ਉਹਨੂੰ ਜੰਗਲ 'ਚ ਲੈ ਗਿਆ। ਉਹਨੂੰ ਖੁੱਲ੍ਹਾ ਛੱਡ ਦਿੱਤਾ। ਹੁਣ ਉਸ ਆਪਣੀ ਖੁਰਾਕ ਦੀ ਆਪ ਭਾਲ ਕਰਨੀ ਸੀ। ਉਹ ਘਰੇਲੂ ਸ਼ੇਰ ਸੀ-ਇਸ ਲਈ ਉਹਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਸ਼ਿਕਾਰ 'ਤੇ ਕਿਵੇਂ ਵਾਰ ਕਰਨਾ ਹੈ। ਜਦੋਂ ਉਹਨੂੰ ਪਤਾ ਲੱਗਾ ਤਾਂ ਉਸ ਸ਼ਿਕਾਰ 'ਤੇ ਝਪਟਦਿਆਂ ਹੋਇਆਂ ਆਪਣਾ ਪੰਜਾ ਤੁੜਾ ਲਿਆ। ਗੋਰੇ ਨੇ ਉਸਨੂੰ ਚੁੱਕਿਆ। ਪਸ਼ੂਆਂ ਦੇ ਡਾਕਟਰ ਕੋਲ ਲੈ ਆਇਆ। ਉਨ੍ਹਾਂ ਸ਼ੇਰ ਦੇ ਅਰਧ ਬੇਹੋਸ਼ੀ ਵਾਲਾ ਟੀਕਾ ਲਾਇਆ ਤੇ ਪੰਜੇ ਦੀ ਸਰਜਰੀ ਕਰ ਦਿੱਤੀ।

ਮਾਂ ਨੇ ਦੰਦਾਂ ਹੇਠਾਂ ਜੀਭ ਲੈ ਲਈ। ''ਕਮਾਲ ਆ ਗੋਰੇ ਦੀ। ਵਾਰੇ ਜਾਵਾਂ ਇਸ ਕੌਮ ਦੇ। ਮੈਂ ਆਪ ਲਾਹੌਰ ਅੰਗਰੇਜ਼ ਦੇਖੇ ਸੀ।''

ਪੂਨਮ ਨੇ 'ਟੀ' ਚੈਨਲ ਲਾ ਦਿੱਤਾ। ਮਾਂ ਚੀਕ ਪਈ, ''ਤੂੰ ਮੈਨੂੰ ਆ ਕੁਸ਼ ਦਿਖਾਉਣ ਲਈ ਲਿਆਈਂ? '' ਉਹਨੇ ਅੱਖਾਂ ਅੱਗੇ ਚੁੰਨੀ ਫੈਲਾ ਲਈ, ''ਰਖੇ ਰਹਿਣ ਨੀ ਬੜੀਏ ਚਲਾਕੋ। ਬੰਦ ਕਰ ਆਹ ਕੰਜਰਖਾਨਾ। ਦੁਨੀਆਂ ਦਾ ਬੇੜਾ ਗਰਕਣ 'ਤੇ ਆਇਆ।''

''ਇਹਦੇ ਵਿਚ ਕੀ ਮਾੜਾ। ਦੁਨੀਆਂ ਭਰ ਦੇ ਫੈਸ਼ਨ ਘਰ ਬੈਠੇ ਬੈਠਾਏ ਦੇਖ ਲਉ।''

''ਮੈਥੋਂ ਨ੍ਹੀਂ ਇਹ ਲੁੱਚਪੁਣਾ ਦੇਖਿਆ ਜਾਂਦਾ।''

ਮਾਂ ਖਿਝੀ, ਸੜੀ, ਬਲੀ ਆਪਣੇ ਕਮਰੇ 'ਚ ਆ ਗਈ ਸੀ। ਉਹਨੇ ਮੈਨੂੰ ਉੱਚੀ-ਉੱਚੀ ਆਵਾਜ਼ਾਂ ਮਾਰੀਆਂ ਸੀ। ਮੈਂ ਰਸੋਈ 'ਚ ਰੁਝੀ ਖੜੀ ਸੀ। ਥੋੜ੍ਹੇ ਕੁ ਚਿਰ ਬਾਅਦ ਗਈ ਤਾਂ ਉਹਨੇ ਕਿਹਾ ਸੀ, ''ਮੈਨੂੰ ਤਾਂ ਚੇਤਾ ਹੀ ਭੁੱਲ ਗਿਆ। ਮੈਂ ਤੈਨੂੰ ਕਾਹਤੋਂ ਆਵਾਜ਼ ਮਾਰੀ ਸੀ।'' ਉਹਨੂੰ ਚੇਤਾ ਨਹੀਂ ਭੁੱਲਿਆ ਸੀ। ਉਹ ਕੁਝ ਵੀ ਨਹੀਂ ਭੁੱਲਦੀ। ਕਦੇ ਸਬਰ ਕਰ ਜਾਂਦੀ। ਕਦੇ ਕਾਹਲੀ ਪੈ ਜਾਂਦੀ। ਮੈਨੂੰ ਮਾਂ 'ਤੇ ਤਰਸ ਆ ਗਿਆ ਸੀ। ਮੈਂ ਉਹਨੂੰ ਮਲੋਜ਼ੋਰੀ ਉਠਾਲ ਲਿਆਂਦਾ ਸੀ ਤੇ 'ਸੰਸਕਾਰ' ਚੈਨਲ ਲਾ ਦਿੱਤਾ ਸੀ। ਉਹ ਮਾਈ ਪ੍ਰੀਤੀ ਦੇ ਪ੍ਰਵਚਨ ਸੁਣਨ 'ਚ ਮਸਤ ਹੋ ਗਈ ਸੀ।

ਮੈਂ ਕਦੇ ਪੂਨਮ ਨੂੰ ਕਿਸੇ ਕੰਮ ਲਈ ਨਹੀਂ ਕਿਹਾ। ਉਸ ਕੋਲ ਫਾਲਤੂ ਸਮਾਂ ਹੋਵੇ ਤਾਂ ਉਹ ਆਪੇ ਮੇਰਾ ਹੱਥ ਵਟਾਉਣ ਲੱਗ ਜਾਂਦੀ ਹੈ। ਕਈ ਹੋਰ ਉਪਰਲੇ-ਹੇਠਲੇ ਕੰਮ ਕਰ ਦਿੰਦੀ ਹੈ ਪਰ ਉਹਨੂੰ ਰਸੋਈ 'ਚ ਖੜ ਕੇ ਕੰਮ ਕਰਨਾ ਮੌਤ ਦਿਖਾਈ ਦਿੰਦੀ ਹੈ, ''ਇਟ ਇਜ਼ ਬੋਰਿੰਗ ਜੌਬ। ਕਿੰਨਾ ਸਮਾਂ ਨਸ਼ਟ ਹੁੰਦਾ। ਮੈਂ ਤਾਂ ਫਾਸਟ ਫੂਡ ਹੀ ਖਾਊਂਗੀ।'' ਮੈਂ ਉਹਨੂੰ ਦੱਸਿਆ, ''ਔਰਤ ਦੇ ਅੱਧੇ ਸਾਹ ਰਸੋਈ ਵਿਚ ਹੁੰਦੇ ਤੇ ਅੱਧੇ ਆਪਣੀ ਉਲਾਦ ਵਿਚ।''

ਮੈਨੂੰ ਤਾਂ ਬਿਊਟੀ ਪਾਰਲਰ ਵੀ ਪੂਨਮ ਹੀ ਲੈ ਕੇ ਗਈ ਸੀ, ''ਤੁਸੀਂ ਆਪਣੇ ਆਪ ਨੂੰ ਹੁਣੇ ਬੁੱਢੇ ਮਨ ਲਿਆ। ਦੇਖੋ ਤੁਹਾਡੀ ਉਮਰ ਹੀ ਕਿੰਨੀ ਕੁ ਆ। ਤੁਹਾਨੂੰ ਆਪਣੀ ਫੇਸ ਬਿਊਟੀ ਵੱਲ ਧਿਆਨ ਦੇਣਾ ਚਾਹੀਦਾ। ਸ਼ੀਸ਼ੇ ਸਾਹਮਣੇ ਖੜ੍ਹ ਕੇ ਦੇਖੋ-ਤੁਹਾਡੀਆਂ ਪਲਕਾਂ ਹੇਠਾਂ ਕਿੰਨੇ ਬਲੈਕ ਸਪੌਟ-ਉਭਰੇ ਆ।'' ਹੁਣ ਜੇ ਮੈਂ ਮਹੀਨੇ 'ਚ ਇੱਕ ਅੱਧ ਵਾਰ ਨਾ ਜਾਵਾਂ ਤਾਂ ਉਹ ਮੈਨੂੰ ਯਾਦ ਕਰਾ ਦਿੰਦੀ ਜਾਂ ਮੈਨੂੰ ਆਪ ਨਾਲ ਲੈ ਕੇ ਜਾਂਦੀ।

ਮੈਂ ਕੋਸ਼ਿਸ਼ ਕਰਦੀ ਕਿ ਮੇਰੇ ਅੰਦਰ ਬੈਠੀ ਮਾਂ ਸਦਾ ਲਈ ਸੌਂ ਜਾਵੇ। ਮੇਰੇ ਵਿਚੋਂ ਮੇਰੀ ਧੀ ਵਾਲਾ

ਅਕਸ ਉਭਰੇ। ਇਹ ਬਹੁਤ ਔਖਾ ਕੰਮ ਸੀ। ਜਿੰਨਾ ਮੈਂ ਅਗਾਂਹ ਵਧਦੀ-ਇਹ ਉੱਨੀ ਹੀ ਮੇਰੀ ਲੱਤ ਖਿਚ ਕੇ ਪਿਛਾਂਹ ਨੂੰ ਲੈ ਜਾਂਦੀ। ਇਹ ਸਭ ਕੁਝ ਮਾਂ ਦੇ ਏਥੇ ਆਉਣ ਨਾਲ ਹੋਇਆ। ਉਹਦੀਆਂ ਸਮਝੌਤੀਆਂ, ਟੋਕਾ-ਟਾਕੀ ਮੈਨੂੰ ਘੇਰੀ ਰੱਖਦੀਆਂ ਮੇਰੀਆਂ ਆਦਤਾਂ ਤੋਂ ਪੂਨਮ ਨੂੰ ਛੇਤੀ ਹੀ ਗੁੱਸਾ ਆ ਜਾਂਦਾ। ਉਹ ਮੈਨੂੰ ਮਾਂ ਦੀ ਕਾਰਬਨ ਕਾਪੀ ਐਲਾਨ ਦੀ। ਇਕ ਦਿਨ ਉਹ ਮੇਰੇ ਨਾਲ ਸਲਾਹੀਂ ਪਈ ਸੀ, "ਮੈਨੂੰ ਛੋਟੇ ਮਾਮਾ ਜੀ ਤੋਂ ਪਤਾ ਲੱਗਾ ਕਿ ਭਾਪਾ ਜੀ ਨੇ ਮਾਂ ਨੂੰ ਕਾਫੀ ਖੁੱਲ੍ਹਾਂ ਦੇ ਰੱਖੀਆਂ ਸਨ। ਉਨ੍ਹਾਂ ਮਾਂ ਦੀ ਕਦੇ ਕਿਸੇ ਗਲਤ ਰਾਏ ਦਾ ਵੀ ਵਿਰੋਧ ਨ੍ਹੀਂ ਕੀਤਾ ਸੀ। ਜੋ ਮਾਂ ਕਰ ਦੇਵੇ-ਭਾਪਾ ਜੀ ਨੂੰ ਉਹ ਮਨਜ਼ੂਰ ਹੁੰਦਾ ਸੀ। ਇਸੇ ਗੱਲ ਨੇ ਮਾਂ ਨੂੰ ਵਿਗਾੜ ਦਿੱਤਾ ਸੀ। ਮਾਂ ਚਾਹੁੰਣ ਲੱਗੀ ਸੀ ਕਿ ਸਭ ਕੁਸ਼ ਉਹਦੀ ਮਰਜ਼ੀ ਮੁਤਾਬਿਕ ਹੋਵੇ। ਉਹ ਰੁਸ ਕੇ, ਲੜ ਕੇ ਆਪਣੀ ਗੱਲ ਮੰਨਵਾ ਲੈਂਦੀ ਸੀ। ਉਹਨੇ ਕਦੇ ਆਪਣੇ ਤੋਂ ਬਿਨ੍ਹਾਂ ਕਿਸੇ ਦੂਜੇ ਦੀ ਪਰਵਾਹ ਨਹੀਂ ਕੀਤੀ ਸੀ। ਇੱਥੋਂ ਹੀ ਸਿਸਟਮ ਖਰਾਬ ਹੋਇਆ ਸੀ। ਉਹ ਇਹ ਗੱਲ ਬਿਲਕੁਲ ਭੁੱਲ ਚੁੱਕੀ ਸੀ ਕਿ ਕੋਈ ਉਸ ਤੋਂ ਛੋਟਾ ਵੀ ਸਿਆਣੀ ਗੱਲ ਕਰ ਸਕਦਾ ਆ।....ਮੈਂ ਉਹਨਾਂ ਦੇ ਸਾਰੇ ਡੈਟੇ ਕੰਪਿਊਟਰ 'ਚ ਫੀਡ ਕਰ ਰਹੀ ਹਾਂ......ਇਹਦਾ ਸਾਰ ਵੀ ਤੁਹਾਨੂੰ ਪੜ੍ਹਾਊਂਗੀ। ਕੰਪਿਊਟਰ ਦੀ ਰਾਇ ਵੀ ਲਵਾਂਗੀ।" ਉਹ ਕਿਥੋਂ ਤੱਕ ਸੋਚਦੀ ਹੈ।

ਪੂਨਮ ਦੀ ਕੋਸ਼ਿਸ਼ ਹੈ ਕਿ ਉਹਨੇ ਮੈਨੂੰ ਮਾਡਰਨ ਬਣਾਉਣਾ ਹੈ। ਉਹ ਕਹਿੰਦੀ, "ਅੱਜ ਦੇ ਸਮੇਂ ਵਿਚ ਉਹੀ ਕਾਮਯਾਮ ਹੋ ਜਾਂਦਾ-ਜਿਸ ਕੋਲ ਸਾਰਪ ਬਰੇਨ ਹੋਵੇਗਾ।.....ਜਦੋਂ ਪਰਿਵਾਰ ਵਿੱਚ ਦੋਵੇਂ ਜੀਅ ਕਮਾਊ ਹੋਣ-ਉਦੋਂ ਕਿਸੇ 'ਤੇ ਇਕਨੌਮਿਕ ਡੀਪੈਂਡਿਟ ਘੱਟ ਜਾਂਦੀ। ਤੁਹਾਡੀ ਜ਼ਿੰਦਗੀ ਦੀ ਵੀ ਇਹ ਗਲਤੀ ਆ। ਕਿਤੇ ਇਕੱਲੇ ਬੈਠ ਕੇ ਸੋਚੀਉ।"

ਪੂਨਮ ਦੀ ਗੱਲ ਸੱਚੀ ਸੀ। ਵਿਆਹ ਦੇ ਪਹਿਲੇ ਪੰਦਰਾਂ ਸਾਲ ਬਹੁਤ ਔਖੇ ਲੰਘੇ ਸਨ। ਸੁਦੇਸ਼ ਦੀ ਤਨਖ਼ਾਹ ਨਾਲ ਘਰ ਦਾ ਖਰਚਾ ਮਸਾਂ ਚਲਦਾ ਸੀ। ਉਪਰੋਂ ਕਬੀਲਦਾਰੀ ਦੇ ਖਰਚੇ। ਸੁਦੇਸ਼ ਦੇ ਸੀਨੀਅਰ ਸਹਾਇਕ ਬਣਨ ਤੇ ਚੰਗੀ ਸੀਟ ਮਿਲਣ ਨਾਲ ਘਰ ਦੀ ਨੁਹਾਰ ਬਦਲੀ ਸੀ। ਮੈਂ ਉਸ ਨੂੰ ਪਲ-ਪਲ ਮਰਦਿਆਂ ਦੇਖਿਆ ਸੀ। ਮੈਂ ਆਪ ਪਲ-ਪਲ ਮਰੀ ਸੀ। ਉਸ ਦੀਆਂ ਚਾਰ ਭੈਣਾਂ ਸਨ। ਨਿੱਤ ਕਿਸੇ ਨਾ ਕਿਸੇ ਦਾ ਕੋਈ ਦਿਨ-ਸੁਧ ਆ ਜਾਂਦਾ। ਜੇ ਦੋ ਪੈਸੇ ਜੁੜਦੇ ਤਾਂ ਉਧਰ ਨਿਕਲ ਜਾਂਦੇ। ਸੁਦੇਸ਼ ਕਹਿੰਦਾ, "ਆਪਾਂ ਤਾਂ ਔਖਾ ਸਮਾਂ ਕੱਟ ਲਿਆ। ਬੱਚੇ ਸੈੱਟ ਹੋ ਜਾਣ-ਆਪਣੀ ਇਹੀ ਪ੍ਰਾਪਤੀ ਹੋਵੇਗੀ।" ਉਪਰੋਂ ਚੰਗੀ ਗੱਲ ਇਹ ਹੋਈ ਸੀ ਕਿ ਅਸੀਂ ਛੋਟਾ ਸ਼ਹਿਰ ਛੱਡ ਆਏ ਸੀ। ਉਥੋਂ ਦਾ ਮਕਾਨ ਵੇਚ ਕੇ ਇਥੇ ਆਪਣੀ ਮਰਜ਼ੀ ਦੀ ਕੋਠੀ ਬਣਾ ਲਈ ਸੀ। ਸੁਦੇਸ਼ ਕਹਿੰਦਾ, "ਜੇ ਮੈਂ ਨੂਰਮਹੱਲ ਰਹਿੰਦਾ ਤਾਂ ਖੂਹ ਦਾ ਡੱਡੂ ਬਣਿਆ ਰਹਿਣਾ ਸੀ। ਵੱਡੇ ਸ਼ਹਿਰ ਦੀਆਂ ਵੱਡੀਆਂ ਗੱਲਾਂ ਹੁੰਦੀਆਂ। ਇਥੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਆ।"

ਸ਼ਾਮੀਂ ਪੂਨਮ ਦਾ ਫੋਨ ਆਇਆ ਸੀ, "ਮੰਮੀ-ਮੈਂ 97.5 ਨੰਬਰ ਲਏ।"

"ਤੇਰਾ ਰਿਜਲਟ ਅੱਜ ਹੀ ਆ ਗਿਆ?"

"ਹਾਂ-ਪੰਜ ਮਿੰਟ ਪਹਿਲਾਂ ਕੰਪਿਊਟਰ 'ਤੇ ਆ ਗਿਆ। ਮੋਨੀਟਰ 'ਤੇ ਕੁਅਸ਼ਚਨ ਆਉਂਦੇ ਸੀ। ਮੈਂ ਨਾਲੋਂ ਨਾਲ ਜੁਆਬ ਦਈ ਗਈ। ਇਧਰ ਆਖਿਰੀ ਕੁਅਸ਼ਚਨ ਦਾ ਜੁਆਬ ਦਿੱਤਾ-ਉਧਰ ਰਿਜਲਟ ਵੀ ਆ ਗਿਆ।"

"ਅੱਜ ਬੜੀਆਂ ਖ਼ੁਸ਼ੀਆਂ ਵਾਲਾ ਦਿਨ ਚੜ੍ਹਿਆ। ਤੇਰਾ ਮੋਬਾਇਲ ਬੰਦ ਸੀ..... ਤੈਨੂੰ ਇਕ ਖ਼ੁਸ਼ੀ ਦੀ ਗੱਲ ਦੱਸਾਂ-ਇਹ ਵੀ ਤੇਰੇ ਲਈ ਸਰਪ੍ਰਾਈਜ਼ ਹੋਣੀ। ਹਰਸੂਰਤ ਦਾ ਫੋਨ ਆਇਆ.... ਮਾਂ ਨੇ ਸੁਣਿਆ ਸੀ.....ਉਹ ਨੂੰ ਅਸਟ੍ਰੇਲੀਆ ਦਾ ਵੀਜਾ ਮਿਲ ਗਿਆ।" ਮੈਨੂੰ ਪੂਨਮ ਨਾਲੋਂ ਹਰਸੂਰਤ ਦੀ ਜ਼ਿਆਦਾ ਖ਼ੁਸ਼ੀ ਹੋਈ ਸੀ।

ਇਕ ਪਲ ਲਈ ਪੂਨਮ ਨੇ ਕੋਈ ਜੁਆਬ ਨਹੀਂ ਦਿੱਤਾ ਸੀ। ਫਿਰ ਉਹ ਕਾਹਲੀ-ਕਾਹਲੀ ਬੋਲੀ ਸੀ, "ਇਹ ਵੀ ਚੰਗੀ ਖ਼ਬਰ ਆ। ਆਪਾਂ ਉਹਨੂੰ ਪਾਰਟੀ ਕਰਨੀ ਆ। ਅੱਜ ਹੀ ਸ਼ਾਮ ਨੂੰ। ਫੇਰ ਮੈਂ ਬੀਜੀ ਹੋ ਜਾਣਾ। ਤੁਸੀਂ ਐਦਾਂ ਕਰੋ-ਬਸ ਸਟੈਂਡ ਵਾਲੀ ਬਸ ਫੜ ਕੇ ਆ ਜਾਊ। ਆਪਾਂ ਬਾਈ ਦੀ



ਮਾਰਕੀਟ 'ਚੋਂ ਸਾਮਾਨ ਖਰੀਦ ਲਵਾਂਗੀਆਂ। ਠੀਕ ਹੈ ਨਾ। ਘਰ ਆ ਕੇ ਹੀ ਹਰਸੂਰਤ ਨੂੰ ਫੋਨ ਕਰਾਂਗੀ।"

ਅਸੀਂ ਸਾਮਾਨ ਖਰੀਦ ਕੇ ਵਾਪਸ ਆਈਆਂ ਤਾਂ ਲੌਬੀ 'ਚ ਹਰਸੂਰਤ ਕੋਲ ਮਾਂ ਬੈਠੀ ਸੀ। ਇਹ ਸਾਡੇ ਦੋਹਾਂ ਲਈ ਅਚੰਭਾ ਸੀ। ਮਾਂ ਤਾਂ ਉਹਨੂੰ ਅਥਾਹ ਨਫ਼ਰਤ ਕਰਦੀ ਸੀ। ਉਹ ਤਾਂ ਉਸ ਦੇ ਮੱਥੇ ਨਹੀਂ ਲੱਗਦੀ ਸੀ। ਅੱਜ ਆਹ ਕਿਵੇਂ ਹੋ ਗਿਆ। ਮਾਂ ਮੈਨੂੰ ਵਾਰ-ਵਾਰ ਕਹਿੰਦੀ ਸੀ, "ਮੈਨੂੰ ਇਸ ਮੁੰਡੇ ਦਾ ਚਾਲ ਚਲਣ ਚੰਗਾ ਨ੍ਹੀਂ ਲੱਗਦਾ। ਪੂਰਾ ਫੁਕਰਾ ਲੱਗਦਾ। ਇਹਦੇ ਕਪੜਿਆਂ ਵੱਲ ਦੇਖ ਕੇ ਖਿਝ ਆਉਂਦੀ। ਇਹਨੂੰ ਕਹਿ ਕੇ ਕਿ ਸਾਡੇ ਘਰ ਨਾ ਆਇਆ ਕਰੇ। ਜੇ ਤੈਨੂੰ ਕਹਿਣ ਵਿਚ ਸੰਗ ਲੱਗਦੀ ਤਾਂ ਮੈਂ ਕਹਿ ਦਵਾਂ।" ਮੈਂ ਉਹਨੂੰ ਕਿਹਾ ਸੀ ਕਿ ਇਸ ਬਾਰੇ ਪਹਿਲਾਂ ਪੂਨਮ ਨੂੰ ਪੁੱਛ ਲੈ। ਮਾਂ ਪੂਨਮ ਕੋਲੋਂ ਬਚਦੀ ਸੀ। ਸ਼ਾਇਦ ਡਰਦੀ ਵੀ ਹੋਵੇ। ਪੂਨਮ ਦਾ ਕੀ ਪਤਾ ਕਿ ਅਗੋਂ ਇਹ ਕੀ ਕਹਿ ਦੇਵੇ। ਕੀ ਦੀਆਂ ਕੀ ਸੁਣਾ ਦੇਵੇ।

ਮਾਂ ਕਹਿ ਰਹੀ ਸੀ, "ਕਾਕਾ-ਮਿਹਨਤ ਨਾਲ ਬੰਦਾ ਕੀ ਨ੍ਹੀਂ ਕਰ ਸਕਦਾ। ਤੂੰ ਬਾਹਰ ਚਲਿਆਂ। ਜਾ ਕੇ ਪੂਨਮ ਨੂੰ ਸੱਦ ਲਈਂ। ਮੇਰੇ ਲਈ ਵਧੀਆ ਜਿਹਾ ਸੂਟ ਭੇਜੀਂ। ਦੇਖੀਂ ਭੁੱਲ ਨਾ ਜਾਈਂ---- ਵਾਇਦਾ ਕਰ।"

ਅਸੀਂ ਬਾਹਰਲੇ ਦਰਵਾਜ਼ੇ ਕੋਲ ਖੜੀਆਂ ਹੀ ਮਾਂ ਦਾ ਡਰਾਮਾ ਦੇਖ ਰਹੀਆਂ ਸੀ। ਪੂਨਮ ਤੋਂ ਰਿਹਾ ਨਹੀਂ ਗਿਆ ਸੀ। ਉਹਨੇ ਹੌਲੀ ਜਿਹੇ ਮੇਰੇ ਕੰਨ 'ਚ ਕਿਹਾ, "ਮੰਮੀ ਜੀ-ਮੈਂ ਮੰਨਾਂ ਜਾਂ ਨਾ ਮੰਨਾਂ। ਤੁਸੀਂ ਮੰਨੋ ਜਾਂ ਨਾ ਮੰਨੋ-ਮਾਂਜੀ ਨੇ ਹਰਸੂਰਤ ਨੂੰ ਮੇਰੇ ਲਈ ਚੁਣ ਲਿਆ। ਦੇਖੋ ਮਾਂਜੀ ਕੀ ਕਰਦੇ। ਹੁਣ ਮਾਂ ਜੀ ਨੂੰ ਤੁਸੀਂ ਆਪ ਹੀ ਦੱਸੋ-ਅਜੇ ਉਹ ਮੇਰਾ ਰੀਅਲ ਲਾਈਫ ਹੀਰੋ ਨ੍ਹੀਂ। ਉਹਦੇ ਵਰਗੇ ਮੇਰੇ ਪੰਜ ਹੋਰ ਮਿੱਤਰ ਆ।"

ਮਾਂ ਨੇ ਪੂਨਮ ਨੂੰ ਵਧਾਈਆਂ ਦਿੱਤੀਆਂ ਸਨ। ਉਹਨੂੰ ਘੁਟ ਕੇ ਜੱਫ਼ੀ ਪਾਈ ਸੀ। ਪਿਆਰ ਦਿੱਤਾ ਸੀ। ਪੂਨਮ ਨੇ ਮਾਂ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਨਾ ਹੀ ਉਸ ਦੀ ਕਿਸੇ ਗੱਲ ਦਾ ਜੁਆਬ ਦਿੱਤਾ। ਉਹ ਹਰਸੂਰਤ ਕੋਲ ਜਾ ਬੈਠੀ ਸੀ। ਮੈਨੂੰ ਖ਼ੁਸ਼ੀ ਨੇ ਆ ਘੇਰਿਆ ਸੀ। ਕੀ ਪਤਾ-ਪੂਨਮ ਉਤਲੇ ਮਨੋਂ ਕਹਿ ਰਹੀ ਹੋਵੇ। ਇਸ ਖ਼ੁਸ਼ੀ ਦੇ ਪਲ ਸੁਦੇਸ਼ ਨਾਲ ਸਾਂਝੇ ਕਰਨ ਲਈ ਮੈਂ ਉਸ ਦੇ ਦਫ਼ਤਰ ਫੋਨ ਕਰਨ ਲਈ ਡਰਾਇੰਗ ਰੂਮ 'ਚ ਗਈ ਤਾਂ ਪੂਨਮ ਕਹਿ ਰਹੀ ਸੀ, " ਹਰਸੂਰਤ ਤੈਨੂੰ ਇੱਕ ਗੱਲ ਹੋਰ ਦੱਸਾਂ-ਇਹ ਵੀ ਖ਼ੁਸ਼ੀ ਵਾਲੀ ਗੱਲ ਆ। ਇਹਦੇ ਬਾਰੇ ਅਜੇ ਤਾਈਂ ਮੈਂ ਕਿਸੇ ਨੂੰ ਨ੍ਹੀਂ ਦੱਸਿਆ। ਈਵਨ ਮੰਮੀ ਨੂੰ ਵੀ ਨ੍ਹੀਂ। ਮੈਨੂੰ ਐਸਕਾਰਟ ਵੱਲੋਂ ਆਫਰ ਆਈ ਆ। ਵੀਹ ਹਜ਼ਾਰ ਰੁ: ਤਨਖਾਹ। ਐਕਮੋਡੇਸ਼ਨ ਫਰੀ। ਮੈਂ ਅਗਲੇ ਹਫਤੇ ਫਰੀਦਾਬਾਦ ਜੋਆਇਨ ਕਰਨ ਜਾ ਰਹੀ ਹਾਂ। ਆਉਣ ਵਾਲੇ ਦਿਨਾਂ ਬਾਰੇ ਮੈਂ ਕੁਸ਼ ਨ੍ਹੀਂ ਕਹਿ ਸਕਦੀ। ਤੂੰ ਆਪਣੀ ਪੜ੍ਹਾਈ ਵੱਲ ਧਿਆਨ ਦੇਈਂ। ਜੇ ਪੌਕਟ ਅਲੋਅ ਕਰੇ ਤਾਂ ਕਦੇ ਫੋਨ ਕਰ ਲਿਆ ਕਰੀਂ। .........।"

ਮੇਰੇ ਸਿਰ ਨੂੰ ਘੁੰਮੇਟਣੀ ਜਿਹੀ ਆ ਗਈ ਸੀ। ਹੁਣ ਮੈਂ ਮਾਂ ਨੂੰ ਇਹ ਗੱਲ ਕਿਵੇਂ ਸਮਝਾਵਾਂ ਕਿ.........। ੦

# ਉਹ ਕੌਣ ਸੀ? / ਧਰਮਪਾਲ ਸਾਹਿਲ

***ਧਰਮ ਪਾਲ ਸਾਹਿਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਕਾਫੀ ਦੇਰ ਤੋਂ ਕਹਾਣੀ ਲਿਖਦਾ ਆ ਰਿਹਾ ਹੈ। ਉਸ ਨੇ ਦੋ ਕਹਾਣੀ ਸੰਗ੍ਰਹਿ ਮੇਰਾ ਮਣਕੂ, ਤੇ ਨੀਂਹ ਦੇ ਪੱਥਰ, ਪੰਜਾਬੀ ਪਾਠਕਾਂ ਨੂੰ ਦਿੱਤੇ ਹਨ। ਹਿੰਦੀ ਵਿਚ ਵੀ ਕਹਾਣੀ ਲਿਖਦਾ ਹੈ। ਉਸ ਦਾ ਮਿੰਨੀ ਕਹਾਣੀ ਵਿਚ ਕਾਫੀ ਯੋਗਦਾਨ ਹੈ।***

***ਸੰਪਰਕ ਪਤਾ 1677-ਐਲ-ਟੀ$^{3}$, ਸੈਕਟਰ-3,***

***ਤਲਵਾੜਾ ਟਾਊਨਸਿੱਪ, ਪੰਜਾਬ।***

"ਮਹੇਸ਼ ਮੈਨੂੰ ਬੀ ਲਈ ਜਾ ਆਪਣੇ ਕੰਨੀ, ਮੈਂ ਤੇਰੇ ਬਗੈਰ ਜੀ ਕੇ ਕੀ ਕਰਨਾ, ਕੌਣ ਏ ਤੇਰੇ ਬਿਨਾ ਇਥੇ ਮੇਰਾ...? " ਵਿਲਕਦੀ ਚੀਕਦੀ ਗੌਰੀ, ਔਰਤਾਂ ਦੇ ਝੁੰਡ ਵਿਚੋਂ ਉਠ ਕੇ ਚਿਖਾ ਵੱਲ ਭੱਜੀ। ਚਿਖ਼ਾ 'ਤੇ ਮਹੇਸ਼ ਦੀ ਲਾਸ਼ ਰਖ ਕੇ ਲੱਕੜੀਆਂ ਚਿਣਦੇ ਲੋਕਾਂ ਨੇ ਉਸ ਨੂੰ ਲਾਗੇ ਆਉਣ ਤੋਂ ਰੋਕ ਦਿੱਤਾ। ਉਸ ਦੇ ਮਗਰ ਉਠ ਕੇ ਆਈਆਂ ਔਰਤਾਂ ਨੇ ਉਸ ਨੂੰ ਸਾਂਭਿਆ ਤੇ ਰੋਂਦੀ ਪਿਟਦੀ, ਹੱਥ ਪੈਰ ਮਾਰਦੀ ਗੌਰੀ ਨੂੰ ਖਿੱਚ ਕੇ ਲਿਆ ਕੇ ਆਪਣੇ ਵਿਚਕਾਰ ਬਿਠਾ ਲਿਆ ਸੀ। ਗੌਰੀ 'ਤੇ ਆਪਣੇ ਪਤੀ ਮਹੇਸ਼ ਦਾ ਜਵਾਨੀ ਦੀ ਉਮਰੇ ਹੀ ਇੰਜ ਚਲੇ ਜਾਣਾ ਬਰਦਾਸ਼ਤ ਨਹੀਂ ਸੀ ਹੋ ਰਿਹਾ। ਰੋ-ਰੋ ਕੇ ਸੁੱਜੀਆਂ ਅੱਖਾਂ, ਹੰਝੂਆਂ ਨਾਲ ਭਿੱਜਿਆ ਚਿਹਰਾ, ਮਹੇਸ਼ ਨੂੰ 'ਵਾਜਾਂ ਮਾਰ ਮਾਰ ਕੇ ਬੈਠਾ ਗ਼ਲਾ। ਦੋਵੇ ਬੱਚੇ ਵੀ ਪਿਤਾ ਦੀ ਚਿਣੀਂ ਜਾਂਦੀ ਚਿਖ਼ਾ ਤੇ ਮਾਂ ਦੀ ਹਾਲਤ ਵੇਖ ਕੇ ਹੈਰਾਨ ਤੇ ਸਹਿਮੇ ਖੜੇ ਸਨ। ਇਹ ਸਭ ਉਨ੍ਹਾਂ ਦੀ ਬਾਲ ਬੁੱਧੀ ਤੋਂ ਪਰੇ ਸੀ ਕਿ ਕਿਉਂ ਉਨ੍ਹਾਂ ਦੇ ਪਿਤਾ ਦੀ ਚਿਖਾ ਤਿਆਰ ਕੀਤੀ ਜਾ ਰਹੀ ਹੈ ਤੇ ਉਸ ਨੂੰ ਵੇਖ ਕੇ ਉਨ੍ਹਾਂ ਦੀ ਮਾਂ ਇੰਝ ਵਿਲਕ ਰਹੀ ਹੈ ਤੇ ਮਾਤਮੀ ਚਿਹਰਿਆਂ ਵਾਲੇ ਲੋਕੀ ਕਿਉਂ ਇਕੱਠੇ ਹਨ। ਜਦੋਂ ਗੌਰੀ ਉਨ੍ਹਾਂ ਦੇ ਪਿਤਾ ਨੂੰ ਪੁਕਾਰਦੀ ਤਾਂ ਉਹ ਵੀ "ਪਾਪਾ ਪਾਪਾ" ਚੀਕਣ ਲਗ ਪੈਂਦੇ। ਫਿਰ ਇਕ ਬਜ਼ੁਰਗ ਨੇ ਚਿਖ਼ਾ ਤੇ ਲਕੜੀ ਰੱਖ ਦਿਆ ਰੋਕਦਿਆਂ ਕਿਹਾ, "ਚਲੋ ਆਖਰੀ ਵਾਰ ਗੌਰੀ ਨੂੰ ਉਸਦੇ ਪਤੀ ਦੇ ਦਰਸ਼ਨ ਕਰਾਈ ਦੇਵੋ, ਉਸ ਦੇ ਨਿਆਣਿਆਂ ਨੂੰ ਵੀ ਲਈ ਆਵੋ ਨਾਲ ਈ।"

ਔਰਤਾਂ 'ਗੌਰੀ' ਨੂੰ ਲੈ ਆਈਆਂ। ਬੱਚੇ ਵੀ ਮਾਂ ਦਾ ਝੱਗਾ ਫੜ ਕੇ ਰੋਂਦੇ ਹੋਏ ਨਾਲ ਨਾਲ ਆ ਗਏ। ਲਾਸ਼ ਦੇ ਮੂੰਹ ਤੋਂ ਕ਼ਫ਼ਨ ਹਟਾਇਆ ਗਿਆ। ਗੌਰੀ ਮਹੇਸ਼ ਦਾ ਬੇਜਾਨ ਚਿਹਰਾ ਦੋਹਾਂ ਹੱਥਾਂ ਵਿੱਚ ਲੈ ਕੇ ਬੋਲੀ, "ਉਏ ਲੋਕੋ, ਕੇ ਹੋਇਆ ਇੰਨੂੰ, ਏਹ ਤਾਂ ਸੁੱਤਾ ਪਿਆ, ਕੈਂਹ ਸੜਣ ਲੱਗੇ ਓ ਇੰਨੂੰ...।" ਮਾਂ ਨੂੰ ਪਾਗਲਾਂ ਵਾਂਗ ਹਰਕਤਾਂ ਕਰਦਿਆਂ ਵੇਖ ਬੱਚੇ ਵੀ, 'ਪਾਪਾ ਪਾਪਾ ਉਠੋ ਨਾ... ਨਾ ਸਾੜੋ ਸਾਡੇ ਪਾਪਾ ਨੂੰ ਕਹਿੰਦਿਆਂ ਮ੍ਰਿਤਕ ਮਹੇਸ਼ ਦਾ ਮੂੰਹ ਚੁੰਮਣ ਲੱਗ ਪਏ ਸਨ।" ਚਲੋ ਚਲੋ ਹੋ ਗਈ। ਇਸ ਮਿੱਟੀ ਦਾ ਮੋਹ ਛੱਡੋ ਇਸ ਨੂੰ ਹੁਣ ਪੰਜ ਤੱਤਾਂ ਵਿਚ ਮੁੜ ਕੇ ਜਾਣ ਦੇਵੋ, ਬਸ ਇੱਥੋ ਤਾਈਂ ਸਾਥ ਹੁੰਦਾ ਏ ਬੰਦੇ ਦਾ ਬੰਦੇ ਨਾਲ...।" ਬਜ਼ੁਰਗ ਦੇ ਕਹਿਣ ਤੇ ਬੜੀ ਮੁਸ਼ਕਲ ਨਾਲ ਖਿੱਚ ਕੇ ਗੌਰੀ ਤੇ ਉਸ ਦੇ ਬੱਚਿਆਂ ਨੂੰ ਉੱਥੇ ਹਟਾ ਲਿਆ ਗਿਆ।

ਚਿਖਾ ਤਿਆਰ ਹੋ ਗਈ। ਉੱਥੇ ਪੁੱਜੇ ਸਾਰੇ ਮਾਤਮ ਪੁਰਸ਼ੀਆਂ ਨੇ ਜਾਣ ਵਾਲੇ ਨੂੰ ਪ੍ਰਣਾਮ ਕਰਦਿਆਂ ਚੰਦਨ ਤੇ ਆਂਵਲ ਦੀ ਹਰੀ ਟਹਿਣੀਆਂ ਦੇ ਬਰੀਕ ਟੋਟੇ ਚਿੱਖਾਂ ਤੇ ਚੜ੍ਹਾਏ। ਮੰਤਰ ਉਚਾਰਣ ਨਾਲ ਮਹੇਸ਼ ਦੇ ਵੱਡੇ ਅੱਠ ਨੌਂ ਸਾਲ ਦੇ ਮੁੰਡੇ ਰਵੀ ਨੇ ਅੰਤਿਮ ਰਸਮਾਂ ਪੂਰੀਆਂ ਕਰਾਈਆਂ। ਫਿਰ ਉਸ ਦੇ ਹੱਥ ਬਲਦੀ ਹੋਈ ਮਸ਼ਾਲ ਫੜਾ ਦਿੱਤੀ ਗਈ। ਇਕ ਹੋਰ ਰਿਸ਼ਤੇਦਾਰ ਨੇ ਰਵੀ ਦੇ ਹੱਥਾਂ ਨੂੰ ਆਪਣੇ ਹੱਥਾਂ ਨਾਲ ਫੜ ਕੇ ਚਿੱਖਾ ਦਾ ਚੱਕਰ ਲਵਾਇਆ। ਰਗਮੀ ਦਾ ਮੌਸਮ ਹੋਣ ਕਰਕੇ, ਸੁੱਕੀਆ ਲਕੜੀਆਂ ਨੇ ਝੱਟ ਅੱਗ ਫੜ ਲਈ। ਵੇਖਦਿਆਂ ਹੀ ਵੇਖਦਿਆਂ ਚਿਖਾ ਨੇ ਤੇਜੀ ਨਾਲ ਅੱਗ ਫੜ ਲਈ। ਅੱਗ ਦੀਆਂ ਲਪਟਾਂ ਸ਼ਮਸ਼ਾਨ



ਦੀ ਛੱਤ ਛੂਹਣ ਲਈ ਬੇਤਾਬ ਹੋ ਉਠੀਆਂ। ਤੇਜ ਤਪਿਸ਼ ਕਾਰਣ ਲੋਕ ਪਿੱਛੇ ਵੱਲ ਨੂੰ ਹੱਟ ਗਏ।

ਤਦ ਨੂੰ ਇਕ ਵਾਰੀ ਫਿਰ ਗੌਰੀ ਕਮਾਨ 'ਚੋਂ ਨਿਕਲੇ ਤੀਰ ਵਾਂਗ ਔਰਤਾਂ ਵਿਚੋਂ ਨਿਕਲੀ ਤੇ , "ਮਹੇਸ਼ , ਮੈਂ ਆਵਾਂਗੀ ... ਤੇਰੇ ਕੋਲ , ਇੱਥੇ ਕੌਣ ਏ ਮੇਰਾ ... ਤੇਰੇ ਸਿਵਾ...।" ਕਹਿੰਦੀ ਹੋਈ ਬਲਦੀ ਚਿਖਾ ਵੱਲ ਭੱਜ ਪਈ। ਇਸ ਤੋਂ ਪਹਿਲਾਂ ਕਿ ਉਹ ਪਰਚੰਡ ਚਿਖਾ ਕੋਲ ਪੁੱਜਦੀ ਨੇੜੇ ਖੜੋਤੇ ਵਿਨੋਦ ਨੇ ਬਿਜਲੀ ਵਰਗੀ ਤੇਜੀ ਨਾਲ ਅੱਗੇ ਵੱਧ ਕੇ ਗੌਰੀ ਨੂੰ ਦੋਹਾਂ ਬਾਹਾਂ ਤੋਂ ਫੜ ਕੇ ਰੋਕ ਲਿਆ। ਹੋਰ ਮਰਦ-ਔਰਤਾਂ ਵੀ ਉੱਠ ਕੇ ਅੱਗੇ ਵਧੀਆਂ ਤੇ "ਹੋਸ਼ ਕਰ ਲਾੜੀਏ... ਸਾਂਭ ਆਪਣੇ ਆਪੇ ਨੂੰ... ਨਿਆਣਿਆਂ ਬਾਰੇ ਤਾਂ ਸੋਚ ਲੈ ਇਨ੍ਹਾਂ ਦਾ ਹੁਣ ਕੌਣ ਐ...? ਤੂੰ ਹੀ ਇਨ੍ਹਾਂ ਦੀ ਮਾਂ ਤੇ ਪੇ ਐਂ ਇਆਂ ਕਰੀਕੇ ਇਨ੍ਹਾਂ ਨੂੰ ਅਨਾਥ ਕਰਨਾ ਐ।" ਕਹਿ ਕੇ ਸਮਝਾਉਣ ਲਗੀਆਂ।

"ਨਹੀਂ ਮਿੰਨੂੰ ਛੱਡੀ ਦੇਵੋ... ਮੈਂ ਨੀ ਜੀਅ ਸਕਦੀ ਮਹੇਸ਼ ਬਿਨਾਂ ਮਿੰਨੂੰ ਬੀ ਨਾਲ ਈ ਸੜੀ ਜਾਣ ਦੇਵੋ ਕੋਈ ਨੀ ਇੱਥੇ ਮੇਰਾ...।" ਚੀਕਦੀ ਹੋਈ ਗੌਰੀ ਪੂਰਾ ਜੋਰ ਲਾ ਕੇ ਵਿਨੋਦ ਦੇ ਹੱਥਾਂ 'ਚੋਂ ਨਿਕਲ ਜਾਣਾ ਚਾਹੁੰਦੀ ਸੀ। ਗੌਰੀ ਦੀ ਇਹ ਹਾਲਤ ਕਿਸੇ ਤੋਂ ਵੀ ਵੇਖੀ ਨਹੀਂ ਸੀ ਜਾਂਦੀ। ਗੌਰੀ ਦਾ ਆਪਣੇ ਪਤੀ ਮਹੇਸ਼ ਪ੍ਰਤੀ ਪ੍ਰੇਮ ਤੇ ਉਸ ਦਾ ਵਿਛੋੜਾ ਨਾ ਸਹਿ ਸਕਣਾ, ਉੱਥੇ ਹਾਜਿਰ ਲੋਕ ਪੂਰੀ ਸ਼ਿੱਦਤ ਨਾਲ ਮਹਿਸੂਸ ਕਰ ਰਹੇ ਸਨ। ਵਿਨੋਦ, ਗੌਰੀ ਨੂੰ ਬਾਹਾਂ ਤੋਂ ਫੜ ਕੇ ਮੁੜ ਪਰੇ ਬੈਠੀਆਂ ਔਰਤਾਂ ਵੱਲ ਧੂਹ ਕੇ ਲਿਜਾ ਰਿਹਾ ਸੀ। ਉਹ ਵੀ ਅਥਰੂ ਭਿੱਜੀਆਂ ਅੱਖਾਂ ਨਾਲ ਗੌਰੀ ਦਾ ਵਿਰਲਾਪ ਤੇ ਤੜਫਣਾ ਵੇਖ-ਸੁਣ ਰਿਹਾ ਸੀ। ਉਸਦੀ ਸੋਚ ਸੁੰਨ ਹੋ ਗਈ ਸੀ। ਗੌਰੀ ਨੂੰ ਇਸ ਹਾਲਤ ਤੇ ਰੂਪ ਵਿੱਚ ਵੇਖ ਕੇ।

ਵਿਨੋਦ, ਗੌਰੀ ਦਾ ਗੁਆਂਢੀ ਸੀ। ਗੌਰੀ ਵੀ ਉਸੇ ਕਸਬੇ ਦੇ ਇਕ ਦਫ਼ਤਰ ਵਿਚ ਕਲਰਕ ।ਪਤੀ ਮਹੇਸ਼ ਦੀ ਪੋਸਟਿੰਗ ਕਿਸੇ ਦੂਸਰੇ ਸ਼ਹਿਰ ਵਿੱਚ ਸੀ। ਉਹ ਗਾਹੇ ਬਗਾਰੇ ਸ਼ਨੀ-ਐਤ ਛੁੱਟੀ ਤੇ ਆਉਂਦਾ। ਰਵੀ ਤੋਂ ਛੋਟਾ ਸਵੀ ਅਜੇ ਚਾਰ ਪੰਜ ਵਰਿਆਂ ਦਾ ਸੀ। ਦੋਵੇਂ ਬੱਚੇ ਸਕੂਲ ਜਾਂਦੇ। ਗੌਰੀ ਦਾ ਇਕਹਿਰਾ ਲੰਮ-ਸਲੰਮਾ ਸ਼ਰੀਰ, ਫਿਲਮੀ ਢੰਗ ਨਾਲ ਫਬੱਵਾ ਤੇ ਫਿਲਮੀ ਅੰਦਾਜ ਵਿੱਚ ਹੀ ਗੱਲ ਬਾਤ ਅੱਖਾਂ ਹੱਥ ਤੇ ਬੁੱਲ ਨਚਾਉਦਿਆਂ ਗੱਲ ਕਰਨੀ। ਕੋਲ ਖੜੀ ਹੁੰਦੀ ਤਾਂ ਇਤਰ ਦੀ ਤਿੱਖੀ ਗੰਧ ਨਾਲ ਵਾਤਾਵਰਣ ਮਹਿਕ ਜਾਂਦਾ। ਲੰਬੂਤਰੇ ਗੋਰੇ ਚਿਹਰੇ ਤੇ ਭੂਰੇ ਰੰਗ ਦਾ ਚਸ਼ਮਾ... ਇਹ ਰੂਪ ਕਈ ਹੀਰੋਈਨਾਂ ਤੇ ਮਾਡਲਾਂ ਨੂੰ ਮਾਤ ਪਾਉਂਦਾ। ਉਸ ਦਾ ਤਰਾਸ਼ਿਆ ਜਿਸਮ ਤੇ ਮੇਕਅੱਪ ਵੇਖ ਕੇ ਇਹ ਕਹਿਣਾ ਮੁਸ਼ਕਲ ਹੋ ਜਾਂਦਾ ਕਿ ਇਹ ਦੋ ਬੱਚਿਆ ਦੀ ਮਾਂ ਹੈ। ਗੱਲ ਗੱਲ ਵਿੱਚ ਅੰਗ੍ਰੇਜ਼ੀ ਦੇ ਸ਼ਬਦਾਂ ਦਾ ਪ੍ਰਯੋਗ। ਹਰ ਚੀਜ ਸਟਾਈਲਿਸ਼। ਜਿਸ ਨੂੰ ਵੇਖ ਕੇ ਵਿਨੋਦ ਦੀ 'ਗ੍ਰਹਿਸ਼ੋਭਾ' ਪਤਨੀ ਮੀਨਾ ਸੁਭਾਵਕ ਈਰਖਾਵਸ਼ ਕਹਿ ਦਿੰਦੀ, "ਦਿਖ ਖਾਂ, ਕੀਆਂ ਉਡਦੀ ਫਿਰਦੀ ਏ ਜੀਆਂ ਸੋਲਾਂ ਸਾਲਾਂ ਦੀ ਕੁੜੀ ਚਿੜੀ ਏ... ਜੀਆਂ ਡੋਲੇ ਤੋਂ ਹੁਣੇ ਈ ਬਾਹਰ ਨਿਕਲੀ ਹੋਵੇ...।"

ਗੌਰੀ ਆਪਣੇ ਮੋਟਰ-ਬਾਈਕ 'ਤੇ ਦਫ਼ਤਰ ਆਂਦੀ ਜਾਂਦੀ। ਉੱਥੇ ਮਰਦਾ ਨਾਲ ਕੰਮ ਕਰਨ ਕਰਕੇ ਪੂਰੀ ਬੇਬਾਕੀ ਨਾਲ ਹਰ ਗੱਲ ਕਰ ਲੈਂਦੀ। ਜਦੋਂ ਜੀ ਕਰਦਾ ਵਿਨੋਦ ਦੇ ਘਰ ਆ ਜਾਂਦੀ, "ਭਾਬੀ-ਭਾਬੀ ਕਰਦੀ ਉਸ ਨਾਲ ਹੱਥ ਮਿਲਾਉਂਦੀ ਜੇ ਲਾਗੇ ਵਿਨੋਦ ਵੀ ਖੜਾ ਹੁੰਦਾ ਤਾਂ ਉਸ ਅੱਗੇ ਵੀ ਹੱਥ ਵਧਾ ਕੇ ਸੇਕ ਹੈਂਡ ਕਰ ਲੈਂਦੀ। ਪਹਿਲਾਂ ਪਹਿਲ ਪਤਨੀ ਸ੍ਹਾਮਣੇ ਹੀ ਗੌਰੀ ਨਾਲ ਹੱਥ ਮਿਲਾਉਂਦਿਆਂ ਵਿਨੋਦ ਝਿਜਕ ਜਾਂਦਾ ।ਫਿਰ ਹੌਲੀ ਹੌਲੀ ਉਸਦੀ ਇਹ ਝਿਜਕ ਦੂਰ ਹੁੰਦੀ ਗਈ ਸੀ। "ਭਾਬੀਏ ਕੇ ਬਣਾਇਆ ਮਾੜੇ ਜੇਹਾ ਟੈਸਟ ਤਾਂ ਕਰਾ... ਵਿਨੋਦ ਜੀ ਤੁਹਾਡੀ ਲਾੜੀ ਖਾਣਾ ਬਹੁਤ ਈ ਟੇਸਟੀ ਬਣਾਦੀ ਮੈਂ ਤਾਂ ਉਂਗਲਾਂ ਈ ਚਟਦੀ ਰਹਿ ਜਾਂਦੀ ਆਂ... ਯੂ ਆਰ ਵੈਰੀ ਲੱਕੀ ਪਰਸਨ, ਤੁਹਾਨੂੰ ਇੰਨੀ ਚੰਗੀ ਲਾਈਫ ਪਾਰਟਨਰ ਮਿਲੀ ਐ...।" ਵਿਨੋਦ ਮੁਸਕਰਾਉਂਦਾ ਹੋਇਆ ਸੋਚਦਾ , "ਮਹੇਸ਼ ਵੀ ਤਾਂ ਕਿੰਨਾ ਲੱਕੀ ਏ , ਜਿਸ ਨੂੰ ਗੌਰੀ ਵਰਗੀ ਸਮਾਰਟ ਤੇ ਕਮਾਊ ਵਾਈਫ ਮਿਲੀ ਐ...।" ਪਰ ਉਸ ਤੋਂ ਮੀਨਾ ਸਹਾਵੇਂ ਇਹ ਗੱਲ ਨਾ ਕਹਿ ਹੁੰਦੀ। ਉਹ ਜਿਵੇਂ ਅੱਖਾਂ ਹੀ ਅੱਖਾਂ ਨਾਲ ਸਿਰ ਤੋਂ ਪੈਰਾਂ ਤਾਈਂ ਛਲਕਦੇ ਗੌਰੀ ਦੇ ਹੁਸਨ ਨੂੰ

ਇਕੋ ਘੁੱਟ ਵਿੱਚ ਡੀਕ ਲਾ ਕੇ ਪੀ ਜਾਣਾ ਚਾਹੁੰਦਾ। ਗੌਰੀ ਵੀ ਵਿਨੋਦ ਦੀਆਂ ਅੱਖਾਂ ਦੀ ਭਾਸ਼ਾ ਪੜ੍ਹ ਲੈਂਦੀ ਤੇ ਅਚਾਨਕ ਕਹਿੰਦੀ, "ਵਿਨੋਦ ਜੀ ਯੂ ਨੋ ਕਿ ਮੈਂ ਕਿਸੇ ਵੀ ਆਦਮੀ ਦੀ ਬਾਡੀ ਲੈਂਗਵੇਜ ਈਜਲੀ ਰੀਡ ਕਰ ਸਕਨੀਂ ਆ ... ਆਈ ਨੋ ਵਟ ਆਰ ਯੂ ਥਿੰਕਿੰਗ ਅਬਾਊਟ ਮੀ...।" ਇਹ ਸੁਣ ਕੇ ਵਿਨੋਦ ਨੂੰ ਲਗਦਾ ਗੌਰੀ ਨੇ ਜਿਵੇਂ ਉਸ ਦੀ ਚੋਰੀ ਫੜ ਲਈ ਹੋਵੇ, ਉਹ ਅੰਦਰੋਂ ਅੰਦਰੀ ਸਹਿਮ ਉਠਦਾ। ਉਹ ਸੋਚਦਾ ਜੇ ਇਸ ਮੂੰਹ ਫਟ ਔਰਤ ਨੇ ਸੱਚ ਮੁੱਚ ਹੀ ਮੇਰੇ ਮਨ ਦੀ ਗੱਲ ਕਹਿ ਦਿੱਤੀ ਤਾਂ ਮੀਨਾ ਨੇ ਬਖੇੜਾ ਕਰ ਦੇਣਾ।

"ਅੱਜ ਨੀ ਚਲੋ ਫੇਰ ਸਹੀ ਹੁਣ ਮੈਂ ਦਫ਼ਤਰ ਲਈ ਲੇਟ ਹੋ ਰਹੀ ਹਾਂ...।" ਗੌਰੀ ਆਪਣੀ ਕਲਾਈ ਘੜੀ ਤੇ ਬੜੀ ਅਦਾ ਨਾਲ ਤੋਤਾ ਚਸ਼ਮੀ ਝਾਤ ਪਾਉਂਦੀ ਹੋਈ ਗੱਲ ਟਾਲ ਦਿੰਦੀ ਤੇ ਵਿਨੋਦ ਦੇ ਜਿਵੇਂ ਸਾਹ 'ਚ ਸਾਹ ਆਉਂਦਾ।

ਝੱਟ ਗੌਰੀ ਮੀਕੇ ਨੂੰ ਵੀ ਬਿਨ ਮੰਗਿਆ ਸਲਾਹਾਂ ਦੇਣ ਲੱਗਦੀ, "ਭਾਬੀਏ, ਜ਼ਰਾ ਬਣੀ ਠਣੀ ਕੇ ਰਿਹਾ ਕਰ ਨਾ... ਆਈ ਮੀਨ ਬਿਊਟੀ ਪਾਰਲਰ ਜਾਇਆ ਕਰ ਰੈਗੂਲਰਲੀ ... ਜ਼ਰਾ ਮੇਕਅੱਪ ਸ਼ੇਕਅੱਪ ਬੰਦੇ ਨੂੰ ਐਟਰੈਕਟਿਵ ਹੋਣਾ ਚਾਹੀਦਾ... ਤੇਰੇ ਫੀਚਰ ਤਾਂ ਬੜੇ ਚੰਗੇ ਨੇ...।"

"ਬਸ ਗੌਰੀਏ, ਮਿੰਨੂੰ ਸ਼ੁਰੂ ਤੋਂ ਈ ਸ਼ੌਕ ਨੀ ਇਨ੍ਹਾਂ ਗੱਲਾਂ ਦਾ ਕੇ ਲੈਣਾ ਜਾਦਾ ਬਣੀ ਫੱਬੀ ਕੇ, ਇਨ੍ਹਾਂ ਨੂੰ ਬੀ ਬੋਹਤਾ ਪਸੰਦ ਹੈ ਨੀ, ਪੁੱਠਾ ਸਿੱਧਾ ਮੇਕਅੱਪ ਤੇ ਫੈਸ਼ਨ।"

"ਛੱਡ ਭਾਬੀਏ ਕੀਨੂੰ ਚੰਗੀ ਨੀ ਲਗਦੀ ਯੰਗ ਤੇ ਸਮਾਰਟ ਤੀਵੀ, ਸਾਰੇ ਉਪਰੋ- ਉਪਰੋਂ ਧਰਮਾਤਮਾ ਬਣੇ ਫਿਰਦੇ ਨੇ, ਮੌਕਾ ਮਿਲੇ ਤਾਂ ਸਹੀ ਜ਼ਰਾ ਨੀ ਖੁੰਝਦੇ ਮੈਂ ਮਰਦਾ ਵਿਚ ਸਰਵਿਸ ਕਰਦੀ ਆ ਚੰਗੀ ਤਰ੍ਹਾਂ ਸਮਝਦੀ ਆਂ ਇਨ੍ਹਾਂ ਦੀ ਵੀਕਨੇਸ ਪਰ ਇਕ ਗੱਲ ਦੱਸਾਂ ਭਾਈ ਜਾਨ, ਤੇਰਾ ਹਸਬੈਂਡ ਸਚਮੁੱਚ ਸ਼ਰੀਫ ਆਦਮੀ ਐ ਮੈਂ ਜਿਨਾ ਬੀ ਰੀਡ ਕੀਤਾ ਬਾਕੀ ਮੈਂ ਕਿਹੜੀ ਰੱਬ ਆ ਉਨੂੰ ਈ ਪਤਾ ਬੰਦੇ ਅੰਦਰ ਕੇ ਐ... ਚੰਗਾ ਛੱਡ ... ਆਪਣੀਆਂ ਬੈਠਕਾ ਵਿਚ ਜਿਹੜੇ ਪਰਦੇ ਲਾਏ ਨੇ, ਇਹ ਕੰਧਾਂ ਦੇ ਪੇਂਟ ਨਾਲ ਸੂਟ ਨੀ ਕਰਦੇ, ਇਹ ਸੋਫਾ ਇਧਰ ਨੂੰ ਲਾਈ ਦੇ ਬੈੱਡ ਤਾਕੀ ਵੱਲ ਤੇ ਪੱਖੇ, ਟੀ. ਵੀ. ਉਸ ਖੂੰਜੇ ਵਿਚ ਇਹ ਪੋਟਰੇਟ ਇਥੋਂ ਦੀ ਬਜਾਏ ਉਸ ਕੰਧ ਤੇ ਲਾਈ ਦਿੱਸ ਆਈ ਥਿੰਕ ਕਿ ਜਾਦਾ ਜਚੇਗਾ। ਇਕ ਵਾਰੀ ਮੇਰੀ ਮਰਜੀ ਮੁਤਾਬਕ ਸੈਟਿੰਗ ਕਰੀ ਕੇ ਦਿੱਖੀ ਲੈ, ਡੈਫੀਨੇਟ ਲੀ ਜਚੇਗਾ, ਮੈਂ ਤਾਂ ਅਕਸਰ ਈ ਆਪਣੇ ਕਮਰਿਆਂ ਦੀ ਸੈਟਿੰਗ ਚੇਂਜ ਕਰਦੀ ਰਹਿੰਦੀ ਆ ਬਹਾਨੇ ਨਾਲ ਸਫਾਈ ਬੀ ਹੋਈ ਜਾਂਦੀ ਨਾਲੇ ਪੁਰਾਣੇ ਸਮਾਨ ਨੂੰ ਨਵੇਂ ਢੰਗ ਨਾਲ ਸੈਟ ਕਰਨ ਨਾਲ ਨਵਾਪਣ ਜੇਹਾ ਫੀਲ ਹੁੰਦਾ...।"

ਗੱਲਾਂ ਹੀ ਗੱਲਾਂ 'ਚ ਉਹ ਡਾਈਨਿੰਗ ਟੇਬਲ ਤੇ ਪਈ ਫਲਾਂ ਦੀ ਟੋਕਰੀ 'ਚੋਂ ਆਪੇ ਹੀ ਕੋਈ ਫ਼ਲ ਚੁੱਕ ਕੇ ਖਾਣ ਲਗਦੀ। ਕਦੇ ਫਰਿਜ ਖੋਲ੍ਹ ਕੇ ਵੇਖਣ ਲੱਗਦੀ, ਭਾਬੀਏ ਇਹ ਫਰਿਜ ਏ ਕੀਆਂ ਸਬਜਮੰਡੀ ਬਣਾਈ ਛੱਡਿਆ, ਇੰਨੀਆਂ ਸਾਰੀਆਂ ਸਬਜੀਆਂ ਇਕੋ ਵਾਰੀ ਕੈਂਹੇ ਮਗਾਈ ਕੇ ਰੱਖੀ, ਲੋਕੀ ਬਜਾਰੋਂ ਫਰੈਸ਼ ਸਬਜੀਆਂ ਮਾਂਗਾਈ ਕੇ ਫਿਰ ਬੇਹੀ ਕਰੀ ਕੇ ਖਾਣ ਦਾ ਕੇ ਆਈਡੀਆ ਬਈ।" ਫਿਰ ਜੇ ਉਸ ਦੇ ਫਰਿਜ ਵਿਚੋਂ ਕੋਈ ਮਨਪਸੰਦ ਚੀਜ ਨਜ਼ਰ ਆਉਂਦੀ, ਤਾਂ ਉਹ ਵੀ ਬਿਨਾਂ ਪੁੱਛਿਆ ਕੱਢ ਕੇ ਖਾਣ ਲਗ ਪੈਂਦੀ। ਇੰਜ ਹੀ ਗੱਲਾਂ ਕਰਦੀ ਕਰਦੀ ਉਹ ਰਸੋਈ ਵਿਚ ਜਾ ਵੜਦੀ।

"ਭਾਬੀ ਜਾਨ, ਅੱਜ ਕੇ ਬਣਾਇਆ ਸਾਡੇ ਭਾਈਜਾਨ ਲਈ ਰਾਜ ਮਾਂਹ, ਵਾਹ ਇਹ ਤੇ ਫੇਵਰੇਟ ਦਾਲ ਐ ਇਸ ਦੀ ਖੁਸ਼ਬੂ ਨਾਲ ਹੀ ਮਿੰਨੂੰ ਕੁਝ ਕੁਝ ਹੋਣ ਲਗ ਪੈਂਦਾ ਜਰ੍ਹਾ ਟੇਸਟ ਤਾਂ ਕਰਾਉ ਕੀਆਂ ਦੇ ਬਣੇ ਨੇ... ਟੇਸਟੀ ਈ ਹੋਣੇ ਨੇ... ਭਾਬੀਏ ਤੇਰੇ ਹੱਥਾਂ ਵਿਚ ਤਾਂ ਜਾਦੂ ਏ... ਤੂੰ ਜੋ ਬੀ ਬਣਾਂਦੀ ਐਂ ਉਹਦੇ ਵਿਚ ਜਾਨ ਪਾਈ ਦਿੰਦੀ ਐਂ." ਕਹਿੰਦਿਆਂ ਕਹਿੰਦਿਆਂ ਉਹ ਆਪੇ ਹੀ, ਕੋਲੀ ਵਿਚ ਕੜਛੀ ਨਾਲ ਰਾਜਮਾਂਹ ਪਾ ਕੇ ਚਮਚ ਨਾਲ ਚਟਖਾਰੇ ਮਾਰਨ ਲਗਦੀ ਤੇ ਮੀਨਾ ਦੀ ਤਰੀਫਾਂ ਦੇ ਪੁੱਲ ਬੰਨ੍ਹਦੀ ਜਾਂਦੀ। ਭਾਬੀਏ ਮਾਈਂਡ ਨਾ ਕਰੀਂ।" ਆਪਣੀ ਤਾਂ ਇਹ ਵੀਕ ਨੈਸ ਏ, ਜੇਹੜੀ ਚੀਜ਼ ਖ਼ੁਰੀ ਲਗਦੀ ਨਾਂ ਇਕ ਵਾਰੀ ਤਾਂ ਟੈਸਟ ਜ਼ਰੂਰ ਕਰੀ ਦੀ, ਭਾਵੇਂ ਸਬਜੀ ਹੋਵੇ ਜਾਂ ...।" ਇਨ੍ਹਾਂ ਕਹਿ ਕੇ ਗੌਰੀ ਗੁੱਝਾ ਜਿਹਾ ਹਾਸਾ ਹੱਸਦੀ



ਮੀਨਾ ਵੱਲ ਇਕ ਅੱਖ ਦਬ ਦਿੰਦੀ। ਮੀਨਾ ਬੀ ਉਸਦਾ ਇਸ਼ਾਰਾ ਸਮਝ ਜਾਂਦੀ।

"ਬਹੁਤ ਖ਼ਰਾਬ ਐ ਤੂੰ ...।" ਮੀਨਾ ਝਿਜਕਦੀ ਕਹਿੰਦੀ।

"ਖਾਉ-ਪੀਓ ਐਸ਼ ਕਰੋ... ਇਹ ਜ਼ਿੰਦਗੀ ਕੇਹੜੀ ਬਾਰ ਬਾਰ ਮਿਲਣੀ ਤੇ ਪਤਾ ਨੀ ਕਿੰਨੀ ਦੇਰ ਐ...।"

ਮੀਕੇ ਨੂੰ ਗੌਰੀ ਦੀਆਂ ਆਦਤਾਂ ਬਿਲਕੁਲ ਪਸੰਦ ਨਹੀਂ ਸਨ। ਉਹ ਆਪ ਬਹੁਤ ਘੱਟ ਬੋਲਦੀ ਤੇ ਆਪਣੇ ਘਰੇਲੂ ਕੰਮਾ ਵਿਚ ਹੀ ਖੁੱਭੀ ਰਹਿੰਦੀ ਪਰ ਗੁਆਂਢੀ ਹੋਣ ਕਰਕੇ ਕਈ ਵਾਰੀ ਸਹਿਣਾ ਵੀ ਪੈਂਦਾ। ਅਜਿਹੀ ਗੱਲ ਨਹੀਂ ਸੀ, ਗੌਰੀ ਆਪਣਾ ਬਜਾਰੋਂ ਖਾਣ ਪੀਣ ਦਾ ਸਮਾਨ ਲੈ ਕੇ ਆਉਂਦੀ ਜਾਂ ਬਣਾਉਂਦੀ ਖੁਦ ਹੀ ਪਲੇਟ ਭਰ ਕੇ ਦੇਣ ਆ ਜਾਂਦੀ।" ਭਾਬੀਏ ਮਿੰਨੂੰ ਤੇਰੇ ਵਾਂਗ ਟੇਸਟੀ ਚੀਜਾਂ ਤਾਂ ਬਣਾਉਣੀਆਂ ਨੀਂ ਔਂਦੀਆਂ , ਫਿਰ ਬੀ ਜੀਆਂ ਦਾ ਬਣਿਆ, ਐਕਸੈਪਟ ਕਰੀ ਲੈਗੇ...।" ਅਵੱਲ ਤਾਂ ਮੀਨਾ ਨੂੰ ਕਿਸੇ ਤੋਂ ਕੁਝ ਮੰਗਣ ਦੀ ਆਦਤ ਨਹੀਂ ਸੀ, ਬਿਨਾ ਚੀਜ ਦੇ ਗੁਜ਼ਾਰਾ ਕਰਨਾ ਉਹ ਜਾਣਦੀ ਸੀ, ਪਰ ਕਿਸੇ ਤੋਂ ਮੰਗਣ ਵਿੱਚ ਉਹ ਆਪਣਾ ਹੱਤਕ ਸਮਝਦੀ।

ਹਾਲਾਂਕਿ ਮਹੇਸ਼ ਹਫਤੇ ਦੋ ਹਫਤੇ ਮਗਰੋਂ ਹੀ ਗੇੜਾ ਲਾਉਂਦਾ। ਮਗਰੋਂ ਗੌਰੀ ਤੇ ਉਸ ਦੇ ਬੱਚੇ ਇਕੱਲੇ ਹੀ ਹੁੰਦੇ। ਫਿਰ ਵੀ ਗੌਰੀ ਦੇ ਵਾਰ ਵਾਰ ਕਹਿਣ ਤੇ ਮੀਨਾ ਉਸਦੇ ਘਰ ਘੱਟ ਹੀ ਜਾਂਦੀ। ਇਕ ਤਾਂ ਕੋਈ ਨਾ ਕੋਈ ਮੀਨਾ ਦਾ ਕੁਲੀਗ ਉਥੇ ਆ ਕੇ ਬੈਠਾ ਰਹਿੰਦਾ। ਜਦੋਂ ਮਹੇਸ਼ ਉੱਥੇ ਹੁੰਦਾ, ਉੱਥੇ ਕੋਈ ਨਾ ਫਟਕਦਾ। ਖ਼ਬਰੇ ਗੌਰੀ ਉਨ੍ਹਾਂ ਨੂੰ ਆਪ ਹੀ ਮਨ੍ਹਾਂ ਕਰ ਦਿੰਦੀ ਜਾਂ ਉਹ ਖੁਦ ਹੀ ਇੰਜ ਕਰਦੀ। ਮਹੇਸ਼ ਆ ਕੇ ਜਿੰਨੇ ਦਿਨ ਵੀ ਰਹਿੰਦਾ, ਘਰੋਂ ਬਾਹਰ ਘੱਟ ਹੀ ਨਿਕਲਦਾ, ਗੌਰੀ ਵੀ ਬਾਹਰ ਪੈਰ ਨਾ ਧਰਦੀ ਵਿਹੜੇ 'ਚ ਖੜੋਤਿਆਂ ਜਾਂ ਬਾਹਰ ਨਿਕਲਦਿਆਂ ਵੜਦਿਆਂ ਹੈਲੋ ਹੈਲੋ ਹੋ ਜਾਂਦੀ, ਇਸ ਤੋਂ ਅੱਗੇ ਵਧਣ ਦੀ ਨਾ ਕਦੇ ਮਹੇਸ਼ ਨੇ ਹੀ ਕੋਸ਼ਿਸ਼ ਕੀਤੀ ਸੀ ਤੇ ਨਾ ਵਿਨੋਦ ਨੇ ਹੀ।

ਗੌਰੀ ਨੂੰ ਖਰੀਦਦਾਰੀ ਦਾ ਬੜਾ ਸ਼ੌਕ ਸੀ। ਅਕਸਰ ਹੀ ਮੀਨਾ ਨੂੰ ਦਸਦੀ ਰਹਿੰਦੀ , "ਭਾਬੀ ਦਿਖਾ ਖਾਂ ਨੇਕਲੈਸ , ਚੂੜੀਆਂ, ਸੈਂਡਲ, ਸੂਟ, ਸ਼ਾਲ...।" ਮੀਨਾ ਉਪਰੋਂ ਮਨੋਂ ਤਾਂ ਉਸ ਦੀ ਤਾਰੀਫ਼ ਕਰਦੀ ਪਰ ਮਨ ਹੀ ਮਨ ਸੜ ਭੁੱਜ ਜਾਂਦੀ ਤੇ ਵਿਨੋਦ ਅੱਗੇ ਭੜਾਸ ਕਢ ਲੈਂਦੀ, "ਮਿੰਨੂੰ ਨ੍ਹੀਂ ਜ਼ਰਾ ਬੀ ਖ਼ਰੀ ਲਗਦੀ ਇਹ ਛੂਹਲੀ ਜਿਹੀ ਕਿਵੇਂ ਟਪੂੰ ਟਪੂੰ ਕਰਦੀ ਫਿਰਦੀ ਏ ਤਿਤਲੀ ਬਣੀ ਕੇ ਜ਼ਰਾ ਬੀ ਸ਼ਰਮ ਲਿਹਾਜ ਲਈ ਨੀ, ਇਹ ਰੋਜ਼ ਰੋਜ਼ ਕੁਛ ਨਾ ਕੁਛ ਖਰੀਦੀ ਕੇ ਮਿਨੂੰ ਦਿਖਾਲਣ ਆਈ ਜਾਂਦੀ, ਜਿਹੜਾ ਇਹ ਖਰੀਦ ਕੇ ਲਿਆਂਉਂਦੀ ਉਹ ਸਭ ਹੈ ਮੇਰੇ ਕੋਲ, ਮੈਨੂੰ ਕੀ ਪਰਵਾਹ ਨੌਕਰੀ ਦਾ ਮਤਲਬ ਇਹ ਥੋੜਾ ਕੇ ਜੋ ਵੀ ਕਮਾਇਆ ਉਡਾਂਦੇ ਫਿਰੋ ਤੇ ਆਪ ਵੀ ਉਡਦੇ ਫਿਰੋ। ਸਾਰੀ ਕਮਾਈ ਫੈਸ਼ਨਾ ਤੇ ਖਰਚੀ ਜਾਵੋ। ਘਰ ਆਲੇ ਦੀ ਗ਼ੈਰ ਹਾਜਰੀ ਵਿਚ ਮੁਸਟੰਡੇ ਘਰ ਬੁਲਾਈ ਕੇ ਬਠਾਈ ਰੱਖੋ। ਉਹ ਕਹਿੰਦੇ ਹੁੰਦੇ ਨੇ ਕਿ ਘਰ ਆਲਾ ਘਰ ਨਹੀਂ ਹਮੈ ਕਿਸੀ ਦਾ ਡਰ ਨਹੀਂ ...।"ਮੀਨਾ ਨੂੰ, ਗੌਰੀ ਦਾ ਉਸਦੇ ਸਾਮ੍ਹਣੇ ਹੀ ਵਿਨੋਦ ਨਾਲ ਮਰਦਾ ਲੇਖਾਂ ਹੱਥ ਮਿਲਾਉਣਾ, ਗੱਲਾਂ ਗੱਲਾਂ ਵਿਚ ਵਿਨੋਦ ਦੇ ਮੋਢੇ 'ਤੇ ਹੱਥ ਰੱਖ ਦੇਣਾ, ਕਦੇ ਉਸ ਦਾ ਕਾਲਰ ਠੀਕ ਕਰਨ ਲੱਗ ਪੈਣਾ... ਉਕਾ ਹੀ ਪਸੰਦ ਨਹੀਂ ਸੀ। ਇਕ ਵਾਰੀ ਤਾਂ ਗੌਰੀ ਨੇ ਹੱਦ ਹੀ ਕਰ ਦਿੱਤੀ।

ਵਿਨੋਦ ਆਪਣੇ ਲਈ ਬਜ਼ਾਰੋਂ ਰੇਡੀਮੇਡ ਜੀਨ ਪੈਂਟ ਲੈ ਕੇ ਆਇਆ ਸੀ। ਉਹ ਉਸ ਨੂੰ ਪਹਿਨ ਕੇ ਮੀਨਾ ਨੂੰ ਉਸ ਦੀ ਫਿਟਿੰਗ ਬਾਬਤ ਪੁੱਛ ਰਿਹਾ ਸੀ ਕਿ ਇੰਨੇ ਨੂੰ ਸੈਂਟ ਦੀਆਂ ਖੁਸ਼ਬੂਆਂ ਛਡਦੀ ਗੌਰੀ ਆ ਗਈ ਸੀ... "ਵਾਹ ਕਿਆ ਗੱਲ ਏ... ਨਵੀਂ ਪੈਂਟ ਲੈ ਕੇ ਆਏ ਹੋ, ਨੀਊ ਪਿੰਚ ਕਹਿੰਦੀਆਂ ਉਸ ਨੇ ਮੀਕਾ ਦੇ ਸ੍ਹਾਹਣੇ ਹੀ ਵਿਨੋਦ ਦੇ ਚਿੱਤੜ 'ਤੇ ਚੂੰਡੀ ਵੱਢ ਦਿਆ ਕਿਹਾ, ਪਾਰਟੀ ਹੋ ਗਈ , ਹੁਣ ਤੁਹਾਡੇ ਵੱਲ।" ਗੌਰੀ ਨੇ ਆਪਣੇ ਵਲੋਂ ਤਿੱਖੇ ਨੌਹਾਂ ਨਾਲ ਵੱਢੀ ਚੂੰਢੀ ਵਾਲੀ ਥਾਂ ਮਲਦਿਆ ਵਿਨੋਦ ਮੀਨਾ ਵੱਲ ਝਿਜਕਦਾ-ਝਿਜਕਦਾ ਵੇਖਦਾ ਰਹਿ ਗਿਆ। ਗੌਰੀ ਦੀ ਇਹ ਹਰਕਤ ਵੇਖ ਕੇ ਮੀਨਾ ਦੇ ਚਿਹਰੇ ਤੇ ਨਫ਼ਰਤ ਦਾ ਸੰਘਣਾ ਜੰਗਲ ਉੱਗ ਆਇਆ ਸੀ। ਪਰ ਗੌਰੀ ਏਸ ਸਭ ਕਾਸੇ ਦੀ ਪਰਵਾਹ ਕੀਤੇ ਬਿਨਾਂ ਜੀਨ ਦੇ ਰੰਗ ਤੇ ਫਿਟਨੇਸ ਦੀ ਤਾਰੀਫ਼ ਕਰਦੀ ਰਹੀ ਸੀ। "ਤੁਹਾਡੀ ਸਲੈਕਸ਼ਨ ਵਾਰਣ ਲੈਸ ਹੈਗੀ, ਬਸ ਇਆਂ ਈ

ਜ਼ਰਾ ਜੀਨ ਸ਼ੀਨ ਪਾਈ ਕੇ "ਜੈਂਕੀ" ਬਣੀ ਕੇ ਰਿਹਾ ਕਰੋ, ਇਹ ਕੇ ਗੱਲ ਹੋਈ, ਇਸੇ ਉਮਰਾ ਵਿਚ ਈ, ਬਜ਼ੁਰਗਾਂ ਲੇਖਾਂ ਲਿਬਾਸ। ਆਪਣਾ ਤਾਂ ਅਸੂਲ ਐ ਜਿੰਨੇ ਬੀ ਦਿਨ ਜੀਣਾ ਫੁੱਲਾਂ ਵਾਂਗ ਖਿੜੀ ਕੇ ਰਹੋ, ਖੁਸ਼ਬੂ ਫਲਾਉ ਤੇ ਜ਼ਿੰਦਗੀ ਦੇ ਮਜੇ ਲੁੱਟੋ ਤੇ ਲੁਟਾਓ ਕਲ੍ਹ ਖਬਰੇ ਕੀ ਹੋਈ ਜਾਣਾ, ਕਿਓ ਆਪਣੀ ਆਤਮਾ ਤਿਹਾਈ ਰੱਖੀ ਕੇ ਤੜਫਾਉ ਇਹ ਮਨੁੱਖੀ ਜੂਨ ਖ਼ਬਰੇ ਮੁੜੀ ਕੇ ਮਿਲਣੀ ਬੀ ਜਾ ਨਹੀਂ, ਹੱਥ ਆਏ ਮੌਕੇ ਨੂੰ ਕਿਉਂ ਗੁਆਉਣਾ...।" ਗੌਰੀ ਆਪਣੀ ਫਿਲਾਸਫੀ ਝਾੜ ਦਿੰਦੀ। ਵਿਨੋਦ ਦਾ ਦਿਲ ਤਾਂ ਕਰਦਾ ਕਿ ਗੌਰੀ ਨਾਲ ਇਸ ਟਾਪਿਕ ਤੇ ਵਿਸਥਾਰ ਨਾਲ ਚਰਚਾ ਕਰੇ ਪਰ ਮੀਨਾ ਕਰ ਕੇ ਚੁੱਪ ਰਹਿ ਜਾਂਦਾ। ਗੌਰੀ ਉਸ ਨੂੰ ਸਮਾਰਟ ਬਣ ਕੇ ਰਹਿਣ ਦੀ ਸਿੱਖਿਆ ਦੇ ਜਾਂਦੀ, "ਇਸ ਤੇ ਹਸਦਿਆਂ ਮੀਨਾ ਬੋਲ ਪੈਂਦੀ, "ਨਹੀਂ ਨਹੀਂ ਇਸ ਤਰ੍ਹਾਂ ਹੀ ਠੀਕ ਏ, ਜਿਆਦਾ ਸਮਾਰਟ ਬਣ ਗਏ ਤਾਂ ਕੋਈ ਹੋਰ ਪਿੱਛੇ ਪੈ ਗਈ ਤਾਂ ਮੈਂ ਕੁੱਥੇ ਜਾਂਗੀ।"

"ਲੈ ਛੱਡ ਭਾਬੀਏ.. ਕੋਈ ਪਰਵਾਹ ਨੀ... ਆਪਣਾ ਬੀ ਮੀਆਂ ਹੈ ਨਾ ਨੋ ਟੈਨਸ਼ਨ ਐਟ ਆਲ , ਉਹ ਉਥੇ ਐਸ਼ ਕਰੇ, ਆਪਾ ਇੱਥੇ ਖੁਸ਼ , ਕੋਈ ਰੋਕ ਨੀ ਟੋਕ ਨੀ, ਆਪਣੀ ਅੰਡਰ ਸਟੈਂਡਿੰਗ ਐ ਇਕ ਦੂਜੇ ਤੇ ਨੋ ਕਮੈਂਟ ਜਾਣਾ ਕਿੱਥੇ ਏ ਘੋੜੇ ਨੇ ਦੋ ਦਿਨ ਇਧਰ ਉਧਰ ਹਰਿਆਲੀਏ 'ਤੇ ਮੂੰਹ ਮਾਰਨਾ ਫਿਰੀ ਆਣਾ ਤਾਂ ਮੁੜੀ ਕੇ ਆਪਣੇ ਤਬੇਲੇ ਬਿਚ ਈ ਨਾ ਜ਼ਰਾ ਤਰੋ ਤਾਜਾ ਹੋਈ ਜਾਂਣਾ ਹੋਰ ਕੇ.. ਰੋਜ਼ ਰੋਜ਼ ਇਕੋ ਸਬਜੀ ਖਾਂਦਿਆਂ ਬੀ ਬੰਦਾ ਅੱਕੀ ਜਾਂਦਾ। ਡੇਲੀ ਇਕੋ ਸੂਟ ਪਾਈ ਕੇ ਫਿਰੀ ਜਾਵੋ ਤਾਂ ਮਨ ਭਰੀ ਜਾਂਦਾ, ਭਾਬੀਏ ਚਾਰ ਦਿਨਾਂ ਦੀ ਜ਼ਿੰਦਗੀ ਏ, ਕੱਲ ਦਾ ਕਿਸੇ ਨੂੰ ਕੀ ਪਤਾ... ਇਸ ਦੁਨੀਆਂ ਤੋਂ ਜਾਣ ਤੋਂ ਪੈਲਾਂ ਕੋਈ ਮਲਾਲ ਨੀ ਰੱਖਣਾ।" ਗੌਰੀ ਮੋਟੀਆਂ ਮੋਟੀਆਂ ਕਾਲੀਆਂ ਅੱਖਾਂ ਨਚਾਉਂਦੀ ਹੋਈ ਬੜੀ ਸ਼ੋਖ ਅਦਾ ਨਾਲ ਇਹ ਸਭ ਕਹਿੰਦੀ ਤਾਂ ਮੀਨਾ ਮਨ ਹੀ ਮਨ ਕੁੜਦੀ ਉਸ ਦਾ ਲਾਈਫ ਸਟਾਈਲ ਵੇਖ ਕੇ। ਉਸ ਸਮੇਂ ਤਾਂ ਮਨ ਦੇ ਭਾਵ ਚਿਹਰੇ ਤੇ ਨਾ ਆਉਣ ਦਿੰਦੀ, ਪਰ ਮਗਰੋਂ ਵਿਨੋਦ ਨਾਲ ਚਰਚਾ ਕਰਦੀ।

"ਇਹ ਇੰਨਾ ਸਭ ਕੁਝ ਕਿੱਥੋਂ ਤੇ ਕਿਵੇਂ ਮੈਨੇਜ਼ ਕਰੀ ਲੈਂਦੀ, ਨਿਤ ਹੀ ਘਰ ਦਾ ਸਮਾਨ ਲਿਆਂਦੀ ਰਹਿੰਦੀ, ਆਪਣਾ ਫੈਸ਼ਨ ਵੀ ਪੂਰਾ ਖਾਣ ਪਾਣ ਵੀ ਸਟੈਂਡਰਡ ਦਾ ਮਿੰਨੂੰ ਲਗਦਾ ਸਾਰੀ ਤਨਖਾਹ ਤਾਂ ਇਆਂ ਹੀ ਉਡਾਈ ਦਿੰਦੀ ... ਬਚਦਾ ਕੇ ਹੇਗਾ ਇਹਦੇ ਕੋਲ...।"

"ਉਹ ਬਈ ਦੋ ਜੀਅ ਕਮੌਂਦੇ ਨੇ, ਇਕ ਦੀ ਤਾਂ ਪੂਰੀ ਤਨਖਾਹ ਬਚਦੀ ਹੋਵੇਗੀ। ਹਾਲੇ ਖਰਚ ਈ ਕੀ ਹੈ ਦੋ ਬੱਚੇ ਨੇ ਉਹ ਬੀ ਛੋਟੀਆਂ ਜਮਾਤਾਂ ਵਿਚ ਹੀ ਪੜ੍ਹਦੇ ਨੇ, ਨਾਲੇ ਜਵਾਨ ਐ, ਇਸ ਉਮਰੇ ਐਸ਼ ਨਾ ਕੀਤੀ ਫਿਰੀ ਬੁਢਾਪੇ 'ਚ ਕਰੇਗੀ...?"

"ਸਾਡੀ ਕਿਹੜੀ ਇੰਨੀ ਉਮਰ ਹੋਈ ਗਈ, ਪਰ ਸਾਨੂੰ ਤਾਂ ਘਰ ਪਰਿਵਾਰ ਤੇ ਧੀਆ ਦੀ ਫਿਕਰ ਨੇ ਹੀ ਮਾਰ ਲਿਆ, ਇਹਨੂੰ ਤਾਂ ਰੱਬ ਨੇ ਦਿੱਤੇ ਵੀ ਦੋ ਮੁੰਡੇ ਨੇ। ਮੁੰਡਿਆ ਦਾ ਕੀ ਫਿਕਰ।

"ਬਸ ਇਹ ਫਿਕਰ ਈ ਤਾਂ ਬੰਦੇ ਨੂੰ ਛੇਤੀ ਬੁੱਢਾ ਕਰੀ ਦਿੰਦੇ...।" ਮੀਨਾ ਆਪ ਹੀ ਆਪਣੇ ਪ੍ਰਸ਼ਨ ਦਾ ਉੱਤਰ ਦੇ ਕੇ ਖੁਦ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨ ਲਗਦੀ।"

"ਉਹ ਬਈ , ਦਿਲ ਜਵਾਨ ਹੋਵੇ ਤਾਂ ਆਦਮੀ ਕਦੇ ਬੁੱਢਾਂ ਨਹੀਂ ਹੁੰਦਾ...।" ਵਿਨੋਦ ਮੀਨਾ ਨੂੰ ਛੇੜਦਾ ਤਾਂ ਮੀਨਾ ਭੁੜਕ ਪੈਂਦੀ, ਦਿਲ ਤਾਂ ਸਦਾ ਹੀ ਜਵਾਨ ਰੇਂਦਾ, ਪਰ ਕਈ ਗੱਲਾਂ ਉਮਰ ਦੇ ਨਾਲ ਈ ਖਰੀਆਂ ਲਗਦੀਆਂ, ਬੁੱਢੀ ਘੋੜੀ ਲਾਲ ਲਗਾਮ ਆਲੀ ਕਹਾਵਤ ਸੁਣੀ ਹੈ ਨਾ ਤੁਸੀਂ। ਬਾਕੀ ਜੇ ਮੈਂ ਬੀ ਇਵੇਂ ਹੀ ਗੁੱਲਛੱਰੇ ਉਡਾਂਦੀ ਨਾ ਤਾਂ ਫਿਰ ਤੁਹਾਨੂੰ ਵੀ ਦਿਨੇ ਤਾਰੇ ਨਜ਼ਰੀ ਆਈ ਜਾਣੇ ਸਨ। ਕਿੰਨਾ ਸਰਫ਼ਾ ਕਰ ਕੇ ਘਰ ਚਲਾਂਦੀ ਹਾਂ।"

"ਹਾਂ ਹਾਂ ਇਹਦੇ ਵਿੱਚ ਤਾਂ ਕੋਈ ਸ਼ੱਕ ਨਹੀਂ ਸਾਡਾ ਗ੍ਰਹਿ ਮੰਤਰੀ ਇਸ ਮਾਮਲੇ ਵਿਚ ਲੋੜੋ ਵੱਧ ਸਮਝਦਾਰ ਹੈ ਬਈ...।"

"ਚਲੋ ਚਲੋ ਐਵੇਂ ਮਸਕਾ ਨਾ ਲਾਓ, ਮੇਰੀ ਝੂਠੀ ਤਰੀਫ ਕਰ ਕੇ ਮਿੰਨੂੰ ਨਾ ਭਰਮਾਓ, ਦਿਲ ਤਾਂ ਤੁਹਾਡਾ ਵੀ ਰੰਗ ਬਰੰਗੀਆਂ ਤਿੱਤਲੀਆਂ ਮਗਰ ਹੀ ਭਟਕਦਾ ਰੈਂਦਾ, ਘਰ ਆਲੀ ਚਾਹੇ ਜਿੰਨੀ ਮਰਜ਼ੀ



ਸੋਹਣੀ ਹੋਵੇ, ਚੰਗੀ ਹੋਵੇ, ਪਰ ਉਹ ਹੁੰਦੀ ਤਾਂ ਘਰ ਦੀ ਮੁਰਗੀ ਹੀ ਹੈ ਨਾ...। ਜਿਸ ਲੇ ਉਹ ਛੁਰਲੀ ਔਂਦੀ ਐ ਤੁਹਾਡਾ ਚਿਹਰਾ ਕਿਵੇਂ ਖਿੜ ਖਿੜ ਜਾਂਦਾ, ਇਕ ਦਮ ਲੱਟੂ ਹੋਈ ਜਾਂਦੇ, ਉਸ 'ਤੇ ਫਿਰੀ ਹੋਸ ਕਿੱਥੇ ਰੈਂਦਾ ਐ ਤੁਹਾਨੂੰ ਆਪਣਾ...।"

"ਆਹੋ ਬਈ ਉਹ ਚੀਜ ਹੀ ਇਹੋ ਜਿਹੀ ਐ, ਕਿਹੜਾ ਲੱਟੂ ਨਾ ਹੋਣਾ ਚਾਹੇਗਾ ਉਸ ਤੇ।" ਵਿਨੋਦ ਜਾਨ ਬੁੱਝ ਕੇ ਮੀਨਾ ਨੂੰ ਖਿਝਾਉਣ ਲਈ ਗੌਰੀ ਦੀ ਤਰੀਫ਼ ਕਰਦਾ ਤਾਂ ਮੀਨਾ ਦੇ ਸੱਤੀ ਕੱਪੜੀਂ ਅੱਗ ਲੱਗ ਜਾਂਦੀ।

"ਤਾਂ ਠੀਕ ਐ ਫਿਰੀ ਜਾਓ ਉਸ ਕੋਲ, ਇਥੇ ਕੀ ਲੈਂਦੇ ਓ... ਮੈਂ ਕੁਝ ਨੀ ਲੱਗਦੀ ਤੁਹਾਡੀ...।"

"ਕਿੱਥੇ ਜਾਵਾਂ ਬਈ... ਬੜੀ ਲੰਮੀ ਲਾਇਨ ਲੱਗੀ ਓ ਉਸ ਪਿੱਛੇ, ਆਪਣਾ ਨੰਬਰ ਤਾਂ ਕਿਤੇ ਬੀ ਨਹੀਂ ।"

"ਟਰਾਈ ਕਰਨ ਵਿਚ ਕੀ ਹਰਜ ਐ, ਖਬਰੇ ਗੁਆਂਢੀ ਹੋਣ ਕਰਕੇ ਪਹਿਲੋ ਈ ਨੰਬਰ ਲਾ ਦੇ... ਮੇਰੇ ਵੱਲੋਂ ਖੁੱਲ੍ਹੀ ਛੁੱਟੀ ਐ...।"

"ਦਿਲੋਂ ਗੱਲ ਨ੍ਹੀਂ ਕਹਿੰਦੀ ... ਕਦੇ ਨੀ ਕਹਿ ਸਕਦੀ ਦਿਲੋਂ ਔਰਤ... ਕੋਈ ਔਰਤ ਨੀ ਇਹ ਗੱਲ ਕਹਿ ਸਕਦੀ, ਮੈਂ ਸਮਝਦਾ ਔਰਤਾਂ ਦੀ ਸਾਈਕੀ ...।"

"ਹੂੰ ਸੁਆਹ ਸਮਝਦੇ ਓ ਮਿੰਨੂੰ ਤਾਂ ਅੱਜ ਤੱਕ ਸਮਝੀ ਨੀ ਸਕੇ, ਛੱਡੋ ਇਹ ਫਜ਼ੂਲ ਦੀਆਂ ਗੱਲਾਂ, ਚਲੋ ਕੋਈ ਕੰਮ ਧੰਦਾ ਵੀ ਕਰ ਲਿਆ ਕਰੋ, ਬਜ਼ਾਰ ਜਾਓ ਤੇ ਘਰ ਦਾ ਸਮਾਨ ਲਈ ਕੇ ਆਵੋ, ਗੌਰੀ ਦੀ ਗੱਲ ਚਲੀ ਨਹੀਂ ਕਿ ਆਪਣਾ ਸਭ ਕੁਝ ਭੁੱਲ ਜਾਂਦੇ ।ਮੀਨਾ ਨੇ ਟਕੋਰ ਕੀਤੀ। ਫਿਰ ਆਪ ਹੀ ਵਿਨੋਦ ਨੂੰ ਰੋਕ ਕੇ ਕਹਿਣ ਲੱਗੀ,

"ਮੈਂ ਕਿਹਾ ਜੀ, ਇਕ ਗੱਲ ਨੋਟ ਕੀਤੀ ਤੁਸਾਂ ਜੋ? "

"ਕੀ? "

"ਜਦੋਂ ਗੌਰੀ ਦਾ ਘਰ ਆਲਾ ਆਈ ਜਾਂਦਾ ਨਾ , ਜਿੰਨੇ ਵੀ ਦਿਨ ਰਹੇ... ਇਹ ਛੁਰਲੀ ਸਿੱਧੀ ਦਫਤਰੋਂ ਘਰ ਤੇ ਘਰੋਂ ਦਫ਼ਤਰ, ਬਾਹਰ ਪੈਰ ਨੀ ਕੱਢਦੀ। ਦਫ਼ਤਰ ਅਲਾ ਵੀ ਕੋਈ ਨ੍ਹੀਂ ਫਟਕਦਾ ਲਾਗੇ ਉਂਨੇ ਦਿਨ, ਕਿਵੇਂ ਸਤੀ ਸਵਿਤਰੀ ਬਣੀ ਜਾਂਦੀ ਮੈਡਮ।" ਦੋ ਤਿੰਨ ਦਿਨ ਨਜ਼ਰੀ ਨੀ ਪਈ ਤਾਂ ਮੈਂ ਪੁੱਛ ਲਿਆ, "ਕਿੱਥੇ ਹੀ ਗੌਰੀ, ਨਜ਼ਰ ਈ ਨੀ ਆਈ, ਕਈ ਦਿਨਾਂ ਤੋਂ। ਪਤੈ ਫਿਰ ਕੀ ਬੋਲੀ ? "

"ਕੇ ਬੋਲੀ ? " ਵਿਨੋਦ ਨੇ ਵੀ ਦਿਲਚਸਪੀ ਲੈਂਦਿਆ ਪੁੱਛਿਆ।

"ਕਹਿਣ ਲੱਗੀ ਉੱਥੇ ਹੋਟਲਾਂ ਵਿਚ ਹੀ ਖਾਣਾ ਪੈਂਦਾ ਨਾ, ਘਰ ਦੀ ਚੀਜ ਦਾ ਸਵਾਦ ਹੀ ਹੋਰ ਹੁੰਦਾ, ਖੂਬ ਖਲਾਂਦੀ ਪਲਾਦੀ ਆ ਪੂਰੀ ਤਸੱਲੀ ਕਰਾਈ ਕੇ ਭੇਜਦੀ ਆ, ਉਥੇ ਜਾਈ ਕੇ ਇਧਰ ਉਧਰ ਮੂੰਹ ਨਾ ਮਾਰਦਾ ਫਿਰੇ, ਮੈਂ ਤਾਂ ਕਹਿਨੀ ਆਂ ਜੇ ਵਾਈਫ ਆਪਣੇ ਹਸਬੈਂਡ ਦੀ ਹਰੇਕ ਇੱਛਾ ਦਾ ਧਿਆਨ ਰੱਖੇ ਤਾਂ ਕੇ ਮਜ਼ਾਲ ਜੇ ਮਰਦ ਇਧਰ ਉਧਰ ਝਾਕੇ ਵੀ। ਹੁਣ ਦੇਖੋ ਨਾ, ਮੇਰੇ ਮੀਆਂ ਨੂੰ ਪੀਣ-ਪਲਾਉਣ ਦਾ ਸ਼ੌਕ ਐ, ਮੈਂ ਆਪੇ ਆਪਣੇ ਹੱਥੀਂ ਪੈਗ ਬਣਾਈ ਕੇ ਦਿਨੀ ਆ ਆਫ਼ਰ ਕਰਦੇ ਨੇ ਤਾਂ ਮੈਂ ਬੀ ਕਦੇ ਕਦਾਈ ਉਨ੍ਹਾਂ ਦਾ ਸਾਥ ਦੇਈ ਦਿੰਦੀ ਆ, ਆਪਣੇ ਮੀਆਂ ਖੁਸ਼ ਤਾਂ ਸਾਰਾ ਜਹਾਨ ਖੁਸ਼ ਕਿਹੋ ਜਿਹੀ ਜਨਾਨੀ ਹੈ ਇਹ...।"

"ਠੀਕ ਈ ਤਾਂ ਗੱਲ ਐ ... ਇਸ ਵਿਚ ਮਾੜਾ ਕੀ ਐ, ਆਦਮੀ ਜਨਾਨੀ ਆਪਸ ਬਿੱਚ ਜੀਆਂ ਮਰਜ਼ੀ ਮੌਜ ਮੇਲਾ ਕਰਨ ਮੈਂ ਤਾਂ ਕਹਿਨਾ ਤੂੰ ਵੀ ਉਸ ਤੋਂ ਕੁਝ ਸਿੱਖ ਲੈ ਤੇ ਮੇਰੀ ਵੀ ਇਸ ਤਰ੍ਹਾਂ ਈ ਸੇਵਾ ਕਰ ਕੇ ਦਿਖਾ ਫਿਰ...।"

"ਆਹੋ ਜੇ ਬੜਾ ਈ ਚਾਅ ਏ ਇਹੋ ਜਿਹੀ ਸੇਵਾ ਦਾ ਤਾਂ ਫਿਰ ਇਹੋ ਜਿਹੀ ਛੁਰਲੀ ਲਈ ਔਣੀ ਸੀ ਮੇਰੇ ਨਾਲ ਫੇਰੇ ਕਾਹਨੂੰ ਲਏ...।"

"ਲੈ ਵਿਆਹ ਦੀ ਕੀ ਲੋੜ ਐ, ਜਦੋਂ ਗੁਆਂਢਣ ਹੀ ਅਜਿਹੀ ਹੋਵੇ ਤਾਂ...।" ਵਿਨੋਦ ਨੇ ਮੀਨਾ ਨੂੰ ਛੇੜ ਕੇ ਮਜ਼ਾ ਲੈਣ ਦੀ ਗਰਜ਼ ਨਾਲ ਕਿਹਾ।

"ਦਿਖੀ ਲੈ ਹੁਣ ਕੁੰਨੀ ਮਿੰਨੂੰ ਗੱਲਾਂ ਬਿਚ ਉਲਝਾਈ ਲੇਆ, ਤੂੰ ਹੀ ਨਾ ? ਮੈਂ ਚੰਗਾ ਭਲਾ ਬਜਾਰ ਨੂੰ ਚਲਿਆ ਸਾਂ, ਫਿਰੀ ਦੋਸ਼ ਮੇਰਾ ਕੇ, ਮੈਂ ਹੀ ਭੁਲੀ ਜਾਨਾ ਆਪਣੀ ਸੁੱਧ ਬੁੱਧ।"

"ਹੱਛਾ ਮਤੇ ਚਲਾਕ ਨਾ ਬਣੋ, ਮੈਂ ਤਾਂ ਤੁਹਾਡੇ ਹੀ ਭਲੇ ਦੀ ਗੱਲ ਕਰ ਕੇ ਤੁਹਾਨੂੰ ਖੁਸ਼ ਕਰ ਦੀ ਹਾਂ।"

ਗੌਰੀ ਅਕਸਰ ਮੀਨਾ ਨੂੰ ਇਹ ਗੱਲ ਵੀ ਬੜੇ ਫ਼ਖ਼ਰ ਨਾਲ ਦੱਸਦੀ ਕਿ ਉਸ ਦਾ ਮੀਆਂ ਪੀਣ-ਪਲਾਉਣ ਦਾ ਬਹੁਤ ਸ਼ੌਕ ਰਖਦਾ, ਉਸ ਨੂੰ ਹੋਰ ਕੋਈ ਐਬ ਨਹੀਂ ਹੈ। ਪੀਣ ਵਿਚ ਤਾਂ ਉਹ ਵੱਡੇ ਵੱਡਿਆ ਦੀ ਬਸ ਕਰਾ ਛਡਦਾ ਹੈ, ਜਿਵੇਂ ਜਿਵੇਂ ਪੀਂਦਾ ਜਾਂਦਾ ਉਹ ਹੋਰ ਵੀ ਗਹਿਰ ਗੰਭੀਰ ਹੁੰਦਾ ਜਾਂਦਾ, ਬੜੀਆਂ ਈ ਕਮਾਲ ਦੀਆਂ ਗੱਲਾਂ ਸੁਝਦੀਆਂ ਉਸ ਨੂੰ...ਇਕ ਬੋਤਲ ਤਾਂ ਇਕੱਲਾ ਹੀ ਚੜ੍ਹ ਲੈਂਦਾ ਨਾਲ ਦੇ ਤਾਂ ਇਕ ਦੋ ਪੈਗ ਮਗਰੋਂ ਹੀ ਹਿੱਲ ਜਾਂਦੇ, ਪਰ ਇਸ ਦੀ ਪੂਰੀ ਹੋਸ਼ ਕਾਇਮ ਰਹਿੰਦੀ , ਫਿਰੀ ਮਿੰਨੂੰ ਰੱਜੀ ਕੇ ਪਿਆਰ ਕਰਦਾ ਇੰਨਾ ਕਿ ਹਫਤੇ ਭਰ ਦੀ ਤਸੱਲੀ ਕਰਾਈ ਦਿੰਦਾ...।" ਗੌਰੀ ਇਹੋ ਜਿਹੀਆਂ ਗੱਲਾਂ ਬੜੀ ਬੇਬਾਕੀ ਨਾਲ ਮੀਨਾ ਨਾਲ ਕਰ ਦਿੰਦੀ ਤੇ ਮੀਨਾ ਵਿਨੋਦ ਅੱਗੇ ਉਗਲ ਦਿੰਦੀ।

ਉਸ ਦਿਨ ਮਹੇਸ਼ ਛੁੱਟੀ ਆਇਆ ਹੋਇਆ ਸੀ। ਅੱਧੀ ਰਾਤੀਂ ਅਚਾਨਕ ਵਿਨੋਦ ਦੇ ਘਰ ਦੀ ਡੋਰ ਬੈੱਲ ਵੱਜੀ। ਦਰਵਾਜ਼ਾ ਖੋਲ੍ਹਿਆ ਤਾਂ ਸਾਮਣੇ ਬਦਹਵਾਸ ਜਿਹੀ ਗੌਰੀ ਖੜੋਤੀ ਸੀ। ਇੰਨੀ ਰਾਤ ਸਮੇਂ ਗੌਰੀ ਨੂੰ ਇਸ ਹਾਲਤ ਵਿੱਚ ਵੇਖ ਕੇ ਵਿਨੋਦ ਨੂੰ ਹੈਰਾਨੀ ਹੋਈ। ਇਸ ਤੋਂ ਪਹਿਲਾਂ ਕਿ ਵਿਨੋਦ ਕੁਝ ਪੁਛਦਾ, ਉਹ ਆਪ ਹੀ ਬੋਲ ਪਈ, ਦੇਖੀਓ ਤਾਂ ਛੇਤੀ ਚੱਲ ਕੇ, ਮਹੇਸ਼ ਨੂੰ ਕੀ ਹੋ ਗਿਆ, ਛਾਤੀ ਵਿਚ ਜ਼ੋਰ ਦੀ ਪੀੜ ਹੋ ਰਹੀ ਐ...।" ਵਿਨੋਦ ਤੇ ਮੀਨਾ ਝਟਪਟ ਗੌਰੀ ਦੇ ਘਰ ਪੁੱਜੇ। ਮਹੇਸ਼ ਛਾਤੀ ਘੁੱਟ ਕੇ ਪੀੜ ਨਾਲ ਦੋਹਰਾ ਹੁੰਦਾ ਜਾਂਦਾ ਸੀ। ਚਿਹਰਾ ਜ਼ਰਦ ਪੈ ਗਿਆ ਸੀ। ਠੰਡੀ ਤਰੇਲੀ ਆਈ ਪਈ ਸੀ। ਸਾਮਣੇ ਮੇਜ ਤੇ ਸ਼ਰਾਬ ਦੀ ਖਾਲੀ ਬੋਤਲ ਦੀ ਦੁਰਗੰਧ ਆ ਰਹੀ ਸੀ। ਮੀਨਾ ਨੂੰ ਬੱਚਿਆ ਕੋਲ ਛੱਡ ਕੇ, ਵਿਨੋਦ ਤੇ ਗੌਰੀ ਨੇ ਮਹੇਸ਼ ਨੂੰ ਝਟਪਟ ਨੇੜਲੇ ਨਰਸਿੰਗ ਹੋਮ ਪੁਹੁੰਚਾਇਆ ਗਿਆ, ਪਰ ਡਾਕਟਰ ਨੇ ਮਹੇਸ਼ ਦੀ ਹਾਲਤ ਅਤੀ ਨਾਜ਼ੁਕ ਦਸਦਿਆਂ ਉਸ ਨੂੰ ਤੁਰੰਤ ਦੂਸਰੇ ਸ਼ਹਿਰ ਦੇ ਪ੍ਰਸਿੱਧ ਹਾਰਟ ਕੇਅਰ ਸੈਂਟਰ ਲਿਜਾਣ ਦੀ ਸਲਾਹ ਦਿੱਤੀ। ਬਿਨਾ ਸਮਾਂ ਗਵਾਏ ਉਨ੍ਹਾਂ ਨੇ ਟੈਕਸੀ ਕੀਤੀ ਤੇ ਫਟਾਫਟ ਦੱਸੇ ਹੋਏ ਹਾਰਟ ਕੇਅਰ ਸੈਂਟਰ ਪਹੁੰਚਾ ਦਿੱਤਾ। ਉਥੇ ਮਹੇਸ਼ ਨੂੰ ਆਈ ਸੀ ਯੂ ਵਿੱਚ ਰੱਖ ਕੇ ਬਹੱਤਰ ਘੰਟੇ ਤੱਕ ਅੰਡਰ ਆਬਜ਼ਰਵੇਸ਼ਨ ਰੱਖ ਦਿੱਤਾ ਗਿਆ। ਉੱਥੇ ਸਿਰਫ ਹਸਪਤਾਲ ਦਾ ਸਟਾਫ ਹੀ ਅੰਦਰ ਆ ਜਾ ਸਕਦਾ ਸੀ। ਗੌਰੀ ਤੇ ਵਿਨੋਦ ਬਹੁਤ ਫਿਕਰਮੰਦ ਸੀ। ਡਾਕਟਰ ਨੇ ਭਰੋਸਾ ਦਵਾਇਆ ਸੀ ਕਿ 'ਕੰਡੀਸ਼ਨ ਸਟੇਬਲ" ਹੈ। ਬਹੱਤਰ ਘੰਟੇ ਠੀਕ ਠਾਕ ਨਿਕਲ ਗਏ ਤਾਂ ਫਿਰ ਮਰੀਜ 'ਆਊਟ ਆਫ ਡੈਂਜ਼ਰ' ਡਿਕਲੇਅਰ ਕਰਕੇ ਆਈ. ਸੀ.ਯੂ ਵਿੱਚੋਂ ਜਨਰਲ ਵਾਰਡ ਵਿੱਚ ਸ਼ਿਫਟ ਕਰ ਦਿੱਤਾ ਜਾਵੇਗਾ। ਪਰ ਇਹ ਬਹੱਤਰ ਘੰਟੇ ਦਾ ਪੀਰੀਅਡ ਬਹੁਤ ਕਰੀਟੀਕਲ ਪੀਰਡ ਹੈ।

ਪਿੱਛਿਓ ਮੀਨਾ ਨੇ, ਗੌਰੀ ਦੇ ਬੱਚਿਆਂ ਨੂੰ ਤਿਆਰ ਕਰਕੇ ਸਕੂਲੇ ਭੇਜ ਦਿੱਤਾ ਸੀ। ਉਨ੍ਹਾਂ ਨਾਲ ਟੈਲੀਫੋਨ ਤੇ ਸੰਪਰਕ ਬਣਿਆ ਹੋਇਆ ਸੀ। ਬੇਸ਼ਕ ਮਹੇਸ਼ ਹੁਣ ਡਾਕਟਰਾਂ ਦੇ ਹਵਾਲੇ ਸੀ, ਹੋਰ ਕਿਸੇ ਨੂੰ ਉਸ ਦੇ ਲਾਗੇ ਜਾਣ ਦੀ ਇਜਾਜ਼ਤ ਨਹੀਂ ਸੀ ਫਿਰ ਵੀ ਉਥੇ ਗੌਰੀ ਜਾਂ ਕਿਸੇ ਹੋਰ ਜਿੰਮੇਦਾਰ ਆਦਮੀ ਦਾ ਰਹਿਣਾ ਜ਼ਰੂਰੀ ਸੀ। ਇਕ ਚੰਗੇ ਗੁਆਂਢੀ ਹੋਣ ਦੇ ਨਾਤੇ ਮੀਨਾ ਤੇ ਵਿਨੋਦ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਤਿਆਰ ਸਨ। ਗੌਰੀ ਨੇ ਵੀ ਸ਼ਾਇਦ ਇਨ੍ਹਾਂ ਦੇ ਭਰੋਸੇ ਹੀ ਕਿਸੇ ਰਿਸ਼ਤੇਦਾਰ ਨੂੰ ਬੁਲਾਉਣਾ ਤਾਂ ਦੂਰ ਸੁਨੇਹਾ ਭੇਜਣਾ ਵੀ ਮੁਨਾਸਬ ਨਹੀਂ ਸੀ ਸਮਝਿਆ। ਗੌਰੀ ਹਾਰਟ ਕੇਅਰ ਸੈਂਟਰ ਰੁਕੀ ਹੋਈ ਸੀ। ਵਿਨੋਦ ਨੇ ਆਫਿਸ ਤੋਂ ਛੁੱਟੀ ਕੀਤੀ ਹੋਈ ਸੀ। ਉਹ ਵਾਪਿਸ ਘਰ ਆਇਆ ਸੀ ਤੇ ਜ਼ਰੂਰੀ ਸਮਾਨ ਤੇ ਰੁਪਏ ਲੈ ਕੇ, ਸ਼ਾਮ ਹੁੰਦਿਆ ਹੁੰਦਿਆ ਫਿਰ ਤੋਂ ਹਾਰਟ ਕੇਅਰ ਸੈਂਟਰ ਪਰਤ ਆਇਆ ਸੀ। ਉਸ ਨੇ ਗੌਰੀ ਨੂੰ ਵਾਪਸ ਚਲੇ ਜਾਣ ਲਈ ਬਹੁਤ ਜੋਰ ਲਾਇਆ ਸੀ... "ਤੁਸੀਂ ਬੱਚਿਆ ਕੋਲ ਚਲੇ ਜਾਵੋ, ਮੈਂ ਇੱਥੇ ਹਾਂ ਨਾ, ਕੱਲ੍ਹ ਆਈ ਜਾਇਓ। ਬੱਚੇ ਘਬਰਾਉਂਦੇ ਹੋਣੇ ਨੇ।"

"ਨਹੀਂ ਮੈਂ ਮਹੇਸ਼ ਨੂੰ ਕੱਲਾ ਨੀ ਛੱਡਣਾ।"

"ਕੱਲਾ ਕਿੱਥੇ ਐ, ਮੈਂ ਜੁ ਹੈਗਾ ਇੱਥੇ , ਮੈਂ ਸਭ ਸਾਂਭ ਲੈਵਾਂਗਾ, ਉਂਝ ਵੀ ਇੱਥੇ ਕਰਨਾ ਕੀ ਹੈ।" ਪਰ



ਗੌਰੀ ਨਹੀਂ ਮੰਨੀ ਤੇ ਉਥੇ ਹਸਪਤਾਲ ਵਿਚੋਂ ਮਰੀਜਾਂ ਦੇ ਰਿਸ਼ਤੇਦਾਰਾਂ ਦੇ ਠਹਿਰਨ ਲਈ ਬਣੇ ਕਮਰੇ 'ਚੋਂ ਇਕ ਕਿਰਾਏ ਤੇ ਲੈ ਲਿਆ ਸੀ। ਉਧਰ ਵਿਨੋਦ ਨੇ ਉਸੇ ਸ਼ਹਿਰ ਵਿੱਚ ਰਹਿੰਦੇ ਆਪਣੇ ਇਕ ਮਿੱਤਰ ਕੋਲ ਰਾਤ ਗੁਜ਼ਾਰਨ ਦਾ ਮਨ ਬਣਾ ਲਿਆ ਸੀ।

ਗੌਰੀ ਤੇ ਵਿਨੋਦ ਉਥੇ ਹੀ ਹਸਪਤਾਲ ਦੇ ਲਾਨ ਵਿੱਚ ਬੈਠੇ ਗੱਲਾਂ ਕਰਦੇ ਰਹੇ ਸਨ। ਗੌਰੀ ਨੇ ਦੱਸਿਆ ਕਿ ਮਹੇਸ਼ ਨਾਲ ਉਸ ਦੀ ਲਵ ਮੈਰਜ਼ ਹੋਈ ਸੀ। ਉਹ ਸ਼ੁਰੂ ਤੋਂ ਹੀ ਫਰੈਂਕ ਸੀ। ਕਾਲਜ ਵਿਚ ਪੜ੍ਹਦਿਆਂ ਕਿੰਨੇ ਹੀ ਮੁੰਡੇ ਉਸ ਨਾਲ ਗੱਲ ਕਰਨ ਨੂੰ ਤਰਸਦੇ ਸਨ। ਪਰ ਮਹੇਸ਼ ਉਨ੍ਹਾਂ ਸਾਰਿਆਂ ਵਿੱਚੋਂ ਸਭ ਤੋਂ ਸਮਾਰਟ ਤੇ ਮੈਨੂੰ ਲੱਗਾ ਸੀ ਕਿ ਇਹ ਮੈਨੂੰ ਸਭ ਤੋਂ ਵੱਧ ਚਾਹੁੰਦਾ ਸੀ। ਕਾਫੀ ਅਮੀਰ ਪਰਿਵਾਰ। ਇਕਲੋਤਾ ਪੁੱਤਰ। ਵੱਧ ਲਾਡ ਪਿਆਰ। ਇਹੀ ਜਾਤ ਅੜਿਕਾ ਬਣ ਗਈ ਸੀ। ਦੋਹਾਂ ਧਿਰਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਅਸੀਂ ਕੋਰਟ ਮੈਰਿਜ ਕਰ ਲਈ ਸੀ। ਦਸ ਸਾਲ ਹੋ ਚਲੇ ਸਨ। ਉਨ੍ਹਾਂ ਦੇ ਵਿਆਹ ਨੂੰ ਪਰ ਦੋਹਾਂ ਵਿਚੋਂ ਕਿਸੇ ਵੀ ਪਰਿਵਾਰ ਨੇ ਉਨ੍ਹਾਂ ਨਾਲ ਖੁੱਲ੍ਹ ਕੇ ਮਿਲਣਾ-ਵਰਤਣਾ ਨਹੀਂ ਸ਼ੁਰੂ ਕੀਤਾ ਸੀ। ਨਾਰਾਜ਼ਗੀ ਹਾਲੇ ਵੀ ਕਾਇਮ ਸੀ, ਪਰ ਪਹਿਲਾਂ ਜਿੰਨੀ ਨਹੀਂ। ਬੱਚਿਆਂ ਦੇ ਜਨਮ ਤੇ ਆਏ ਸਨ ਪਰ ਰਸਮ ਨਿਭਾਉਣ ਲਈ। ਸਾਨੂੰ ਵਿਸ਼ਵਾਸ਼ ਸੀ ਕਿ ਆਖਰ ਕਿੰਨੇ ਦਿਨ ਇਹ ਦੂਰੀ ਬਣੀ ਰਹੇਗੀ। ਆਪਣਾ ਲਹੂ ਪੁਕਾਰੇਗਾ, ਹੌਲੀ ਹੌਲੀ ਗਿਲੇ ਸ਼ਿਕਵੇ ਮਿਟ ਜਾਵਣਗੇ। ਮਾਂ ਪਿਓ ਤਾਂ ਮਾਂ ਪਿਓ ਈ ਰੈਂਦੇ ਨੇ। ਵਿਆਹ ਸਮੇਂ ਮੇਰੀ ਪੋਸਟਿੰਗ ਇੱਥੇ ਸੀ ਤੇ ਮਹੇਸ਼ ਦੀ ਦੂਰ ਦੂਸਰੇ ਸ਼ਹਿਰ ਵਿੱਚ।"

"ਸ਼ਰਾਬ ਪਹਿਲੋਂ ਹੀ ਏਨੀ ਪੀਂਦੇ ਸਨ। " ਵਿਨੋਦ ਨੇ ਮਹੇਸ਼ ਦੀ ਕਮਜ਼ੋਰੀ ਤੇ ਉਂਗਲ ਧਰੀ।

"ਵਿਆਹ ਪਹਿਲੋਂ ਤਾਂ ਮੈਨੂੰ ਪਤਾ ਨਹੀਂ। ਉਸ ਵੇਲੇ ਅਸੀਂ ਇਕ ਦੂਏ ਦੇ ਪਿਆਰ ਵਿਚ ਐਨੇ ਡੁੱਬੇ ਹੋਏ ਸਾਂ ਕਿ ਇਕ ਦੂਏ ਦੀਆਂ ਕਮਜ਼ੋਰੀਆਂ ਵੀ ਖੂਬੀਆਂ ਹੀ ਜਾਪਦੀਆਂ ਸਨ। ਇਹ ਤਾਂ ਪਿੱਛਿਓ ਪਤਾ ਲੱਗਾ ਕਿ ਮਹੇਸ਼ ਤਾਂ ਵਿਆਹ ਤੋਂ ਪਹਿਲਾ ਹੀ ਤਕੜੇ ਡਰਿੰਕਰ ਸਨ। ਕੱਲੀ ਸ਼ਰਾਬ ਈ ਨਹੀਂ ਹੋਰ ਵੀ ਕਈ ਤਰ੍ਹਾਂ ਦੇ ਨਸ਼ੇ ਕਰ ਲੈਂਦੇ ਹਨ। ਮੇਰੇ ਬਾਰ ਬਾਰ ਜ਼ੋਰ ਪਾਉਣ ਤੇ ਵੀ ਇਨ੍ਹਾਂ ਨੇ ਮੇਰੇ ਲਾਗੇ ਬਦਲੀ ਨਹੀਂ ਕਰਾਈ, ਮੇਰਾ ਡਿਪਾਰਟਮੈਂਟ ਉੱਥੇ ਨਾ ਹੋਣ ਕਰਕੇ ਉਥੇ ਮੇਰੀ ਬਦਲੀ ਹੋਈ ਨਹੀਂ। ਬਸ ਆਪਣੀ ਜੁੰਡਲੀ ਵਿਚ ਰਲ ਕੇ ਆਪਣੀ ਸਾਰੀ ਤਨਖਾਹ ਤਾਂ ਬਸ ਖਾਣ-ਪੀਣ ਵਿੱਚ ਹੀ ਉਜਾੜ ਦਿੰਦੇ ਸਨ। ਘਰ ਦਾ ਸਾਰਾ ਖਰਚ ਇਕੱਲੀ ਨੇ ਤੋਰਿਆ ਹੋਇਆ। ਇਕ ਪੈਹਾ ਤਲੀ ਤੇ ਨੀ ਧਰਦੇ। ਜਿਹੜਾ ਕੋਈ ਜੀ ਪੀ ਐਫ ਵਿਚ ਜਾਂਦਾ ਹੋਣਾ ਉਹੀ ਬਚਦਾ ਹੋਣਾ। ਇਨ੍ਹਾਂ ਨੂੰ ਕੀ ਪਤਾ ਕਿ ਮੈਂ ਘਰ ਕਿਵੇਂ ਚਲਾਇਆ ਹੋਇਆ। ਕੀ ਕੀ ਪਾਪੜ ਵੇਲਣੇ ਪੈਂਦੇ ਮਿੰਨੂੰ। ਕੇੜੀ ਕੀਮਤ ਤਾਰਨੀ ਪੈਂਦੀ ਹੈ ਮੈਨੂੰ। ਇਸ ਸਭ ਕਾਸੇ ਲਈ। ਨਾ ਮੇਰਾ ਫਿਕਰ ਨਾ ਬੱਚਿਆ ਦਾ ... ਨੌਕਰੀ ਕਰਦੀ ਆਂ ਮਰਦਾ ਦੇ ਵਿਚ। ਕਈਆ ਨਾਲ ਆਪ ਬੋਲਣਾ ਪੈਂਦਾ ਦਫ਼ਤਰ ਦੇ ਕੰਮ ਕਰਕੇ ਤੇ ਕਈ ਮੇਰੇ ਨਾਲ ਚੰਬੜਣ ਦਾ ਬਹਾਨੇ ਘਰ ਵੀ ਚਲੇ ਆਉਂਦੇ, ਕੱਲੀ ਰਹਿੰਨੀ ਆ ਤੇ ਹਾਲ ਚਾਲ ਪੁੱਛਣ ਦੇ ਬਹਾਨੇ ਘਰ ਨੂੰ ਤੁਰ ਪੈਂਦੇ। ਹੁਣ ਘਰ ਆਏ ਨੂੰ ਧੱਕੇ ਮਾਰ ਕੇ ਤਾਂ ਨੀ ਕੱਢ ਹੁੰਦਾ... ਮਹੇਸ਼ ਹੁਣ ਮੇਰੇ ਤੇ ਸ਼ੱਕ ਕਰਦੇ ਨੇ, ਮੇਰੀ ਫਰੈਂਕਨੈਸ ਕਰਕੇ, ਸੋਚਦੇ ਨੇ ਜਿਵੇਂ ਮੈਂ ਉਨ੍ਹਾਂ ਨਾਲ ਪਿਆਰ ਕਰ ਕੇ ਮੈਰਿਜ ਕੀਤੀ ਉਵੇਂ ਈ ਮੈਂ ਖਬਰੇ ਕਿੰਨਿਆ ਕੁ ਨਾਲ...।" ਗੌਰੀ ਨੇ ਆਪਣੇ ਦਿਲ ਦੇ ਦਰਦ ਦਾ ਪਟਾਰਾ ਵਿਨੋਦ ਸਾਹਣੇ ਖੋਲ ਦੇ ਰੱਖ ਦਿੱਤਾ ਸੀ। ਗੌਰੀ ਬਾਰੇ ਵਿਨੋਦ ਦੇ ਦਿਮਾਗ ਵਿਚ ਬਣਿਆ ਅਕਸ ਬਦਲ ਗਿਆ ਸੀ। ਉਸ ਦੇ ਮਨ ਵਿਚ ਗੌਰੀ ਪ੍ਰਤੀ ਹਮਦਰਦੀ ਦਾ ਹੜ੍ਹ ਪੈਦਾ ਹੋ ਗਿਆ ਸੀ।

"ਤੁਹਾਡਾ ਕੋਈ ਕੁਲੀਗ, ਮਹੇਸ਼ ਦੀ ਖ਼ਬਰ ਲੈਣ ਨਹੀਂ ਆਇਆ,ਉਂਜ ਤਾਂ ਅਕਸਰ ਤੁਹਾਡੇ ਘਰ...।"

"ਸਾਰੇ ਮਤਲਬ ਦੇ ਯਾਰ ਨੇ ਹਰਾਮੀ ਉਆਂ ਬੜੀ ਹਮਦਰਦੀ ਦੱਸਦੇ ਫਿਰਦੇ ਨੇ ਉਆਂ ਬੀ ਮੈਂ ਉਨ੍ਹਾਂ ਨੂੰ ਮਹੇਸ਼ ਦੇ ਸ੍ਹਾਹਮਣੇ ਘਟ ਈ ਔਣ ਦਿੰਦੀ ਆ... ਜਦੋਂ ਤੋਂ ਉਹ ਮੇਰੇ ਤੇ ਸ਼ੱਕ ਕਰਨ ਲੱਗ ਪਏ ਸਨ। "

"ਕੱਲ੍ਹ ਰਾਤੀ ਵੀ ਜਿਸ ਲੇ ਦੌਰਾ ਪਿਆ, ਉਸਲੈ ਬੀ ਕਾਫੀ ਪੀਤੀਓ ਹੀ ਮਹੇਸ਼ ਨੇ...।"

"ਆਹੋ ਕੇ ਦੱਸਾਂ ਇਆਂ ਈ ਪੀ ਕੇ ਪਏ ਰੈਂਦੇ ਨੇ... ਸਵੇਰੇ ਸਾਰ ਉਠਦਿਆਂ ਹੀ ਖਾਲੀ ਪੇਟ ਫਿਰੀ

ਚੜ੍ਹਾ ਲੈਂਦੇ , ਕੀ ਸੁੱਖ ਆ ਏਸ ਆਦਮੀ ਦਾ , ਜੇ ਦੇਖਿਆ ਜਾਵੇ ਤਾਂ, ਕੀ ਘਾਟ ਏ ਇਸ ਨੂੰ, ਸੋਹਣੀ ਤੀਵੀਂ ...ਫੁੱਲਾਂ ਵਰਗੇ ਦੋ ਬੱਚੇ... ਰੱਬ ਦਾ ਸ਼ੁਕਰ ਏ, ਬੱਚੇ ਹੋਈ ਗੇ, ਉਨ੍ਹਾਂ ਨਾਲ ਮੇਰਾ ਜੀ ਲੱਗਿਆ ਰੈਂਦਾ ਨੀ ਤਾਂ ਘੜੀ ਕੱਟਣੀ ਔਖੀ ਹੋ ਜਾਣੀ ਸੀ।"

ਗੱਲਾਂ ਗੱਲਾਂ ਵਿੱਚ ਪਤਾ ਹੀ ਨਹੀਂ ਲੱਗਾ ਸੀ, ਰਾਤ ਦੇ ਗਿਆਰਾ ਵੱਜ ਗਏ ਸਨ।

"ਚੰਗਾ ਮੈਂ ਚਲਦਾ ਆਪਣੇ ਦੋਸਤ ਕੋਲ ਟੈਮ ਬਹੁਤ ਹੋਈ ਜਾਂਦਾ, ਉਹ ਵੀ ਉਡੀਕਦਾ ਹੋਣਾ ਮੈਨੂੰ, ਕਿਤੇ ਸੌਂ ਹੀ ਨਾ ਗਿਆ ਹੋਵੇ...।"

"ਰੈਣ ਦਿਓ ਹੁਣ ਕੀ ਤੰਗ ਕਰਨਾ, ਅੱਧੀ ਰਾਤ ਤਾਂ ਬੀਤ ਗਈ ... ਏਥੇ ਹੀ ਪਏ ਰਹੋ, ਮੀਨਾ ਦੀ ਫਿਕਰ ਨਾ ਕਰੋ... ਮੈਂ ਦੱਸੀ ਦੇਵਾਂਗੀ ਤੁਸੀਂ ਰਾਤੀਂ ਆਪਣੇ 'ਫਰੈਂਡ' ਕੋਲ ਚਲੇ ਗਏ ਸੀ, ਪੰਜ-ਚਾਰ ਘੰਟੇ ਈ ਤਾਂ ਰਹਿ ਗਏ ਰਾਤ ਮੁੱਕਣ ਵਿੱਚ।" ਪਤਾ ਨਹੀਂ ਕਿਉਂ ਵਿਨੋਦ ਵੀ ਜਿਆਦਾ ਜਿਦ ਨਹੀਂ ਕਰ ਸਕਿਆ ਤੇ ਗੌਰੀ ਦੀ ਮਰਜ਼ੀ ਅੱਗੇ। ਉਥੇ ਹੀ ਰੁਕ ਗਿਆ ਸੀ, ਉਸੇ ਕਮਰੇ ਵਿੱਚ। ਕਾਫੀ ਦੇਰ ਪਏ ਰਹੇ ਸੀ ਉਹ ਅਲਗ ਅਲਗ ਬੈੱਡ ਉੱਤੇ।

"ਮੈਨੂੰ ਲਾਈਟ ਵਿੱਚ ਨੀਂਦ ਨਹੀਂ ਔਂਦੀ...।" ਕਹਿੰਦਿਆ ਵਿਨੋਦ ਨੇ ਬੱਤੀ ਬੰਦ ਕਰ ਦਿੱਤੀ ਤੇ ਸੌਣ ਦੀ ਹੋਂਦ ਦਾ ਅਹਿਸਾਸ ਹੋਇਆ ਸੀ, ਉਸ ਹੌਲੀ ਦੇਣੀ ਖੁਸਰ-ਫੁਸਰ ਕੀਤੀ। "ਮੈਨੂੰ ਨ੍ਹੇਰੇ ਵਿਚ ਡਰ ਲਗਦਾ, ਮੈਨੂੰ ਲਾਈਟ-ਬਾਲ ਕੇ ਈ ਸੌਣ ਦੀ ਆਦਤ ਐ... ਘਰ ਕੱਲੀ ਹੁੰਦੀ ਆਂ ਤਾਂ ਜੀਰੋ ਵਾਟ ਦਾ ਬਲਬ ਬਾਲੀ ਰਖਦੀ ਆ... ਪਤਾ ਨੀ ਕਿਓ ਮੈਨੂੰ ਡਰ ਲੱਗਦਾ... ਅਜੀਬੋ ਗਰੀਬ ਜੇਹੇ ਖਿਆਲ ਆਉਂਦੇ ਨੇ।" ਕਹਿੰਦੀ ਹੋਈ ਗੌਰੀ ਵਿਨੋਦ ਦੇ ਹੋਰ ਕਰੀਬ ਆ ਗਈ ਸੀ। ਇੰਨੀ ਨੇੜੇ ਕਿ ਵਿਨੋਦ ਨੂੰ ਉਸ ਦੇ ਸਾਹਾਂ ਦੀ ਸੁਗੰਧ ਤੇ ਜਿਸਮ ਦੀ ਤਪਸ਼ ਵੀ ਬੜੀ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਸੀ।

ਵਿਨੋਦ ਨੇ ਤਾਂ ਸੁਪਨੇ ਵਿੱਚ ਵੀ ਇਸ ਗੱਲ ਦੀ ਕਲਪਨਾ ਨਹੀਂ ਸੀ ਕੀਤੀ। ਰਾਤ ਅੱਖਾਂ ਵਿੱਚ ਹੀ ਲੰਘ ਗਈ ਸੀ। ਮੀਨਾ ਮਗਰੋਂ ਗੌਰੀ ਦੂਸਰੀ ਔਰਤ ਸੀ ਜਿਸਦੇ ਐਨਾ ਨੇੜੇ ਹੋਣ ਦਾ ਮੌਕਾ ਮਿਲਿਆ ਸੀ ਉਸਨੂੰ। ਗੁਜ਼ਰੀ ਹੋਈ ਰਾਤ ਉਸ ਨੂੰ ਸੁੰਦਰ-ਸੁਖਦ ਸੁਪਨੇ ਵਰਗੀ ਲਗਦੀ ਸੀ। ਗੌਰੀ ਉਠ ਕੇ ਅਟੈਚਡ ਬਾਥਰੂਮ ਵਿੱਚ ਫਰੈਸ਼ ਹੋਣ ਚਲੀ ਗਈ ਸੀ ਤੇ ਉਹ ਅਜੇ ਵੀ ਸੁਆਰਗੀ ਹੁਲਾਰਿਆਂ ਦੇ ਅਨੰਦ ਮਈ ਪਲਾਂ ਨਾਲ ਸਰਾ-ਬੋਰ ਸੀ।

ਫਰੈਸ਼ ਹੋ ਕੇ ਆਈ ਗੌਰੀ ਇਕ ਦਮ ਤਰੋਤਾਜਾ ਲਗ ਰਹੀ ਸੀ। ਉਹ ਇੰਜ ਵਿਚਰ ਰਹੀ ਸੀ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਇਕਦਮ ਨਾਰਮਲੇ। ਉਸ ਨੇ ਚਾਹ ਮੰਗਵਾ ਲਈ ਸੀ। ਚਾਹ ਸਿਪ ਕਰਦਿਆਂ ਉਸ ਨੇ ਵਿਨੋਦ ਦਾ ਹੱਥ ਆਪਣੇ ਹੱਥ ਵਿੱਚ ਲੈਂਦਿਆ ਕਿਹਾ, "ਮੈਂ ਕਿਹੜੇ ਸ਼ਬਦਾਂ ਨਾਲ ਤੁਹਾਡਾ ਥੈਂਕਸ ਕਰਾਂ ਇਸ ਮੁਸੀਬਤਾ ਦੀ ਘੜੀ ਵਿਚ ਤੁਸੀਂ ਮੇਰਾ ਸਾਥ ਦਿੱਤਾ ਹੈ।"

"ਥੈਂਕਸ ਤਾਂ ਮੈਨੂੰ ਕਰਨਾ ਚਾਹੀਦਾ ਕਿ ਤੁਸੀਂ ਮੇਰੇ ਤੇ ਵਿਸ਼ਵਾਸ਼ ਕੀਤਾ ਹੈ। ਮੈਨੂੰ ਇਸ ਕਾਬਲ ਸਮਝਿਆ...।" ਵਿਨੋਦ ਨੇ ਡਾਢੀ ਅਪਣਤ ਤੇ ਮੋਹ ਨਾਲ ਕਿਹਾ।

"ਅਸੀਂ ਇਕ ਦੂਸਰੇ ਦੇ ਅਹਿਸਾਨ ਦਾ ਬਦਲਾ ਨਹੀਂ ਚੁਕਾ ਸਕਦੇ। ਬਸ ਪਿਆਰ ਨਾਲ ਈ ਨਾ... ਹੋਰ ਮੇਰੇ ਕੋਲ ਕੀ ਐ...।" ਕਹਿੰਦਿਆ ਗੌਰੀ ਨੇ ਅੱਖਾਂ ਭਰ ਲਈਆਂ ਸਨ।

"ਨਹੀਂ ਪਲੀਜ਼... ਦਿਲ ਛੋਟਾ ਨਾ ਕਰੋ... ਮੈਂ ਤੁਹਾਡਾ ਸਾਥ ਹਮੇਸ਼ਾ ਨਿਭਾਵਾਂਗਾ.. ਸੱਚਾ ਦੋਸਤ ਬਣੀ ਕੇ... ਮਰਦੇ ਦਮ ਤੀਕ...।" ਵਿਨੋਦ ਵੀ ਭਾਵੁਕਤਾ ਦੀ ਰੌਂਅ ਵਿਚ ਵਹਿ ਗਿਆ ਸੀ।

ਦੂਸਰੇ ਦਿਨ ਮਹੇਸ਼ ਨੂੰ ਦੁਬਾਰਾ ਦਿਲ ਦਾ ਦੌਰਾ ਪੈ ਗਿਆ ਸੀ। ਬਹੱਤਰ ਘੰਟੇ ਪੂਰੇ ਹੋਣ ਤੋਂ ਪਹਿਲਾ ਹੀ। ਲੱਖ ਕੋਸ਼ਿਸ਼ ਦੇ ਬਾਵਜੂਦ ਡਾਕਟਰ ਉਸ ਨੂੰ ਬਚਾ ਨਹੀਂ ਸਕੇ ਸਨ। ਸ਼ਮਸ਼ਾਨ ਵਿਚ ਬਲਦੀ ਚਿਖਾ ਵਿਚ ਛਾਲ ਮਾਰ ਕੇ ਮਹੇਸ਼ ਨਾਲ ਜਾਨ ਦੇਣ ਦੀ ਕੋਸ਼ਿਸ ਕਰਦੀ, ਆਪਣੇ ਪਤੀ ਦੇ ਵਿਯੋਗ ਵਿੱਚ ਵਿਲਕਦੀ ਗੌਰੀ ਨੂੰ ਆਪਣੀਆਂ ਬਾਹਾਂ ਵਿੱਚ ਲੈ ਕੇ ਵਿਨੋਦ ਸੋਚ ਰਿਹਾ ਸੀ , ਜੇ ਇਹ ਗੌਰੀ ਹੈ ਤਾਂ ਫਿਰ ਰਾਤ ਉਸ ਦੀਆਂ ਬਾਹਾਂ ਵਿੱਚ ਕੌਣ ਸੀ? o



# ਹੂਕ / ਬਲਬੀਰ ਕੌਰ ਰੀਹਲ

***ਬਲਵੀਰ ਕੌਰ ਰੀਹਲ ਪੰਜਾਬੀ ਦੀ ਨਵੀਂ ਉਭਰ ਰਹੀ ਕਹਾਣੀਕਾਰ ਹੈ। ਉਹ ਬੜੀ ਬੇਬਾਕ ਹੋ ਕੇ ਲਿਖਦੀ ਹੈ। ਉਸ ਨੇ ਵਿਦਿਆ ਐਮ ਏ, ਕੰਪਿਊਟਰ ਕੋਰਸ ਕੀਤਾ ਹੈ। ਅੱਜ ਕੱਲ ਉਹ ਕਿਸੇ ਕਾਲਜ ਵਿਚ ਪੜ੍ਹਾ ਰਹੀ ਹੈ। ਕਿਤਾਬਾਂ 'ਦੋ ਕਦਮ' (ਛੋਟੀਆਂ ਕਹਾਣੀਆਂ) ਸੱਭਿਆਚਾਰਕ ਲੇਖ ਤੇ ਕੁਝ ਕਹਾਣੀਆਂ ਛਪੀਆਂ। ਪਤਾ ਪਿੰਡ ਸੁਭਾਨਪੁਰ, ਡਾ. ਬਾੜੀਆਂ ਕਲਾਂ, ਹੁਸ਼ਿਆਰਪੁਰ-146101***

ਰੱਬ ਜਾਣੇ ਕੀ ਗੱਲ ਸੀ ਕਿ ਨਛੱਤਰ ਦੀ ਘਰਵਾਲੀ ਭਾਗੋ ਪੰਜ-ਛੇ ਵਰੇ ਭਾਗਭਰੀ ਨਾ ਬਣ ਸਕੀ। ਝੋਰੇ ਨਾਲ ਉਹ ਸੁੱਕ-ਸੁੱਕ ਕੇ ਢੀਂਗਰ ਬਣ ਗਈ। ਮਾਂ ਬਣਨ ਦੇ ਸੁਪਨੇ ਦਾ ਝੋਰਾ ਉਹਨੂੰ ਅੰਦਰੋਂ-ਅੰਦਰੀ ਖਾਈ ਜਾ ਰਿਹਾ ਸੀ।

ਪਤਾ ਨਹੀਂ ਨਛੱਤਰ ਉਸ ਕੋਲੋਂ ਕੀ ਉਹਲਾ ਰੱਖਦਾ ਸੀ, ਸਾਇਦ ਉਹਨੂੰ ਕੋਈ ਅੰਦਰੂਨੀ ਨੁਕਸ ਸੀ...। ਉਹ ਕਈ ਦੇਸੀ ਦਵਾ ਖਾਨਿਆਂ ਦੇ ਗੇੜੇ ਕੱਢ ਕੱਢ ਕੇ ਥੱਕ ਹਾਰ ਗਿਆ ਸੀ। ਦੋਵੇਂ ਤੀਮੀਂ ਆਦਮੀ ਬਹੁਤ ਸਾਧਾ ਸੰਤਾਂ ਦੇ ਡੇਰੇ ਗਾਹ ਚੁੱਕੇ ਸਨ। ਹੁਣ ਤਾਂ ਉਹਨਾਂ ਦੀਆਂ ਜੁੱਤੀਆਂ ਵੀ ਘਸ ਘਸ ਕੇ ਟੁੱਟ ਗਈਆਂ ਸਨ। ਕੀਤੀ ਕਮਾਈ ਵਿਚੋਂ ਕੁੱਝ ਬਚਦਾ ਵੀ ਤਾਂ ਉਹ ਡੇਰਿਆਂ ਦੇ ਲੇਖੇ ਲੱਗ ਜਾਂਦਾ। ਹੁਣ ਹਾਲ ਫ਼ਕੀਰਾਂ ਵਾਲਾਂ ਸੀ ਗਲ ਉਹਨਾਂ ਦੇ ਲੀਰਾ ਲਟਕਦੀਆਂ। ਹਰ ਜੇਠਾ ਦਿਨ ਉਹਨਾਂ ਦਾ ਕਿਤੇ ਨਾ ਕਿਤੇ ਚੌਂਕੀ ਭਰਨ ਵਿੱਚ ਹੀ ਬੀਤਦਾ ਕੋਈ ਸੁਆਹ ਦੀ ਪੁੜੀ ਪਾਣੀ 'ਚ ਘੋਲ ਕੇ ਪੀਣ ਨੂੰ ਦਿੰਦਾ, ਕੋਈ ਮੰਤਰ ਮਾਰ ਕੇ ਲੌਂਗ ਇਲਾਇਚੀਆਂ ਚਾਲੀ ਦਿਨ੍ਹਾਂ ਲਈ ਦੇ ਕੇ ਤੋਰ ਦਿੰਦਾ। ਨੇੜੇ ਤੇੜੇ ਦਾ ਕੋਈ ਨੀਮ-ਹਕੀਮ ਉਹਨਾਂ ਨੇ ਨਾ ਛੱਡਿਆ। ਪਤਾ ਨਹੀਂ ਨਛੱਤਰ ਦਾ ਹੀ ਕੋਈ ਔਗੁਣ ਸੀ ਜਾਂ ਉਹਦੀ ਤੀਮੀਂ...।

ਨਛੱਤਰ ਦਾ ਪਿਓ ਖਹਿੜੇ ਪਿਆ ਸੀ, "ਆਹ ਅਖੀਰੀ ਵਾਰੀ ਝਾੜ ਆਲੇ ਬਾਬੇ ਦੇ ਜਾ ਆਓ ਸ਼ੈਦ ਕੋਈ ਖੈਰ ਪੱਲੇ ਪੈ ਹੀ ਜਾਵੇ...।" ਉਹਨੂੰ ਆਪਣੇ ਚਾਲੀ ਕਿੱਲੇ ਭੰਗ ਦੇ ਭਾੜੇ ਰੁਲਦੇ ਨਜ਼ਰੀ ਆਉਂਦੇ ... ਬੰਜ਼ਰ ਜਾ ਰਹੀ ਭਾਗੋ ਦੀ ਕੁੱਖ ਨੂੰ ਨਿੱਤ ਤਾਹਨੇ ਮਿਹਣੇ ਦੇ ਕੇ ਨਵੇਂ ਨਵੇਂ ਸ਼ਬਦਾਂ ਨਾਲ ਨਿਵਾਜਿਆਂ ਜਾਂਦਾ।

ਦਰੋਪਤੀ ਦੇ ਸਰਾਪ ਕਰਕੇ ਦੁਆਪਰ ਯੁੱਗ ਵਿੱਚ ਕੈਰੋਂ ਪਾਡੋਂ ਸੋਮ ਪਤੀ ਮੱਸਿਆ ਨੂੰ ਉਡੀਕਦੇ ਹੀ ਤੁਰ ਗਏ। ਪਰ ਸੋਮਪਤੀ ਮੱਸਿਆ ਨਾ ਆਈ। ਝਾੜ ਆਲੇ ਬਾਬੇ ਨੇ ਦੋਹਾਂ ਨੂੰ ਸੋਮਪਤੀ ਮੱਸਿਆ ਨੂੰ ਆਪਣੇ ਡੇਰੇ ਦੇ ਸਰੋਵਰ ਵਿੱਚ ਤੜਕਸਾਰ ਇਸ਼ਨਾਨ ਕਰਨ ਦਾ ਹੁਕਮ ਦਿੱਤਾ। ਪੰਜ ਮੱਸਿਆ ਅਜੇ ਟੱਪੀਆਂ ਨਹੀਂ ਸਨ ਕਿ ਨਛੱਤਰ ਦੇ ਘਰ ਨੂੰ ਚਾਰ ਚੰਨ ਲੱਗਣ ਦੀ ਆਸ ਬੱਝ ਗਈ।

ਭਾਗੋ ਨੂੰ ਕੁੱਝ ਦਿਨ ਟੱਪ ਗਏ। ਜੇਤੂ ਨਜ਼ਰਾਂ ਨਾਲ ਉਹ ਆਪਣੇ ਘਰ 'ਚ ਏਧਰ-ਉਧਰ ਫਿਰਨ ਲੱਗੀ। ਬਾਜੀ ਜਿੱਤਣ ਲਈ ਭਾਵੇਂ ਹਥਿਆਰ ਉਹਨੇ ਬਾਹਰੋ ਲਏ ਸਨ.. ਉਹਦੇ ਘਰ ਵਾਲੇ ਨਛੱਤਰ ਕੋਲ ਤਾਂ ਕੋਈ ਹਥਿਆਰ ਹੀ ਨਹੀਂ ਸੀ... ਬਾਜੀ ਕਿਵੇਂ ਜਿੱਤਦਾ ? ਨਛੱਤਰ ਦੇ ਚਿਹਰੇ ਉੱਤੇ ਇੱਕ ਨਵੀਂ ਰੌਣਕ ਭਾਅ ਮਾਰਨ ਲੱਗੀ। ਨਛੱਤਰ ਨੂੰ ਲੱਗਾ ਜਿਵੇਂ ਉਹਨੇ ਸ਼ਰੀਕਾ ਕੋਲੋਂ ਬਾਜੀ ਜਿੱਤ ਲਈ ਹੈ। ਨਛੱਤਰ ਅਰਦਾਸ ਕਰ ਆਇਆ , "ਬਾਬਾ ਪਹਿਲਾਂ ਮੁੰਡਾ ਤੇਰੇ ਦਰ ਤੇ ਚੜ੍ਹਾ ਜਾਊ। ਅਗਲਾ ਮੇਰੀ ਜ਼ਮੀਨ ਦਾ ਵਾਰਿਸ ਬਣ ਜਾਓ...।"

ਪਹਿਲਾਂ ਸੱਚੀ ਮੁੰਡਾ ਹੀ ਜੰਮਿਆ, ਬਾਬਿਆ ਨੇ ਨਾਂ ਰੱਖਿਆ, ਸਰਵੰਸ਼। ਸਰਵੰਸ਼ ਸੀ ਵੰਸ਼ ਦੀ

ਤਾਰੀ ਨੂੰ ਸਰ ਕਰਨ ਵਾਲਾ।ਉਹਦੇ ਜੰਮਣ ਤੇ ਘਰੋਂ ਕੋਈ ਵੀ ਲਾਗੀ-ਜੋਗੀ ਖਾਲੀ ਨਾ ਤੋਰਿਆ ਗਿਆ। ਸਭ ਘਰੋਂ ਝੋਲੀਆਂ ਭਰ ਭਰ ਗਏ।ਜਿਓ-ਜਿਓ ਸਰਵੰਸ਼ ਵੱਡਾ ਹੁੰਦਾ ਜਾਂਦਾ ਭਾਗੋ ਦੇ ਅੰਦਰ ਇਕ ਧੁੜਕੂ ਜਿਹਾ ਲੱਗਿਆ ਰਹਿੰਦਾ, ਭਾਵੇਂ ਉਪਰੋਥਲੀ ਉਹਦੇ ਦੋ ਮੁੰਡੇ ਹੋਰ ਜੰਮ ਪਏ, ਉਹ ਜਦੋਂ ਵੀ ਸਰਵੰਸ਼ ਨੂੰ ਵਧਦਾ ਫੁੱਲਦਾ ਵੇਖਦੀ, ਉਹਦੀਆਂ ਅੱਖਾਂ 'ਚ ਹੰਝੂ ਪਰਲ ਪਰਲ ਵਗ ਤੁਰਦੇ।ਉਹਨੂੰ ਪਤਾ ਸੀ, ਇਹਦੇ ਵੱਡੇ ਹੋਣ ਦੀ ਦੇਰ ਹੈ, ਬਾਬੇ ਨੇ ਇਹਨੂੰ ਨਾਲ ਲੈ ਜਾਣਾ ਹੈ।

ਕਦੇ ਕਦੇ ਝਾੜ ਆਲਾ ਬਾਬਾ ਯਾਦ ਕਰਵਾਉਣ ਲਈ ਸੁਨੇਹਾ ਵੀ ਭੇਜਦਾ, "ਮੇਰੀ ਔਲਾਦ ਮੈਨੂੰ ਕਦੋਂ ਸੌਂਪ ਕੇ ਜਾਣੀ ਆ।" ਉਹ ਮੁੰਡੇ ਦੀ ਖੁਰਾਕ ਲਈ ਹਮੇਸ਼ਾਂ ਹਦਾਇਤ ਕਰਦਾ।ਕਦੇ ਸਰਵੰਸ਼ ਨੂੰ ਬਦਾਮ ਭੇਜਦਾ ਤੇ ਕਦੇ ਦੇਸੀ ਘਿਓ ਦੇ ਪੀਪੇ।ਬਾਬਾ ਹੁਣ ਸਰਵੰਸ਼ ਨੂੰ ਆਪਣੇ ਆਪ ਤੋਂ ਦੂਰ ਨਹੀਂ ਰੱਖਣਾ ਚਾਹੁੰਦਾ ਸੀ।ਬਾਬੇ ਦਾ ਅੰਦਰ ਪੁੱਤ ਲਈ ਤੜਪਦਾ, ਉਹ ਉਹਦੀ ਰਗ ਸੀ।ਖੂਨ ਸੀ...।

ਇੱਕ ਦਿਨ ਬਾਬੇ ਨੇ ਭਾਗੋ ਨੂੰ ਡੇਰੇ ਵਿੱਚ ਬੁਲਾਇਆ।ਉਹ ਭਾਗੋ ਨਾਲ ਡੇਰੇ ਦੇ ਅੰਦਰ ਕਾਫੀ ਦੇਰ ਘੁਸਰ ਮੁਸਰ ਕਰਦਾ ਰਿਹਾ।ਭਾਗੋ ਰੋਣਹਾਕੀ ਹੋ ਕੇ ਡੇਰਿਓਂ ਬਾਹਰ ਨੂੰ ਤੁਰ ਪਈ।ਭਾਗੋ ਕਦੇ ਵੀ ਸਰਵੰਸ਼ ਨੂੰ ਆਪਣੇ ਨਾਲੋਂ ਵੱਖ ਕਰਨ ਲਈ ਰਾਜ਼ੀ ਨਾ ਹੁੰਦੀ।ਉਹ ਮਨ ਹੀ ਮਨ ਸੋਚਦੀ, 'ਬਾਬਾ ਐਮੇ ਭੌਂਕਦਾ ਰਹਿੰਦਾ, ਇਹ ਕੀ ਜਾਣੇ ਲਾਦ ਦਾ ਦੁੱਖ ...।"

ਮਾਂ ਦੀ ਭਾਵੇਂ ਜਿੰਨੀ ਮਰਜ਼ੀ ਔਲਾਦ ਹੋਵੇ, ਉਹ ਕਦੇ ਵੀ ਆਪਣਾ ਧੀ-ਪੁੱਤ ਦੁੱਧੋਂ ਤੋੜ ਕੇ ਰਾਜ਼ੀ ਨਹੀਂ ਹੁੰਦੀ।

ਝਾੜ ਆਲਾ ਬਾਬਾ ਬਿਰਧ ਹੋ ਕੇ ਦਿਨੋਂ-ਦਿਨ ਲਿੱਸਾ ਪੈ ਰਿਹਾ ਸੀ।ਸਰਵੰਸ਼ ਦੀ ਪੜ੍ਹਾਈ ਵਿਚੋਂ ਹੀ ਛੁਡਵਾ ਦਿੱਤੀ ਗਈ, ਹੁਣ ਮਾਂ ਦਾ ਕੌੜਾ ਘੁੱਟ ਭਰਨ ਦੀ ਵਾਰੀ ਆ ਗਈ।ਭਾਗੋ ਕਿਸੇ ਵੀ ਕੀਮਤ ਉੱਤੇ ਟਾਲ ਮਟੋਲ ਨਹੀਂ ਕਰ ਸਕਦੀ ਸੀ।

ਮਾਂ ਨੇ ਜੁਆਨ ਹੋ ਚੁੱਕੇ ਪੁੱਤ ਦੇ ਸਿਰੋਂ ਵਿਆਹ ਦੇ ਮੌਕੇ ਪਾਣੀ ਵਾਰ ਕੇ ਪੀਣਾ ਸੀ ਭਾਗੋ ਨੂੰ ਲੱਗਾ ਉਹਦਾ ਦਿਨੇ ਹੀ ਸੁਪਨਾ ਟੁੱਟ ਗਿਆ ਹੈ, ਪਾਣੀ ਵਾਰਨ ਵਾਲੀ ਗੜਵੀਂ ਉਹਦੇ ਹੱਥੋਂ ਡਿੱਗ ਪਈ ਤੇ ਕਈ ਦੇਰ ਗੜਵੀਂ ਦਾ ਖੜਾਕਾ ਉਹਦੇ ਕੰਨਾਂ ਵਿੱਚ ਪੈਂਦਾ ਰਿਹਾ। ਭਾਗੋ ਦਾ ਸਿਰ ਚਕਰਾਉਣ ਲੱਗਾ। ਉਹ ਉਭੱੜਵਾਹੇ ਚੀਕ ਮਾਰ ਕੇ ਉੱਠੀ...

ਇੱਕ ਦੋ ਵਾਰੀ ਸਰਵੰਸ਼ ਭੱਜ ਕੇ ਗੁਆਂਢੀਆਂ ਦੇ ਘਰ ਜਾ ਲੁਕਿਆ. ਭਾਗੋ ਰੋਂਦੀ ਕੁਰਲਾਉਂਦੀ ਮੁੰਡੇ ਦਾ ਨਿੱਕ-ਸੁੱਕ ਬੰਨ ਰਹੀ ਸੀ, ਪਰਲ ਪਰਲ ਉਹ ਹੰਝੂ ਸਿੱਟਦੀ। ਭਾਗੋ ਭੁੱਬੀ ਰੋਂਦੀ, ਗਸ਼ੀਆ ਖਾਵੇ। ਨਛੱਤਰ ਵੀ ਤਾਂ ਅੰਦਰੋਂ ਟੁੱਟਿਆ ਤੇ ਬੁਝਿਆ ਪਿਆ ਸੀ।ਉਹ ਫਿਰ ਵੀ ਭਾਗੋ ਨੂੰ ਦਿਲਬਰੀਆਂ ਦੇ ਰਿਹਾ ਸੀ।ਭਾਗੋ ਨੂੰ ਕੋਈ ਚਾਰਾ ਚੱਲਦਾ ਨਾ ਦਿਸਿਆ ਤਾਂ ਉਹ ਵੀ ਪੁੱਤਰ ਮੋਹ 'ਚ ਡੇਰੇ ਨੂੰ ਨਾਲ ਹੀ ਤੁਰ ਪਈ। ਦੋ ਮਹੀਨੇ ਬੀਤ ਚੱਲੇ ਸਨ, ਮਾਂ-ਪੁੱਤ ਨੂੰ ਡੇਰੇ 'ਚ ਆਇਆ ਹੋਇਆ ਨੂੰ।ਦੋਹਾਂ ਦਾ ਹੀ ਦਿਲ ਨਹੀਂ ਲੱਗਦਾ ਸੀ।ਭਾਗੋ ਜਿੰਨੀ ਵਾਰੀ ਵੀ ਆਪਣੇ ਆਪ ਨੂੰ ਘਰ ਚੱਲਣ ਲਈ ਤਿਆਰ ਕਰਦੀ, ਉਹਦਾ ਹਰ ਵਾਰ ਮਨ ਡੋਲ ਜਾਂਦਾ...।

ਸਰਵੰਸ਼ ਕਦੇ ਮੋਬਾਇਲ ਤੇ ਕਿੱਧਰੇ ਫੋਨ ਕਰਦਾ, ਕਦੇ ਉਹਦਾ ਦੋ-ਦੋ ਘੰਟੇ ਫੋਨ ਹੀ ਆਇਆ ਕੱਟ ਨਾ ਹੁੰਦਾ।ਝੱਟ ਉਹ ਡੇਰਿਉ ਮੋਟਰ ਸਾਇਕਲ ਚੁੱਕ ਅੱਖ ਬਚਾ ਕੇ ਪਿੰਡ ਦੀ ਗੇੜੀ ਮਾਰਨ ਤੁਰ ਪੈਂਦਾ...।

ਝਾੜ ਆਲੇ ਬਾਬੇ ਨੂੰ ਇੱਕ ਦਿਨ ਤੜਕਸਾਰ ਅਟੈਕ ਹੋ ਗਿਆ , ਉਹਦੇ ਦਿਮਾਗ਼ ਦੀ ਨਾੜੀ ਫਟ ਗਈ, ਹੁਣ ਉਹਦਾ ਬਚਣਾ ਮੁਸ਼ਕਿਲ ਹੋ ਗਿਆ ... ਤੇ ਉਹ ਜਾਂਦਾ ਲੱਗਾ...।

ਸਰਵੰਸ਼ ਨੂੰ ਡੇਰੇ ਦਾ ਗੱਦੀ ਨਸ਼ੀਨ ਥਾਪਣ ਦਾ ਦਿਨ ਆ ਗਿਆ।ਡੇਰੇ ਦਾ ਅਗਲਾ ਮਹੰਤ ਤਾਂ



ਥਾਪਣਾ ਹੀ ਸੀ।ਕਈ ਧਿਰਾਂ ਆਪੋ-ਆਪਣੇ ਦਾਅ ਪੇਚ ਵਰਤ ਕੇ ਆਪਣਾ ਹੱਕ ਸਮਝਦੀਆਂ ਸਨ।ਪਿੰਡ ਵਾਲੇ ਆਪਣਾ ਹੱਕ ਸਮਝਦੇ ਸੀ।ਡੇਰੇ ਦੀ ਮਹੰਤੀ ਲਈ ਬਹੁਤ ਸਾਰੇ ਖੂਨ-ਖਰਾਬੇ ਹੋਏ, ਸਿਰ ਪਾਟੇ ਆਖਿਰ ਜਿੱਤ ਸਰਵੰਸ਼ ਦੀ ਹੀ ਹੋਈ, ਅਸਲ 'ਚ ਸਰਵੰਸ਼ ਬਾਬੇ ਦੀ ਰਗ 'ਚੋਂ ਜੁ ਨਿਕਲਿਆ ...।

ਕਈ ਡੇਰਿਆਂ ਦੇ ਸਾਧੂ ਸੰਤ ਇਕੱਠੇ ਹੋਏ ਹਵਨ ਕੀਤੇ, ਕੁਝ ਮੰਤਰਾਂ ਦੇ ਜਾਪ ਕਰਕੇ ਸਰਵੰਸ਼ ਦੇ ਸਿਰ 'ਤੇ ਪੱਗ ਧਰ ਦਿੱਤੀ... ਹੁਣ ਇਸ ਛੋਟੀ ਜਿਹੀ ਕਿਰਿਆ ਨਾਲ ਡੇਰੇ ਦੀ ਸਾਰੀ ਜਿੰਮੇਵਾਰੀ ਉਹਦੇ ਸਿਰ ਉੱਤੇ ਆ ਕੇ ਬੈਠ ਗਈ... ਹੌਲੀ ਹੌਲੀ ਸਮਾਂ ਬੀਤ ਰਿਹਾ ਸੀ ਮਾਂ ਰੋਂਦੀ-ਕੁਰਲਾਉਂਦੀ ਬਾਕੀ ਸਾਧਾਂ ਦੀ ਹਦਾਇਤ ਅਨੁਸਾਰ ਆਪਣੇ ਪਿੰਡ ਮੁੜ ਗਈ ਕਈ ਦਿਨ ਘਰ ਜਾ ਕੇ ਭਾਗੋ ਨੇ ਰੋਟੀ ਦੀ ਬੁਰਕੀ ਤੱਕ ਨਾ ਤੋੜੀ, ਉਹ ਮੁੜ ਮੁੜ ਆਪਣੇ ਪੁੱਤ ਨੂੰ ਪੁਕਾਰਦੀ,

ਡੇਰੇ ਦੇ ਮੋਹਤਬਰ ਬੰਦੇ ਸਰਵੰਸ਼ ਨੂੰ ਆਪਣਾ ਮਨ ਪੂਜਾ ਪਾਠ 'ਚ ਲਾਉਣ ਲਈ ਆਖਦੇ।ਜੁਆਨੀ ਵੇਲੇ ਪਾਠ ਪੂਜਾ ਤਾਂ ਉਹਦੇ ਚਿੱਤ ਚੇਤਿਆਂ ਵਿੱਚ ਵੀ ਨਹੀਂ ਸੀ।ਜੇ ਕਿਸੇ ਦਿਨ ਉਹ ਧੂਫ-ਟਿੱਕਾ ਕਰਨ ਦੀ ਕੋਸ਼ਿਸ਼ ਕਰਦਾ ਵੀ ਤਾਂ ਉਹਦਾ ਧਿਆਨ ਹੋਰ ਹੀ ਪਾਸੇ ਹੁੰਦਾ।ਮੱਥਾ ਟੇਕਦੀਆਂ ਸੰਗਤਾਂ ਕੀ ਚੜ੍ਹਾਉਂਦੀਆਂ ਕਦੇ ਉਹਦਾ ਧਿਆਨ ਮਾਇਆ ਵੱਲ ਹੁੰਦਾ, ਕਦੇ ਸੋਹਣੀਆਂ ਸਨੁੱਖੀਆਂ ਨਿੱਖਰ ਨਿੱਖਰ ਆਈਆਂ ਬੀਬੀਆਂ ਵੱਲ...।

ਡੇਰੇ ਦੀ ਸਾਰੀ ਮਾਇਆ ਉੱਪਰ ਹੁਣ ਸਰਵੰਸ਼ ਦਾ ਹੀ ਹੱਕ ਸੀ, ਉਹ ਮਾਇਆ ਦਾ ਭਾਵੇਂ ਜੋ ਮਰਜੀ ਕਰਦਾ... ਮੱਲੋ ਜੋਰੀ ਜੇ ਬਾਬਾ (ਸਰਵੰਸ਼) ਧਿਆਨ ਲਾਉਣ ਦੀ ਕੋਸ਼ਿਸ਼ ਕਰਦਾ ਵੀ ਤਾਂ ਉਹਦਾ ਧਿਆਨ ਉੱਖੜ ਜਾਂਦਾ, ਉਹਨੂੰ ਭਗਵਾਂ ਚੋਲ਼ਾ ਵੱਢਣ ਨੂੰ ਪੈਂਦਾ, ਉਹਨੂੰ ਕੱਪੜਿਆ 'ਚ ਸੂਲਾਂ ਉੱਗ ਆਈਆਂ ਲੱਗਦੀਆਂ...

ਸਵੇਰੇ ਸ਼ਾਮ ਬਿਨ ਨਾਗੇ ਸੰਗਤ ਹੁੰਮ ਹੁੰਮਾ ਕੇ ਪੁੱਜਣ ਲੱਗ ਪਈ, ਦੋ ਵੇਲੇ ਵਧੀਆ ਲੰਗਰ ਵਰਤ ਹੋਣ ਲੱਗ ਪਿਆ।ਬਾਬੇ(ਸਰਵੰਸ਼) ਦੀ ਨਿਗਾਹ ਕਈ ਦਿਨਾਂ ਤੋਂ ਇੱਕ ਸੋਹਣੀ ਸਨੁੱਖੀ ਕੁੜੀ ਉੱਤੇ ਰੋਜ ਆ ਕੇ ਟਿਕ ਜਾਂਦੀ । ਉਹ ਕੁੜੀ ਆਪਣੇ ਲਈ ਡੇਰੇ ਉੱਤੇ ਲੰਮੇ ਸੋਹਣੇ ਸੁਨੱਖੇ ਪਤੀ ਦੀ ਅਰਦਾਸ ਕਰਨ ਆਉਂਦੀ ਸੀ।ਬਾਬਾ ਉਹਨੂੰ ਵੇਖਦਾ ਹੀ ਪਸੀਨੋ-ਪਸੀਨੀ ਹੋ ਜਾਂਦਾ...।

ਬੇਸ਼ੱਕ ਸਾਰੀ ਸੰਗਤ ਬਾਬੇ ਦੀਆਂ ਹਰਕਤਾਂ ਤੋਂ ਜਾਣੂ ਹੋ ਚੁੱਕੀ ਸੀ ਸੰਗਤ ਹੁਣ ਕੁੱਝ ਕਰ ਨਹੀਂ ਸਕਦੀ ਸੀ।ਸਭ ਆਖਦੇ, "ਆਪੇ ਹੌਲੀ ਹੌਲੀ ਟਿਕ ਜਾਵੇਗਾ।"

ਪਤੀ ਦੀ ਅਰਦਾਸ ਵਾਲੀ ਖ਼ੂਬਸੂਰਤ ਕੁੜੀ ਨੇ ਤਾਂ ਹੁਣ ਬਾਬੇ ਨੂੰ ਕੱਚੀ ਨੀਂਦੇ ਉਠਾ ਦਿੱਤਾ।ਮੁੜ ਉਹਦੀ ਅੱਖ ਤੜਕਸਾਰ ਲੱਗਣ ਲੱਗਦੀ ਵੀ ਉਹ ਝਾਂਜਰਾਂ ਛਣਕਾਉਂਦੀ ਕੁੜੀ ਉਹਦੀਆਂ ਬਾਹਾਂ 'ਚੋਂ ਆਲੋਪ ਹੋ ਜਾਂਦੀ ਤੇ ਨਾਲ ਹੀ ਤੜਕਸਾਰ ਦਾ ਲੱਗਾ ਸਪੀਕਰ ਸਰਵੰਸ਼ ਦੀ ਨੀਂਦ ਭੰਗ ਕਰ ਦਿੰਦਾ।

ਬਾਬਾ ਦਿਨੋਂ ਦਿਨ ਬੇਚੈਨ ਰਹਿਣ ਲੱਗ ਪਿਆ... ਹੁਣ ਬਾਬੇ ਕੋਲੋਂ ਆਪਣਾ ਆਪ ਭਗਵੇਂ ਕੱਪੜਿਆਂ ਵਿੱਚ ਲੁਕੋਣਾ ਮੁਸ਼ਕਿਲ ਹੋ ਗਿਆ।

ਲੱਗਦਾ ਸੀ ਸੱਚੀ-ਮੁੱਚੀ ਕੁੜੀ ਦੀ ਚੰਗੇ ਪਤੀ ਦੀ ਕਾਮਨਾ ਲਈ ਕੀਤੀ ਅਰਦਾਸ ਸੁਣ ਲਈ ਸੀ। ਪਹਿਲਾਂ ਉਹ ਕਦੇ ਕਦੇ ਹੀ ਮੱਥਾ ਟੇਕਣ ਆਉਂਦੀ ਸੀ।ਹੁਣ ਤਾਂ ਉਹ ਬਿਨ ਨਾਗੇ ਹੀ ਆਉਣ ਲੱਗੀ।ਚੋਰ ਅੱਖ ਨਾਲ ਮੱਥਾ ਟੇਕਦੀ ਉਹ ਬਾਬੇ ਵੱਲ ਤੱਕਦੀ।ਬਾਬਾ ਅੰਦਰੋਂ ਅੰਦਰੀ ਰਿੱਝਣ ਲੱਗ ਪਿਆ। ... ਗੱਲ ਜੱਗ ਜ਼ਾਹਰ ਹੋਣ ਨੂੰ ਬਹੁਤੀ ਦੇਰ ਨਾ ਲੱਗੀ।

*****

ਆਲੇ-ਦੁਆਲੇ ਦੇ ਪਿੰਡਾਂ ਵਿੱਚ ਇਹਨੀ ਦਿਨੀਂ ਮਸਤ ਨਾਂਗੇ ਸਾਧੂ ਦੀ ਬਹੁਤ ਚਰਚਾ ਹੋ ਰਹੀ ਸੀ।

ਕੋਈ ਉਹਦੇ ਨੇੜੇ ਨਾ ਢੁੱਕਦਾ, ਉਹ ਚੁੱਕ-ਚੁੱਕ ਇੱਟਾ ਪੱਥਰ ਮਾਰਦਾ। ਇੰਨੀਆਂ ਗੰਦੀਆਂ ਤੇ ਚੋਂਦੀਆਂ-ਚੋਂਦੀਆਂ ਮਾਂ ਭੈਣ ਦੀਆਂ ਉਹ ਗਾਲ੍ਹਾਂ ਕੱਢਦਾ ਕਿ ਵੇਲੇ ਕੁਵੇਲੇ ਕੁੜੀਆਂ ਬੁੜੀਆਂ ਨੇ ਤਾਂ ਉਸ ਪਾਸੇ ਹੀ ਜਾਣਾ ਛੱਡ ਦਿੱਤਾ ਸੀ... ਡਰਦੀਆਂ ਸੀ ਕਿ ਕਿਤੇ...।

ਮਸਤ ਨਾਂਗਾ ਸਾਧੂ ਅਲਫ਼ ਨੰਗਾ ਘੁੰਮਦਾ ਜਟਾਂ ਉਹਦੀਆਂ ਲੱਕ ਲੱਕ ਤੱਕ ਲਮਕਦੀਆਂ ਭੁੱਖ ਨੇ ਉਹਨੂੰ ਮਾੜਚੂ ਜਿਹਾ ਬਣਾ ਦਿੱਤਾ ਸੀ, ਪਹਿਲਾਂ ਪਹਿਲ ਉਹ ਕਿਸੇ ਦੇ ਘਰ ਵਿੱਚ ਹੀ ਰਹਿੰਦਾ ਸੀ ਉਹ ਬੰਦਾ ਦੜਾ ਸੱਟਾ ਲਾਇਆ ਕਰਦਾ, ਮਸਤ ਉਹਨੂੰ ਇੱਕ ਨੰਬਰ ਦੱਸਦਾ, ਇੱਕ ਦੋ ਵਾਰੀਆਂ 'ਚ ਉਹ ਚੋਖੀ ਕਮਾਈ ਕਰ ਆਇਆ। ਜਿੱਦਣ ਦੇ ਪਿੰਡ ਦੇ ਉਲਾਹਮੇ ਵਧ ਗਏ ਸਨ, ਉਹਨੇ ਨਾਂਗੇ ਸਾਧੂ ਨੂੰ ਆਪਣੇ ਘਰੋਂ ਕੱਢ ਦਿੱਤਾ, ਹੁਣ ਇਹ ਮਸਤ ਨਾਂਗਾ ਝਾੜ ਆਲੇ ਡੇਰੇ ਦੇ ਹੀ ਇੱਕ ਖੂੰਜੇ ਕਦੇ ਲੰਮਾ ਪਿਆ ਰਹਿੰਦਾ, ਕਦੇ ਲਗਾਤਾਰ ਧੁੱਪੇ ਹੀ ਖੜਾ ਰਹਿੰਦਾ ਜੇ ਕਿਤੇ ਨਜ਼ਰ ਟਿਕਾਉਂਦਾ ਵੀ ਤਾਂ ਲਗਾਤਾਰ ਟਿਕਟਿਕੀ ਲਾ ਕੇ ਹੀ ਵੇਖੀ ਜਾਂਦਾ। ਰੋਟੀ ਦੀ ਇੱਕ ਅੱਧ ਬੁਰਕੀ ਨੂੰ ਦਿਲ ਕਰਦਾ ਤਾਂ ਗਰਾਹੀ ਕਰ ਲੈਂਦਾ ਨਹੀਂ ਤਾਂ ਭੁੱਖਾ ਪਿਆਸਾ ਹੀ ਪਿਆ ਰਹਿੰਦਾ...ਜਾਂ ਭੰਗ ਪੁੱਟ ਪੁੱਟ ਜਾਲੀ ਜਾਂਦਾ। ਇਹਦਾ ਅਸਲ ਨਾਂ ਤਾਂ ਝਲਮਣ ਸਿੰਘ ਸੀ। ਝਲਮਣ ਕਾਲਜ ਦਾ ਸਭ ਤੋਂ ਹੁਸ਼ਿਆਰ ਵਿਦਿਆਰਥੀ ਸੀ। ਇਹਦੀ ਯਾਰੀ ਨਾਲ ਦੇ ਪਿੰਡ ਦੀ ਕੁੜੀ ਨਾਲ ਪੈ ਗਈ।

ਘਰਦਿਆਂ ਨੇ ਇਹਦੀ ਮਹਿਬੂਬਾ ਜ਼ਬਰੀ ਕਿਸੇ ਹੋਰ ਨਾਲ ਨਰੜ ਦਿੱਤੀ। ਝਲਮਣ ਦਾ ਦਿਮਾਗ਼ ਇੰਝ ਹਿੱਲਿਆ , ਮੁੜ ਕਦੇ ਪੈਰਾਂ 'ਤੇ ਨਾ ਆਇਆ। ਝਲਮਣ ਨੂੰ ਘਰਦਿਆਂ ਨੇ ਕਈ ਵਰ੍ਹੇ ਸੰਗਲ ਪਾ ਕੇ ਰੱਖਿਆ ਅੱਕ ਹਾਰ ਕੇ ਉਹਨਾਂ ਨੇ ਇਹਨੂੰ ਸ਼ਰੇਆਮ ਖੁੱਲ੍ਹਾ ਛੱਡ ਦਿੱਤਾ। ਘਰ ਦੇ ਹੁਣ ਹੋਰ ਸੰਭਾਲ ਨਹੀਂ ਕਰ ਸਕਦੇ ਸੀ, ਮਾਂ ਬੁੱਢੀ ਹੋ ਗਈ ਸੀ। ਹੁਣ ਕਿਤੇ ਕਿਤੇ ਇਹ ਝਾੜ ਆਲੇ ਦੇ ਰੋਟੀ ਖਾਂਦਾ। ਕੋਈ ਤੇੜ ਲੀੜਾ ਹੁੰਦਾ ਝੱਟ ਪਾੜ ਸਿੱਟਦਾ, ਫਿਰ ਹੌਲੀ ਹੌਲੀ ਅਲਫ਼ ਨੰਗਾ ਹੀ ਘੁੰਮਣ ਲੱਗਾ।

ਲੋਕਾਂ ਨੇ ਨਾਂਗਾ ਸਾਧੂ ਅੱਲ੍ਹ ਪਾ ਲਈ। ਕਦੇ ਸਿਰ ਵਿੱਚ ਮਿੱਟੀ ਪਾ ਲੈਂਦਾ, ਕਦੇ ਮੂੰਹ ਨੂੰ ਗਾਰਾਂ ਮਲੀ ਰੱਖਦਾ। ਜਿੱਦਣ ਕਿਤੇ ਸਹਿਜ ਸੁਭਾਅ ਹੀ ਕਿਸੇ ਜ਼ਨਾਨੀ ਵੱਲ ਝਾਕਣ ਦੀ ਕੋਸ਼ਿਸ਼ ਕਰਦਾ ਝੱਟ ਉਹਦੇ ਇੱਟਾਂ ਰੋੜੇ ਵੱਜਣੇ ਸ਼ੁਰੂ ਹੋ ਜਾਂਦੇ। ਚੋਂਦੀਆਂ ਚੋਂਦੀਆਂ ਗਾਲ੍ਹਾਂ ਕੱਢ ਕੇ ਲੋਕਾਂ ਨੂੰ ਭਜਾ ਦਿੰਦਾ। ਕਦੇ ਸਿਖਰ ਦੁਪਹਿਰੇ ਹੀ ਧੂਣਾ ਮਗ੍ਹਾ ਸੇਕ ਰਿਹਾ ਹੁੰਦਾ ਰੋਜ਼ ਹੀ ਅਜੀਬੋ ਗਰੀਬ ਹਰਕਤਾਂ ਵੇਖਣ ਨੂੰ ਮਿਲਦੀਆਂ...।

ਮਸਤ ਨਾਂਗੇ ਸਾਧੂ ਕੋਲੋਂ ਡੇਰੇ ਦੇ ਨਵੇਂ ਥਾਪੇ ਗਏ ਬਾਬੇ ਸਰਵੰਸ਼ ਦੀ ਅਵਸਥਾ ਵੇਖੀ ਨਹੀਂ ਜਾ ਰਹੀ ਸੀ। ਉਹ ਅੰਦਰੋਂ ਅੰਦਰੀ ਸਰਵੰਸ਼ ਲਈ ਕਲਪਦਾ। ਉਹ ਨਜ਼ਰਾਂ ਗੱਡੀ ਘੰਟਿਆਂ ਬੱਧੀ ਇਕੋ ਥਾਂਏ ਖੜਾ ਉਹਦੇ ਵੱਲ ਤੱਕਦਾ ਰਹਿੰਦਾ। ਬਾਬੇ ਸਰਵੰਸ਼ ਦੇ ਸੁਪਨਿਆਂ ਵਾਲੀ ਕੁੜੀ ਨੂੰ ਮਸਤ ਨੇ ਇੱਕ ਸ਼ਾਮ ਘੇਰ ਲਿਆ, ਉਹ ਝਾੜ ਆਲੇ ਬਾਬੇ ਦੇ ਹੀ ਹਫ਼ੀ ਆ ਕੇ ਰੁਕੀ...।

ਮਸਤ ਨਾਂਗੇ ਸਾਧੂ ਨੇ ਸਰਵੰਸ਼ ਨੂੰ ਮੋਟਰ ਸਾਇਕਲ ਦੀਆਂ ਚਾਬੀਆਂ ਫੜਾਈਆਂ ਤੇ ਕੁੜੀ ਨਾਲ ਪਿੰਡੋਂ ਭਜਾ ਦਿੱਤਾ... ਮਸਤ ਬਾਹਾਂ ਫੈਲਾਅ ਫੈਲਾਅ ਕੇ ਹੱਸ ਰਿਹਾ ਸੀ, ਜਿਵੇਂ ਉਹਨੇ ਸਾਰੀ ਦੁਨੀਆਂ ਹੀ ਜਿੱਤ ਲਈ ਹੋਵੇ। ੦



# ਛੱਪੜ ਦੀ ਕੂੰਜ / ਬਲਦੇਵ ਪੋਹਲੋਪੁਰੀ

**ਬਲਦੇਵ ਪੋਹਲੋਪੁਰੀ ਨੂੰ ਛੋਟੀਆਂ ਅਖਬਾਰਾਂ ਤੋਂ ਲੈ ਅੰਮ੍ਰਿਤਾ ਪ੍ਰਤੀਮ ਨੇ 'ਨਾਗਮਣੀ' ਵਿਚ ਛਾਪਿਆ। ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਕਾਲੀਆਂ ਮਿਰਚਾਂ' ਛਪੇ ਨੂੰ 5 ਸਾਲ ਬੀਤ ਗਏ ਹਨ ਉਹ 'ਚਿੱਟੀਆਂ ਖੁੰਬਾਂ' ਕਹਾਣੀ ਸਗ੍ਰਹਿ ਪ੍ਰਕਾਸਤ ਕਰਵਾ ਰਿਹਾ ਹੈ। ਕਿੱਤੇ ਵਜੋ ਉਹ ਖੇਤੀਬਾੜੀ ਤੇ ਠੇਕੇਦਾਰੀ ਕਰਦਾ ਹੈ। ਪਤਾ ਪਿੰਡ ਪੋਹਲੋਮਾਜਰਾ, ਡਾਕ. ਸੰਘੋਲ, ਜ਼ਿਲਾ ਫਤਿਹਗੜ੍ਹ ਸਾਹਿਬ।**

ਉਹ ਥੋੜੀ ਦੇਰ ਲਈ ਆਈ ਸੀ। ਜਾਂਦੀ ਬਲਾਅ ਵਾਂਗ, "ਬੱਸ ਦੁਪਹਿਰਾ ਕੱਟ ਕੇ ਤੁਰ ਗਈ। ਅੱਜ ਕੱਲ੍ਹ ਚੰਡੀਗੜ੍ਹ ਵੱਸਦੀ ਏ। ਕਈ ਸਾਲ ਪਹਿਲਾਂ ਲੁਧਿਆਣੇ ਰਹਿੰਦੀ ਸੀ। ਹੁਣ ਲੁਧਿਆਣੇ ਵੱਲ ਤੋਂ ਹੀ ਆਈ ਹੈ, ਆਪਣੇ ਪੇਕਿਆਂ ਤੋਂ ਆਪਣੀ ਮਾਂ ਨੂੰ ਮਿਲਕੇ। ਕਹਿੰਦੀ ਮੇਰਾ ਤਾਂ ਜੀਅ ਕਰ ਆਇਆ ਕਿ ਦੀਪ ਵੀਰ ਜੀ ਨੂੰ ਮਿਲਦੀ ਜਾਵਾਂ। ਥੋਡਾ ਤਾਂ ਨਾਂਅ ਹੀ ਬੜਾ ਮਸ਼ਹੂਰ ਏ, ਬੱਸ ਅੱਡੇ ਤੋਂ ਪੁਛਿਆ ਤਾਂ ਰਿਕਸ਼ੇ ਵਾਲਿਆਂ ਦੇ ਸਿਰ ਭਿੜਨ ਲੱਗੇ, ਉਹ ਤਾਂ ਇਕ ਦੂਜੇ ਤੋਂ ਅੱਗੇ ਹੋ ਹੋ ਕੇ ਕਹਿਣ, ਬੈਠੋ ਤੁਸੀਂ ਹੁਣੇ ਛੱਡ ਆਉਨੈ ਆਂ। ਕਈ ਰੇੜ੍ਹੀਆਂ-ਫੜੀਆਂ ਵਾਲੇ ਕਹਿਣ, ਤੁਰ ਕੇ ਈ ਚਲੇ ਜਾਓ, ਆਹ ਤਾਂ ਪਿਐ ... ਉਨ੍ਹਾਂ ਦਾ ਪਿੰਡ...।"

ਮੈਂ ਜਾਣਦਾ ਸਾਂ ਕਿ ਇਹ ਬੰਦੇ ਨੂੰ ਪੰਪ ਬਹੁਤਾ ਵਧੀਆਂ ਮਾਰਦੀ ਏ, ਪਰ ਫਿਰ ਵੀ ਮੇਰਾ ਹੱਥ ਮੁੱਛਾਂ ਉੱਤੇ ਚਲਾ ਗਿਆ। ਇਹ ਸ਼ੁਰੂ ਤੋਂ ਹੀ ਮੈਨੂੰ ਵੀਰ ਜੀ ਆਖ ਕੇ ਸੱਦਦੀ ਏ, ਪਰ ਮੈਂ ਇਹ ਨੂੰ ਭਰਜਾਈ ਕਹਿਣ ਦੀ ਥਾਂ ਇਹ ਦਾ ਨਾਂਅ "ਕਮਲਾ" ਲੈ ਕੇ ਹੀ ਬਲਾਉਂਦਾ ਹਾਂ। ਅੱਜ ਵਰ੍ਹਿਆ ਬਾਅਦ ਇਸ ਨੂੰ ਵੇਖ ਕੇ ਮੈਨੂੰ ਲੁਧਿਆਣੇ ਵਾਲੇ ਦਿਨਾਂ ਦਾ ਚੇਤਾ ਆ ਗਿਆ। ਮੈਂ ਪਿਛੇ ਹੋਰ ਪਿਛੇ ਵੱਲ ਪਰਤ ਗਿਆ।

... ਇਹਦੇ ਘਰ ਵਾਲਾ ਮੇਰੇ ਨਾਲ ਕੰਮ ਕਰਦਾ ਸੀ, ਲੁਧਿਆਣੇ ਫੈਕਟਰੀ ਵਿਚ। ਕਈ ਵਰ੍ਹੇ ਅਸੀਂ ਇਕੱਠੇ ਰਹੇ ਹਾਂ। ਕਣਕਵੰਨਾ ਰੰਗ, ਭੂਰੇ ਵਾਲਾਂ ਵਾਲਾ ਛੀਂਟਕਾ ਜਿਹਾ ਮੁੰਡਾ ਹੁੰਦਾ ਸੀ ਉਹ ਗੁਰਮੁੱਖ ਸਿੰਘ। ਪਿੰਡ ਜ਼ਮੀਨ ਥੋੜ੍ਹੀ ਸੀ, ਸ਼ਾਇਦ ਉਹ ਵੀ ਉਸ ਦੇ ਬਾਪ ਨੇ ਵੇਚ ਦਿੱਤੀ ਸੀ ਤੇ ਨਾਲ ਦੇ ਪਿੰਡ ਤੋਂ ਸਾਇਕਲ ਉੱਤੇ ਆਉਂਦਾ ਸੀ। ਮੇਰਾ ਕਿੱਸਾ ਵੀ ਇਸੇ ਤਰ੍ਹਾਂ ਦਾ ਸੀ, ਜ਼ਮੀਨ ਥੋੜ੍ਹੀ ਸੀ, ਘਰ ਵਿਚ ਪੂਰੇ ਟੱਬਰ ਨੂੰ ਰੋਟੀ ਥੋੜੀ ਪੈ ਜਾਂਦੀ ਸੀ, ਫਿਰ ਪਿੰਡ ਛੱਡ ਕੇ ਇਥੇ ਅੱਕ ਚੱਬਣ ਆ ਗਿਆ। ਸਾਡਾ ਦੁੱਖ ਇਕੋ ਜਿਹਾ ਸੀ ਅਤੇ ਕੰਮ ਸਾਂਝਾ ਸੀ, ਜੋ ਗੂੜ੍ਹੀ ਦੋਸਤੀ ਵਿਚ ਬਦਲ ਗਿਆ।

ਹੁਣ ਇਹ ਕੁੜੀ ਕਮਲਾ ਦੀ ਗੱਲ ਦੱਸਦਾ ਹਾਂ। ਇਹ ਵੀ ਪਿੰਡ ਤੋਂ ਸ਼ਹਿਰ ਆਉਂਦੀ ਸੀ। ਧਾਗਾ ਫੈਕਟਰੀ ਵਿਚ ਕੰਮ ਕਰਨ। ਇਸ ਦਾ ਗੁਰਮੁੱਖ ਨਾਲ ਟਾਕਰਾ ਨਹਿਰ ਦੇ ਪੁਲ ਉੱਤੇ ਹੁੰਦਾ ਸੀ। ਅੱਗੇ ਗਿੱਲ ਚੌਂਕ ਤੋਂ ਮੈਂ ਇਹਨਾਂ ਨਾਲ ਆ ਰਲਦਾ ਸਾਂ। ਇਹ ਮੈਨੂੰ ਬਾਅਦ 'ਚ, ਪਤਾ ਲੱਗਿਆ ਕਿ ਇਸ ਕੁੜੀ ਕਮਲਾ ਦਾ ਬਾਪ ਹੈ ਨਹੀਂ। ਜਦ ਸਾਡੀ ਜਾਣਕਾਰੀ ਵੱਧ ਗਈ ਤਾਂ ਇਹੋ-ਜਿਹੀਆਂ ਬਹੁਤ ਗੱਲਾਂ ਸਾਹਮਣੇ ਆਈਆਂ। ਕਮਲਾ ਦਾ ਬਾਪੂ ਨੇਪਾਲ ਤੋਂ ਕੱਪੜਿਆਂ ਦੀਆਂ ਗੰਢਾਂ ਲੈ ਕੇ ਆਉਂਦਾ ਸੀ ਤੇ ਫਿਰ ਇਥੇ ਲੁਧਿਆਣੇ ਵੇਚ ਦਿੰਦਾ ਸੀ। ਇਕ ਵਾਰ ਨੇਪਾਲ ਗਿਆ ਵਾਪਸ ਨਾ ਪਰਤਿਆ। ਉਸ ਨੇ ਘਰ ਆਉਣ ਤੋਂ ਸਾਫ ਇਨਕਾਰ ਕਰ ਦਿੱਤਾ। ਕੋਈ ਕਹਿੰਦਾ ਉਸ ਨੇ ਉਧਰ ਹੀ ਬਿਜਨਸ਼ ਕਰ ਲਿਆ, ਕਈ ਆਖਣ ਉਸ ਨੇ ਉੱਥੇ ਹੀ ਵਿਆਹ ਕਰ ਲਿਆ। ਇਧਰ ਕਮਲਾ ਨੇ ਪਲੱਸ ਟੂ ਦੇ ਪੇਪਰ ਦਿੱਤੇ ਹੋਏ ਸਨ। ਘਰ ਵਿਹਲੀ ਸੀ ਤੇ ਉੱਪਰ ਤੋਂ ਫ਼ਾਕਿਆਂ ਦੇ ਦਿਨ ਆ ਟਪਕੇ। ਇਹਨਾਂ ਫ਼ਾਕਿਆ ਦੇ ਦਿਨਾਂ ਨੇ ਹੀ ਉਸ ਨੂੰ ਸਾਇਕਲ ਉੱਤੇ ਚੜ੍ਹਾ ਕੇ ਲੁਧਿਆਣੇ ਅਪੜਦੀ ਕਰ ਦਿੱਤਾ। ਮਾਂ ਨੇ ਪਿੰਡ ਵਿਚ ਕਈ ਘਰਾਂ ਦਾ ਕੰਮ ਕਾਜ ਸੰਭਾਲ ਲਿਆ। ਛੋਟੀਆਂ ਦੋਵੇਂ ਕੁੜੀਆਂ ਦੀ ਪੜ੍ਹਾਈ ਛੁੱਟ ਗਈ। ਕਮਲਾ ਨੂੰ ਕਿਸੇ ਦੀ ਓਟ ਚਾਹੀਦੀ ਸੀ। ਉਹ ਸਹਾਰਾ ਲੈਣ ਲਈ ਮੇਰੇ ਦੋਸਤ ਗੁਰਮੁੱਖ ਦੇ ਨੇੜੇ ਸਰਕ ਆਈ। ਉਹ ਐਨਾ ਖੁੱਲ੍ਹ ਗਏ ਕਿ ਕਈ ਵੇਰਾਂ ਮੇਰੇ ਕਮਰੇ ਵਿਚ ਵੀ ਆ ਵੜਦੇ। ਮੈਂ ਇਕ ਦਿਨ ਗੁਰਮੁੱਖ ਨੂੰ ਟੋਕਿਆ, "ਮੁਫ਼ਤ ਦੀ ਬਦਨਾਮੀ ਨਾਲੋਂ ਤਾਂ ਵਿਆਹ ਕਰਾ ਲੈ, ਰਸਤਾ ਸਾਫ ਏ, ਕਿਸੇ ਨੇ ਟੋਕਣਾ ਤਾਂ ਹੈ ਨਹੀਂ, " ਪਰ ਗੁਰਮੁੱਖ ਝਿਜਕਦਾ ਸੀ। ਆਪਣੇ ਮਾਪਿਆਂ ਤੋਂ ਡਰਦਾ ਸੀ। ਉਹਨੇ ਤਾਂ ਕਮਲਾ ਦੀ ਜ਼ਾਤ ਵੀ ਨਹੀਂ ਸੀ ਪੁੱਛੀ। ਮੈਂ

ਸਮਝਾਇਆ, "ਸਾਲਿਆ, ਆਪਾਂ ਕਿਹੜਾ ਜੱਟਾਂ 'ਚੋਂ ਜੱਟ ਆ, ਇਥੇ ਕਾਰਖਾਨੇ 'ਚ ਲੋਹਾ ਕੁੱਟਦੇ ਹਾਂ, ਸਾਰਾ ਦਿਨ ਸਿਲਾਈ ਮਸ਼ੀਨਾਂ ਨਾਲ ਘੁੱਲਦੇ ਹਾਂ... ਲੈ ਦੇ ਕੇ ਸਿਲਾਈ ਮਸ਼ੀਨ ਦੇ ਫ਼ਿਟਰ ਬਣਜਾਂਗੇ, ਫਿਰ ਕਿਹੜਾ ਮਰੱਬਿਆਂ ਵਾਲੀ ਮਿਲਜੂ, ਤੂੰ ਪਾਂਧਾ ਨਾ ਪੁੱਛ... ਕੁੜੀ ਕੂੰਜ ਵਰਗੀ ਏ।" ਉਮਰ ਤਾਂ ਮੇਰੀ ਵੀ ਪੱਕੀ ਨਹੀਂ ਸੀ, ਮੁੰਡਾ ਹੀ ਸਾਂ। ਪਰ ਥਾਂ ਥਾਂ ਦੀਆਂ ਠੋਕਰਾਂ ਨੇ ਪਕਰੋੜ ਬਣਾ ਦਿੱਤਾ। ਦਿਮਾਗ਼ ਪੱਖੋਂ ਸਿਆਣਾ ਹੋ ਗਿਆ ਸਾਂ। ਕਮਲਾ ਵੀ ਅੱਕੀ ਪਈ ਸੀ, ਉਹਨੇ ਦੱਸਿਆ, "ਕਿ ਪਿੰਡ ਆਲੇ ਕਹਿੰਦੇ ਨੀਂ, ਮਾਂ ਨੂੰ ਕੀ ਲੋੜ ਆ, ਲੋਕਾਂ ਦੀਆਂ ਬੁੱਤੀਆਂ ਕਰਨ ਦੀ, ਹੁਣ ਕੁੜੀ ਸ਼ਹਿਰ ਜਾਂਦੀ ਏ, ਜਿੰਨੇ ਮਰਜ਼ੀ ਪੈਸੇ ਬਟੋਰ ਲਿਆਵੇ।"

ਮੇਰੀ ਸਲਾਹ ਰਾਸ ਬੈਠ ਗਈ। ਉਨ੍ਹਾਂ ਇਥੇ ਸ਼ਹਿਰ ਵਿਚ ਕਮਰਾ ਕਿਰਾਏ ਉੱਤੇ ਲੈ ਲਿਆ। ਕਮਲਾ ਦੀ ਮਾਂ ਵੀ ਦੋਵੇਂ ਨਿੱਕੀਆਂ ਨੂੰ ਲੈ ਕੇ ਲੁਧਿਆਣੇ ਆ ਪਹੁੰਚੀ। ਜਦ ਕੰਮ ਹੀ ਕਰਨੈ। ਫਿਰ ਡਰ ਕਾਹਦਾ, ਇਥੇ ਕੰਮ ਕਰਨ ਵਾਲਾ ਭੁੱਖਾ ਨਹੀਂ ਮਰਦਾ। ਗੁਰਮੁੱਖ ਦਾ ਮੇਲ-ਮਿਲਾਪ ਵੱਧ ਗਿਆ। ਲੁਕ-ਲੁਕ ਮਿਲਣ ਦਾ ਝੰਜਟ ਮੁੱਕ ਗਿਆ। ਕਮਲਾ ਸੋਹਣੀ ਤਾਂ ਹੈ ਸੀ, ਸਾਫ਼-ਸੁਥਰੀ ਵੀ... ਪੜ੍ਹੀ ਹੋਈ ਸੀ, ਉਹਦੀਆਂ ਬਾਰਾਂ ਜਮਾਤਾਂ ਗੁਰਮੁੱਖ ਦੇ ਸਿਰ ਉਥੋਂ ਦੀ ਲੱਤ ਫੇਰ ਗਈਆਂ। ਇਥੇ ਸ਼ਹਿਰ ਦੇ ਗੁਰੂਦੁਆਰੇ ਵਿਚ ਉਨ੍ਹਾਂ ਦਾ ਅਨੰਦ ਕਾਰਜ ਹੋ ਗਿਆ। ਗੁਰਮੁੱਖ ਦੀ ਪਿੰਡ ਵਿਚ ਗ਼ੈਰ-ਹਾਜ਼ਰੀ ਨੇ ਮਾਪਿਆਂ ਲਈ ਸ਼ੰਕਾ ਖੜ੍ਹੀ ਕਰ ਦਿੱਤੀ। ਗੱਲ ਜ਼ਿਆਦਾ ਦੇਰ ਨਾ ਲੁੱਕ ਸਕੀ, ਪਤਾ ਲੱਗਣਾ ਸੀ ਸੋ ਲੱਗ ਗਿਆ। ਪਹਿਲਾਂ ਤਾਂ ਗੁਰਮੁੱਖ ਦੇ ਮਾਪੇ ਬਹੁਤ ਤੜਫ਼ੇ , ਗੱਲ ਦੀ ਨੌਬਤ ਗਾਲ਼ੀ ਗਲੋਚ ਤੱਕ ਪਹੁੰਚ ਗਈ। ਪਰ ਕਮਲਾ ਨੇ ਮੌਕਾ ਸੰਭਾਲ ਲਿਆ, ਮਿੱਠੀ ਹੋਰ ਮਿੱਠੀ ਹੋ ਕੇ ਉਨ੍ਹਾਂ ਨੂੰ ਸਾਂਤ ਕਰ ਲਿਆ। ਗੁਰਮੁੱਖ ਤਾਂ ਕੁਸਕਿਆ ਤੱਕ ਨਹੀਂ। ਵਿਆਹ ਸ਼ਹਿਰ ਵਿਚ ਹੋਇਆ ਸੀ ਜਿਆਦਾ ਰੌਲਾ ਰੱਪਾ ਨਾ ਪਿਆ। ਹੌਲੇ ਹੌਲੇ ਗੱਲਾਂ ਦੀ ਧੂੜ ਧਰਤੀ ਦੀ ਹਿੱਕ ਉੱਤੇ ਜੰਮ ਗਈ। ਕਮਲਾ ਪਿੰਡ ਤੋਂ ਆਈ ਸੀ। ਸ਼ਹਿਰ ਆ ਕੇ ਸ਼ਹਿਰਨ ਬਣ ਗਈ। ਕਿਰਾਏ ਦੇ ਕਮਰਿਆਂ ਵਿਚ ਰਹਿਣ ਦੇ ਤੌਰ-ਤਰੀਕੇ ਸਿੱਖ ਗਈ। ਕਾਫੀ ਅਰਸਾ ਇਸੇ ਕਮਲਾ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਂਦਾ ਰਿਹਾ ਹਾਂ। ਕਦੇ ਗੁਰਮੁੱਖ ਦੇ ਘਰ ਚਲਾ ਜਾਂਦਾ ਤੇ ਕਦੇ ਕਮਲਾ ਦੀ ਮਾਂ ਵੱਲ ਚਲਾ ਜਾਂਦਾ। ਛੁੱਟੀ ਵਾਲੇ ਦਿਨ ਰੋਟੀ ਪਕਾਉਣ ਤੋਂ ਖਹਿੜਾ ਛੁੱਟ ਜਾਂਦਾ।

ਫਿਰ ਅਚਾਨਕ ਅਸੀਂ ਇਕ-ਦੂਜੇ ਤੋਂ ਨਿੱਖੜ ਗਏ। ਮੈਂ ਬਾਹਰ ਜਾਣ ਦੇ ਚੱਕਰ ਵਿਚ ਦਿੱਲੀ ਜਾ ਟਿਕਿਆ। ਕਈ ਵਰਿਆ ਦੀ ਖੱਜਲ ਖੁਆਰੀ ਬਾਅਦ ਮੈਂ ਪਿੰਡ ਵਾਪਸ ਪਰਤ ਆਇਆ। ਇਨ੍ਹਾਂ ਦਾ ਥਹੁ-ਪਤਾ ਨਹੀਂ ਲੱਗਿਆ। ਉੱਡਦੀ ਉੱਡਦੀ ਜਿਹੀ ਗੱਲ ਸੁਣੀ ਸੀ ਕਿ ਇਹ ਤਾਂ ਲੁਧਿਆਣਾ ਛੱਡ ਕੇ ਚੰਡੀਗੜ੍ਹ ਚਲੇ ਗਏ। ਮੇਰੇ ਆਪਣੇ ਰੁਝੇਵੇ ਵੀ ਵੱਧ ਗਏ। ਵਿਆਹ ਹੋਣ ਬਾਅਦ ਤਾਂ ਪਿੰਡ ਦਾ ਹੀ ਹੋ ਕੇ ਰਹਿ ਗਿਆ। ਪਿੰਡ ਦੇ ਨੇੜੇ ਤੇੜੇ ਹੀ ਛੋਟੀਆਂ ਮੋਟੀਆਂ ਨੌਕਰੀਆਂ 'ਚ ਉਲਝਿਆ ਰਹਿੰਦਾ ਹਾਂ। ਉਂਝ ਜਦੋਂ ਮਨ ਭੁੜਕਦੈਂ ਤਾਂ ਕਿਤੇ ਨਾ ਕਿਤੇ ਉਡਾਰੀ ਮਾਰ ਆਉਂਦਾ ਹਾਂ। ਇਕ ਦਿਨ ਚੰਡੀਗੜ੍ਹ ਕਿਸੇ ਕੰਮ ਗਿਆ ਸਾਂ ਤਾਂ ਇਤਫ਼ਾਕ ਹੀ ਸਮਝੋ ਇਹ ਦੋਵੇਂ ਜੀਅ ਸਤਾਰਾਂ ਸੈਕਟਰ ਬੱਸ ਅੱਡੇ ਉੱਤੇ ਮਿਲ ਗਏ। ਚਿਰਾਂ ਬਾਅਦ ਮਿਲੇ ਸਾਂ ਮੱਲੋ ਮੱਲੀ ਖਿੱਚ ਕੇ ਘਰ ਲੈ ਗਏ। ਮੈਂ ਤਾਂ ਹੈਰਾਨ ਹੋ ਗਿਆ, ਇਨ੍ਹਾਂ ਦੀ ਸ਼ਾਨੋ-ਸ਼ੌਕਤ ਵੇਖ ਕੇ ਬੱਸ ਉਸ ਦਿਨ ਤੋਂ ਇਨ੍ਹਾਂ ਬਾਰੇ ਹੋਰ ਚਾਨਣ ਹੋਇਆ। ਖੂਬ ਰੰਗਾਂ ਵਿਚ ਵੱਸਦੇ ਵੇਖ ਕੇ ਆਇਆ ਸਾਂ। ਇਹਦੇ ਘਰਵਾਲਾ ਗੁਰਮੁੱਖ ਤਾਂ ਹਾਲਾਂ ਵੀ ਪ੍ਰਾਈਵੇਟ ਨੌਕਰੀ ਕਰਦਾ ਏ। ਪਰ ਇਹ ਕਮਲਾ ਪਤਾ ਨਹੀਂ ਕਿਹੜੇ ਦਾਅ-ਪੇਚ ਖੇਡ ਕੇ ਇਕ ਸਰਕਾਰੀ ਮਹਿਕਮੇ ਵਿਚ ਫਿੱਟ ਹੋ ਗਈ। ਮਹਿਕਮਾ ਵੀ ਵਧੀਆਂ ਮਿਲ ਗਿਆ। ਮੋਟਾ ਮੱਖਣ ਖਾਣ ਵਾਲਾ। ਮੱਖਣ ਤਾਂ ਭਾਂਵੇ ਉਪਰਲੇ ਅਫ਼ਸਰ ਛੱਕ ਜਾਂਦੇ ਨੇ, ਪਰ ਹੇਠਲੇ ਕਰਮਚਾਰੀਆਂ ਨੂੰ ਖੱਟੀ ਲੱਸੀ ਵੀ ਮਾਫ਼ਕ ਏ। ਖੱਟੀ ਲੱਸੀ ਪੀਣ ਵਾਲੇ ਵੀ ਜੇਬਾਂ ਨੂੰ ਤੁੰਨ-ਤੁੰਨ ਕੇ ਬਾਹਰ ਨਿਕਲਦੇ ਹਨ। ਗੱਲ ਕੀ ਗੱਡੀ ਲੀਹ ਉੱਤੇ ਚੜ ਗਈ। ਫਿਰ ਹੇਠ-ਉੱਤਾ ਕਰਕੇ ਇਨ੍ਹਾਂ ਮਕਾਨ ਵੀ ਬਣਾ ਲਿਆ। ਮੈਨੂੰ ਗੱਲਾਂ ਤੋਂ ਇਹ ਪਤਾ ਨਾ ਲੱਗ ਸਕਿਆ ਕਿ ਮਕਾਨ ਇਨ੍ਹਾਂ ਨੇ ਬਣਾਇਆ ਸੀ ਜਾਂ ਬਣਿਆ ਹੋਇਆ ਹੀ ਸੰਭਾਲ ਲਿਆ। ਇਕ ਫੇਰੇ ਵਿਚ ਸਾਰਾ ਕੁੱਝ ਪਤਾ ਵੀ ਨਹੀਂ ਲੱਗਦਾ। ਹਾਂ ਕਮਲਾ ਦੀਆਂ ਗੱਲਾਂ ਜ਼ਰੂਰ ਬਦਲ ਗਈਆਂ। ਹੁਣ ਉਹ ਲੁਧਿਆਣੇ ਵਾਲੀ ਕਮਲਾ ਨਹੀਂ, ਸਗੋਂ ਮੈਡਮ ਕਮਲਜੀਤ ਕੌਰ ਅਖਵਾਉਂਦੀ ਏ। ਫਿਰ ਗਾਹੇ ਬਗਾਹੇ ਖ਼ਬਰਸਾਰ ਮਿਲਦੀ ਰਹੀ ਪਰ ਮੈਂ ਦੂਜੀ ਵਾਰ ਉਨ੍ਹਾਂ ਦੇ ਘਰ ਚੰਡੀਗੜ੍ਹ ਨਾ ਜਾ



ਸਕਿਆ। ਪਰ ਅੱਜ ਅਚਾਨਕ ਇਹ ਆਪ ਆ ਟਪਕੀ। ਦੋਵੇਂ ਬੱਚੇ ਨਾਲ ਸਨ। ਮੈਂ ਆਦਰ ਮਾਣ ਕੀਤਾ। ਠੰਡਾ ਪਾਣੀ ਪੀਣ ਲਈ ਦਿੱਤਾ। ਚਾਹ ਬਣਨ ਲੱਗੀ ਤਾਂ ਮੈਂ ਨਾਲ ਹੀ ਘਰਵਾਲੀ ਨੂੰ ਰੋਟੀ ਪਕਾਉਣ ਨੂੰ ਕਿਹਾ। ਉਹ ਗੱਲਾਂ 'ਤੇ ਗੱਲਾਂ ਮਾਰੀ ਜਾਵੇ। ਮੈਂ ਗੌਰ ਨਾਲ ਉਸ ਨੂੰ ਵੇਖਿਆ ਉਹ ਦੋ ਬੱਚਿਆਂ ਬਾਅਦ ਵੀ ਫਿੱਟ-ਫਾਟ, ਉਹ ਹੀ ਚੁਲਬੁਲਾਪਨ ਉਹ ਹੀ ਗੱਲ ਕਰਨ ਦਾ ਢੰਗ ਪਰ ਸਰੀਰ ਤੋਂ ਥੋੜ੍ਹੀ ਭਾਰੀ ਹੋ ਗਈ ਸੀ। ਮੈਂ ਘਰਵਾਲੀ ਤੋਂ ਅੱਖ ਬਚਾ ਕੇ ਪੁੱਛਿਆ, "ਤੂੰ ਤਾਂ ਭੋਰਾ ਨ੍ਹੀਂ ਬਦਲੀ, ਹਾਲਾਂ ਵੀ ਸਲਵਾਰ ਵਿਚ ਨਾਲਾ ਲਾਸਟਿਕ ਦਾ ਪਾਈ ਫਿਰਦੀ ਏਂ ? ਉਹ ਹੱਸ ਪਈ, "ਕਹਿੰਦੀ ਇਹ ਪੈਰਲ਼ਰ ਸੂਟ ਏ, ਇਹਦੇ ਵਿਚ ਇਸੇ ਤਰ੍ਹਾਂ ਹੁੰਦੈ...? " ਫਿਰ ਉਹ ਗਿੱਲ ਸਾਹਿਬ ਦਾ ਕਿੱਸਾ ਲੈ ਬੈਠੀ। ਮੈਨੂੰ ਚੇਤੇ ਆਇਆ, ਇਹ ਤਾਂ ਲੁਧਿਆਣੇ ਵਾਲਾ ਹੀ ਗਿੱਲ ਏ। ਸਾਡੇ ਮਜ਼ਦੂਰਾਂ ਦੇ ਫ਼ੈਸਲੇ ਕਰਦਾ ਤਾਂ ਦੋਹਾਂ ਪਾਸਿਆ ਤੋਂ ਪੈਸੇ ਖਾ ਜਾਂਦਾ। ਇਹ ਮੈਨੂੰ ਵੀ ਪੁੱਟਣ ਲੱਗਿਆ ਸੀ, ਕਹਿੰਦਾ ਚੱਲ ਕਿਸੇ ਅਰਜ਼ੀ ਨਵੀਸ ਕੋਲ ਛੱਡ ਆਵਾਂ, ਦੋ ਮਹੀਨਿਆਂ ਵਿਚ ਬੰਦਾ ਬਣ ਜਾਏਂਗਾ। ਇਕ ਵੇਰਾਂ ਕਚਿਹਰੀਆਂ ਦੀ ਭਾਸ਼ਾ ਸਿੱਖ ਗਿਆ, ਬੱਸ ਫਿਰ ਨੋਟਾਂ ਵਿਚ ਖੇਡੀਂ? ਮੈਂ ਨਹੀਂ ਮੰਨਿਆ। ਮੇਰੇ ਲੁਧਿਆਣਾ ਛੱਡਣ ਬਾਅਦ ਇਹ ਨੇ ਕਮਲਾ ਦੀ ਪਿੱਠ ਥਾਪੜ ਲਈ। ਕਮਲਾ ਪਹਿਲਾਂ ਕਲਰਕ ਲੱਗੀ, ਫਿਰ ਟਾਇਪ ਸਿੱਖਣ ਲੱਗ ਪਈ। ਫਿਰ ਉਸ ਤੋਂ ਬਾਅਦ ਹਾਊਸਫੈਡ ਵਿਚ ਫਿੱਟ ਹੋ ਗਈ। ਇਹ ਗਿੱਲ ਇਥੇ ਚੰਡੀਗੜ੍ਹ ਹੀ ਰਹਿੰਦਾ ਏ। ਇਹ ਤਾਂ ਹਾਊਸਫੈਡ ਵਿਚ ਮੈਨੇਜ਼ਰ ਦੱਸਦੀ ਏ। ਪਰ ਪੱਕਾ ਕੁੱਝ ਨਹੀਂ ਕਿਹਾ ਜਾ ਸਕਦਾ। ਇਹਦਾ ਗੋਤ ਵੀ ਗਿੱਲ ਨਹੀਂ। ਪਿਛੋਂ ਗਿੱਲਾਂ ਪਿੰਡ ਦਾ ਹੋਣ ਕਰਕੇ ਗਿੱਲ ਸਾਹਿਬ ਬਣ ਗਿਆ।

ਕਮਲਾ ਨੇ ਚੁਟਕੀ ਵਜਾਈ, "ਕਿੱਧਰ ਖੋ ਗਏ।" ਘਰਵਾਲੀ ਚਾਹ ਮੇਜ਼ ਉੱਤੇ ਰੱਖ ਰਹੀ ਸੀ। ਚਾਹ ਦਾ ਕੱਪ ਚੁੱਕਦਿਆਂ ਉਹਨੇ ਬੱਚਿਆ ਨੂੰ ਆਵਾਜ਼ ਮਾਰੀ। ਪਰ ਬੱਚੇ ਤਾਂ ਮੇਰੇ ਬੱਚਿਆ ਨਾਲ ਇਕ ਮਿਕ ਹੋਏ ਪਏ ਸੀ। ਖੇਡ ਵਿਚ ਇਨੇ ਮਸਤ ਸਨ ਕਿ ਉਨ੍ਹਾਂ ਨੇ ਮਾਂ ਦੀ ਅਵਾਜ਼ ਸੁਣੀ ਹੀ ਨਹੀਂ। ਜਦ ਕਮਲਾ ਦੁਬਾਰਾ ਚੀਕੀ ਤਾਂ ਉਨ੍ਹਾਂ ਖਰਗੋਸ਼ਾਂ ਵਾਂਗ ਕੰਨ ਚੁੱਕੇ। ਬਿੰਦ ਦੀ ਬਿੰਦ ਮੇਰੇ ਦੋਵੇਂ ਬੱਚੇ ਵੀ ਠੰਠਬਰ ਗਏ। ਪਰ ਅੱਖ ਝੱਪਕਣ ਜਿੰਨੀ ਦੇਰ ਵਿਚ ਉਹ ਮੁੜ ਖੇਡ 'ਚ ਰੁੱਝ ਗਏ। ਉਹਨਾਂ ਦੇ ਬੂਟਾਂ ਦੀ ਦਗੜ ਦਗੜ ਵਿਹੜੇ ਵਿਚ ਸੁਣਾਈ ਦੇ ਰਹੀ ਸੀ।

ਉਹ ਛਿੱਥੀ ਜਿਹੀ ਹੋਈ ਮੇਰੇ ਵੱਲ ਵੇਖਣ ਲੱਗੀ,"ਮੈਂ ਤਾਂ ਚਾਹ ਨੂੰ ਬਲਾਉਂਦੀ ਸੀ, ਚੱਲ ਖੇਡਣ ਦੇ।" ਫਿਰ ਮੁੜ ਬੋਲੀ, "ਘਰੇ ਬਿਸਕੁੱਟ ਵਗੈਰਾ ਨਹੀਂ।" ਮੈਂ ਨਾਂਹ ਵਿਚ ਸਿਰ ਹਿਲਾਇਆ ਤੇ ਕਿਹਾ, "ਜੇ ਲੋੜ ਹੈ ਤਾਂ ਮੰਗਵਾ ਲੈਨੇ ਆਂ। ਉਂਝ ਮੈਂ ਇਹ ਫਾਰਮੈਟਲੀ ਜਿਹੀ ਨਹੀਂ ਕਰਦਾ। ਉਹ ਕੁਰਸੀ ਤੇ ਸਰੀਰ ਢਿੱਲਾ ਛੱਡਦੀ ਹੋਈ ਬੋਲੀ, "ਚਲੋ ਰਹਿਣ ਦਿਓ, "ਬੱਚਿਆਂ ਦੀ ਆਦਤ ਜਿਹੀ ਬਣ ਗਈ, ਸੁੱਕੀ ਚਾਹ ਨਹੀਂ ਪੀਂਦੇ।"

ਪਰ ਘਰਵਾਲੀ ਨੇ ਆ ਕੇ ਦੱਸਿਆ ਕਿ ਬੱਚੇ ਚਾਹ ਪੀ ਚੁੱਕੇ ਹਨ। ਉਹ ਹੈਰਾਨ ਹੁੰਦੀ ਹੋਈ ਚਾਹ ਦੇ ਘੁੱਟ ਭਰਦੀ ਰਹੀ। ਉਸ ਨੂੰ ਚੇਤਾ ਵੀ ਨਹੀਂ ਸੀ ਕਿ ਉਸ ਦੇ ਬੱਚੇ ਮੇਰੇ ਬੱਚਿਆ ਨਾਲ ਚਾਹ ਦਾ ਅੱਧਾ-ਅੱਧਾ ਗਲਾਸ ਪੀ ਗਏ। ਘਰਵਾਲੀ ਨੇ ਬੱਚਿਆ ਲਈ ਦੁੱਧ ਵਿਚ ਹੀ ਪੱਤੀ ਪਾ ਦਿੱਤੀ ਸੀ। ਗਾੜ੍ਹੇ ਦੁੱਧ ਵਾਲੀ ਚਾਹ ਨਾਲ ਬਿਸਕੁਟਾਂ ਦੀ ਲੋੜ ਹੀ ਨਹੀਂ ਪਈ।

ਉਸ ਨੇ ਜੋ ਬੋਲ ਨਹੀਂ ਸੀ ਬੋਲੇ, "ਘਰ ਵਿਚ ਬਿਸਕੁੱਟ ਹੋਣੇ ਜ਼ਰੂਰੀ ਨੇ। " ਮੇਰੇ ਅੰਦਰ ਧੂੰਏਂ ਵਾਂਗ ਘੁੰਮ ਰਹੇ ਸੀ। ਮੇਰਾ ਧਿਆਨ ਆਪਣੇ ਘਰ ਵੱਲ ਹੋ ਤੁਰਿਆ। ਕਿੰਨੇ ਜਫ਼ਰ ਜਾਲ ਕੇ ਇਹ ਘਰ ਖੜ੍ਹਾ ਕੀਤਾ ਏ। ਜਦ ਮਿਸਤਰੀ ਲੱਗੇ ਹੁੰਦੇ ਸੀ ਤਾਂ ਘਰਵਾਲੀ ਨੂੰ ਭੰਵੀਰੀ ਵਾਂਗ ਘੁੰਮਣਾ ਪੈਂਦਾ, ਉਹਨੂੰ ਰਸੋਈ 'ਚ ਹੀ ਵਿਹਲ ਨਾ ਮਿਲਦੀ। ਕਈ ਵਾਰ ਤਾਂ ਮੈਨੂੰ ਰੋਟੀ ਖਾਣੀ ਭੁੱਲ ਜਾਂਦੀ। ਕਦੇ ਆਹ ਲਿਆਓ... ਕਦੇ ਉਹ ਲਿਆਓ। ਸਵੇਰੇ ਆਉਂਦੇ ਸਾਰ ਲੇਬਰ ਨੂੰ ਚਾਹ ਬਨਾਉਣੀ ਪੈਂਦੀ। ਫਿਰ ਦੁਬਾਰਾ ਦਸ ਵਜੇ ਬਣਦੀ। ਦੁਪਹਿਰੇ ਇਕ ਵਜੇ ਮਿਸਤਰੀ ਨੇ ਰੋਟੀ ਖਾਣੀ ਹੁੰਦੀ ਤਾਂ ਘਰਵਾਲੀ ਨੂੰ ਅੱਡ ਤਾੜਨਾ ਪੈਂਦਾ, ਤੂੰ ਟਾਇਮ ਵੇਖ ਲਿਆ ਕਰ, ਪੌਣੇ ਇਕ ਵਜੇ ਰੋਟੀ ਤਿਆਰ ਹੋਣੀ ਚਾਹੀਦੀ ਏ, ਉੱਧਰ ਇਕ ਵਜੇ ਮਿਸਤਰੀ ਪੈੜ ਤੋਂ ਉਤਰਦੈ ਤਾਂ ਇਧਰ ਤੂੰ ਥੱਪ ਥੱਪ ਕਰਨ ਬਹਿ ਜਾਨੀ ਏ। ਹਾਲਾਂ ਕਿ ਦਿਹਾੜੀਆਂ ਨਾਲ ਉੱਕਾ ਪੁੱਕਾ ਠੇਕਾ ਕੀਤਾ ਹੋਇਆ, ਨਹੀਂ ਤਾਂ ਸਰ ਗਿਆ ਸੀ ਤੇਰਾ ਆਲਾ...।"

ਉਹ ਖਿਝਦੀ -ਖਪਦੀ ਕੰਮ ਦਬੱਲੀ ਜਾਂਦੀ। ਉਹਦੀ ਕੁੜਤੀ ਦੀ ਪਿੱਠ ਮੁੜ੍ਹਕੇ ਨਾਲ ਭਿੱਜੀ

ਰਹਿੰਦੀ। ਮੈਨੂੰ ਅੰਤਾ ਦਾ ਤਰਸ ਆਉਂਦਾ। ਚਾਹ ਰੋਟੀ ਦਾ ਆਹਰ ਮੁੱਕਦਾ ਤਾਂ ਭਾਂਢਿਆ ਦਾ ਢੇਰ ਲੱਗ ਜਾਂਦਾ। ਵਿਚ-ਵਿਚਾਲੇ ਮੈਂ ਉਹਦੀ ਮਦਦ ਕਰਦਾ। ਪਰ ਕੰਮ ਨਾ ਮੁੱਕਦਾ। ਦਿਨ ਮੁੱਕਣ ਤੇ ਆ ਜਾਂਦਾ। ਸਾਰਾ ਦਿਨ ਇਸੇ ਤਰ੍ਹਾਂ ਨਿਕਲ ਜਾਂਦਾ। ਰਾਤ ਨੂੰ ਮੰਜਿਆਂ ਉਤੇ ਸੌਣ ਵੇਲੇ ਅਸੀਂ ਮੁੜ ਖੁਸ਼ ਹੋ ਜਾਂਦੇ। ਮਕਾਨ ਜੋ ਬਣ ਰਿਹਾ ਸੀ। ਇਹ ਜਿੱਥੋਂ ਬਿਸਕੁੱਟ ਮਿਲਣ ... ਉਸਨੂੰ ਹੀ ਘਰ ਸਮਝਦੀ ਏ।

ਰੋਟੀ ਆਈ ਤਾਂ ਮੇਰਾ ਧਿਆਨ ਉੱਖੜ ਗਿਆ। ਮਹਾਂ ਦੀ ਦਾਲ ਨੂੰ ਘਰਵਾਲੀ ਨੇ ਤੜਕਾ ਲਾ ਦਿੱਤਾ ਸੀ। ਥੋੜੀ ਜਿਹੀ ਭਿੰਡੀਆਂ ਦੀ ਸਬਜ਼ੀ ਤਾਜਾ ਬਣਾ ਲਿਆਈ। ਦੋ ਡਿਸ਼ਾਂ ਵੇਖ ਕੇ ਉਹਦੀਆਂ ਬਾਛਾਂ ਖਿੜ ਗਈਆਂ। ਪਰ ਮੈਨੂੰ ਹਾਲਾਂ ਵੀ ਧੁੜਕੂ ਸੀ ਜੇ ਕਿਧਰੇ ਇਹ ਕਹਿ ਹੀ ਨਾ ਦੇਵੇ, "ਸ਼ਬਜੀ ਤਾਂ ਟੇਸਟੀ ਆ, ਜੇ ਕਿਤੇ ਨਾਲ ਰੈਤ੍ਹਾ ਵਗੈਰਾ ਹੁੰਦਾ...। ਪਰ ਉਹ ਕੁਝ ਨਹੀਂ ਬੋਲੀ, ਪਚਾਕੇ ਮਾਰ ਮਾਰ ਕੇ ਰੋਟੀ ਖਾਣ ਲੱਗੀ। ਜਿਸ ਤਰ੍ਹਾਂ ਲੁਧਿਆਣੇ ਕਿਰਾਏ ਦੇ ਮਕਾਨ ਵਿਚ ਖਾਂਦੀ ਹੁੰਦੀ ਸੀ। ਮੈਨੂੰ ਉਹਦੇ ਇਹ ਪਚਾਕੇ ਚੰਗੇ ਨਹੀਂ ਲੱਗਦੇ। ਮੈਂ ਸ਼ੁਕਰ ਮਨਾਇਆ, ਉਹਨੇ ਰੋਟੀ ਨਾਲ ਸਲਾਦ ਵਗੈਰਾ ਦੀ ਮੰਗ ਨਹੀਂ ਕੀਤੀ। ਕੁਰਸੀਆਂ ਟੇਬਲਾਂ ਉੱਤੇ ਬੈਠ ਕੇ ਰੋਟੀ ਖਾਣ ਵਾਲੇ ਉਸ ਦੇ ਦੋਵੇਂ ਬੱਚੇ ਹੁਣ ਰੋਟੀ ਦੇ ਭੂਕਨੇ ਬਣਾਈ ਫਿਰਦੇ ਸਨ। ਉਹਨੇ ਬੱਚਿਆਂ ਵੱਲ ਕੌੜ ਨਾਲ ਵੇਖਿਆ ਪਰ ਬੱਚੇ ਪਿੱਠ ਭੁਆਂ ਕੇ ਮੇਰੇ ਬੱਚਿਆਂ ਕੋਲ ਜਾ ਖੜੇ ਹੋਏ। ਉਹਦੇ ਦਿਮਾਗ ਵੱਲ ਚੜਦੇ ਪਾਰੇ ਨੂੰ ਘਰਵਾਲੀ ਨੇ ਹੇਠਾਂ ਵੱਲ ਸਰਕਾ ਦਿੱਤਾ, ਉਸ ਨੇ ਦੱਸਿਆ, "ਭੂਕਨੇ ਮੈਂ ਹੀ ਬਣਾ ਕੇ ਦਿੱਤੇ ਨੇ, ਜਿੱਦ ਕਰਦੇ ਸੀ। ਮੇਰੇ ਵੱਲ ਉਹ ਹੋਰ ਹੀ ਤਰ੍ਹਾਂ ਝਾਕੀ। ਮੇਰੇ ਬੱਚਿਆਂ ਦੀ ਰੀਸ ਕਰ ਕੇ ਉਨ੍ਹਾਂ ਨੇ ਰੋਟੀ ਦੇ ਗੋਲ ਭੂਕਨੇ ਬਣਾਏ ਸੀ। ਘਰਵਾਲੀ ਨੇ ਸ਼ਬਜੀ ਅਤੇ ਮੱਖਣ ਨੂੰ ਮਿਲਾ ਕੇ ਰੋਟੀਆਂ ਉੱਤੇ ਲੇਪ ਕਰ ਦਿੱਤਾ ਸੀ, ਫਿਰ ਰੋਟੀਆਂ ਨੂੰ ਪੂਣੀਆਂ ਵਾਂਗ ਲਪੇਟ ਦਿੱਤਾ। ਮੇਰੇ ਬੱਚਿਆਂ ਨੇ ਹੀ ਦੱਸਿਆ ਸੀ ਕਿ ਇਸ ਨੂੰ ਭੂਕਨਾ ਕਹਿੰਦੇ ਹਨ।

ਫਿਰ ਦਿਨ ਢਲੇ ਤੋਂ ਉਹ ਉਠੀ। ਜਾਣ ਲਈ ਤਿਆਰ ਹੋਣ ਲੱਗੀ। ਮੈਂ ਸਕੂਟਰ ਬਾਹਰ ਕੱਢਿਆ, ਉਸ ਦੇ ਸਮਾਨ ਅਤੇ ਬੱਚਿਆ ਨੂੰ ਦੋ ਗੇੜਿਆ ਵਿਚ ਬੱਸ ਅੱਡੇ ਅਪੜਦਾ ਕੀਤਾ। ਉਸ ਦੇ ਬੱਚਿਆ ਦਾ ਦਿਲ ਹਾਲਾਂ ਵੀ ਮੇਰੇ ਕੱਚੇ ਵਿਹੜੇ ਵਿਚ ਪਿਆ ਸੀ। ਉਹ ਤਾਂ ਛੁੱਟੀਆਂ ਦੇ ਕੁੱਝ ਦਿਨ ਇਥੇ ਹੀ ਮਨਾਉਂਣ ਦਾ ਮਤਾ ਬਣਾ ਰਹੇ ਸਨ। ਪਰ ਉਹਦਾ ਦਿਲ ਤਾਂ ਬੱਸ ਚੜਦੇ ਸਾਰ ਹੀ ਚੰਡੀਗੜ੍ਹ ਪਹੁੰਚ ਗਿਆ।

ਮੈਂ ਸਾਰਾ ਦੁਪਹਿਰਾ ਡਰਦਾ ਰਿਹਾ, ਹੋਰ ਕਿਤੇ ਘਰਵਾਲੀ ਉੱਚਾ ਨੀਵਾਂ ਨਾ ਬੋਲ ਦੇਵੇ। ਉਹਨੇ ਕੰਮ ਕਰਦੇ ਹੋਏ ਵੀ ਸਾਡੀਆਂ ਗੱਲਾਂ ਅੱਧ ਪਚੱਧ ਸੁਣ ਲਈਆਂ ਸਨ। ਅੱਡੇ ਤੋਂ ਵਾਪਸ ਮੁੜਦਿਆਂ ਵੀ ਮੇਰੇ ਅੰਦਰ ਇਹੋ ਘੋਲ-ਮਥੋਲਾ ਹੋ ਰਿਹਾ ਸੀ। ਬੇ-ਧਿਆਨੇ ਵਿਚ ਮੇਰਾ ਸਕੂਟਰ ਇਕ ਸਾਇਕਲ ਨਾਲ ਘਿਸਰ ਗਿਆ। ਮੈਨੂੰ ਚੁੱਪ ਵੇਖ ਕੇ ਸਾਇਕਲ ਵਾਲਾ ਭੁੜਕਿਆ, "ਦਿਨ ਤਾਂ ਛਿਪ ਲੈਣ ਦਿਆ ਕਰੋ, ਦਿਨ ਖੜੇ ਹੀ ਡੱਫ ਲੈਨੇ ਓ, ਹੱਦ ਹੋ ਗਈ ਆਹ ਤਾਂ...।" ਮੇਰਾ ਕਸੂਰ ਸੀ, ਮੈਂ ਚੁੱਪ ਰਿਹਾ। ਪਰ ਮੇਰੇ ਅੰਦਰ ਤਾਂ ਖੌਰੂ ਜਿਹਾ ਪੈਂਦਾ ਸੀ, ਜੇ ਘਰਵਾਲੀ ਜ਼ਿਆਦਾ ਨਾ ਬੋਲੀ ਤਾਂ ਇਨਾ ਕੁ ਤਾਂ ਜ਼ਰੂਰ ਬੋਲੇਗੀ, "ਕਿਆ ਫੈਦਾ ਏਦਾਂ ਦੀਆਂ ਦੋਸਤੀਆਂ ਦਾ, ਕੋਈ ਚੀਜ ਘਰ ਹੁੰਦੀ ਏ ਤੇ ਕੋਈ ਕਿਸੇ ਵੇਲੇ ਨਹੀਂ ਹੁੰਦੀ।"

ਮੈਂ ਵਾਪਸ ਪਰਤਿਆ, ਉਹ ਕੁੱਝ ਨਹੀਂ ਬੋਲੀ। ਆਟੇ ਦਾ ਚਿਰਾਗ਼ ਬਣਾ ਰਹੀ ਸੀ, ਅੱਜ ਐਤਵਾਰ ਏ, ਉਹ ਐਤਵਾਰ ਵਾਲੇ ਦਿਨ ਟੋਭੇ ਤੇ ਦੀਵਾ ਜ਼ਰੂਰ ਡੰਗਦੀ ਏ। ਮੈਂ ਕਿੰਨੀ ਵਾਰ ਕਿਹਾ ਏ... ਕਾਹਨੂੰ ਦੇਸੀ ਘਿਓ ਫੂਕੀ ਜਾਨੀ ਏ, ਆਹ ਹੀ ਘਿਓ ਦਾ ਚਮਚਾ ਦਾਲ ਵਿਚ ਪਾ ਲਿਆ ਕਰ। ਉਹ ਟਾਲ ਦਿੰਦੀ ਏ, "ਥੋਨੂੰ ਕੀ ਪਤਾ ਏ ਦੁਨੀਆਂ ਦਾ। ਦੋ ਪੈੱਗ ਪੀ ਕੇ ਸਭ ਪਾਸੇ ਤੋਂ ਸੁਰਖ਼ਰੂ ਹੋ ਕੇ ਪੈ ਜਾਨੇ ਓ...। ਫਿਰ ਥਾਲ ਲੈ ਕੇ ਗੇਟ 'ਚੋਂ ਨਿਕਲਦੀ ਬੋਲੀ, "ਛੱਡ ਆਏ ਬੱਤਖ ਜੀ ਨੂੰ...।" ਮੈਂ ਚੁੱਪ ਸਾਂ। ਮੈਂ ਤਾਂ ਉਸ ਨੂੰ ਕੂੰਜ ਹੀ ਸਮਝਦਾ ਰਿਹਾ। ਪਰ ਘਰਵਾਲੀ ਨੇ ਤਾਂ ਛੱਪੜ 'ਚ ਲਿਆ ਵਾੜੀ। ੦



## ਗ਼ੈਰ ਹਾਜ਼ਰ / ਹਰਵਿੰਦਰ ਭੰਡਾਲ

*ਹਰਵਿੰਦਰ ਭੰਡਾਲ ਮੁੱਖ ਤੌਰ 'ਤੇ ਕਵੀ ਹੈ। ਪਰ ਉਸ ਦੀ ਆਲੋਚਨਾ 'ਤੇ ਵੀ ਪੂਰੀ ਪਕੜ ਹੈ। ਆਲੋਚਨਾ ਦੇ ਧੁੰਦਲਕੇ ਨੂੰ ਸਾਫ਼ ਕਰਨ ਲਈ ਇਹੋ ਜਿਹੇ ਜ਼ਹੀਨ ਬੁੱਧੀ ਵਾਲਿਆਂ ਦੀ ਬਹੁਤ ਲੋੜ ਹੈ। ਉਸ ਨੇ 'ਬੁੱਧ ਬੇਹੋਸ਼ ਹੈ', 'ਬਾਰੀ ਕੋਹੀ ਦੀਵਾ' ਦੋ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਇਕ ਕਾਵਿ ਆਲੋਚਨਾ ਦੀ ਪੁਸਤਕ 'ਸਹਿ-ਚਿੰਤਨ' ਵੀ ਪਾਠਕਾਂ ਨੂੰ ਦੇ ਚੁੱਕਾ ਹੈ। ਪਿਛੇ ਜਿਹੇ ਉਸ ਨੇ ਇਕ ਨਾਵਲ ਵੀ ਲਿਖ ਲਿਆ ਹੈ। ਉਸ ਨਾਵਲ ਦਾ ਇਕ ਕਾਂਡ ਅਸੀਂ ਪ੍ਰਕਾਸ਼ਤ ਕਰ ਰਹੇ ਹਾਂ। ਪਤਾ 116 ਮਾਡਲ ਟਾਊਨ, ਕਪੂਰਥਲਾ*

ਧੁੰਦ ਜਿਹੀ ਵਿੱਚ ਹੀ ਸਤਿੰਦਰ ਖੁਦ ਨੂੰ ਆਪਣੇ ਨਵੇਂ ਬਣੇ ਘਰ ਦੇ ਕਮਰੇ 'ਚ ਬੈਠਾ ਵੇਖਦਾ ਹੈ। ਮੰਮੀ ਦੂਸਰੇ ਕਮਰੇ 'ਚ ਬੈਠੀ ਰਹਿਰਾਸ ਦਾ ਪਾਠ ਕਰ ਰਹੀ ਹੈ। ਛੋਟੀ ਲਵਲੀ ਆਪਣੇ ਖਿਡੌਣਿਆਂ ਵਿੱਚ ਮਸਤ ਹੈ। ਰਿੰਕੀ ਸਤਿੰਦਰ ਨੂੰ ਉਸ ਪੈਂਫਲਟ ਵਿੱਚੋਂ ਕਹਾਣੀ ਸੁਣਾ ਰਹੀ ਹੈ ਜੋ ਅੱਜ ਸਿਸਟਰ ਮਾਰਥਾ ਨੇ ਉਹਨਾਂ ਨੂੰ ਦਿੱਤਾ ਸੀ। ਇਸ ਪੈਂਫਲਟ ਵਿਚਲੀਆਂ ਰੰਗੀਨ ਤਸਵੀਰਾਂ ਸਤਿੰਦਰ ਨੂੰ ਬੜੀਆਂ ਚੰਗੀਆਂ ਲੱਗੀਆਂ ਸਨ। ਇਸ ਲਈ ਉਹ ਜ਼ਿਦ ਕਰਕੇ ਰਿੰਕੀ ਕੋਲੋਂ ਕਹਾਣੀ ਸੁਣ ਰਿਹਾ ਸੀ।

"ਫਿਰ ਈਸ਼ਵਰ ਨੇ ਵੇਖਿਆ ਕਿ ਆਦਮੀ ਦੀ ਬੁਰਾਈ ਧਰਤੀ ਉੱਤੇ ਵੱਧ ਗਈ ਹੈ ਤੇ ਉਸਦਾ ਮਨ ਸਾਰਾ ਦਿਨ ਬੁਰਾਈ ਨਾਲ ਹੀ ਭਰਿਆ ਰਹਿੰਦਾ ਹੈ ਤਾਂ ਈਸ਼ਵਰ ਨੂੰ ਧਰਤੀ ਉੱਤੇ ਆਦਮੀ ਬਣਾਉਣ ਦਾ ਅਫ਼ਸੋਸ ਹੋਇਆ। ਉਸ ਨੇ ਕਿਹਾ ਕਿ ਮੈਂ ਜਿਸਨੂੰ ਪੈਦਾ ਕੀਤਾ ਹੈ, ਆਦਮੀ ਨੂੰ, ਡੰਗਰ ਨੂੰ, ਮੰਗਣ ਵਾਲੇ ਨੂੰ ਤੇ ਅਕਾਸ਼ ਦੇ ਪੰਛੀ ਨੂੰ ਵੀ ਜ਼ਮੀਨ ਤੋਂ ਮਿਟਾ ਦਿਆਂਗਾ। ਪਰ ਹਜ਼ਰਤ ਨੂਹ ਉੱਤੇ ਈਸ਼ਵਰ ਦੀ ਕਿਰਪਾ ਦੀ ਨਿਗਾਹ ਹੋਈ। ਉਸਨੇ ਨੂਹ ਨੂੰ ਕਿਹਾ ਕਿ ਤੂੰ ਆਪਣੇ ਲਈ ਲੱਕੜੀ ਦੀ ਇੱਕ ਕਿਸ਼ਤੀ ਬਣਾ। ਫਿਰ ਤੂੰ ਆਪਣੀ ਪਤਨੀ, ਪੁੱਤਰਾਂ ਤੇ ਨੂੰਹਾਂ ਨਾਲ ਇਸ ਕਿਸ਼ਤੀ ਵਿੱਚ ਬੈਠ ਜਾਵੀਂ। ਸਭ ਜਾਨਦਾਰ ਸਰੀਰਾਂ ਵਿੱਚੋਂ ਵੀ ਇੱਕ-ਇੱਕ ਜੋੜਾ ਕਿਸ਼ਤੀ ਵਿੱਚ ਵਾੜ ਲਈਂ ਤਾਂ ਜੋ ਤੂੰ ਉਹਨਾਂ ਨੂੰ ਆਪਣੇ ਨਾਲ ਜੀਉਂਦਾ ਰੱਖ ਸਕੇਂ...।"

ਸਤਿੰਦਰ ਦੇ ਦਿਮਾਗ਼ ਵਿੱਚ ਪੈਂਫਲਟ 'ਤੇ ਬਣੀ ਨੂਹ ਦੀ ਤਸਵੀਰ ਘੁੰਮਣ ਲੱਗ ਪਈ। ਨੂਹ ਦੀ ਰੂੰ ਵਰਗੀ ਦਾਹੜੀ, ਨੂਰਾਨੀ ਚਿਹਰਾ ਉਹਨੂੰ ਲੱਗਿਆ ਕਿ ਨੂਹ ਨੂੰ ਉਹਨਾਂ ਦੇ ਘਰ ਰਹਿਣਾ ਚਾਹੀਦਾ ਸੀ। ਉਹਨਾਂ ਦੇ ਘਰ ਹੀ ਸੌਣਾ ਚਾਹੀਦਾ ਸੀ। ਨੂਹ ਦੇ ਹੱਥ ਵਿੱਚ ਫੜੀ ਲਾਠੀ ਉਸਨੂੰ ਉਸ ਜਾਦੂਗਰ ਦੇ ਡੰਡੇ ਵਰਗੀ ਲੱਗੀ ਜਿਸ ਦਾ ਸ਼ੋਅ ਕੁਝ ਦਿਨ ਪਹਿਲਾਂ ਉਸਨੇ ਆਪਣੇ ਸਕੂਲ ਵੇਖਿਆ ਸੀ।

"ਫਿਰ ਧਰਤੀ ਉੱਤੇ ਜਲ ਪਰਲੋ ਆ ਗਈ। ਚਾਲੀ ਦਿਨ ਤੇ ਚਾਲੀ ਰਾਤਾਂ ਵਰਖਾ ਹੁੰਦੀ ਰਹੀ। ਧਰਤੀ ਉੱਤੇ ਪਾਣੀ ਹੀ ਪਾਣੀ ਹੋ ਗਿਆ ਤੇ ਸਾਰੇ ਉੱਚੇ-ਉੱਚੇ ਪਹਾੜ ਜੋ ਅਕਾਸ਼ ਦੇ ਹੇਠਾਂ ਸਨ, ਡੁੱਬ ਗਏ। ਧਰਤੀ ਉਤਲੇ ਸਰਬੱਤ ਸਰੀਰ, ਆਦਮੀ, ਪੰਛੀ , ਡੰਗਰ, ਜੰਗਲੀ ਜਾਨਵਰ ਤੇ ਸਾਰੇ ਜੀਅ ਜੰਤ ਜਿਹਨਾਂ ਨਾਲ ਧਰਤੀ ਭਰੀ ਹੋਈ ਸੀ ਮਰ ਗਏ। ਪਰ ਨੂਹ ਦੀ ਕਿਸ਼ਤੀ ਪਾਣੀ ਉੱਤੇ ਤਰਦੀ ਰਹੀ ਤੇ ਨੂਹ ਤੇ ਉਹ ਜੋ ਉਸ ਦੇ ਨਾਲ ਕਿਸ਼ਤੀ ਉੱਤੇ ਸਵਾਰ ਸਨ, ਬਚੇ ਰਹੇ। ਡੇਢ ਸੌ ਦਿਨਾਂ ਤੱਕ ਧਰਤੀ ਉੱਤੇ ਪਾਣੀ ਹੀ ਪਾਣੀ ਰਿਹਾ...।"

ਸਤਿੰਦਰ ਨੂੰ ਅਚਾਨਕ ਡਰ ਲੱਗਣ ਲੱਗ ਪਿਆ। ਪਰਲੋ ਦਾ ਇਹ ਦ੍ਰਿਸ਼ ਬਹੁਤ ਭਿਆਨਕ ਸੀ। ਧਰਤੀ ਉੱਤੇ ਪਾਣੀ ਹੀ ਪਾਣੀ। ਕੀ ਸੱਚੀਂ ਸਭ ਕੁਝ ਹੀ ਡੁੱਬ ਗਿਆ ਹੋਵੇਗਾ। ਸਭ ਮਰ ਗਏ ਹੋਣਗੇ। ਪਾਪਾ ਵਾਂਗ ਹੀ। ਹੁਣ ਉਹਨੂੰ ਸਮਝ ਸੀ ਕਿ ਮੌਤ ਕਿਸ ਸ਼ੈਅ ਦਾ ਨਾਂ ਹੈ। ਇਸ ਘਰ 'ਚ ਆਉਣ ਤੋਂ ਬਾਦ ਉਹਨੂੰ ਬੜੀ ਛੇਤੀ ਇਸ ਗੱਲ ਦੀ ਸਮਝ ਆ ਗਈ ਸੀ। ਬੇਸ਼ੱਕ ਉਹਨਾਂ ਦੇ ਘਰ ਦੇ ਥੱਲੜੇ ਹਿੱਸਿਆਂ ਵਿੱਚ ਹੋਰ

ਕਿਰਾਏਦਾਰ ਵੀ ਰਹਿੰਦੇ ਸਨ। ਉਹਨਾਂ ਕਿਰਾਏਦਾਰਾਂ ਦੇ ਛੋਟੇ ਬੱਚੇ ਵੀ ਸਨ। ਪਰ ਮੰਮੀ ਨੇ ਕਦੇ ਉਹਨਾਂ ਨੂੰ ਨਾ ਤਾਂ ਉੱਪਰ ਹੀ ਆਉਣ ਦਿੱਤਾ ਸੀ ਤੇ ਨਾ ਕਦੇ ਆਪਣੇ ਨਿਆਣਿਆਂ ਨੂੰ ਹੀ ਉਹਨਾਂ ਨਾਲ ਖੇਡਣ ਦਿੱਤਾ ਸੀ। ਹੁਣ ਤਾਂ ਸਤਿੰਦਰ ਦਾ ਆਪਣਾ ਜੀਅ ਵੀ ਥੱਲੇ ਜਾ ਕੇ ਉਹਨਾਂ ਨਿਆਣਿਆਂ ਨਾਲ ਖੇਡਣ ਨੂੰ ਨਹੀਂ ਸੀ ਕਰਦਾ।

ਇੱਕ ਦਿਨ ਮੰਮੀ ਬਜ਼ਾਰ ਗਈ ਹੋਈ ਸੀ। ਉਹ ਤਿੰਨੇ ਭੈਣ-ਭਰਾ ਬਨੇਰੇ ਦੀ ਰੇਲਿੰਗ ਨਾਲ ਲੱਗੇ ਖੜ੍ਹੇ ਥੱਲੇ ਵੇਖ ਰਹੇ ਸਨ, ਜਿੱਥੇ ਉਹਨਾਂ ਦੇ ਕਿਰਾਏਦਾਰਾਂ ਦੇ ਤੇ ਇੱਕ ਦੋ ਗਵਾਂਢੀਆਂ ਦੇ ਨਿਆਣੇ ਵੀ ਬੰਟਿਆਂ ਨਾਲ 'ਬੱਚੇ ਕੱਢਣ' ਖੇਡ ਰਹੇ ਸਨ। ਉਹਨਾਂ ਵਿੱਚੋਂ ਇੱਕ ਨੇ ਉਹਨਾਂ ਤਿੰਨਾਂ ਨੂੰ ਵੀ ਥੱਲੇ ਆਉਣ ਦਾ ਇਸ਼ਾਰਾ ਕੀਤਾ। ਸ਼ਾਇਦ ਰਿੰਕੀ ਦਾ ਮਨ ਸਤਿੰਦਰ ਨਾਲੋਂ ਵੀ ਵੱਧ ਥੱਲੇ ਜਾ ਕੇ ਖੇਡਣ ਨੂੰ ਕਰਦਾ ਸੀ। ਇਸ ਲਈ ਉਹ ਸਤਿੰਦਰ ਤੇ ਲਵਲੀ ਨੂੰ ਲੈ ਕੇ ਥੱਲੇ ਗਲ਼ੀ ਵਿੱਚ ਚਲੀ ਹੀ ਗਈ। "ਆਹ ਲੈ, ਆਹ ਤੇਰਾ ਬੰਟਾ।" ਕਹਿ ਕੇ ਇੱਕ ਮੁੰਡੇ ਨੇ ਇੱਕ ਲਿਸ਼ਕਦਾ ਬੰਟਾ ਉਹਨੂੰ ਫੜਾ ਦਿੱਤਾ। ਰਿੰਕੀ ਉਹਨਾਂ ਨਾਲ ਖੇਡਣ ਲੱਗ ਪਈ। ਪਰ ਰਿੰਕੀ ਨੂੰ ਬੰਟੇ ਖੇਡਣੇ ਆਉਂਦੇ ਹੀ ਕਿੰਨੇ ਕੁ ਸਨ। ਹੌਲ਼ੀ-ਹੌਲ਼ੀ ਸਾਰੇ ਮੁੰਡੇ ਤੇ ਖੇਡ ਰਹੀ ਇੱਕ ਹੋਰ ਕੁੜੀ, ਪੁੱਗ ਗਏ। ਬੱਚੇ ਕਢਾਉਣ ਦੀ ਵਾਰੀ ਰਿੰਕੀ ਸਿਰ ਆ ਗਈ। ਉਹਨੇ ਖੁੱਤੀ ਪੁੱਗਣ ਦੀ ਕੋਸ਼ਿਸ਼ ਕੀਤੀ ਪਰ ਉਹਦਾ ਬੰਟਾ ਖੁੱਤੀ ਤੋਂ ਥੋੜ੍ਹੀ ਦੂਰ ਹੀ ਰੁਕ ਗਿਆ।

ਹੁਣ ਦੂਸਰੇ ਹਾਂਢੀਆਂ ਦੀ ਬੱਚੇ ਕੱਢਣ ਦੀ ਵਾਰੀ ਸੀ। ਸਭ ਤੋਂ ਪਹਿਲਾਂ ਪੁੱਗਿਆ ਮੁੰਡਾ ਅੱਗੇ ਆਇਆ। ਆਪਣਾ ਅੰਗੂਠਾ ਖੁੱਤੀ ਉੱਤੇ ਟਿਕਾ ਕੇ, ਦੂਸਰੇ ਹੱਥ ਦੀਆਂ ਦੋ ਤੇ ਉਸੇ ਹੱਥ ਦੀ ਅੰਗੂਠੇ ਦੇ ਨਾਲ ਹੀ ਉਂਗਲ ਵਿੱਚ ਬੰਟਾ ਫਸਾ ਉਸ ਨੇ ਜ਼ੋਰ ਨਾਲ ਬੰਟਾ ਛੱਡ ਦਿੱਤਾ। ਬੰਟਾ ਸਿੱਧਾ ਰਿੰਕੀ ਦੇ ਬੰਟੇ ਵਿੱਚ ਵੱਜਾ।

"ਇੱਕ।" ਮੁੰਡਾ ਖੁਸ਼ੀ 'ਚ ਟੱਪਿਆ। ਰਿੰਕੀ ਦਾ ਬੰਟਾ ਫਿਰ ਦੂਰ ਚਲਾ ਗਿਆ ਸੀ।

ਸਾਰੇ ਨਿਆਣੇ ਵਾਰੀ ਵਾਰੀ ਨਿਸ਼ਾਨੇ ਲਾਉਂਣ ਲੱਗ ਪਏ। ਰਿੰਕੀ ਹਰ ਵਾਰ ਹੀ ਖੁੱਤੀ ਪੁੱਗਣ ਦੀ ਕੋਸ਼ਿਸ਼ ਕਰਦੀ ਪਰ ਅਸਫ਼ਲ ਰਹਿੰਦੀ।

"ਅੱਠ-ਨੌਂ - ਦਸ-ਗਿਆਰਾਂ...।"

ਬੱਚਿਆਂ ਦੀ ਗਿਣਤੀ ਜਿਉਂ ਜਿਉਂ ਵੱਧ ਰਹੀ ਸੀ, ਰਿੰਕੀ ਤੋਂ ਵੱਧ, ਖੇਡ ਦੇਖ ਰਿਹਾ ਸਤਿੰਦਰ ਰੋਣ ਹਾਕਾ ਹੋਈ ਜਾ ਰਿਹਾ ਸੀ।

"ਛੱਬੀ-ਸਤਾਈ-ਅਠਾਈ...।"

ਹੁਣ ਸਤਿੰਦਰ ਰੋਣ ਹੀ ਲੱਗ ਪਿਆ ਸੀ। ਉਹਦੀ ਭੈਣ ਸਿਰ ਏਨੇ ਬੱਚੇ ਹੋਈ ਜਾ ਰਹੇ ਸਨ।

"ਇਕੱਤੀ-ਬੱਤੀ।"

ਸਤਿੰਦਰ ਰੋਂਦਿਆਂ-ਰੋਂਦਿਆਂ ਰਿੰਕੀ ਦੀ ਫਰਾਕ ਖਿੱਚਣ ਲੱਗ ਪਿਆ। ਅਖੀਰ ਰਿੰਕੀ ਨੂੰ ਖੇਡ ਵਿੱਚੇ ਛੱਡਕੇ ਵਾਪਸ ਘਰ ਜਾਣਾ ਪਿਆ। ਉਂਝ ਹੁਣ ਤੱਕ ਉਹਦਾ ਆਪਣਾ ਮੂੰਹ ਵੀ ਲੱਥ ਗਿਆ ਸੀ। ਉਹ ਦਿਨ ਤੋਂ ਬਾਦ ਉਹ ਕਦੇ ਖੇਡਣ ਲਈ ਥੱਲੇ ਨਾ ਉੱਤਰੇ। ਸਤਿੰਦਰ ਨੂੰ ਇਸ ਘਰ 'ਚ ਡਰ ਲੱਗਦਾ ਸੀ। ਪਰ ਉਸ ਦਿਨ ਤੋਂ ਬਾਦ ਉਹਨੂੰ ਘਰੋਂ ਬਾਹਰ ਹੋਰ ਵੀ ਵੱਧ ਡਰ ਮਹਿਸੂਸ ਹੋਇਆ। ਜੇ ਥੋੜ੍ਹੀ -ਬਹੁਤ ਸੁਰੱਖਿਅਤਾ ਕਿਤੇ ਸੀ ਤਾਂ ਉਹ ਇੱਥੇ ਹੀ ਸੀ। ਇਸੇ ਇਕਾਂਤਮਾਰੇ ਘਰ 'ਚ।

"...ਡੇਢ ਸੌ ਦਿਨਾਂ ਦੇ ਅੰਤ ਵਿੱਚ ਪਾਣੀ ਲਹਿ ਗਿਆ। ਨੂਹ ਨੇ ਕਿਸ਼ਤੀ ਦੀ ਖਿੜਕੀ ਖੋਹਲੀ ਤੇ ਇੱਕ ਪਹਾੜੀ ਕਾਂ ਨੂੰ ਛੱਡ ਦਿੱਤਾ। ਜਦ ਤੱਕ ਪਾਣੀ ਧਰਤੀ ਤੋਂ ਨਾ ਸੁੱਕ ਗਏ। ਉਹ ਆਉਂਦਾ ਜਾਂਦਾ ਰਿਹਾ। ਫਿਰ ਉਸਨੇ ਇੱਕ ਘੁੱਗੀ ਵੀ ਆਪਣੇ ਵੱਲੋਂ ਛੱਡੀ ਤਾਂ ਜੋ ਉਹ ਵੇਖੇ ਕਿ ਪਾਣੀ ਜ਼ਮੀਨ ਦੇ ਉੱਤੋਂ ਘੱਟ ਗਿਆ ਹੈ ਕਿ ਨਹੀਂ। ਪਰ ਉਸ ਘੁੱਗੀ ਨੂੰ ਆਪਣੇ ਪੈਰ ਦੇ ਪੰਜੇ ਲਈ ਕੋਈ ਟਿਕਾਣਾ ਨਾ ਲੱਭਾ। ਸੋ ਉਹ ਕਿਸ਼ਤੀ ਵਿੱਚ ਉਹਦੇ ਕੋਲ ਮੁੜ ਆਈ। ਸੱਤ ਦਿਨ ਹੋਰ ਠਹਿਰਕੇ ਉਨੇ ਫਿਰ ਘੁੱਗੀ ਨੂੰ ਛੱਡਿਆ। ਉਹ



ਘੁੱਗੀ ਜਦੋਂ ਸ਼ਾਮ ਨੂੰ ਉਹਦੇ ਕੋਲ ਆਈ ਤਾਂ ਉਹਦੇ ਚੁੰਝ ਵਿੱਚ ਜੈਤੂਨ ਦਾ ਸੱਜਰਾ ਪੱਤਾ ਸੀ। ਸੋ ਨੂਹ ਨੇ ਜਾਣ ਲਿਆ ਕਿ ਪਾਣੀ ਧਰਤੀ ਉੱਤੋਂ ਘੱਟ ਗਿਆ ਹੈ। ਜਦ ਉਸਨੇ ਸੱਤ ਦਿਨ ਹੋਰ ਠਹਿਰਕੇ ਘੁੱਗੀ ਨੂੰ ਛੱਡਿਆ ਤਾਂ ਉਹ ਮੁੜ ਕੇ ਉਹਦੇ ਕੋਲ਼ ਨਾ ਆਈ...।"

ਸਤਿੰਦਰ ਨੂੰ ਹੁਣ ਡਰ ਲਗਣੋਂ ਹਟ ਗਿਆ। ਉਹਨੂੰ ਲੱਗਿਆ ਕਿ ਹੁਣ ਨੂਹ ਤੇ ਉਹਦੀ ਕਿਸ਼ਤੀ ਦੇ ਸਵਾਰ ਪੱਕਾ ਬਚ ਜਾਣਗੇ। ਉਹ ਕੁਝ ਨਿਸ਼ਚਿੰਤ ਹੋ ਗਿਆ ਜਿਵੇਂ ਉਹ ਰਾਤ ਨੂੰ ਮੰਮੀ ਨਾਲ ਲੱਗਕੇ ਸੌਂਦਾ ਹੁੰਦਾ ਸੀ। ਦਿਨੇ ਤਾਂ ਮੰਮੀ ਕੋਲ ਉਹਦਾ ਮੂੰਹ ਚੁੰਮਣ ਲਈ ਵੀ ਸਮਾਂ ਨਹੀਂ ਹੁੰਦਾ। ਜਦੋਂ ਉਹ ਆਪਣੇ ਕਾਨਵੈਂਟ ਸਕੂਲ ਤੋਂ ਪੜ੍ਹਕੇ ਵਾਪਸ ਆਉਂਦਾ ਤਾਂ ਮੰਮੀ ਅਜੇ ਸਕੂਲ ਹੀ ਹੁੰਦੀ। ਉਹਨੂੰ ਸਾਂਭਣ ਲਈ ਰੱਖੀ ਕੁੜੀ ਹੀ ਉਹਦੇ ਕੱਪੜੇ ਬਦਲਦੀ ਤੇ ਰੋਟੀ ਖਵਾਉਂਦੀ। ਰੋਟੀ ਖਾਣ ਪਿੱਛੋਂ, ਮੰਮੀ ਦੇ ਆਉਣ ਤੋਂ ਪਹਿਲਾਂ ਹੀ ਉਹ ਸੌਂ ਚੁੱਕਿਆ ਹੁੰਦਾ। ਜਦੋਂ ਉਹਦੀ ਜਾਗ ਖੁੱਲ੍ਹਦੀ ਤਾਂ ਸਕੂਲੋਂ ਥੱਕੀ-ਟੁੱਟੀ ਆਈ ਮੰਮੀ ਸੌਂ ਚੁੱਕੀ ਹੁੰਦੀ। ਸਤਿੰਦਰ ਆਪ ਹੀ ਆਪਣਾ ਸਮਾਂ ਬਿਤਾਉਣ ਦੀਆਂ ਤਰਕੀਬਾਂ ਲੜਾਉਂਦਾ ਹੋਇਆ ਰਿੰਕੀ ਜਾਂ ਲਵਲੀ ਨਾਲ ਉਲਝਦਾ ਰਹਿੰਦਾ। ਮੰਮੀ ਦੇ ਉੱਠਦਿਆਂ ਹੀ ਉਹਨਾਂ ਦੇ 'ਹੋਮ ਵਰਕ' ਦਾ ਸਮਾਂ ਹੋ ਜਾਂਦਾ। ਮੰਮੀ ਤਿੰਨਾਂ ਬੱਚਿਆਂ ਨੂੰ ਕੋਲ ਬਿਠਾ ਕੇ 'ਹੋਮ ਵਰਕ' ਕਰਵਾਉਂਦੀ। ਬੱਚੇ ਹੋਮ ਵਰਕ ਕਰਦੇ ਤਾਂ ਉਹ ਨਾਲ਼ ਨਾਲ਼ ਰਾਤ ਦੀ ਸਬਜ਼ੀ ਲਈ ਗੰਢੇ, ਲਸਣ, ਅਦਰਕ ਕੱਟਦੀ ਰਹਿੰਦੀ ਜਾਂ ਸਬਜ਼ੀ ਵੀ ਛਿੱਲ ਕੱਟ ਲੈਂਦੀ।

ਸਤਿੰਦਰ ਲਈ ਇਹ ਹੋਮ ਵਰਕ ਕਰਨ ਦਾ ਸਮਾਂ ਅਸਾਨ ਨਹੀਂ ਸੀ ਹੁੰਦਾ। ਇਸ ਵੇਲੇ ਰਿੰਕੀ ਸਭ ਤੋਂ ਵੱਧ ਖੁਸ਼ ਦਿਖਾਈ ਦਿੰਦੀ। ਉਹ ਪੜ੍ਹਨ ਵਿੱਚ ਸ਼ੁਰੂ ਤੋਂ ਹੀ ਹੁਸ਼ਿਆਰ ਸੀ, ਇਸ ਲਈ ਮੰਮੀ ਨੂੰ ਵੀ ਉਸ ਵੱਲ ਬਹੁਤਾ ਧਿਆਨ ਦੇਣ ਦੀ ਲੋੜ ਨਹੀਂ ਸੀ ਪੈਂਦੀ। ਲਵਲੀ ਤਾਂ ਅਜੇ 'ਏ-ਬੀ-ਸੀ' ਸਿੱਖ ਰਹੀ ਸੀ । ਪਰ ਸਤਿੰਦਰ ਮੰਮੀ ਦੇ ਸਭ ਤੋਂ ਵੱਧ ਕਾਬੂ ਆਉਂਦਾ। ਮੰਮੀ ਨੂੰ ਸਭ ਤੋਂ ਵੱਧ ਉਹਦੀ ਲਿਖਾਈ ਉੱਤੇ ਗੁੱਸਾ ਆਉਂਦਾ। ਉਹ ਇੱਕ ਅੱਖਰ ਵੀ ਉਸ ਤਰ੍ਹਾਂ ਨਹੀਂ ਸੀ ਲਿਖ ਸਕਦਾ ਜਿਵੇਂ ਮੰਮੀ ਚਾਹੁੰਦੀ। ਵੈਸੇ ਇਹਦੇ 'ਚ ਸਤਿੰਦਰ ਦਾ ਵੀ ਕੋਈ ਕਸੂਰ ਨਹੀਂ ਸੀ। ਧੌਣ ਵਿੱਚ ਇੱਕ ਧੱਫ਼ਾ ਖਾ ਕੇ ਉਹ ਸੋਹਣਾ ਲਿਖਣ ਦੀ ਪੂਰੀ ਵਾਹ ਲਾਉਂਦਾ ਪਰ ਕੁਝ ਸ਼ਬਦ ਲਿਖਕੇ ਉਹਦਾ ਧਿਆਨ ਅਸਮਾਨ 'ਚ ਗੋਲ਼ ਚੱਕਰ ਕੱਟਦੀਆਂ ਉੱਡ ਰਹੀਆਂ ਇੱਲਾਂ ਵੱਲ ਚਲਾ ਜਾਂਦਾ ਤੇ ਜਾਂ ਉਹ ਆਪਣੇ ਸਕੂਲ ਵਿੱਚ ਵੇਖੀ ਗਾਲੜ੍ਹ ਦੇ ਸਿਰ ਵਿਚਲੀ ਚਵਾਨੀ ਬਾਰੇ ਸੋਚਣ ਲੱਗ ਜਾਂਦਾ। ਉਹਦੇ ਅੱਖਰ ਫਿਰ ਵਿੰਗੇ ਹੋਣੇ ਸ਼ੁਰੂ ਹੋ ਜਾਂਦੇ। ਉਹਦੀ ਧੌਣ ਵਿੱਚ ਇੱਕ ਧੱਫ਼ਾ ਹੋਰ ਵੱਜ ਜਾਂਦਾ...।

ਉਹਨਾਂ ਦਾ ਹੋਮ ਵਰਕ ਕਰਵਾਕੇ ਮੰਮੀ ਰਾਤ ਦੀ ਰੋਟੀ ਬਣਾਉਣ 'ਚ ਰੁੱਝ ਜਾਂਦੀ। ਇਧਰ ਉਧਰ ਦੇ ਆਹਰ ਕਰਦਿਆਂ ਉਹ ਰਾਤ ਨੂੰ ਸੌਣ ਵੇਲੇ ਹੀ ਸਤਿੰਦਰ ਕੋਲ ਬੈੱਡ ਉੱਤੇ ਆਉਂਦੀ। ਸਤਿੰਦਰ ਲਈ ਉਹੀ ਸਮਾਂ ਦਿਨ ਦਾ ਸਭ ਤੋਂ ਵਧੀਆ ਸਮਾਂ ਹੁੰਦਾ। ਮੰਮੀ ਦੇ ਸਰੀਰ ਨਾਲ ਜੁੜਕੇ ਉਸ ਦਾ ਨਿੱਘ ਮਹਿਸੂਸ ਕਰਦਿਆਂ ਮਨ ਅੰਦਰਲੀਆਂ ਜੰਮੀਆਂ ਭਾਵਨਾਵਾਂ ਪਿਘਲਣ ਲੱਗਦੀਆਂ। ਉਹਨੂੰ ਮੰਮੀ ਉੱਤੇ ਪਿਆਰ ਆਉਂਦਾ। ਉਹ ਰਾਤ ਨੂੰ ਸੌਂਦਾ ਵੀ ਮੰਮੀ ਦੀ ਲੱਤ ਉੱਤੇ ਲੱਤ ਰੱਖ ਕੇ ਹੀ। ਆਪਣੀ ਬਾਂਹ ਉਹਦੀ ਧੌਣ ਦੁਆਲੇ ਵਲ਼ ਲੈਂਦਾ। ਉਹ ਚਾਹੁੰਦਾ ਕਿ ਹੁਣ ਸਾਰੀ ਰਾਤ ਮੰਮੀ ਉਹਦੇ ਕੋਲ ਇਸੇ ਤਰ੍ਹਾਂ ਹੀ ਸੁੱਤੀ ਰਹੇ। ਇੱਕ ਮਿੰਟ ਉੱਠ ਕੇ 'ਬਾਥਰੂਮ' ਵੀ ਨਾ ਜਾਵੇ।

ਮੰਮੀ ਕਦੇ ਕਦੇ ਰਾਤ ਨੂੰ ਉਹਦੇ ਕੋਲੋਂ ਉੱਠ ਜਾਂਦੀ। ਸਤਿੰਦਰ ਨੂੰ ਇਹ ਵਿਚਾਰ ਆਉਂਦਿਆਂ ਹੀ ਝੁਣਝੁਣੀ ਆ ਜਾਂਦੀ ਹੈ। ਇੱਕ ਤਾਰ ਜਿਹੀ ਉਹਦੇ ਸਾਰੇ ਸਰੀਰ ਵਿੱਚੋਂ ਲੰਘ ਜਾਂਦੀ ਹੈ।

ਉਹਨਾਂ ਦਿਨਾਂ 'ਚ ਡੀ. ਐੱਸ. ਪੀ. ਚਾਚਾ ਵੀ ਉਹਨਾਂ ਦੇ ਘਰ ਆਇਆ ਹੋਇਆ ਸੀ। ਉਹਨੇ ਤਿੰਨ-ਚਾਰ ਦਿਨ ਰੁਕ ਕੇ ਕੋਈ ਕੰਮ ਕਰਵਾਉਣਾ ਸੀ। ਰਾਤ ਨੂੰ ਸੌਣ ਤੋਂ ਪਹਿਲਾਂ ਉਹ ਬੱਚਿਆਂ ਨਾਲ ਗੱਲਾਂ ਕਰਦਾ ਰਿਹਾ ਸੀ। ਪਰ ਸਤਿੰਦਰ ਨੂੰ ਆਪਣੇ ਚਾਚੇ ਦੀਆਂ ਗੱਲਾਂ ਬਹੁਤੀਆਂ ਪਸੰਦ ਨਹੀਂ ਸਨ। ਉਹਨੂੰ ਬੱਚਿਆਂ ਨਾਲ ਗੱਲਾਂ ਕਰਨੀਆਂ ਆਉਂਦੀਆਂ ਹੀ ਨਹੀਂ ਸਨ। ਤਿੰਨਾਂ ਭੈਣ ਭਰਾਵਾਂ ਨੂੰ ਉਹਦੀਆਂ

ਗੱਲਾਂ ਵਿੱਚ ਰਤਾ ਵੀ ਦਿਲਚਸਪੀ ਨਾ ਜਾਗਦੀ ।ਉਂਝ ਉਹਨਾਂ ਦਾ ਚਾਚਾ ਹੈ ਰੋਹਬਦਾਰ ਸੀ।ਸ਼ਕਲੋਂ ਹੀ ਪੁਲਸੀਆ ਲੱਗਦਾ।

ਉਸ ਦਿਨ ਰਿੱਕੀ ਨੇ ਅਖ਼ਬਾਰ ਵਿੱਚੋਂ ਪੜ੍ਹਕੇ ਉਹਨੂੰ 'ਲੰਗੜੇ ਜਿੰਨ' ਵਾਲੀ ਕਹਾਣੀ ਸੁਣਾਈ ਸੀ। ਉਹ ਜਿੰਨ ਲੰਗੜਾ ਹੋਣ ਕਰਕੇ ਬੰਦਿਆਂ ਦਾ ਸ਼ਿਕਾਰ ਨਹੀਂ ਸੀ ਕਰ ਸਕਦਾ। ਪਰ ਬੱਚੇ ਅਸਾਨੀ ਨਾਲ ਉਹਦੇ ਕਾਬੂ ਆ ਜਾਂਦੇ ਸਨ। ਰਾਤ ਨੂੰ ਸੌਣ ਲੱਗਿਆਂ ਉਹਨੂੰ ਉਹ ਜਿੰਨ ਫਿਰ ਯਾਦ ਆ ਗਿਆ। ਰਾਤ ਨੂੰ ਜਿੰਨ ਉਹਨਾਂ ਦੇ ਟੈਰਸ ਉੱਤੇ ਲੁਕਿਆ ਹੋ ਸਕਦਾ ਹੈ ਰਤਾ ਕੁ ਦਰਵਾਜ਼ਾ ਖੁੱਲਦਿਆਂ ਹੀ ਉਹ ਅੰਦਰ ਵੀ ਵੜ ਸਕਦਾ ਹੈ। ਉਹਨੇ ਮੰਮੀ ਨੂੰ ਘੁੱਟ ਕੇ ਜੱਫ਼ੀ ਪਾ ਲਈ ਸੀ।

"ਸੌਂ ਜਾ ਬੇਟਾ ਸੌਂ ਜਾ।" ਅੱਜ ਮੰਮੀ ਨੂੰ ਨਿਆਣਿਆਂ ਨੂੰ ਸਵਾਉਣ ਦੀ ਕੁਝ ਕਾਹਲੀ ਜਾਪਦੀ ਸੀ।

ਮੰਮੀ ਦੇ ਨਾਲ ਇੱਕ ਹੀ ਬੈੱਡ ਉੱਤੇ ਸਤਿੰਦਰ ਤੇ ਲਵਲੀ ਦੋਵੇਂ ਸੌਂਦੇ ਸਨ। ਰਿੱਕੀ ਵੀ ਉਸੇ ਕਮਰੇ ਵਿੱਚ ਵੱਖਰੇ ਮੰਜੇ ਉੱਤੇ ਸੌਂਦੀ ਸੀ। ਉਹਨਾਂ ਦਾ ਚਾਚਾ ਉਸ ਨਾਲ਼ ਵਾਲੇ ਕਮਰੇ ਵਿੱਚ ਲੇਟਿਆ ਸੀ, ਜਿਸ ਵਿੱਚ ਪ੍ਰਾਹੁਣੇ ਹੀ ਪਿਆ ਕਰਦੇ ਸਨ। ਮੰਮੀ ਲਾਈਟ ਬੁਝਾ ਕੇ ਸਤਿੰਦਰ ਨੂੰ ਥਾਪੜਨ ਲੱਗੀ ਸੀ। ਲਵਲੀ ਪਹਿਲਾਂ ਹੀ ਘੂਕ ਸੌਂ ਗਈ ਸੀ।

ਪਰ ਪਤਾ ਨਹੀਂ ਕਿਉਂ ਉਸ ਦਿਨ ਸਤਿੰਦਰ ਦੀਆਂ ਅੱਖਾਂ ਅੱਗੇ ਲੰਗੜਾ ਜਿੰਨ ਵਾਰ ਵਾਰ ਪ੍ਰਗਟ ਹੋ ਜਾਂਦਾ ਸੀ। ਸਤਿੰਦਰ ਉਹਦੇ ਸਿਰ ਉਪਰਲੇ ਵੱਡੇ ਵੱਡੇ ਸਿੰਗਾਂ ਨੂੰ ਵੇਖ ਕੇ ਭੈਅ-ਭੀਤ ਹੋ ਜਾਂਦਾ।

ਉਹਦੇ ਸੌਣ ਤੱਕ ਮੰਮੀ ਨੂੰ ਖਿਝ ਆਉਣ ਲੱਗ ਪਈ ਸੀ।

"ਤੂੰ ਹੁਣ ਸਿੱਧੀ ਤਰ੍ਹਾਂ ਸੌਂਏਗਾ ਕਿ ਨਈਂ ?"

ਪਰ ਸਤਿੰਦਰ ਆਖਰ ਸੌਂ ਹੀ ਗਿਆ ਸੀ। ਸੌਂਦਿਆਂ ਹੀ ਉਹ ਆਪਣੇ ਪਿੰਡ ਪਹੁੰਚ ਗਿਆ। ਇਹਨਾਂ ਗਲ਼ੀਆਂ ਨੂੰ ਉਹ ਥੋੜ੍ਹਾ-ਥੋੜ੍ਹਾ ਪਛਾਣਦਾ ਸੀ। ਹੁਣ ਉਹ ਇਕੱਲਾ ਇਹਨਾਂ ਗਲ਼ੀਆਂ 'ਚ ਘੁੰਮ ਰਿਹਾ ਸੀ। ਸੁੰਨ-ਮਸਾਨ ਗਲ਼ੀਆਂ 'ਚ। ਪਰ ਉਹਨੂੰ ਆਪਣੇ ਘਰ ਦਾ ਰਾਹ ਭੁੱਲ ਗਿਆ ਸੀ। ਉਹ ਗਲ਼ੀਆਂ ਵਿੱਚ ਆਪਣੇ ਪਾਪਾ ਨੂੰ ਵੀ ਲੱਭ ਰਿਹਾ ਸੀ। ਪਰ ਉੱਥੇ ਤਾਂ ਨਾ ਬੰਦਾ ਸੀ ਨਾ ਬੰਦੇ ਦੀ ਜਾਤ। ਘੁੰਮਦਾ ਘੁੰਮਦਾ ਉਹ ਪਿੰਡ ਦੇ ਬਾਹਰਵਾਰ ਇੱਕ ਬੋਹੜ ਕੋਲ ਪਹੁੰਚ ਗਿਆ। ਹੁਣ ਉਹਨੂੰ ਭੁੱਖ ਵੀ ਲੱਗੀ ਹੋਈ ਸੀ। ਹੁਣ ਉਹ ਆਲੇ-ਦੁਆਲਿਓਂ ਆਪਣੇ ਪਾਪਾ ਦੇ ਨਾਲ਼ ਨਾਲ਼ ਖਾਣ ਨੂੰ ਵੀ ਕੁਝ ਲੱਭਣ ਲੱਗਾ। ਪਰ ਉਸ ਹਨੇਰੀ ਰਾਤ ਉਹਨੂੰ ਉੱਥੇ ਕੀ ਲੱਭਣਾ ਸੀ ? ਅਚਾਨਕ ਬੋਹੜ ਉਪਰੋਂ ਕਿਸੇ ਚੀਜ਼ ਨੇ ਉਹਦੇ ਸਾਹਮਣੇ ਛਾਲ ਮਾਰੀ। ਇਹ ਤਾਂ ਉਹੀ ਸੀ, ਐਨ ਉਦਾਂ ਦਾ ਹੀ ਜਿਸ ਤਰ੍ਹਾਂ ਦੀ ਤਸਵੀਰ ਅਖ਼ਬਾਰ ਵਿੱਚ ਸੀ। ਲੰਗੜਾ ਜਿੰਨ...

ਸਤਿੰਦਰ ਨੇ ਜ਼ੋਰ ਨਾਲ ਚੀਕ ਮਾਰੀ ਤੇ ਉੱਠ ਖਲੋਤਾ। ਉਹਨੇ ਹਨੇਰੇ ਵਿੱਚ ਹੀ ਮੰਮੀ ਨੂੰ ਜੱਫੀ ਪਾਉਣ ਦੀ ਕੋਸ਼ਿਸ਼ ਕੀਤੀ ਪਰ ਬੈੱਡ ਉੱਤੇ ਮੰਮੀ ਵਾਲੀ ਥਾਂ ਖਾਲੀ ਸੀ ਕੀ ਮੰਮੀ ਨੂੰ ਵੀ ਜਿੰਨ ਖਾ ਗਿਆ ਸੀ ? ਇਹ ਸੋਚਦਿਆਂ ਹੀ ਉਹ ਰੋਣ ਲੱਗ ਪਿਆ।

"ਮੰਮੀ... ਮੰਮੀ..."

"ਕੀ ਹੋ ਗਿਆ ਤੈਨੂੰ ?" ਮੰਮੀ ਦੂਸਰੇ ਕਮਰੇ ਵਿੱਚੋਂ ਇਧਰ ਆ ਗਈ, "ਕਿਉਂ ਰੋਈ ਜਾਨੈਂ ?"

ਸਤਿੰਦਰ ਚੁੱਪ ਸੀ। ਉਹਨੇ ਫਿਰ ਨਾਲ਼ ਲੇਟ ਗਈ ਮੰਮੀ ਨੂੰ ਜੱਫ਼ੀ ਵਿੱਚ ਘੁੱਟ ਲਿਆ।

"ਦੇਖ ਬੇਟਾ, ਏਦਾਂ ਨਈਂ ਕਰੀਦਾ। ਤੂੰ ਹੁਣ ਵੱਡਾ ਹੋ ਰਿਹੈਂ। ਜਦੋਂ ਬੱਚੇ ਸਕੂਲ ਜਾਣ ਲੱਗ ਪੈਣ, ਉਦੋਂ ਉਹ ਵੱਡੇ ਹੋ ਜਾਂਦੇ ਆ ਤੂੰ ਕਿਉਂ ਚੂਚਾ ਬਣਿਆ ਰਹਿੰਨਾ ? ਹੈਂ ?" ਮੰਮੀ ਨੇ ਸਮਝਾਉਣ ਨੇ ਨਾਲ਼ ਨਾਲ਼ ਫਿਰ ਥਾਪੜਨਾ ਵੀ ਸ਼ੁਰੂ ਕਰ ਦਿੱਤਾ ਸੀ, "ਮੈਂ ਕਿਤੇ ਚਲੇ ਥੋੜ੍ਹਾ ਗਈ ਸੀ। ਬਸ ਦੋ ਮਿੰਟ ਲਈ ਗਈ ਸੀ। ਤੂੰ ਦੋ ਮਿੰਟ ਵੀ ਇੱਕਲਾ ਨਈਂ ਲੇਟ ਸਕਦਾ। ਐਦੂੰ 'ਗਾਂਹ ਏਦਾਂ ਨੀਂ ਕਰਦਾ।" ਮੰਮੀ ਦੀ ਆਵਾਜ਼ 'ਚ ਪਤਾ ਨਹੀਂ ਕਿਥੋਂ ਥੋੜ੍ਹੀ ਜਿਹੀ ਸਖ਼ਤੀ ਆ ਗਈ ਸੀ।

ਸਤਿੰਦਰ ਫਿਰ ਸੌਂ ਗਿਆ। ਅਗਲੀ ਰਾਤ ਉਹ ਏਦਾਂ ਸੁੱਤਾ ਕਿ ਉਹਦੀ ਜਾਗ ਸਵੇਰੇ ਹੀ ਖੁੱਲੀ। ਪਰ



ਤੀਸਰੀ ਰਾਤ ਉਹ ਫਿਰ ਤ੍ਰਭਕ ਕੇ ਉੱਠ ਗਿਆ। ਅੱਜ ਉਹਨੂੰ ਪਤਾ ਨਹੀਂ ਕਾਹਦਾ ਡਰ ਲੱਗਿਆ ਸੀ। ਅੱਜ ਵੀ ਮੰਮੀ ਬੈੱਡ ਉੱਤੇ ਨਹੀਂ ਸੀ। ਉਹ ਅੱਖਾਂ ਮਲ਼ਦਾ ਉੱਠ ਬੈਠਾ ਤੇ ਹਨੇਰੇ ਵਿੱਚ ਹੀ ਇਧਰ ਉਧਰ ਝਾਕਦਾ ਮੰਮੀ ਲੱਭਣ ਲੱਗਾ। ਮੰਮੀ ਕਿਤੇ ਨਹੀਂ ਸੀ। ਉਹ ਰੋਣ ਹੀ ਲੱਗਾ ਸੀ ਕਿ ਰਿੱਕੀ ਉਹਦੇ ਬਿਸਤਰੇ ਵਿੱਚ ਆ ਗਈ। ਉਹ ਵੀ ਅੱਜ ਜਾਗ ਰਹੀ ਸੀ।

"ਸੌਂ ਜਾ ਸੱਤੀ, ਸੌਂ ਜਾ।" ਉਹਨੇ ਮੰਮੀ ਵਾਂਗ ਹੀ ਉਹਨੂੰ ਆਪਣੇ ਨਾਲ਼ ਲਾ ਲਿਆ।

"ਮੰਮੀ ਕਿੱਥੇ ਆ?"

"ਏਥੇ ਹੀ ਹੋਣੇ ਆਂ। ਬਾਥਰੂਮ ਗਏ ਹੋਣੇ ਆਂ।" ਕਹਿ ਕੇ ਉਹ ਮੰਮੀ ਵਾਂਗ ਹੀ ਉਹਨੂੰ ਥਾਪੜਨ ਲੱਗ ਪਈ।

ਸਤਿੰਦਰ ਝੱਟ ਹੀ ਫੇਰ ਸੌਂ ਗਿਆ। ਕਾਫੀ ਦੇਰ ਬਾਦ ਜਦੋਂ ਇੱਕ ਵਾਰ ਫਿਰ ਉਹ ਜਾਗਿਆ ਤਾਂ ਉਹਦੇ ਕੋਲ ਉਹਦੀ ਮਾਂ ਦਾ ਹੀ ਨਿੱਘਾ ਸਰੀਰ ਸੀ। ਸਤਿੰਦਰ ਪੂਰੀ ਤਰ੍ਹਾਂ ਨਿਸ਼ਚਿੰਤ ਹੋ ਕੇ ਸੌਂ ਗਿਆ।

"... ਤਦ ਨੂਹ, ਉਹਦੇ ਪੁੱਤਰ, ਤੀਵੀਂ ਤੇ ਨੂੰਹਾਂ ਬਾਹਰ ਨਿਕਲ ਆਏ। ਹਰ ਜਾਨਵਰ , ਹਰ ਪੰਛੀ ਤੇ ਹਰ ਰੀਂਘਣ ਵਾਲਾ ਵੀ ਉਹਦੇ ਨਾਲ ਬਾਹਰ ਨਿਕਲ ਆਇਆ। ਨੂਹ ਨੇ ਇੱਕ ਯੱਗਵੇਦੀ ਈਸ਼ਵਰ ਲਈ ਬਣਾਈ ਅਤੇ ਸ਼ੁੱਧ ਡੰਗਰਾਂ ਤੇ ਸ਼ੁੱਧ ਪੰਛੀਆਂ ਵਿਚੋਂ ਹੋਣ ਦੀਆਂ ਬਲੀਆਂ ਚੜ੍ਹਾਈਆਂ। ਈਸ਼ਵਰ ਨੇ ਉਹ ਸੁਗੰਧੀ ਸੁੰਘੀ ਤੇ ਆਪਣੇ ਮਨ ਵਿਚ ਕਿਹਾ , "ਮੈਂ ਫੇਰ ਕਦੀ ਜ਼ਮੀਨ ਨੂੰ ਆਦਮੀ ਦੇ ਕਾਰਨ ਸਰਾਪ ਨਹੀਂ ਦਿਆਂਗਾ। ਭਾਵੇਂ ਆਦਮੀ ਦੀ ਭਾਵਨਾ ਉਸ ਦੀ ਜਵਾਨੀ ਤੋਂ ਬੁਰੀ ਹੀ ਹੈ ਪਰ ਮੈਂ ਫਿਰ ਕਦੀ ਸਰਬਤ ਜੀਆਂ ਨੂੰ ਨਹੀਂ ਮਾਰਾਂਗਾ, ਜਿਵੇਂ ਮੈਂ ਹੁਣ ਕੀਤਾ ਹੈ। ਧਰਤੀ ਦੇ ਸਾਰੇ ਦਿਨਾਂ ਤੱਕ ਬੀਜਣੇ ਤੇ ਵੱਢਣ, ਪਾਲਾ ਤੇ ਧੁੱਪ, ਹਾੜੀ ਤੇ ਸਾਉਣੀ, ਦਿਨ ਤੇ ਰਾਤ ਨਹੀਂ ਮੁੱਕਣਗੇ।" ਸੋ ਈਸ਼ਵਰ ਨੇ ਨੂਹ ਤੇ ਉਸਦੇ ਪੁੱਤਰਾਂ ਨੂੰ ਇਹ ਆਖ ਕੇ ਅਸੀਸ ਦਿੱਤੀ ਕਿ ਫਲੋ ਤੇ ਵਧੋ ਤੇ ਧਰਤੀ ਨੂੰ ਭਰ ਦਿਉ। ਤੁਹਾਡਾ ਡਰ ਤੇ ਤੁਹਾਡਾ ਭੈਅ ਧਰਤੀ ਦੇ ਹਰ ਜਾਨਵਰ ਉੱਤੇ ਤੇ ਅਕਾਸ਼ ਦੇ ਹਰ ਪੰਛੀ ਉੱਤੇ ਤੇ ਹਰ ਇੱਕ ਦੇ ਉੱਤੇ ਜਿਹੜਾ ਜ਼ਮੀਨ ਉੱਤੇ ਰੀਂਘਦਾ ਹੈ ਤੇ ਸਮੁੰਦਰ ਦੀਆਂ ਸਾਰੀਆਂ ਮੱਛੀਆਂ ਉੱਤੇ ਹੋਵੇਗਾ...।"

ਰਿੱਕੀ ਪੈਂਫਲਿਟ ਦਾ ਆਖਰੀ ਪੰਨਾ ਅਜੇ ਪੜ੍ਹ ਹੀ ਰਹੀ ਸੀ ਕਿ ਮੰਮੀ ਆਪਣਾ ਪਾਠ ਮੁਕਾ ਕੇ ਆ ਗਈ।

"ਅਜੇ ਤੁਹਾਡਾ ਕੰਮ ਨਈਂ ਮੁੱਕਿਆ। ਰਿੱਕੀ, ਪਤਾ ਏ ਨਾ ਅੱਜ ਤੇਰੇ ਚਾਚੇ ਨੇ ਆਉਣਾ ? ਜਾ, ਅਲਮਾਰੀ ਵਿਚੋਂ ਪੀਲ਼ੀ ਚਾਦਰ ਕੱਢਕੇ ਚਾਚੇ ਵਾਲੇ ਕਮਰੇ 'ਚ ਵਛਾ ਦੇ।"

* * *

ਸਤਿੰਦਰ ਦੇ ਸੌਣ ਦਾ ਸਮਾਂ ਹੋ ਗਿਆ। ਪਰ ਅਜੇ ਵੀ ਮੰਮੀ ਦੂਸਰੇ ਕਮਰੇ ਵਿੱਚ ਚਾਚੇ ਨਾਲ ਗੱਲਾਂ ਵਿੱਚ ਰੁੱਝੀ ਹੋਈ ਹੈ। ਪਤਾ ਨਹੀਂ ਚਾਚੇ ਦੇ ਆਉਣ 'ਤੇ ਚੁੱਪ ਚਾਪ ਰਹਿਣ ਵਾਲੀ ਮੰਮੀ ਅਚਾਨਕ ਏਨਾ ਬੋਲਣ ਕਿਉਂ ਲੱਗ ਪੈਂਦੀ ਹੈ ? ਉਹਦੇ ਹੱਥ-ਪੈਰ ਵੀ ਛੋਹਲੇ ਚੱਲਣ ਲੱਗਦੇ ਹਨ। ਉਹ ਬੱਚਿਆਂ ਨਾਲ ਨਰਮ ਅਵਾਜ਼ 'ਚ ਗੱਲ ਕਰਨ ਦੀ ਕੋਸ਼ਿਸ਼ ਕਰਨ ਲੱਗ ਪੈਂਦੀ ਹੈ।

ਸਤਿੰਦਰ ਖਿਝਣ ਲੱਗ ਪਿਆ। ਨੀਂਦ ਆਉਣ ਤੇ ਜੇ ਉਹ ਨਾ ਸੌਂਵੇ ਤਾਂ ਉਹਨੂੰ ਹਰ ਗੱਲ ਉੱਤੇ ਖਿਝ ਆਉਣ ਲੱਗਦੀ ਹੈ। ਉਹ ਬੇਮਾਅਨੀ ਜ਼ਿਦਾਂ ਕਰਨ ਲੱਗਦਾ ਹੈ।

"ਮੰਮਾ-ਤੁਸੀਂ ਪਹਿਲਾਂ ਸੱਤੀ ਤੇ ਲਵਲੀ ਨੂੰ ਸਵਾ ਨੀ ਸਕਦੇ ?" ਉਹਨੂੰ ਜ਼ਿਦ ਕਰਦਾ ਵੇਖ ਰਿੱਕੀ ਵੀ ਖਿਝ ਗਈ।

"ਆਈ, ਆਈ।" ਮੰਮੀ ਰਿੱਕੀ ਦੀ ਅਵਾਜ਼ 'ਤੇ ਤੁਰੰਤ ਆ ਗਈ। ਕਮਰੇ ਦੀ ਰੌਸ਼ਨੀ ਬੁਝ ਗਈ। ਮੰਮੀ ਦੇ ਸਰੀਰ ਨਾਲ ਜੁੜਕੇ ਸਤਿੰਦਰ ਦੀਆਂ ਅੱਖਾਂ ਆਪਣੇ ਆਪ ਮੁੰਦ ਹੋਣ ਲੱਗੀਆਂ।

...ਅਚਾਨਕ ਉਹਨੂੰ ਲੱਗਿਆ ਕਿ ਉਹਨੇ ਬਿਸਤਰੇ ਵਿੱਚ ਹੀ ਪਿਸ਼ਾਬ ਕਰ ਦਿੱਤਾ ਹੈ। ਉਹ ਜਾਗ

ਪਿਆ। ਉਹਦੀਆਂ ਲੱਤਾਂ ਨਾਲ ਕੁਝ ਕੋਸਾ-ਕੋਸਾ ਪਾਣੀ ਲੱਗਿਆ ਹੋਇਆ ਸੀ। ਉਹਨੇ ਆਪਣੇ ਹੱਥਾਂ ਨਾਲ ਲੱਤਾਂ ਛੂਹੀਆਂ। ਲੱਤਾਂ ਗਿੱਲੀਆਂ ਸਨ। ਮੰਮੀ ਨੂੰ ਜਗਾਉਣ ਲਈ ਉਹਨੇ ਆਪਣਾ ਹੱਥ ਮੰਮੀ ਵੱਲ ਵਧਾਇਆ। ਪਰ ਅੱਜ ਵੀ ਮੰਮੀ ਉੱਥੇ ਨਹੀਂ ਸੀ। ਸਤਿੰਦਰ ਦਾ ਜੀਅ ਕੀਤਾ ਕਿ ਉਹ ਫਿਰ ਜ਼ੋਰ ਨਾਲ ਚੀਕ ਮਾਰੇ ਤੇ ਰੋਵੇ। ਪਰ ਉਹ ਡਰ ਗਿਆ। ਬਿਸਤਰੇ ਦਾ ਗਿੱਲਾਪਣ ਉਹਦੇ ਚਿੱਤੜਾਂ ਨੂੰ ਲੱਗ ਕੇ ਲੜ ਰਿਹਾ ਸੀ। ਉਹ ਇੱਕ ਗਲਤੀ ਕਰ ਚੁੱਕਾ ਸੀ, ਜੇ ਹੁਣ ਉਹਨੇ ਉੱਚੀ-ਉੱਚੀ ਰੋਣ ਦੀ ਦੂਸਰੀ ਗਲਤੀ ਕੀਤੀ ਤਾਂ ਉਹਦੀ ਖ਼ੈਰ ਨਹੀਂ ਸੀ ਹੋਣੀ। ਤਾਂ ਕੀ ਕੀਤਾ ਜਾਵੇ ?

ਉਹ ਉੱਠ ਕੇ ਬੈਠ ਗਿਆ। ਉਹ ਦੇ ਬਿਸਤਰੇ ਉੱਤੇ ਲਵਲੀ ਤੇ ਕੋਲ ਦੂਸਰੇ ਮੰਜੇ ਉੱਤੇ ਰਿੰਕੀ ਸੁੱਤੀਆਂ ਹੋਈਆਂ ਸਨ। ਕਮਰਾ ਨੀਲੇ ਰੰਗ ਦੇ ਛੋਟੇ ਬਲਬ ਦੀ ਰੋਸ਼ਨੀ ਨਾਲ ਭਰਿਆ ਹੋਇਆ ਸੀ। ਉਹ ਬੈੱਡ ਤੋਂ ਥੱਲੇ ਆ ਗਿਆ। ਬਾਥਰੂਪ ਦੀ ਲਾਈਟ ਜਗਾਈ। ਮੰਮੀ ਬਾਥਰੂਮ ਵਿੱਚ ਨਹੀਂ ਸੀ। ਉਹਨੇ ਸਰੀਰ ਅੰਦਰ ਬਚ ਗਿਆ ਬਾਕੀ ਦਾ ਪਿਸ਼ਾਬ ਕੀਤਾ ਤੇ ਬਾਹਰ ਆ ਗਿਆ। ਹੁਣ ਗਿੱਲੇ ਪਜ਼ਮੇ ਤੋਂ ਉਹਨੂੰ ਕਚਿਆਣ ਆ ਰਹੀ ਸੀ। ਮੰਮੀ ਨੂੰ ਤਾਂ ਲੱਭਣਾ ਹੀ ਪੈਣਾ ਸੀ।

'ਮੰਮੀ ਜ਼ਰੂਰ ਚਾਚੇ ਨਾਲ ਹੀ ਗੱਲਾਂ ਮਾਰ ਰਹੀ ਹੋਵੇਗੀ।' ਇਹ ਸੋਚ ਉਹ ਚਾਚੇ ਦੇ ਕਮਰੇ ਮੂਹਰੇ ਆ ਗਿਆ। ਅੰਦਰੋਂ ਕਿਸੇ ਹਰਕਤ ਦੀ ਹਲਕੀ ਜਿਹੀ ਅਵਾਜ਼ ਆ ਰਹੀ ਸੀ। ਸਤਿੰਦਰ ਨੇ ਹੌਲੀ ਜਿਹੀ ਬੰਦ ਦਰਵਾਜ਼ੇ ਨੂੰ ਖੜਕਾਇਆ। ਪਰ ਲਗਦਾ ਸੀ ਕਿ ਕਿਸੇ ਤੱਕ ਇਹ ਅਵਾਜ਼ ਨਹੀਂ ਪਹੁੰਚੀ।

ਹੁਣ ਸਤਿੰਦਰ ਨੇ ਕੁਝ ਜ਼ੋਰ ਨਾਲ ਦਰਵਾਜ਼ੇ ਉੱਤੇ ਹੱਥ ਮਾਰਿਆ ਤੇ ਦਰਵਾਜ਼ਾ ਖੁੱਲ੍ਹਣ ਦੀ ਉਡੀਕ ਕਰਨ ਲੱਗਾ।

ਕੁਝ ਪਲਾਂ ਮਗਰੋਂ ਦਰਵਾਜ਼ਾ ਥੋੜ੍ਹਾ ਜਿਹਾ ਖੁੱਲਿਆ। ਖੁੱਲ੍ਹੇ ਦਰਵਾਜ਼ੇ ਵਿੱਚੋਂ ਇੱਕ ਸਿਰ ਬਾਹਰ ਨਿਕਲ੍ਹਿਆ। ਇਹ ਸਿਰ ਮੰਮੀ ਦਾ ਨਹੀਂ ਸੀ। ਚਾਚੇ ਦਾ ਸੀ। ਚਾਚੇ ਦੇ ਮੱਥੇ ਉੱਤੇ ਤਿਊੜੀਆਂ ਦਾ ਜੰਗਲ ਸੀ।

"ਕੀ ਆ?" ਚਾਚੇ ਦੀ ਅਵਾਜ਼ ਵਿੱਚ ਅਜੀਬ ਨਫ਼ਰਤ ਸੀ।

"ਮੰਮੀ ?" ਉਹਦੇ ਮੂੰਹ ਵਿਚੋਂ ਮਸਾਂ ਹੀ ਅਵਾਜ਼ ਨਿਕਲੀ।

"ਮੈਨੂੰ ਕੀ ਪਤਾ ਤੇਰੀ ਮੰਮੀ ਦਾ। ਏਥੇ ਹੀ ਹੋਣੀ ਆਂ ਕਿਤੇ। ਜਾ ਸੌਂ ਜਾ , ਜਾ ਕੇ .। ਮਰ ਨੀ ਚੱਲੀ ਤੇਰੀ ਮੰਮੀ।" ਕਹਿੰਦਿਆਂ ਚਾਚੇ ਦੀਆਂ ਅੱਖਾਂ ਲਾਲ-ਸੂਹੀਆਂ ਹੋ ਗਈਆਂ। ਸਤਿੰਦਰ ਨੇ ਹੁਣ ਤੋਂ ਪਹਿਲਾਂ ਕਦੇ ਉਹਦੀਆਂ ਅੱਖਾਂ ਦਾ ਇਹ ਰੰਗ ਨਹੀਂ ਸੀ ਵੇਖਿਆ। ਉਹਨੂੰ ਚਾਚੇ ਦੀਆਂ ਇਹਨਾਂ ਅੱਖਾਂ ਤੋਂ ਏਨਾ ਡਰ ਲੱਗਾ ਕਿ ਉਹ ਉਸੇ ਵੇਲੇ ਦੌੜ ਕੇ ਆਪਣੇ ਕਮਰੇ 'ਚ ਆ ਗਿਆ। ਆਪਣੇ ਬਿਸਤਰੇ 'ਚ ਲੇਟਦਿਆਂ ਉਹਨੂੰ ਇਹ ਵੀ ਯਾਦ ਨਹੀਂ ਸੀ ਰਿਹਾ ਕਿ ਉਹ ਗਿੱਲੀ ਚਾਦਰ ਉੱਤੇ ਹੀ ਲੇਟ ਰਿਹਾ ਹੈ। ਉਹਨੂੰ ਲੱਗਿਆ ਕਿ ਇਹਨਾਂ ਅੱਖਾਂ ਤੋਂ ਬਚਣ ਲਈ ਫੌਰਨ ਸੌਂ ਜਾਣਾ ਚਾਹੀਦਾ ਹੈ।

ਉਹਨੇ ਪਾਸਾ ਪਰਤ ਲਿਆ। ਸਾਹਮਣੇ ਰਿੰਕੀ ਦਾ ਬਿਸਤਰਾ ਸੀ। ਪਤਾ ਨਹੀਂ ਕਿਉਂ ਸਤਿੰਦਰ ਨੂੰ ਲੱਗਿਆ ਕਿ ਰਿੰਕੀ ਜਾਗ ਰਹੀ ਹੈ। ਉਹਦੀਆਂ ਅੱਖਾਂ ਖੁੱਲੀਆਂ ਹੋਈਆਂ ਹਨ ਤੇ ਉਹ ਉਹਦੇ ਵੱਲ ਵੇਖ ਰਹੀ ਹੈ। ਸਤਿੰਦਰ ਨੂੰ ਸੌਣਾ ਹੋਰ ਸੌਖਾ ਲੱਗਾ।

ਰਿੰਕੀ ਦੀਆਂ ਅੱਖਾਂ ਉਹਨੂੰ ਨੂਹ ਵਰਗੀਆਂ ਲੱਗੀਆਂ। ਨੂਹ ਦੀਆਂ ਅੱਖਾਂ ਤੋਂ ਉਹਨੂੰ ਦਾਦਾ ਯਾਦ ਆ ਗਿਆ। ਜੇ ਨੂਹ ਨੂੰ ਨਹੀਂ ਤਾਂ ਦਾਦੇ ਨੂੰ ਉਹਨਾਂ ਦੇ ਘਰ ਰਹਿਣਾ ਚਾਹੀਦਾ ਸੀ। ਦਾਦੇ ਬਾਰੇ ਸੋਚਦਿਆਂ, ਉਹ ਫਿਰ ਪਾਪਾ ਦੀ ਮੌਤ ਬਾਰੇ ਸੋਚਣ ਲੱਗਾ, ਰੋਟੀ ਖਾ ਰਹੀ ਮੰਮੀ ਉਹਦੇ ਸਾਹਮਣੇ ਆ ਗਈ। ਦਾਦੇ ਦੇ ਬੋਲ ਇੱਕ ਵਾਰ ਫਿਰ ਉਹਦੇ ਕੰਨਾਂ 'ਚ ਗੂੰਜੇ, "ਧੀਏ ਰੋਟੀ ਖਾ ਲੈ। ਮਰਨ ਵਾਲਾ ਸਰੀਰ ਤਾਂ ਮਰ ਗਿਆ ਪਰ ਆਪਣੇ ਜੀਂਦੇ ਸਰੀਰਾਂ ਨੂੰ ਤਾਂ ਸਭ ਕਸ਼ਟ ਲੱਗਣੇ ਈਂ ਲੱਗਣੇ ਨੇ। ਭੁਖ ਵੀ ਲੱਗਣੀ ਆਂ ਤੇ ਪਿਆਸ ਵੀ। ਅੰਨ੍ਹ ਤਾਂ ਖਾ ਕੇ ਈ ਸਰਨਾ।" o





## ਜਿਥੋਂ ਸੂਰਜ ਉੱਗਦਾ ਹੈ / ਕਿਰਪਾਲ ਕਜ਼ਾਕ

***ਕਿਰਪਾਲ ਕਜ਼ਾਕ ਪੰਜਾਬੀ ਦਾ ਬਹੁਤ ਹੀ ਵਧੀਆਂ ਕਹਾਣੀਕਾਰ ਹੈ। ਉਸ ਨੇ ਭਾਵੇਂ ਬਹੁਤ ਥੋੜਆਂ ਕਹਾਣੀਆਂ ਲਿਖੀਆਂ ਹਨ। ਪਰ ਜੋ ਲਿਖੀਆਂ ਹਨ ਉਹ ਨਿੱਗਰ ਲਿਖੀਆਂ ਹਨ। ਉਸ ਦੇ ਹੁਣ ਤੱਕ ਤਿੰਨ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁਕੇ ਹਨ। 'ਹੁੰਮਸ਼', ਸੂਰਜ ਮੁੱਖੀ ਪੁੱਛਦੇ ਨੇ' ,'ਅੱਧਾ ਪੁੱਲ' ਇਸ ਤੋਂ ਇਲਾਵਾ ਟੱਪਰੀਵਾਸੀ ਕਬੀਲਿਆ ਤੇ ਬਹੁਤ ਹੀ ਅਹਿਮ ਖੋਜ ਦਾ ਕੰਮ ਕੀਤਾ ਹੈ। ਉਨ੍ਹਾਂ ਦੀਆਂ 30 ਦੇ ਕਰੀਬ ਕਿਤਾਬਾਂ ਛਪ ਚੁੱਕੀਆਂ ਹਨ। ਉਨ੍ਹਾਂ ਦੀ ਕਹਾਣੀਆਂ ਵਿਚ ਨਿਮਨ ਸ਼੍ਰੇਣੀ ਦਾ ਦੁੱਖ ਦਰਦ ਨੂੰ ਬੜੀ ਬੀਰੀਕੀ ਨਾਲ ਪੇਸ਼ ਕੀਤਾ ਗਿਆ ਹੈ। ਪਤਾ- 2687, ਫੇਜ਼-2, ਅਰਬਨ ਅਸਟੇਟ, ਪਟਿਆਲਾ***

ਚੱਠਿਆਂ ਦੇ ਨਹਿਰੀ ਮੋਘੇ ਕੋਲੋਂ ਪੈਂਦਾ ਪਾਣੀ ਦਾ ਨਿੱਕਾ ਜਿਹਾ ਪਾੜ ਡੁੱਡੇ ਫੌਜੀ ਦੀ ਅੱਖ ਹੇਠ ਆਉਂਦਿਆਂ ਹੀ ਬਾਰੂਦ ਦੀ ਅੱਗ ਬਣ ਗਿਆ।

ਪਟੜੀਏ ਪਟੜੀ ਉਹ ਆਪਣੀ ਸੱਤ ਕਨਾਲਾਂ ਭੋਏਂ ਤੋਂ ਪਰਤ ਰਿਹਾ ਸੀ। ਝੁਲਸਿਆ। ਕਰਾਹੁੰਦਾ ਅਤੇ ਰਿੱਝਦਾ। ਤਰਕਾਲੀਂ ਹੀ ਉਹ ਆਪਣੀ ਸੁਕ ਗਈ ਜੀਰੀ, ਪਾਟਦੀਆਂ ਅੱਖਾਂ ਨਾਲ ਵੇਖ ਕੇ ਪਰਤਿਆ ਸੀ। ਲਕੜ ਦੀ ਲੱਤ ਸਣੇ। ਕਹਿਰਾ ਦੀ ਔੜ ਕਾਰਨ ਕਿੰਨਾ ਕੁਝ ਸੀ, ਜੋ ਉਹਦੇ ਮੱਥੇ ਕਿੱਲਾਂ ਵਾਂਗ ਖੁਭ ਗਿਆ ਸੀ। ਲਹੂ ਨੁਚੜਨ ਲਗਿਆ ਸੀ। ਟਿੱਪ... ਟਿੱਪ... ਟਿੱਪ। ਅੱਖਾਂ ਭਰ ਆਈਆਂ, ਪਿੰਡਾ ਮੱਚ ਉਠਿਆ। ਕੰਬੋਆਂ ਕੇ ਅਗਵਾੜ ਤੀਕ ਆਉਂਦਿਆਂ, ਉਹ ਜਿਵੇਂ ਅੰਨ੍ਹਾ-ਬੋਲਾ ਹੋ ਗਿਆ। ਲੱਤ ਦਾ ਲੰਙ ਚੌਣਾ ਹੋ ਗਿਆ। ਪੱਟ 'ਚ ਪਿਆ ਸਰੀਆ ਚਸਕਣ ਲਗਾ ਤੇ ਉਹਦੀ ਨਰਸਿੰਘੇ ਵਰਗੀ ਆਵਾਜ਼, ਦੰਦਾਂ ਦੀ ਵਿਰਲ 'ਚੋਂ ਪਾਟਦੀ ਜਹੀ ਝਰਨ ਲੱਗੀ।

"ਮੈਂ ਆਹਨਾਂ ਜੁਲੀਆਂ ਮਾਰ ਲੀਏ ਕਢੇ...।"

"ਕੋਈ ਗੱਲ ਵੀ ਦੱਸ ਫੌਜੀਆਂ, ਕੇਹੜੀ ਲਾਮ ਤੋਂ ਹੋ ਮੁੜਿਆਂ ਸਵਖ਼ਤੇ ਈ ?"

"ਮੁੜਨਾਂ ਭੈਣ ਦੇ ਬੂਹੇ ਤੋਂ ਐ... ਨਾਲੇ ਭਾ ਲਾਮ ਨੂੰ ਕਸਰ ਐ ਕੋਈ ?"

"ਕਾਹਦੀ ਲਾਮ ਚਾਚਾ ?" ਪੱਠਿਆਂ ਦੀ ਭਰੀ ਥੱਲੇ ਸਾਹੋ-ਸਾਹ, ਬਾਂਦਰੀ ਵਾਲਿਆਂ ਕਾ ਨੇਕ, ਫੌਜੀ ਵਲ ਝਾਕਿਆ।

ਕੋਈ ਹੋਰ ਵੇਲਾ ਹੁੰਦਾ ਤਾਂ ਮੁੰਡੇ ਦੀ ਏਨੀ ਗੱਲ ਬਦਲੇ ਫੌਜੀ ਦੀਆਂ ਅੱਖਾਂ 'ਚ ਡੋਰੇ ਉੱਤਰ ਆਉਂਦੇ। ਕੋਈ ਚੋਂਦੀ ਜਿਹੀ ਟਿੱਚਰ ਕਰਦਾ। ਪਰ ਤਦ ਉਸ ਤਿਊੜੀ ਕੱਸ ਲਈ ਤੇ ਤਲਖੀ ਨਾਲ ਬੋਲਿਆ, "ਤੈਂ ਪੁੱਤ ਜੀਹਨੇਂ ਤੀਵੀਂ ਦੇ ਦਾਬੇ ਨਾਲ ਹੀ ਪੂਛ ਲੱਤਾਂ 'ਚ ਲੈ ਲੈਣੀ ਹੋਵੇ... ਤੈਨੂੰ ਲਾਮ ਨਾਲ ਕੀ, ਅਗਲੇ ਭਾਵੇਂ ਸਾਰੀ ਨਹਿਰ ਹੀ ਖੱਤਿਆਂ 'ਚ ਵੱਢ ਲੈਣ..."

ਗੱਲ ਸਾਫ ਹੋਈ ਤਾਂ ਚੈਂਚਲ ਸਿਹੁੰ ਨਾਲ ਮੁੰਡਾ ਵੀ ਸੋਚੀ ਪੈ ਗਿਆ।

ਲੱਕੜ ਦੀ ਲੱਤ ਸਣੇ, ਫੌਜੀ ਦੀ ਕੱਲੀ ਵਸਾਖੀ ਪੱਕੀਆਂ ਗਲੀਆਂ 'ਚ ਖੜਕਣ ਲਗੀ। ਕੇਰਾਂ ਫਿਰ ਅੱਖਾਂ 'ਚੋਂ ਉਵੇਂ ਹੀ ਰੱਤ ਚੋਣ ਲੱਗੀ। ਇਕੋ ਸਮੇਂ ਉਹਦੇ ਜ਼ੇਹਨ ਵਿਚ ਚੱਠਿਆਂ ਦੀ 'ਦਹਿਸ਼ਤ' ਅਤੇ ਆਪਦੀ ਲੂਸਦੀ ਫ਼ਸਲ ਲੂਣੇ ਪੱਛ ਲਾਉਂਦੇ ਸਨ।

ਉਹ ਮਸੀਤ ਲਾਗੇ ਆਇਆ ਤਾਂ 'ਕਾਰਖਾਨੇ' 'ਚ ਧਰਮਾ ਤਖਾਣ ਵਿਗੋਚਿਆਂ ਨੂੰ 'ਫਾਲ-ਛਿੰਗ' ਲਾਉਂਦਾ ਸੀ। ਪਿੰਡ ਦੀ ਸੌੜੀ ਸ਼ਾਮਲਾਟ ਠੇਕੇ ਤੇ ਚੜ੍ਹ ਜਾਣ ਕਾਰਨ ਜਿਹੜੇ ਦਿਨੀਂ ਮਾਲ ਡੰਗਰ ਨਾ ਖੁੱਲ੍ਹਦਾ, ਮੁੰਢ੍ਹੀਰ ਭਾਬੋ-ਪੱਤੇ ਲਈ ਵਿੱਥਾਂ ਖੂੰਜੇ ਭਾਲਦੀ 'ਕਾਰਖਾਨੇ ਦਾ ਬਾਹਰਲਾ ਥੜ੍ਹਾ ਆ ਮੱਲਦੀ। ਪਰ

ਮੁੰਢੀਰ ਦੀ ਥਾਵੇਂ ਨੂਪੇ ਰੰਗੜ, ਗੁਰਦੁਆਰੀਏ ਗਰੰਥੀ ਤੇ ਖੋਦਿਆਂ ਕੇ ਸੂਰਤੀ ਨੂੰ ਹੀ ਪੱਤੇ ਟੁਕਦਿਆਂ ਤੱਕ, ਫੌਜੀ ਚਾਰੇ ਖੁਰ ਗੱਡ ਕੇ ਖੜ੍ਹ ਗਿਆ। ਅਚਵੀਂ ਜੇਹੀ 'ਚ ਉਹਨੇ ਵਸਾਖੀ ਤੇ ਭਾਰ ਪਾਉਂਦਿਆਂ, ਮੱਥਾ ਤਣ ਲਿਆ। ਪਿੰਡੇ ਦੀ ਲੂੰਈ ਸੂਲਾਂ ਵਾਂਗ ਆਕੜ ਗਈ।

ਅਚਾਨਕ ਸਰ-ਕੁੱਟ ਦੇ ਰੌਲ਼ੇ 'ਚੋਂ ਰੰਗੜ ਪਿੱਠ ਮੋੜੀ।

"ਕਿੱਦਾਂ ਕੰਧਾਂ ਨਾਲ ਵੱਜਦਾ ਫਿਰਦੈਂ ਫੌਜੀਆ...?"

"ਫੌਜੀ ਦਾ ਵੱਜਦੈ ਘੁੱਗੂ, ਵੱਜੋ ਤੁਸੀਂ ਜੀਹਨਾਂ ਨੂੰ ਚਿੱਟੇ ਦਿਨ ਪਾੜ ਲਾਇਐ ਅਗਲਿਆਂ।"

"ਪਾੜ ਦਾ ਫਿਕਰ ਤੇਰੇ ਅਰਗੇ ਫੌਜੀਆਂ ਨੂੰ ਹੋਊ ਵੀਰ! ਜੀਹਨਾਂ ਵਰ੍ਹੇ ਛਮਾਹੀ ਕਿਧਰੇ ਵਰ੍ਹਨਾ ਹੁੰਦੈ... ਏਥੇ ਤੇ ਪਤੰਦਰਾ ਨਿਆਣੇ ਨਹੀਂ ਸੌਣ ਦੇਈਦੇ।"

"ਬਹੁਤਾ ਨਹੀਂ ਕਲਪੀਦਾ ਗੁਰਮੁਖੋ ... ਬਾਜਾਂ ਆਲੇ ਤੇ ਸਿੱਟਿਆ ਕਰੋ ਸਭ ਕੁਝ। ਬਾਣੀ 'ਚ ਆਉਂਦੈ ਅਕੇ...!" ਗਰੰਥੀ ਸਵੇਰ ਤੋਂ ਹੀ ਸਰਾਂ 'ਚ ਜੇਤੂ ਸੀ।

ਪਰ ਫੌਜੀ ਨੂੰ ਸੱਤੀਂ ਕਪੜੀਂ ਲਗ ਗਈ।

"ਤਿੰਨ ਵੇਲੇ ਗਜਾ ਥਣ ਲੈਣ ਨੂੰ ਕਰਦੈਂ ਤੇ ਆਹ ਤਾਸ਼ ਵੀ ਬਾਜਾਂ ਆਲਾ ਈ ਕੁੱਟਣ ਨੂੰ ਕਹਿੰਦਾ ਹੋਊ... ਮੈਂ ਆਹਨਾਂ ਤੇਰੇ ਅਰਗਿਆਂ ਨੂੰ ਤੇ ਬੋਰੀ 'ਚ ਬੰਨ੍ਹ ਕੇ ਕੁੱਟੇ, ਸਮਝਿਆ!"

"ਬੜਾ ਬੇਰੀ ਦੇ ਛਾਪੇ ਆਂਗੂੰ ਫਸਦੈਂ ਫੌਜੀਆ, ਕਿਤੇ ਰੰਮ ਦਾ ਪੈਗ ਸਾਡੇ ਤੇ ਤਾਂ ਨਹੀਂ ਖੇੜੂ ...?"

"ਰੰਮ ਤਾਂ ਚੱਠੇ ਈ ਪਿਆਈ ਜਾਂਦੇ ਐ ਪਿੰਡ ਨੂੰ... ਪਰ ਕੋਈ ਨਾ, ਮੇਰੀ ਤਾਂ ਝੁਗੇ 'ਚੋਂ ਸੱਤ ਕਨਾਲੀ ਐਂ, ਸੇਕ ਤਾਂ ਥੋਡੇ ਅਰਗੇ ਦਸ ਦਸ ਕਿੱਲਿਆਂ ਆਲਿਆਂ ਨੂੰ ਲੱਗੂ। ਜਦੋਂ ਤਕਾਵੀਆਂ ਵੇਲੇ ਚਰੀਆਂ 'ਚ ਲੁਕੇ ...!"

"ਫੌਜੀ ਮੂੰਹ-ਫੱਟ ਸੀ। ਚਿੱਥ ਕੇ ਗੱਲ ਕਰਦਾ। ਲੋਕ ਜਾਣਦੇ ਸਨ। ਲੋਕ ਤਾਂ ਇਹ ਵੀ ਜਾਣਦੇ, ਉਹ ਜੰਗ ਵਿਚ ਲੱਤ ਨੂੰ ਬੱਜ ਲੁਆ ਬੈਠਾ ਸੀ। ਪਿਨਸ਼ਨੀਆਂ ਸੀ। ਪਰ ਕੁਝ 'ਕਰ ਦਿਖਾਉਣ' ਦੀ ਟੀਸ ਨਾਲ ਧੁਖਦਾ ਮੱਥਾ ਲਈ ਉਹ ਹਰ ਜਾਬਰ ਸਿਰ ਲਈ, ਅੱਖ ਦਾ ਕੱਖ ਬਣਿਆ ਰਹਿੰਦਾ। ਧੁਰ ਅੰਦਰੋਂ ਕਿਧਰੇ ਸੁੱਚਾ ਸੱਚਾ ਹੋਣ ਕਾਰਨ ਲੋਕ ਉਸ ਦਾ ਸਤਿਕਾਰ ਕਰਦੇ। ਬੱਜਾ-ਰਿੱਤਾ ਹੋਣ ਕਾਰਨ ਲੋਕ ਉਹਦੀਆਂ ਕੌੜੀਆਂ ਕਸੈਲੀਆਂ ਵੀ ਜਰ ਜਾਂਦੇ। ਸਿਆਣੀ ਅੱਖ ਨੂੰ ਉਹ ਪਹਿਲੀ ਨਜ਼ਰੇ ਹੀ ਤੂਤ ਦੀ ਛਟੀ ਥਾਵੇਂ ਗੁਲਾਬਾਸ਼ੀ ਦੀ ਟਾਹਣੀ ਵਰਗਾ ਜਾਪਦਾ। ਜੀਹਨੂੰ ਲਿਫਣ ਦੀ ਥਾਂ ਟੁਟ ਜਾਣਾ ਪ੍ਰਵਾਨ ਸੀ। ਪਰ ਤਾਸ਼ ਵਾਲੀ ਤਿੱਕੜੀ ਨੂੰ ਇਹ ਪਤਾ ਲਗਣ ਤੇ ਕਿ ਕਹਿਰਾਂ ਦੀ ਔੜ ਵਿਚ ਚੱਠਿਆਂ, ਨਹਿਰ ਨੂੰ ਹੀ ਪਾੜ ਲਾ ਲਿਆ ਸੀ। ਤਾਸ਼ ਉਹਨਾਂ ਦੇ ਹੱਥੋਂ ਖਿੰਡ ਗਈ।

"ਸੱਤ ਕਰਤਾਰ!" ਗਰੰਥੀ ਆਪੂੰ ਦੰਗ ਰਹਿ ਗਿਆ। ਫ਼ੌਜੀ ਦੀ ਵਾਧੀ ਘਾਟੀ ਮੂਲੋਂ ਵਿੱਸਰ ਗਈ।

ਪਿਛਲੀ ਸੰਗਰਾਂਦ ਗੁਰਦੁਆਰੇ ਬਹਿ ਕੇ ਹੀ ਤਾਂ ਲੋਕਾਂ ਟੁਕਿਆ ਸੀ, ਐਦਕੀਂ ਜੀਰੀ ਵੇਲੇ ਕੋਈ ਨਹਿਰ 'ਚ ਚੋਰੀ ਪਾਈਪ ਨਾ ਲਾਵੇ। ਇਕ ਤਾਂ ਛੇਕੜ ਤੇ ਪਿੰਡ ਹੋਣ ਕਾਰਨ ਪਹਿਲਾਂ ਹੀ ਮਰ ਕੇ ਪਾਣੀ ਅਪੜਦਾ ਸੀ। ਫੜੇ ਜਾਣ ਤੇ ਖੁਨਾਮੀ ਵੱਖ ਹੁੰਦੀ ਸੀ। ਦੂਜੇ ਆਪੋ-ਧਾਪੀ ਵਿਚ ਤਗੜੇ ਖੱਟ ਜਾਂਦੇ, ਮਾੜੇ ਵਾਰੀ ਤੋਂ ਵੀ ਰਹਿ ਜਾਂਦੇ। ਪਰ ਗੁਰਦੁਆਰੇ ਵੜਨ ਮਗਰੋਂ ਚੱਠੇ ਪਾੜ ਹੀ ਲਾ ਲੈਣਗੇ ਇਹਦਾ ਤਾਂ ਪਿੰਡ ਨੂੰ ਸੁਫਨਾ ਹੀ ਨਹੀਂ ਸੀ।

ਪਿਛਲੀਂ ਦਿਨੀਂ ਜਿੰਨੀਆਂ ਮੀਂਹ ਨੇ ਕਣਕਾਂ ਭੇਵੀਆਂ ਸਨ। ਓਨਾ ਹੀ ਚੁਫੇਰੇ ਸਭ ਕੁਝ ਤੜਫ ਰਿਹਾ ਸੀ। ਪਾਣੀ ਦੀ ਤਿੱਪ ਤਿੱਪ ਲਈ। ਪਹਿਰਾਂ ਦੇ ਪਹਿਰ ਬਿਜਲੀ ਆਉਂਦੀ ਵੀ, ਪਰ ਲਗਦਾ, ਅੱਖ ਝਮਕਣ ਵਾਂਗ ਆਉਂਦੀ ਸੀ। ਥੋੜੀ ਬਹੁਤ ਉਤੇ ਹੇਠ ਨਾਲ ਤੇਲ ਵੀ ਮਿਲ ਜਾਂਦਾ, ਪਰ ਲਗਦਾ, ਇੰਜਨਾਂ 'ਚ ਮਾੜੇ ਜੱਟਾਂ ਦਾ ਲਹੂ ਬਲ ਰਿਹਾ ਸੀ। ਧੁਕ... ਧੁਕ... ਧੁਕ...।

ਖਬਰੇ ਕਿੰਨੇ ਦਿਨਾਂ ਤੋਂ ਨਹਿਰ ਦਾ ਪਾੜ ਚੱਠਿਆਂ ਦੀ ਪੈਲੀ 'ਚ ਪੈ ਰਿਹਾ ਸੀ। ਲੋਕਾਂ ਤੜਪ ਕੇ ਸੋਚਿਆ। ਪਰ ਨਿੱਕਾ ਜਿਹਾ ਪਾੜ, ਜਿਹੜਾ ਢੀਖਰ ਤੇ ਘਾਹ ਫੂਸ ਨਾਲ ਲਕੋਇਆ ਗਿਆ ਸੀ, ਡੁੱਡੇ



ਫੌਜੀ ਦੇ ਜਣੇਂ ਖਣੇਂ ਦੀਆਂ ਅੱਖਾਂ 'ਚ ਝਾਕਣ ਤੇ ਫੈਲਦਾ ਹੀ ਚਲਾ ਗਿਆ ਸੀ। ਪਿੰਡ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੀਕ...।

ਇਕ ਘੜੀ ਚੱਠਿਆਂ ਤੋਂ ਮੂਹਰਲੀਆਂ ਪੈਲੀਆਂ ਵਾਲਿਆਂ ਨੂੰ ਜਾਪਿਆ, ਜਿਵੇਂ ਉਹਨਾਂ ਦੀਆਂ ਆਪਣੀਆਂ ਪੈਲੀਆਂ ਚੋਂ ਪਾਣੀ ਨਿਕਲ ਨਿਕਲ ਚੱਠਿਆਂ ਦੇ ਖੇਤਾਂ 'ਚ ਪੈ ਰਿਹਾ ਹੋਵੇ। ਤੋਬਾ ਤੋਬਾ! ਪਾਣੀ ਦੀ ਤਿੱਪ ਤਿੱਪ ਲਈ ਤਾਂ ਸਿਰ ਲਹਿੰਦੇ ਆਏ ਸਨ।

ਸਾਰਾ ਪਿੰਡ ਜਾਣਦਾ ਸੀ ਕਿ ਚੱਠੇ, ਹਮੇਸ਼ਾ ਹੀ ਪਿੰਡ ਤੋਂ ਉਲਟ, ਆਪਣੇ ਹਿੱਤ ਦਾ ਪਾਣੀ ਤਰੇ ਸਨ। ਸਰਪੰਚੀ ਤੋਂ ਲੈ ਕੇ ਗੁਰਦੁਆਰੇ ਦੇ ਦੜੇ ਦੀਵਾਨ ਤੱਕ ਖਬਰੇ ਇਸ ਲਈ ਕਿ ਉਹਦੇ ਤਿੰਨ ਦੇ ਤਿੰਨ ਪੁੱਤਰ ਅਫਸਰ ਸਨ। ਅੰਨ੍ਹੀ ਦੌਲਤ। ਖੁਲ੍ਹੀ ਹਵੇਲੀ। ਖੁਲ੍ਹੀ ਪੈਲੀ। ਮਿਲਣ ਆਏ ਆਵਾਜ਼ ਮਾਰ ਕੇ ਆਉਂਦੇ। ਨਿਉਂ ਕੇ ਲੰਘਦੇ।

ਪਰ ਫੌਜੀ ਦੇ ਚੀਕਵੇਂ ਬੋਲ, ਪਿੰਡ ਦੀਆਂ ਗਲੀਆਂ ਵਿਚ ਰੋਹ ਵਾਂਗ ਤਣ ਗਏ।

ਛੜਿਆਂ ਦੀ ਹੱਟੀ ਲਾਗੇ। ਜਿਥੇ ਸ਼ਹਿਰੋਂ ਆਏ ਤਾਂਗੇ ਖੜ੍ਹਦੇ, ਥੜੇ ਦੁਆਲੇ ਗੱਲਾਂ ਧੁਖਣ ਲਗੀਆਂ।

"ਕਹਿੰਦੇ ਫੌਜੀ ਥਾਣਾ ਲੈਣ ਗਿਐ!" ਕਿਸੇ ਕਿਹਾ।

"ਲੈ ਠਾਣਾ ਨਾ ਕਿਤੇ... ਪਿਛਲੇ ਵਰ੍ਹੇ ਨੀ ਲਿਆ ਸੁਆਦ ਫੌਜੀ ਨੇ, ਜਦੋਂ ਚੱਠਿਆਂ ਕੇ ਨਰਮੇ 'ਚ ਦੁਆਈ ਛਿੜਕਦਾ ਸੀਰੀ ਫਟੱਕ ਮੋਇਆ ਸੀ। ਪੁਲਸ ਦੇ ਸਾਹਮਣੇ ਈ ਫੂਕ ਤਾ ਅਗਲਿਆਂ। ਕਹਿੰਦੇ ਇਹਨੂੰ ਤਾਂ ਮਿਰਗੀ ਪੈਂਦੀ ਸੀ। ਉਦੋਂ ਵੀ ਫੌਜੀ ਦੀ ਸ਼ਹਿ ਤੇ ਓਦੂੰ ਛੋਟਾ ਬਿਰਕਿਆ ਸੀ। ਅਗਲਿਆਂ ਸਗ੍ਹੀਣ ਲੱਤ ਭੰਨ ਦੇ ਦਾਣਿਆਂ ਦਾ ਮਗਰਾ ਨਾਂ ਲਾ ਦਿੱਤਾ ਸੀ। ਫੌਜੀ ਅਰਗੇ ਤੇ ਬਾਦਸ਼ਾਹੋ ਇਹੋ ਜਿਹਾਂ ਦੇ ਢਿੱਡ 'ਚ ਖੰਡਦੇ ਐ।"

"ਤੁਸੀਂ ਪਰ੍ਹੇ ਕੱਠੀ ਕਰੋ ਜਾਰ... ਕੋਈ ਗੱਲ ਐ ਇਹ।" ਲੋਕ ਜੁੜਨ ਲੱਗੇ।

"ਵਿਚੋਂ ਗੱਲ ਕੀਹ ਐ?" ਬਹੁਤੇ ਬਿੜਕਾਂ ਲੈਣ ਲਗੇ।

'ਇਹਨੂੰ ਗੱਲ ਦਸੋ ਬਈ... ਇਹ ਉਹਨਾਂ ਚੋਂ ਜੇ, ਸਾਰੀ ਰਾਤ ਰਮੈਣ ਪੜ੍ਹਦੇ ਰਹੇ, ਸਵੇਰੇ ਉਠ ਕੇ ਆਂਹਦੈ, ਜਾਰ ਸੀਤਾ ਕੌਣ ਸੀ?" ਹਮੇਸ਼ਾ ਵਾਂਗ ਲੋਕ, ਰੋਹ, ਰੀਸ ਤੇ ਹਾਸੇ ਠੱਠ ਬਦਲੇ ਕੱਠੇ ਹੋ ਰਹੇ ਸਨ।

ਤਦੇ ਫੌਜੀ ਤਿੰਨ ਚਾਰ ਗਭਰੀਟਾਂ ਨਾਲ ਥੜੇ ਤੇ ਆ ਬੈਠਾ। ਪੱਕੀਆਂ ਗਲੀਆਂ 'ਚ ਉਹਦੀ ਕੱਲੀ ਵਸਾਖੀ ਡੰਮਰੂ ਵਾਂਗ ਖੜਕਦੀ ਸੀ।

ਲੋਕ ਧਾਹ ਕੇ ਜੁੜ ਗਏ। ਸਾਹਾਂ 'ਚ ਵਿੱਸ ਘੁਲਣ ਲਗੀ।

"ਬਈ ਲੋਕੋ! ਮੈਂ ਪੁਛਦਾਂ, ਐਂ ਈ ਹੋਊ ਫੇ...?" ਫੌਜੀ ਸਰਪੰਚਾਂ ਕੇ ਲਾਣੇ ਤੇ ਵਰ੍ਹਿਆ। ਲੋਕ ਹੈਰਾਨ ਜਿਹਾ ਝਾਕੇ।

"ਓਏ ਇਹਨਾਂ ਲੜੇ ਲੀਡਰਾਂ ਤੋਂ ਕੀ ਛੱਕੂ ਭਾਲਦੇ ਓ... ਤੁਸੀਂ ਗੱਲ ਕਰੋ ਜੇਹੜਾ ਪਿੰਡ ਦੇ ਅੱਖੀਂ ਘੱਟਾ ਪਾਇਐ।" ਸਾਹ ਮਿਰਚਾਂ ਹਾਰ ਲੜਨ ਲਗੇ।

ਤਦੇ ਭੀਮ ਬਲੈਕੀਆ, ਚੰਦ ਦਸ ਨੰਬਰੀਆ ਤੇ ਹੁਕਮਾ ਦਲਾਲ ਇਕੱਠ ਲਾਗੇ ਆ ਰਹੇ।

"ਬੜਾ ਜਲਸਾ ਕੀਤੈ ਬਈ, ਸੁਖ ਤਾਂ ਹੈ.. ਲਿਸ਼ ਲਿਸ਼ ਕਰਦੇ ਲੀੜਿਆਂ ਨਾਲ ਉਹ ਤਿੰਨੇ ਓਪਰੇ ਜਹੇ ਲਗਦੇ ਸਨ।

"ਸੁੱਖ ਘੱਟੇ ਦੀ ਐ... ਪਈ ਅਗੇ ਨਹਿਰ ਤੇ ਪਾਈਪ ਲਾਉਂਦੇ ਸੀ ਤਗੜੇ ਘਰ ... ਐਦਕੀਂ ਪਿੰਡ ਗੁਰਦੁਆਰੇ ਵੜਿਆ, ਬਈ ਕੋਈ ਮਾੜਿਆਂ ਨਾਲ ਧੱਕਾ ਨਾ ਕਰੇ। ਅਖੇ ਨ-ਹੱਕਿਆਂ ਨੂੰ ਤੁਆਨ ਪੈਂਦਾ ਐ। ਹੁਣ ਕਹਿੰਦੇ ਚੱਠਿਆਂ ਪਾੜ ਈ ਲਾ ਰੱਖਿਐ। ਮੰਨ ਲੌ ਕਲ ਨੂੰ ਤੁਆਨ ਪੈ ਜੇ, ਮਾੜੇ ਤਾਂ ਮੰਗੇ ਗਏ ਪੁੰਨ ਦੇ...।"

"ਪਾੜ ਕਿਸੇ ਦੇਖਿਆ ਬੀ ਐ, ਕਿ ਭੁੰਨੇ ਤਿੱਤਰ ਈ ਉਡਦੇ ਐ?" ਚੰਦੂ ਦਸ ਨੰਬਰੀਏ ਕਿਹਾ।

"ਮੈਂ ਦੇਖਿਐ, ਮੈਂ...!" ਫੌਜੀ ਦੀ ਲਕੜ ਲੱਤ ਕੰਬਣ ਲਗੀ। ਵਸਾਖੀ ਕਛ ਹੇਠ ਤਣ ਗਈ। ਅਤੇ

ਸੁੰਗੜੀਆਂ ਅੱਖਾਂ 'ਚ ਭੀੜ ਦੀ ਥਾਵੇਂ ਆਪਣੀ ਸੁੱਕੀ ਫਸਲ ਤੀਲਾ ਤੀਲਾ ਕਰ ਕੇ ਫੈਲ ਗਈ।

ਫੌਜੀ ਦੇ ਜਬ੍ਹੇ ਮੂਹਰੇ ਇਕ ਪਲ ਬਲੈਕੀਆਂ ਝੇਂਪ ਗਿਆ। ਪਰ ਉਹ ਹੈਰਾਨ ਰਹਿ ਗਿਆ। ਲੋਕ ਉਨ੍ਹਾਂ ਦੇ ਸਾਹਮਣੇ ਹੀ ਚੱਠਿਆਂ ਦੇ ਮੂੰਹ ਤੇ ਥੁਕ ਰਹੇ ਸਨ। ਜਾਨਣ ਤੇ ਵੀ ਕਿ ਚੱਠੇ ਉਨ੍ਹਾਂ ਦੀ ਸੱਜੀ ਬਾਂਹ ਸਨ। ਉਨ੍ਹਾਂ ਗੁੱਸੇ ਨਾਲ ਫੌਜੀ ਹੇਰੂੰ ਹੋਰੂੰ ਝਾਕਿਆ।

"ਕਿੱਡਾ ਕੁ ਸੀ ਮੋਘਾ ?" ਕੁੰਢੀਆਂ ਮੁੱਛਾਂ ਅਤੇ ਖਚਰੇ ਹਾਸੇ 'ਚੋਂ ਹੁਕਮੇ ਦਲਾਲ ਕਿਹਾ।

"ਭਾਵੇਂ ਏਡਾ ਹੋਵੇ..." ਉਂਗਲ ਅਤੇ ਅੰਗੂਠੇ ਨੂੰ ਜੋੜਦਿਆਂ ਫੌਜੀ ਚਾਂਦੀ ਦੇ ਰੁਪਈਏ ਜੇਡਾ ਸੁਰਾਖ ਬਣਾਇਆ ਤਾਂ ਅਚਾਨਕ ਗਜ਼ਬ ਵਾਪਰ ਗਿਆ। ਇਸੇ ਸੁਰਾਖ 'ਚੋਂ ਜਿਵੇਂ ਲੋਕਾਂ ਦੇ ਰੋਹ ਉਪਰ ਗੜੇ ਵਰ੍ਹ ਗਏ। ਫੌਜੀ ਆਪੂੰ ਠਰ ਗਿਆ। ਆਪਣੇ ਹੀ ਮੂੰਹੋਂ ਕਿਰੇ ਬੋਲ, ਉਹਦੀ ਛਾਤੀ 'ਚ ਚਾਕੂ ਵਾਂਗ ਉੱਤਰ ਗਏ।

"ਓਏ ਪਤੰਦਰਾ! ਏਡੇ ਏਡੇ ਮੋਰੇ ਤੇ ਪੀਰ ਪੈਗੰਬਰਾਂ ਤੋਂ ਨਾ ਬੰਦ ਹੋਏ... ਆਪਾਂ ਕੀਹਦੇ ਪਾਣੀ ਹਾਰ ਆਂ।" ਅਚਾਨਕ ਹੀ ਸਾਰਾ ਤਣਾਓ ਪਾਣੀ ਵਾਂਗ ਵਹਿ ਤੁਰਿਆ ਸੀ। ਛਲਕ ... ਛਲਕ ... ਛਲਕ।

ਪਛਤਾਵੇ 'ਚ ਫੌਜੀ ਦੀ ਦੇਹ ਚੋਂ ਆਰੀਆਂ ਲੰਘਣ ਲਗੀਆਂ।

"ਪੁਛ ਲਓ ਮੋਰਾ ਗੋਲ ਸੀ ਕਿ ਝੀਤ ਅਰਗਾ।" ਮੁੰਢੀਰ ਲਾਚੜ ਗਈ।

ਭਾਂਤੋ ਭਾਂਤ ਗੱਲਾਂ ਦਾ ਸ਼ੋਰ ਇਕ ਵਾਰਗੀ ਹੀ ਫੈਲ ਗਿਆ। ਨਿਰੀ ਗੁੰਜਾਰ। ਇਕ ਪਲ ਕੁਝ ਵੀ ਸਪੱਸ਼ਟ ਨਹੀਂ ਸੀ ਸੁਣ ਰਿਹਾ। ਜਿਵੇਂ ਸੈਆਂ ਪੀਪੇ ਕੱਠੇ ਹੀ ਖੜਕ ਉਠੇ ਹੋਣ, ਫੌਜੀ ਦੀਆਂ ਅੱਖਾਂ 'ਚ ਲਟਕਦਾ ਕੁਝ ਛਾਤੀ 'ਚ ਖੁਭਣ ਲਗਾ। ਪੀੜ ਹੀ ਪੀੜ ... ਉਫ!

"ਫੌਜੀ ਕਾਹਦੈ, ਲੰਡਾ ਚਿੜੈ... ਇਹਨੇ ਤਾਂ ਝੀਤ ਵੀ ਸਿਸਤ ਬੰਨ੍ਹ ਕੇ ਦੇਖੀ ਹੋਊ।"

"ਮੈਂ ਕਹਿਨਾਂ ਵੜੇਵੇਂ ਅਰਗਾ ਸੀ ਮੋਘਾ ... ਗੱਲ ਕਰੋ ਕੀਹਨੇ ਲੈਣੇ ਐਂ ਡੋਕੇ!" ਅਚਾਨਕ ਬੈਠਾ ਬੈਠਾ ਫੌਜੀ ਸ਼ੇਰ ਜਹੀ ਭੱਬਕ ਨਾਲ ਉਠ ਖੜਿਆ। ਗਭਰੀਟ ਵਿਸ ਘੋਲਣ ਲਗੇ। ਫੌਜੀ ਦੀਆਂ ਅੱਖਾਂ ਤੋਂ ਫਿਰ ਰੱਤ ਚੋਣ ਲੱਗੀ। ਠੱਠਾ, ਇਕ ਘੜੀ ਵਿਹੁ ਵਰਗਾ ਜਾਪਣ ਲਗਾ। ਚੁਪ ਤਣ ਗਈ।

"ਸਹੁਰਿਉ! ਬੰਦਿਆਂ ਆਲੀ ਗੱਲ ਕਰੋ ਕੋਈ। ਬੰਦਾ ਵੇਲਾ ਕੁ-ਵੇਲਾ ਤਾਂ ਦੇਖੇ।" ਕੋਈ ਦਾਨਾ ਥਿੜਕਦਾ ਜਿਹਾ ਕਲਪਿਆ।

"ਚੱਲ ਤੂੰ ਹੀ ਕਰ ਕੋਈ ਗੁਰੂ ਘਰ ਦੀ...।"

"ਪਿੰਡ ਨਹਿਰ ਆਲਿਆਂ ਕੋਲ ਸ਼ਿਕਾਇਤ ਨਹੀਂ ਕਰ ਸਕਦਾ?" ਕਿਸੇ ਪਾੜ੍ਹੇ ਕਿਹਾ।

"ਕਰ ਕਿਉਂ ਨਹੀਂ ਸਕਦਾ।" ਫੌਜੀ ਉਵੇਂ ਤਣਿਆ ਖੜਾ ਸੀ।

"ਪਰ ਫੈਦਾ ਕੀ ? ... ਥੋਡੇ ਭਾਣੇ ਨਹਿਰ ਵਾਲਿਆਂ ਨੂੰ ਕੋਈ ਭੁਲ ਐ... ਇਹ ਤਾਂ ਮੁੱਲ ਦੀ ਖੀਰ ਐ... ਤੁਸੀਂ ਗੱਫਾ ਦਿਓ... ਤੁਸੀਂ ਕਰ ਲਉ ਮੋਘੇ ...।" ਭੀਮ ਬਲੈਕੀਆਂ, ਜਿਵੇਂ ਪੁੰਗਰਦੀ ਫਸਲ ਉਪਰ ਮਾਰੂ ਭਲ ਵਾਂਗ ਫੈਲ ਗਿਆ।

ਫੌਜੀ ਨੂੰ ਅੰਦਰ ਤਕ ਸੁਝ ਗਈ, ਕਿ ਇਹ ਢਾਣੀ ਬਿਨ ਬੁਲਾਇਆਂ ਕਾਹਤੋਂ ਆਈ ਸੀ।

"ਇਹ ਤਾਂ ਸਭ ਨੂੰ ਪਤੈ ਬਈ ਮੁੱਲ ਦੀ ਖੀਰ ਐ... ਮਾੜੇ ਕਿਧਰ ਜਾਣ ਫੇ ?"

"ਅਗੇ ਕਿਧਰ ਜਾਂਦੇ ਐ ?" ਚੰਦ ਦਸ ਨੰਬਰੀਏ ਮੋੜਾ ਦਿਤਾ। ਉਹ ਫੌਜੀ ਵਲ ਕੈਰਾ ਝਾਕਦਾ ਸੀ। ਮਨ ਹੀ ਮਨ ਉਹ ਲੋਕਾਂ ਤੇ ਹਿਰਖ ਨਾਲ ਮੂੰਹੋਂ ਮੂੰਹ ਭਰ ਗਿਆ। ਜੇਹੜੇ ਖਾਹ ਮਖਾਹ ਫੌਜੀ ਦੇ ਮਗਰ ਲਗ ਤੁਰਦੇ ਸਨ।

"ਪਰ ਸਾਡਾ ਫਰਜ਼ ਤਾਂ ਬਣਦੈ... ਹੁੰਦੀ ਚੋਰੀ ਦੀ ਖਬਰ ਕਰੀਏ।"

ਫੌਜੀ ਨੇ ਤਿਲਕਦੀ ਬਾਜੀ ਤ੍ਰਾਣ ਨਾਲ ਬੋਚੀ।

"ਕੇਹੜੀ ਚੋਰੀ? ਐਤਕੀਂ ਪਿੰਡ 'ਚ ਵੀਹਾਂ ਘਰਾਂ ਕੁੰਡੀਆਂ ਲਾ ਲਾ ਕਣਕਾਂ ਕਢੀਆਂ ਅੱਧਾ ਪਿੰਡ ਨਹਿਰ ਤੋਂ ਚੋਰੀ ਬਾਲਣ ਬਾਲਦੈ... ਉਦੋਂ ਨੀ ਥਿਰਕਦਾ ਕੋਈ... ਨਿਕੀ ਜਹੀ ਗੱਲ ਨਾਲ ਚੱਠੇ ਈ ਸਰੀਕ



ਬਣ ਗਏ ਥੋਡੇ... ਦਸੋ ਝੂਠ ਐ ਕੋਈ ?" ਬਲੈਕੀਏ ਭਰੀ ਪਰ੍ਹੇ 'ਚ ਚੱਠਿਆਂ ਨਾਲ ਯਾਰੀ ਦਾ ਮੁਲ ਪਾਇਆ।

"ਗੱਲ ਕੇਹੜੀ ਲਈ ਆਏ ਸੀ... ਲੈ ਕਿਧਰ ਵੜਜੇ ... ਮੈਂ ਆਹਨਾਂ ਅਰਜ਼ੀ ਲਿਖ ਕੇ ਦਫ਼ਤਰੇ ਦਿਉ ਤੁਸੀਂ ... ਚਲੋ ਫੌਜੀ ਦੀ ਮੰਨ ਲੌ...।" ਕਿਸੇ ਗੱਲ ਮੁਕਾਈ।

"ਉਂ ਤਾਂ ਦੁਸ਼ਮਨੀ ਪਾਉਣ ਵਾਲੀ ਗੱਲ ਈ ਐ। ਬਣਨਾ ਬਨਾਉਣਾ ਤਾਂ ਹੈ ਕੁਸ਼ ਨੀ। ਮੂਹਰੇ ਵੀ ਚੱਠੇ ਨੇ, ਪੁਲਸ ਤਾਂ ਮਹਾਰਾਜ ਐਹੋ ਜਿਆਂ ਤੋਂ ਪੁਛ ਕੇ ਮੂਤਦੀ ਐ...।" ਫੌਜੀ ਨੇ ਉਖੜ ਕੇ ਭੀੜ 'ਚ ਝਾਕਿਆ। ਕੋਈ ਧੀਮੇ ਜਹੇ ਬੋਲਾਂ ਨਾਲ ਯਰਕ ਰਿਹਾ ਸੀ। ਭੀਮਾ ਹੁਕਮਾ ਤੇ ਚੰਦੂ ਜਿਵੇਂ ਸਾਰੇ ਇੱਕਠ ਵਿਚਾਲੇ ਹੀ ਫੈਲਣ ਲਗੇ।

ਕੁਝ ਮਨ ਹੀ ਮਨ ਪਛਤਾਉਣ ਲਗੇ। ਕਾਹਨੂੰ ਉਹ ਵਿਰੋਧੀ ਧਿਰ ਦੀ ਅੱਖ ਵਿਚ ਆਏ ਸਨ। ਆਖਰ ਤਕੜਿਆਂ ਦਾ ਸੱਤੀਂ ਵੀਹੀਂ ਸੌ ਸੀ।

ਪਰ ਸਭ ਕਾਸੇ ਦੇ ਬਾਵਜੂਦ ਗਭਰੀਟ ਅਰਜ਼ੀ ਲਿਖਣ ਲੱਗੇ।

"ਨਿਸੰਗ ਮੇਰੇ ਕੱਲੇ ਵੱਲੋਂ ਲਿਖੋ ਤੁਸੀਂ।" ਫੌਜੀ ਸਿੱਧਾ ਤਣ ਗਿਆ।

ਤਲਖੀ ਸੂਈਆਂ ਹਾਰ ਚੁਭਣ ਲਗੀ। ਸਾਹ ਸੇਕ ਨਾਲ ਭਰ ਗਏ। ਲੋਕੀਂ ਇਕੋ ਨਜ਼ਰੇ ਫੌਜੀ , ਉਹਦੀ ਵਸਾਖੀ ਤੇ ਤਣਿਆ ਮੂੰਹ ਝਾਕਣ ਲੱਗੇ।

"ਕੱਲ ਬੰਦੇ ਦੀ ਅਰਜੀ ਨਾਲ ਗੱਲ ਨੀ ਬਣਨੀ।" ਗਭਰੂਆਂ ਰੱਖ ਵਿਖਾਈ।

"ਮੈਂ ਤਾਂ ਕਹਿਨਾਂ ... ਜੀਹਦੇ 'ਚ 'ਬੰਦੇ' ਦਾ ਕਣ ਐ ਨਿੱਤਰੇ ਰਣ 'ਚ ...।"

ਫੌਜੀ ਜਿਵੇਂ ਸੂਰਮੇ ਅਤੇ ਗੀਦੀ 'ਚ ਲੀਕ ਖਿੱਚ ਦਿੱਤੀ।

ਸ਼ੋਰ ਛਟਣ ਲੱਗਾ। ਚੁੱਪ ਫੈਲਣ ਲੱਗੀ। ਲੋਕ ਇਕ ਦੂਜੇ ਵੱਲ ਝਾਕਣ ਲੱਗੇ।

ਤਦੇ ਪਰਿਓਂ ਮਜ਼ਬੀਆ ਕਾ ਗਾਮਾ ਤੇ ਮੁਨਸ਼ੀ ਰਵਦਾਸੀਆ ਆ ਰਹੇ।

"ਬੈਠ ਰਹੀ ਸੰਗਤ?" ਉਹਨਾਂ ਆ ਫਤ੍ਹੇ ਗਜਾਈ। ਗਾਮਾ ਨਿਹੰਗਾਂ ਦੇ ਬਾਣੇ 'ਚ ਸੀ। ਉਂਜ ਉਹ ਦਿਹਾੜੀ ਦੱਪਾ ਕਰਦਾ, ਪਰ ਬਾਹਰ ਅੰਦਰ ਗਿਆ, ਗੁਰੂ ਕੀ ਲਾਡਲੀ ਫੌਜ ਬਣ ਕੇ ਨਿਕਲਦਾ। ਲੰਮਾ ਚੋਲਾ, ਉਚੀ ਦਸਤਾਰ, ਗਾਤਰੇ 'ਚ ਤਿੰਨ ਫੁੱਟੀ ਸ਼ਮਸ਼ੀਰ ਲੱਕ ਪੀਲੇ ਦੁਪੱਟੇ ਦੀ ਕੱਸਵੀਂ ਦੂ-ਬੰਦੀ।

"ਆ ਜਾ ਤੂੰ ਵੀ ਲੈ ਲੈ ਦੇਗ...।"

"ਬਸ ਦੇਗ ਆਲਾ ਈ ਅਰਦਾਸਾ ਕਰਕੇ ਮੁੜੇ ਆਂ।" ਥੜ੍ਹੇ ਤੇ ਬੈਠਦਿਆਂ ਗਾਮੇ ਤਿੰਨ ਫੁੱਟੀ ਕੱਛ 'ਚ ਸੂਤ ਲਈ। ਉਹ ਥੱਕ ਕੇ ਆਇਆ ਲੱਗਦਾ ਸੀ।

"ਕਿਵੇਂ ?" ਉਹਨਾਂ ਦੀ ਪੱਤੀ 'ਚੋਂ ਕਿਸੇ ਕਿਹਾ।

"ਤੂੰ ਜਾਣਨੈਂ ਮਾਸੜਾ! ਲੁਆਈ ਵਢਾਈ ਤਾਂ ਲੋਕ ਬਿਹਾਰੀਆਂ ਤੋਂ ਕਰਵਾਉਣ ਲੱਗ ਗਏ। ਆਖਰ ਪਰਸ਼ਾਦ ਪਾਣੀ ਦਾ ਢਾਹ ਭੰਨ ਤਾਂ ਕਰਨਾ ਹੀ ਹੋਇਆ!!"

"ਹੱਛਾ ਇਹ ਵੀ ਡੰਨ ਐ ? ਤੂੰ ਦੱਸ ਬਿਹਾਰੀਆਂ ਕੋਲੋਂ ਨਾ ਕਰਵਾਈਏ ਤਾਂ ਹੋਰ ਤੇਰੇ ਅਰਗਿਆਂ ਦੇ ਤਲੇ ਚੱਟਦੇ ਫਿਰੀਏ ?" ਮੇਹਨਤੀਆਂ ਤੋਂ ਸਤੇ ਕਿਸੇ ਆਪਣੀ ਛੋਹ ਲਈ।

"ਓ ਭਾਊ ਇਹ ਤਾਂ ਬਿਹਾਰੀਆਂ ਕਰਕੇ ਰਤਾ ਸੁਖ ਦਾ ਸਾਹ ਆਇਐ, ਨਹੀਂ ..."

"ਮੰਨਦੇ ਆਂ ਤੇਰੀ ਚੈਂਚਲ ਸਿਹਾਂ... ਚਲੋ ਦਿਹਾੜੀ ਦੱਪਾ ਖੋਹ ਲੈਣਗੇ। ਮੱਥੇ ਦਾ ਲਿਖਿਆ ਕਿਮੇਂ ਖੋਹਣਗੇ।

"ਪਰ ਸੋਹਣਿਆ! ਐਂ ਦੱਸ, ਬਈ ਦਿਹਾੜੀ ਦੱਪਾ ਈ ਤਾਂ ਭਾਗ ਨੇ ਮਜ਼ਦੂਰ ਦੇ, ਹੋਰ ਭਾਗ ਕਿਤੇ ਅਸਮਾਨੋ ਉੱਤਰਦੇ ਐ ?" ਮੇਹਨਤੀਆਂ ਚੋਂ ਕਿਸੇ ਨੇ ਹਉਂਕਾ ਲਿਆ।

"ਪਰ ਤੁਸੀਂ ਸੱਪ ਕੱਢ ਕੇ ਮੁੜੇ ਓਂ ?" ਸ਼ੇਰੀ ਲੰਮਾ ਪੁੱਛ ਰਿਹਾ ਸੀ।

"ਸਸੈਟੀ ਬਣਾਈ ਐ ਵੀਹ ਬੰਦਿਆਂ ਦੀ...।"

"ਕਾਹਤੋਂ ?"

"ਤਿੰਨ ਸੌ ਨਕਦ... ਬਾਰਾਂ ਸੌ ਕਿਸ਼ਤਾਂ 'ਚ ... ਰਿਕਸ਼ਾ ਨਵਾਂ... ਨਾ ਕਿਸੇ ਦੀ ਹੈਂਅ ਹੈਂਅ, ਨਾ ਖਹਿੰ ਖਹਿੰ।"

"ਰਿਕਸ਼ੇ ਤਾਂ ਅੱਗੇ ਈ ਅੱਗ ਲਾਇਆਂ ਨੀ ਸੜਦੇ... ਪਿਛਲੇ ਸਾਲ ਮੁਰਗੀ ਖਾਨਿਆਂ ਤੋਂ ਲੈ ਲੀਆਂ ਤੁਸੀਂ ਕਾਰਾਂ... ਡੇਰੀਆਂ ਦਾ ਤੁਸੀਂ ਸੁਆਦ ਦੇਖ ਲਿਆ। ਆਹ ਰਿਕਸ਼ੇ ਰਹਿੰਦੇ ਸੀ?"

"ਦੇਖ ਲੌਂ ਜਾਰ ਕਿਮੇਂ ਉੱਲੂ ਬਣਾਏ ਐ ਸਿਆਣੇਂ ਬਿਆਣੇ।"

"ਗਾਮਿਆਂ ਤੈਂ ਜਾਰ ਹੋਰ ਈ ਕਰਤਾ ਪਾਠ ਸ਼ੁਰੂ ਇਕ ਕੰਮ ਤਾਂ ਨਿੱਬੜ ਲੈਣ ਦਿੰਦਾ।" ਫੌਜੀ ਬੇਲੌੜੀ ਤਿੰਨ ਪੰਜ ਤੋਂ ਹਫਿਆ ਖੜਾ ਸੀ।

"ਸਰਕਾਰ ਕਿਹੜਾ ਨਿਉਂਦਾ ਦਿੰਦੀ ਐ, ਪੱਬ ਚੱਟਦੇ ਐ ਤੇਰੇ ਮੇਰੇ ਅਰਗੇ, ਗਾਹਾਂ ਅਫਸਰ ਪਹਿਲਾਂ ਈ ਮੂੰਹ ਅੱਡੀ ਬੈਠੇ ਐ... ਸਿੱਧਾ ਮੰਗਦੇ ਐ ਮੇਰੇ ਸਾਲੇ ਦੇ... ਗੱਲ ਕਰ ਕੀ ਦਿਨੈ... ਇਹਨਾਂ ਨੂੰ ਕੀ ਪੂਰੋ ਪੂਰ ਦੇ ਦੇਣਗੇ। ਰਾਮ ! ਰਾਮ !!"

ਤਦ ਤੀਕ ਗਾਮੇਂ ਤੇ ਮੁਨਸੀ ਨੂੰ ਕਿਸੇ ਨੇ ਲਿਖੀ ਜਾ ਰਹੀ ਅਰਜ਼ੀ ਬਾਰੇ ਦੱਸ ਦਿਤਾ ਸੀ।

ਗਾਮੇ ਨੂੰ ਲੱਗਾ, ਇਸੇ ਲਈ ਲੋਕ ਉੱਖੜੇ ਜਹੇ ਧੁੱਖ ਰਹੇ ਸਨ। ਰਤਾ ਗਹੁ ਨਾਲ ਵੇਖਣ ਤੇ ਗਾਮੇ ਨੂੰ ਜਾਪਿਆ, ਜਿਵੇਂ ਵਸਾਖੀ ਦੀ ਥਾਵੇਂ ਫ਼ੌਜੀ ਨੇ ਕੱਛ 'ਚ ਕੋਈ ਲਾਬੂੰ ਨੱਪ ਰੱਖਿਆ ਹੋਵੇ। ਜਿਸ ਨਾਲ ਹੁਣੇ ਈ ਉਹ ਸਭ ਕੁਝ ਸੁਆਹ ਕਰ ਸੁੱਟੇਗਾ।

ਅਚਾਨਕ ਗਾਮੇਂ ਦੇ ਧੁਰ ਅੰਦਰ ਕੁਝ ਧੜਕਿਆ, ਤੇ ਉਹ ਮੱਲਾਂ ਜਹੇ ਹੰਭਲੇ ਨਾਲ ਪੈਰੋਂ ਹੀ ਉੱਠ ਖੜ੍ਹਿਆ।

"ਫੌਜੀ ਤੂੰ ਮੇਰੀ ਲਿਖ ਗੁਆਹੀ ਬਿਨਾ ਛੱਕ...।"

ਗਾਮੇਂ ਨੂੰ ਯਾਦ ਆਇਆ, ਕਿਵੇਂ ਪਿਛਲੇ ਦਿਨੀਂ ਨਰਮਾਂ ਗੁੱਡਣ ਗਿਆਂ, ਸਾਰੇ ਦਿਹਾੜੀਦਾਰਾਂ ਦੇ ਸਾਹਮਣੇ ਈ ਚੱਠੇ ਨੇ ਉਹਦੀ ਲਾਹ ਕੇ ਅਹੁ ਮਾਰੀ ਸੀ।

"ਪੁੱਤ ! ਹੁਣੇ ਈ ਤੇ ਤੁਸੀਂ ਵੱਟਾਂ 'ਚ ਆਏ ਓ...।" ਉਸ ਮੁੱਛ ਨੂੰ ਤੱਅ ਦਿੰਦੇ ਕਿਹਾ ਸੀ। "ਮਜ੍ਹਬੀ ਤਾਂ ਜਾਣ ਕੇ ਬਦਨਾਮ ਕਰਦੈ ਐ ਬਿਹਾਰੀਆਂ ਨੂੰ, ਬਈ ਲੋਕ ਕੰਮ ਤੇ ਨਾ ਲਾਉਣ ਉਹਨਾਂ ਨੂੰ। ਅਫਵਾਹਾਂ ਡਾਉਂਦੇ ਐ, ਪਈ ਬਿਹਾਰੀਏ ਕਿਸੇ ਜੱਟ ਦਾ ਇੱਕੋ ਇੱਕ ਪੁੱਤ ਈ ਰਿੰਨ੍ਹ ਕੇ ਖਾ ਗਏ। ਪਰ ਉਹਨੂੰ ਪੁੱਛੇ ਕੋਈ ਵੱਡੇ ਸਰਦਾਰ ਨੂੰ, ਪਈ ਆਹ ਜੇਹੜੇ ਜੋਗੀ ਪੁਰ ਮਾਰੇ ਐ ਬਿਹਾਰੀਏ, ਇਹ ਵੀ ਝੂਠ ਹੋਊ... ਨਾਲੇ ਇਹ ਵੀ ਝੂਠ ਹੋਣੈ ਪਈ ਉਹਨਾਂ ਕਿਸੇ ਨਿਆਣੇ ਜਹੀ ਕੁੜੀ ਨਾਲ ਚੰਗ ਮੰਦ ਨੀ ਕੀਤਾ ਹੋਣਾ" ਫਿਰ ਗਾਮਾਂ ਜਿਵੇਂ ਗੜ੍ਹਕ ਕੇ ਬੋਲਿਆ। "ਬਈ ਮੈਂ ਕਹਿਨਾਂ ਬਾਹਾਂ ਖੜ੍ਹੀਆਂ ਕਰੋ ਗੁਆਹੀਆਂ ਵਾਲੇ ...।"

"ਗਾਮਿਆਂ ! ਦੇਖੀਂ ਕਿਤੇ, ਗੁਆਈਆਂ ਮਹਿੰਗੀਆਂ ਈ ਨਾ ਪੈਣ ਤੈਨੂੰ ?" ਲੋਕਾਂ ਪਰਤ ਕੇ ਡਿੱਠਾ, ਭੀੜ 'ਚ ਕਿਧਰੇ ਬਲਕਾਰੀ ਖੜ੍ਹਾ ਸੀ। ਰੱਜ ਕੇ ਵੈਲੀ, ਬੰਦਾ ਵੱਢ ਕੇ ਕਹਿੰਦੇ ਉਹਨੂੰ ਸੌ ਬੋਤਲ ਦਾ ਨਸ਼ਾ ਚੜ੍ਹਦਾ ਸੀ। ਭਰਵਾਂ ਜੁਆਨ। ਸੂਹੀ ਅੱਖ। ਹਥਿਆਰਾਂ ਦੇ ਟੱਕਾਂ ਨਾਲ ਵਿਗੜੀ ਸ਼ਕਲ। ਭਿਆਨਕ। ਪਰ ਚੱਠੇ ਦੀ ਮੁੱਛ ਦਾ ਵਾਲ। ਸਿਆਣੇ ਉਹਤੋਂ ਕੰਨ ਭੰਨ ਕੇ ਲੰਘਦੇ। ਉਹਦੇ ਮੋਟੇ ਬੁੱਲਾਂ 'ਚੋਂ ਦਿਨ-ਰਾਤ ਦਾਰੂ ਦੇ ਫੁਰਕੜੇ ਵੱਜਦੇ। ਖੁਲ੍ਹਾ ਕੁੜਤਾ। ਤੇੜ ਧੂੰਹਵੀਂ ਚਾਦਰ ਤੇ ਡੱਬ ਵਿੱਚ ਪਿਸਟਲ...

ਅੱਖ ਪਲਕਾਰੇ ਵਿੱਚ ਹੀ ਸੁੰਨ ਵਰਤ ਗਈ। ਪਤਾ ਨਹੀਂ ਉਹ ਕਿੰਨੀ ਦੇਰ ਤੋਂ ਆ ਕੇ ਖੜ੍ਹਾ ਸੀ। ਫੌਜੀ ਨੇ ਗੌਲਿਆ ਹੀ ਨਹੀਂ ਸੀ। ਅਚਾਨਕ ਅਰਜੀ ਤੇ ਝੁਕੀਆਂ ਅੱਖਾਂ ਤਿੜਕਣ ਲੱਗੀਆਂ। ਫੌਜੀ ਦਾ ਕਾਲਜਾ ਧੜਕਿਆ। ਬਲਕਾਰੀ ਨਾਲ ਅੱਖ ਮਿਲੀ, ਜਿਵੇਂ ਅੱਗ ਨੇ ਅੱਗ ਨਾਲ ਦਸਤ ਪੰਜਾ ਲਿਆ ਹੋਵੇ। ਜਾਪਿਆ, ਜਿਵੇਂ ਬਲਕਾਰੀ ਖੈਰ ਹੱਥਾ ਨਹੀਂ ਸੀ ਆਇਆ। ਕਿਸੇ ਵੀ ਪਲ ਕੁਝ ਵਾਪਰ ਸਕਦਾ ਸੀ. ਉਸ ਅੰਦਰ ਖਾਤੇ ਕਿਤੇ, ਆਪੇ ਨੂੰ ਹਰ ਹੋਣੀ ਲਈ ਜਿਵੇਂ ਸੂਤ ਲਿਆ। ਅਚਵੀ ਪਿੰਡਾ ਤੋੜਣ ਲੱਗੀ।



ਲੋਕਾਂ ਸਹਿਮੀ ਜਹੀ ਚੁੱਪ ਵਿਚ ਹੁਕਮੇ , ਚੰਦੂ 'ਤੇ ਭੀਮ ਦੇ ਹੇਠ ਉਪਰ ਵੱਜਦੇ ਘੁੰਗੂਰੇ ਸੁਣੇ।

"ਅਈ ਸ਼ਾਬਾ ਸ਼ੇ... ਬਲਕਾਰ ਸਿੰਘ ਏ ਮਖ... ਭਾਊਂ ਆਪਾਂ ਤੇ ਵੇਖਨਾਂ ਮਹਿੰਗੀ ਸਸਤੀ ਦਾ ਰੇੜ੍ਹਕਾ ਈ ਵੱਢ ਦਿੱਤੈ।" ... ਬਲਕਾਰੀ ਵੇਖਦਿਆਂ ਹੀ ਗਾਮੇ ਪੂਛ ਲੱਤਾਂ 'ਚ ਲੈ ਲਈ। ਇਕ ਘੜੀ ਉਹ ਜੋਸ਼ ਵਿੱਚ ਵਿੱਸਰ ਹੀ ਗਿਆ ਸੀ ਕਿ ਉਹ ਪਿਛਲੇ ਤਿੰਨ ਵਰਿਆ ਤੋਂ ਚੱਠਿਆਂ ਦਾ ਕਰਜਾਈ ਸੀ। ਤੇ ਪਿਛਲੀ ਛਮਾਹੀਂ ਫੀਮ 'ਚ ਫੜੇ ਜਾਣ ਕਾਰਨ ਬਲਕਾਰੀ ਹੀ ਉਹਨੂੰ ਜਮਾਨਤ ਤੇ ਛੁਡਵਾ ਕੇ ਲਿਆਇਆ ਸੀ। "ਹੱਸਦੇ ਆ ਭਾਅ ਨਾਲੇ ਸਾਡੇ ਕੰਮੀ ਕੰਮੀਣਾਂ ਦੀ ਕੌਂਣ ਮੰਨਦਾ ਜੇ ਗੁਆਹੀ ... ਜਦੋਂ ..." ਗਾਮਾਂ ਭਰੀ ਪਰ੍ਹੇ 'ਚ ਜੁਲੇ ਵਿਚੋਂ ਹੀ ਨਿਕਲ ਗਿਆ। ਉਸ ਦਹਿਲ ਕੇ ਸੋਚਿਆ,

"ਬਲਕਾਰੀ ਸਹੁਰੇ ਦਾ ਕੀਹ ਐ, ਨਾ ਜਾਣੀਏ ਕਿਤੇ...।" ਤੇ ਅਗੋਂ ਉਹਦੀ ਸੋਚ ਕੰਬ ਗਈ।

ਲੋਕ ਵੇਂਹਦੇ ਹੀ ਰਹਿ ਗਏ। ਬਹੁਤਿਆਂ ਨੂੰ ਗਾਮੇਂ ਦਾ ਇੰਜ ਯਰਕ ਜਾਣਾ, ਇਕ ਘੜੀ ਬਰਛੀ ਵਾਂਗ ਸੱਲ ਗਿਆ।

"ਭਾਊ ਏਸੇ ਲਾਂਗ ਡਾਟ ਬਦਲੇ ਤਾਂ ਰਿਕਸ਼ਿਆਂ ਦਾ ਅੱਕ ਚੱਬਿਐ। ਆਪਦੀ ਤਾਜੀ ਕਮਾਵਾਂਗੇ ਤਾਜੀ ਖਾਵਾਂਗੇ।" ਗਾਮਾਂ ਆਪਣੇ ਆਪ ਨੂੰ ਹੀ ਬੋਲਿਆ।

"ਚਲੋ ਨਾਲੇ ਰਹਿੰਦੇ ਖੱਸੀ ਹੋ ਜਾਉਗੇ।" ਕਿਸੇ ਕਿਹਾ।

"ਜੱਟਾਂ ਦੀਆਂ ਬੁੱਤੀਆਂ ਤੋਂ ਵੱਧ ਔਖੇ ਨੀਂ ਹੁੰਦੇ।" ਮੁਨਸ਼ੀ ਉੱਖੜ ਕੇ ਬੋਲਿਆ। ਉਹ ਗ਼ਾਮੇ ਨੂੰ ਇੰਜ ਭੱਜ ਗਿਆ ਤੱਕ, ਹੈਰਾਨ ਰਹਿ ਗਿਆ ਸੀ।

"ਉਏ ਤੱਟਾਂ ਬਿਨਾਂ ਗੁਜਾਰਾ ਵੀ ਨੀਂ ਥੌਂਡਾ, ਸੁਨਣੈ ? ਤਰੰਡਾ ਤਰੰਡਾ ਥੋਡੇ ਕੋਲ ਡੰਗਰ ... ਪੈਲੀ ਦੀ ਖੁੱਡ ਨਾ। ਜੱਟ ਚਾਹੁਣ ਮੂਤ ਬੰਦ ਕਰ ਦੇਣ ਥੌਂਡਾ । ਸੁਣਿਆ ?"

"ਤੁਸੀਂ ਜਾਰ ਅਸਲੀ ਗੱਲ ਕਿਉਂ ਰੋਲਦੇ ਓ..."

ਪਤਾ ਨਹੀਂ ਕਿਉਂ ? ਫੌਜੀ ਨੂੰ ਸਭ ਕੁਝ ਹੀ ਹੱਥੋਂ ਕਿਰਦਾ ਲੱਗਾ ਉਹਨੇ ਇੱਕ ਨਜ਼ਰ ਲੋਕਾਂ ਦਾ ਇਕੱਠ ਅਤੇ ਚੱਠਿਆਂ ਦੀ ਹਮੈਤੀ ਢਾਣੀ ਵੱਲ ਗਹਿਰਾ ਜਿਹਾ ਦੇਖਿਆ ਅਤੇ ਦੰਦਾਂ ਥੱਲੇ ਟੁਕਦਿਆਂ ਸੁਣਿਆ,

"ਯਾਰ ਠਹਿਰ ਕੇ ਲਵਾਉਣ ਆਂ ਅੰਗੂਠੇ...।" ਗਭਰੀਟ ਆਖ ਰਹੇ ਸਨ। ਵਿੱਸ ਘੋਲਦੀਆਂ ਤਿਉੜੀਆਂ ਕੀਂ ਪਲਾਹੀਂ ਹੱਥ ਮਾਰਨ ਲੱਗੀਆਂ ਖਬਰੇ ਵਿਰੋਧੀ ਧਿਰ ਡਾਂਗ ਸੋਟਾ ਹੀ ਮਿਥ ਕੇ ਆਈ ਹੋਵੇ। ਲੋਕਾਂ ਸੋਚਿਆ।

"ਕੋਈ ਨਾ ਜੱਟ ਵੀ ਨੀਂ ਮਰਦੇ ਹੁਣ... ਤੁਸੀਂ ਜੇਹੜਾ ਅੱਕ ਚੋਇਆ ਸੀ ਨਾ, ਉਹ ਵੀ ਯਾਦ ਰਹੂ ਜੱਟਾਂ ਨੂੰ ਦੋ ਹਜ਼ਾਰ ਪਹਿਲਾਂ , ਤੇ ਕੰਮ ? ਕੰਮ ਕੀਹਦੇ ਪਿਓ ਦੈ ਬਿਹਾਰੀਆਂ ਨੇ ਤਾਂ ਵੱਟਾਂ 'ਚ ਲਿਆ ਤੇ ਸੀਰੀ। ਨਹੀਂ...।"

ਗੁਸੇ ਨਾਲ ਭਖਦੀਆਂ ਅੱਖਾਂ 'ਚੋਂ ਫੌਜੀ ਡਿੱਠਾ ਲੋਕ ਹੋਣੀ ਸਾਹਵੇਂ ਹਿੱਕ ਡਾਹੁਣ ਦੀ ਥਾਂ ਆਪਸ 'ਚ ਖਹਿਣ 'ਚ ਲੱਗੇ ਸਨ।

ਇੱਕਾਂ ਇੱਕ ਭੀੜ 'ਚੋਂ ਮਾਸਟਰ ਦਲੀਪ ਸਿੰਘ ਅੱਗੇ ਵਧਿਆ ਤੇ ਚੀਕਿਆ, "ਕਿਉਂ ਹੜਬਾਂ ਭੇੜਦੇ ਓ ਗੱਲ ਤਾਂ ਮੋਘੇ ਦੀ ਸੀ। ਤਕੜੇ ਤੇ ਮਾੜੇ ਦੀ। ਨਾ ਕੰਮੀਆਂ ਕਿਤੇ ਜਾਣੈ ਨਾ ਤੁਸਾਂ... ਇਹ ਰੰਡੀ ਰੋਣੇ ਨੀ ਮੁਕਣੇ... ਕਰਜਿਆਂ ਨਾਲ ਤਾਂ ਘੀਸੀ ਹੋਈ ਪਈ ਐ ਸਭ ਦੀ... ਜੱਟਾਂ ਤਾਂ ਅੱਗ ਫੱਕਣੀ ਈ ਸੀ। ਸੀਰੀ ਵੀ ਲੈ ਲੈਣ ਧਾਰਾਂ ... ਓੜਕ ਖੋਤੀ ਮਿਆਂਕ ਕੇ ਬੋਹੜ ਥੱਲੇ ਨਾ ਆਈ ਤਾਂ ਕਿਹੋ... ਅਸਲੀ ਗੱਲ ਵੱਲ ਆਉਂਦਾ ਨੀਂ ਕੋਈ... ਮਜਬੀ ਬਿਹਾਰੀਆਂ ਤੋਂ ਔਖੇ... ਐ ਜੱਟ ਆੜ੍ਹਤੀਆਂ ਤੋਂ... ਯਾਰ ਕਾਹਦੀ ਹਉਮੈ ਐ... ਰਿਸ਼ਵਤਾਂ ਦੇ ਦੇ ਕੇ ਜਿਨਸ਼ਾਂ ਵੇਚੋ ਤੁਸੀਂ ... ਫ਼ਸਲ ਪਿਛੋਂ ਵਿਕਦੀ ਐ, ਖੁੜਾਂ ਪਹਿਲੋਂ ਆਦਮ ਬੋ ਆਦਮ ਬੋ ਕਰਦੀਆਂ। ਲੈ ਦੇ ਕੇ ਗੁੱਸਾ ਇਕ ਦੂਜੇ ਤੇ ਨਿਕਲਦੈ... ਹੁਣ...।"

"ਐਦਕੀਂ ਰੱਬ ਈ ਭੈਣ ਦੇਣੇ ਦਾ ਚੜ੍ਹ ਗਿਆ ਤਾਂਹ ਕਿਤੇ, ਨਹੀਂ ...।"

"ਨਹੀਂ ਤਾਂ ਹੇਠਲੀ ਉਤੇ ਕਰ ਦਿੰਦਾ ਤੂੰ...।" ਫੌਜੀ ਟੱਸ ਟੱਸ ਕਰਦੇ ਮੱਥੇ ਨਾਲ ਫਟ ਜਾਣਾ ਚਾਹੁੰਦਾ ਸੀ। ਉਹ ਲੋਕਾਂ ਨੂੰ ਬਲਕਾਰੀ ਦੀ ਇਕੋ ਭਬਕ ਮੂਹਰੇ ਮੇਮਣੀਂ ਬਣਿਆਂ ਵੇਖ, ਅੰਦਰੇ ਅੰਦਰ ਕੋਲਾ ਹੋ ਗਿਆ ਸੀ। ਉਹਦੀਆਂ ਮੀਟੀਆਂ ਮੁੱਠੀਆਂ 'ਚ ਪਸੀਨਾ ਆ ਗਿਆ ਸੀ। ਸਾਹ ਕਾਹਲੇ ਹੋ ਗਏ ਸਨ, ਅਤੇ ਭੀੜ ਨੂੰ ਹੋਰੂੰ ਹੋਰੂੰ ਵੇਂਹਦਾ ਬੋਲਿਆ ਸੀ। "ਮੈਂ ਕਹਿਨਾ ਸ਼ਰਮ ਕਰੋ ਕੁਝ ...? "

"ਹੂੰ ! ਰੱਬ ਤੋਂ ਭਾਲਦੇ ਨੇ ਟੱਟੂ...।" ਮਾਸਟਰ ਤਮਕਿਆ। "ਕੋਈ ਦੇਖਿਐ ਜੱਟ ਕਦੇ ਪਿੱਟਦਾ ... ਸੂਈ ਬਨਾਉਣ ਵਾਲਾ ਵੀ ਆਖਦਾ ਭਾਅ ਆਪ ਮਿੱਥੇ ... ਪਰ ਸੱਪਾਂ ਦੇ ਸਿਰ ਤੁਸੀਂ ਮਿੱਧੋ, ਭਾਅ ਸਰਕਾਰ ਟੁੱਕਦੀ ਐ, ਲੋਹੜਾ ਨੀ... ਹੋਰ ਤਾਂ ਹੋਰ ਪਿੱਟ ਕੇ ਮਰ ਗਿਆ ਫੌਜੀ, ਕੋਈ ਨਿੱਤਰਿਆ ਰਣ 'ਚ ...? "

"ਮੈਂ ਦੱਸਦਾਂ ਵਿਚੋਂ ਗੱਲ ਕੀ ਐ ..." ਦਰਸ਼ਨ ਦੋਧੀ ਕਿਹਾ। ਜੱਟਾਂ ਦਾ ਤਾਂ ਉਹਨਾਂ ਦੀਆਂ ਫੜ੍ਹਾਂ ਬਿਠਾਇਐ ਭੱਠਾ ... ਗਾਂ ਮੱਝ ਭਾਵੇਂ ਟੀਕੇ ਨਾਲ ਲਾਹੁੰਦੀ ਹੋਵੇ ਡੋਕੇ... ਆਖੂ ਪੁੱਛ ਨਾ ਕੁਸ਼, ਟੋਕਣੀ ਨਿਤਾਰ ਦਿੰਦੀ ਐ... ਬਾਹਰ ਦਾਣੇ ਭਾਵੇ ਦੇਣਦਾਰੀ ਦਾ ਢਿੱਡ ਨਾ ਭਰਦੇ ਹੋਣ... ਆਖੂ ਰੰਗ ਲੱਗੇ ਪਏ ਨੇ ਕੇ...।"

"ਦੋਧੀਆਂ ! ਤੂੰ ਤਾਂ ਕੰਨ 'ਚ ਲੈਨੈ ਮੰਮਾ ਜਾਰ... ਜਦ ਅਗਲੇ ਗੱਲਾਂ ਦਾ ਕੜਾਹ ਬਨਾਉਣੈ... ਮਿੱਠਾ ਕਿਉਂ ਘੱਟ ਪਾਊ...।"

ਅਚਾਨਕ ਇੱਕੜ ਦੁੱਕੜ ਜਹੇ ਲੋਕ, ਉੱਠ ਖੜੇ।

"ਛੱਡੋ ਜਾਰ ! ਕਰਨਗੇ ਸੋ ਭਰਨਗੇ... ਆਪਾਂ ਕਾਹਨੂੰ...।"

ਪਰ ਤਦੇ ਹੀ ਗੇੜਾ ਲਾ ਕੇ ਸ਼ਹਿਰੋਂ ਮੁੜੇ ਤਾਂਗੇ, ਭੀੜ ਲਾਗੇ ਆ ਖਲੋਤੇ !

ਲੋਕਾਂ ਦਾ ਇੰਜ ਥੜ੍ਹੇ ਤੇ ਕੱਠੇ ਹੋਣਾ ਕੋਈ ਅਲੋਕਾਰ ਗੱਲ ਨਹੀਂ ਸੀ। ਸਗੋਂ ਹਨੇਰੇ ਸਵੇਰੇ ਕੋਈ ਨਾ ਕੋਈ ਢਾਣੀ ਜੁੜੀ ਹੀ ਰਹਿੰਦੀ । ਯੱਕੜ ਵੱਜਦੇ... ਟਾਚਾਂ ਹੁੰਦੀਆਂ ।

ਲੰਘਦੀਆਂ ਕੁੜੀਆਂ ਚਿੜੀਆਂ ਤੋਂ ਲੈ ਕੇ ਅਖ਼ਬਾਰ ਦੀ ਸੁਰਖ਼ੀ ਤੀਕ ਸਭ ਕੁਝ ਹੀ ਚਿੱਥਿਆ ਜਾਂਦਾ। ਤੂੰ ਤੂੰ ਮੈਂ ਮੈਂ ਹੁੰਦੀ। ... ਰੋਸੇ ਧੀ ਦੀ, ਭੈਣ ਦੀ, ਤੀਕ ਵੀ ਅੱਪੜ ਜਾਂਦੇ। ਪਰ ਸਮਝ ਨਾ ਲਗਦੀ, ਆਖ਼ਰ ਇਹ ਇਹੋ ਜਿਹੇ ਲੋਕ ਸਨ, ਜੇਹੜੇ ਡੰਗਰਾਂ ਵਾਂਗ ਲੜ ਲੈਣ ਮਗਰੋਂ ਵੀ ਇਕ ਦੂਜੇ ਦਾ ਗਲ ਚੱਟਣ ਲੱਗਦੇ ਸਨ। ਇਕ ਘੜੀ ਲਹੂ ਦੇ ਪਿਆਸੇ ਹੋ ਜਾਂਦੇ, ਦੂਜੀ ਘੜੀ ਕੁੰਗੂ ਵਾਂਗ ਨਿੱਤਰ ਜਾਂਦੇ।

ਪਰ ਹਰ ਵਾਰ ਇਹ ਰੋਹ ਧੁਆਂਖਿਆ ਕਿਉਂ ਜਾਂਦਾ ਸੀ? ਫੌਜੀ ਨੇ ਪੀੜ ਨਾਲ ਸੋਚਿਆ ਸਾਰੇ ਦਾ ਸਾਰਾ ਧੂੰਆਂ ਉਹਦੇ ਜਿਹਨ ਵਿੱਚ ਕੱਠਾ ਹੋਣ ਲੱਗਾ। ਜਾਪਿਆ ਜਿਵੇਂ ਉਹਨੂੰ ਕੁਝ ਵੀ ਨਹੀਂ ਸੀ ਸੁਣ ਰਿਹਾ। ਕੁਝ ਵੀ ਨਹੀਂ ਸੀ ਦਿੱਸ ਰਿਹਾ। ਆਖ਼ਰ ਇਹ ਲੋਕ ਕਾਹਤੋਂ ਕਿਸੇ ਭੈਅ ਵਿਚ ਗ੍ਰਸੇ ਜਾਂਦੇ ਸਨ? ਕਿਉਂ ਹੋਣੀ ਦੀਆਂ ਅੱਖਾਂ 'ਚ ਝਾਕਦਿਆਂ ਹੀ ਇਹਨਾਂ ਦੇ ਕੋਇਆਂ 'ਚ ਮੋਤੀਆਂ ਉੱਤਰ ਆਉਂਦਾ ਸੀ? ਅਤੇ ਫੌਜੀ ਨੂੰ ਜਾਪਿਆ ਜਿਵੇਂ ਸਚਮੁੱਚ ਕੋਈ ਭੈਅ, ਸਾਰੀ ਦੀ ਸਾਰੀ ਭੀੜ ਨੂੰ ਨਿਗਲ ਰਿਹਾ ਸੀ।

ਇਕ ਪਲ, ਦੋ ਪਲ, ਦਸ ਪਲ ... ਸਾਂ ... ਸਾਂ... ਸਾਂ...!

"ਸੁਣਿਆ ਜਾਰ ਟੀਕਿਆਂ ਨਾਲ ਈ ਨਿਆਣੇਂ ਜੰਮਣ ਲੱਗ ਗਏ।" ਛੱਜੂ ਅਮਲੀ ਆਖ ਰਿਹਾ ਸੀ।

"ਸੁਣ ਲੌ ਮਾਰਫ਼ਤ...।" ਸਭ ਕੁਝ ਹੀ ਘੱਟੇ ਕੌਡੀਆਂ ਰਲ ਗਿਆ ਜਾਣ, ਸੰਧੂਆਂ ਕਾ ਬੁੜ੍ਹਾ ਕਲਪਦਾ ਜਿਹਾ ਉੱਠ ਖੜਿਆ। ਐਨਕ ਦੇ ਮੋਟੇ ਸ਼ੀਸ਼ਿਆਂ 'ਚੋਂ ਉਹਨੇ ਇਕ ਨਜ਼ਰ ਫੌਜੀ ਦੀਆਂ ਰੋਹ 'ਚ ਮੱਚਦੀਆਂ ਅੱਖਾਂ 'ਚ ਝਾਕਿਆ, ਤੇ ਖ਼ਫ਼ਾ ਜਿਹਾ ਬੋਲਿਆ, "ਉਏ ਸ਼ਰਮ ਹੈ ਕਿਸੇ ਪੱਲੇ...? ਵੱਡੇ ਸੂਰਮੇ...।"

ਬੁੱਢੇ ਦੇ ਤਲਖ਼ ਬੋਲ ਇਕ ਘੜੀ ਚੁੱਪ ਵਿਚਾਲੇ ਚਾਕੂ ਵਾਂਗ ਲਟਕ ਗਏ।

ਤਦੇ ਭੀੜ ਨੇ ਬਾਰੂ ਤਾਂਗੇ ਵਾਲੇ ਨੂੰ ਸੁਣਿਆ। ਕਿਸੇ ਸੁਆਰੀ ਦਾ ਅੱਡੇ ਤੋਂ ਅੱਗੇ ਸਮਾਨ ਲਿਜਾਣ ਤੋਂ, ਉਹ ਵੇਹਰਿਆ ਖੜ੍ਹਾ ਸੀ।



ਕੋਈ ਦਹਿਸ਼ਤ ਸੀ ਜੋ ਇਕੱਠ ਵਿੱਚ ਛਹਿ ਲਾਈ ਬੈਠੀ ਸੀ ਤੇ ਲੋਕ ਫੂਕ ਫੂਕ ਸਾਹ ਲੈ ਰਹੇ ਸਨ।

ਫ਼ੌਜੀ ਕਹਿਣ ਹੀ ਵਾਲਾ ਸੀ, "ਜੀਹਨੇ ਭਰੀ ਪਰ੍ਹੇ 'ਚ ਲਾਉਣੈ ਗੂਠਾ ਲਾਵੇ, ਨਹੀਂ ਠੀਕ ਐ ਬੱਸ...।"

ਤਦੇ ਕਿਸੇ, ਜਿਵੇਂ ਉਸ ਦਹਿਸ਼ਤ ਤੋਂ ਮੁਕਤ ਹੋਣ ਦਾ ਰਾਹ ਲੱਭ ਲਿਆ।

"ਕਿਉਂ ਲੋਹੇ ਦਾ ਥਣ ਬਣਦੈ ਬਾਰਾਂਸਿੰਹਾ ! ਦੋ ਪੈਰਾਂ ਦੀ ਤਾਂ ਗੱਲ ਐ।"

"ਅੱਡੇ ਤੱਕ ਪਰਜ਼ ਬਣਦੈ ਮਾਲਕੋ ! ਉਹਦੇ ਲਈ ਸੀ ਨਹੀਂ ਕੀਤੀ...।"

"ਏਨੇ ਨਾਲ ਘੋੜੀ ਦੇ ਖੁਰ ਘਿਸਦੇ ਹੋਣਗੇ ? " ਕਿਸੇ ਹੋਰ ਕਿਹਾ।

"ਜੇ ਘਿਸਦੇ ਨੇ ਤਾਂਹੀ ਤਾਂ ਕਿਹੈ...।"

"ਦੇਖ ਲੌ ਯਾਰ ਕਿਵੇਂ ਆਕੜਦੀ ਐ ਜਾਤ...।"

"ਜੱਟਾਂ ਨੂੰ ਤਾਂ ਟਿੱਚ ਜਾਣਨਗੇ। ਟਾਂਗੇ ਵੀ ਵਾਹੁਣ ਲੱਗ ਗਏ। ਉੱਡਣ ਈ ਤਾਂਹਾਂ ਲੱਗ ਗਏ ਕਿਧਰੇ।" ਕਿਸੇ ਕਿਹਾ।

"ਚਲੋ ਜਾਰ ਥੋਨੂੰ ਕੀਹ... ਅਗਲਾ ਆਪਦਾ ਪੜ੍ਹਿਆ ਵਾਚੂ... ਤੁਸੀਂ ਆਪਦੀ ਫਸੀ ਨਬੇੜੋ। ਫੌਜੀ ਨਾਲ ਗੱਭਰੂਆਂ ਵੀ ਸਿਰ ਚੁੱਕਿਆ। ਫੌਜੀ ਦੀ ਵਹਿਸ਼ੀ ਚੁੱਪ ਬਹੁਤਿਆਂ ਨੂੰ ਚਸਕ ਰਹੀ ਸੀ। ਲਗਦਾ ਸੀ ਜੇ ਥੋਹੜਾ ਚਿਰ ਹੋਰ ਕਿਸੇ ਉਹਦਾ ਹੁੰਗਾਰਾ ਨਾ ਭਰਿਆ ਤਾਂ ਉਹ ਇਕੱਲਾ ਹੀ ਸਭ ਕੁਝ ਤਹਿਸ਼ ਨਹਿਸ਼ ਕਰ ਦੇਵੇਗਾ।"

"ਸਾਨੂੰ ਕਿਉਂ ਨ ਜਾਰ ! ਪੱਠਿਆਂ ਨੂੰ ਸਾਡੇ ਵੱਟ ਖੂੰਜੇ ਰਹਿਣ ਨੂੰ ਸ਼ਾਮਲਾਟ... ਦਿਹਾੜੀ ਕਹਿੰਦੇ ਸ਼ਹਿਰ ਕਰਾਂਗੇ।

ਤਦ ਤੀਕ ਬਾਰੂ ਨੇ ਸਮਾਨ ਲਾਹ ਕੇ ਤਾਂਗਾ ਸ਼ਹਿਰ ਵਲ ਮੋੜ ਲਿਆ ਸੀ।

"ਛਿੱਤਰਾਂ ਦੀ ਕਸਰ ਐ ਬੱਸ।" ... ਹੁਕਮੇਂ ਦਲਾਲ ਜਿਵੇਂ ਬਲਦੀ ਤੇ ਪੂਲਾ ਸਿੱਟ ਦਿੱਤਾ।

"ਸੁਣਦੇ ਓ? ਆਹ ਪਾਲੇ ਐ ਪਿੰਡ ਨੇ ਸੱਪ...!" ਪ੍ਰੀਤੂ ਰੰਗੜ ਚੀਕਿਆ।

"ਉਏ ਇਹ ਕੀ ਦੇਹ ਦੁਆਲ ਨੇਂ ਥੋਨੂੰ, ਜੀਹਨਾਂ ਸ਼ਹਿਰਾਂ ਦੀਆਂ ਹਰੀਆਂ ਚਰ ਲਈਆਂ।"

"ਦੁਆਲ ਕੀ... ਜੇ ਮੂਤਦੇ ਨਾ ਫਿਰੇ ਤਾਂ ਕਹੀ... ਤੁਸੀਂ ਦਸੋ ਕਦੇ ਪਿੰਡ ਨੂੰ ਪੁੱਛ ਕੇ ਵਧਾਇਆ ਇਨ੍ਹਾਂ ਕਿਰਾਇਆ ? ਜਦੋਂ ਜੀ ਕੀਤਾ ਵੇਹਰ ਗਏ। ਦੋ ਡਿੰਗਾ ਸ਼ਹਿਰ, ਤੇ ਰੁਪਈਆ ਸੁਆਰੀ। ਕੋਈ ਹੱਜ ਐ। ਮੈਂ ਪੁੱਛਦਾਂ ਭਲਾ ਕਿੰਨੇ ਟਰੈਕਟਰ ਨੇ ਪਿੰਡ 'ਚ ...? "

ਨੂਪਾ ਰੰਗੜ ਉੱਚਾ ਚੀਕਦਾ ਸੀ। ਬਿਲਕੁਲ ਇਵੇਂ ਹੀ ਕੁਝ ਚਿਰ ਪਹਿਲਾਂ ਤਾਸ਼ ਦੇ ਪੱਤੇ ਸਿੱਟਦਿਆਂ ਉਹ ਚੱਠਿਆਂ ਦੇ ਵਿਰੋਧ 'ਚ ਮੱਚਿਆ ਸੀ। ਪਰ ਇਹ ਮੱਚਦੀ ਅੱਗ ਦੇ ਲੰਬ, ਮਾੜਿਆਂ ਵੱਲ ਕਿਉਂ ਵਧਣ ਲੱਗੇ ਸਨ? ਫੌਜੀ ਨੂੰ ਲੱਗਾ, ਜਿਵੇਂ ਉਹ ਖੁਦ ਇਹਨਾਂ ਲੰਬਾਂ ਵਿਚ ਕਿਧਰੇ ਸੜ ਰਿਹਾ ਸੀ। ਝੁਲਸ ਰਿਹਾ ਸੀ।

"ਪੰਝੀ ਛੱਬੀ !" ਕਿਸੇ ਕਾਹਲੀ ਨਾਲ ਟਰੈਕਟਰ ਗਿਣੇ।

"ਪੰਝੀ ਛੱਬੀ ... ਹੂੰਅ ! ਸੁਣਿਆ ? ਸੋਲ੍ਹਾਂ ਤਾਂਗੇ ... ਤੇ ਜੇ ਤਿੰਨ ਤਿੰਨ ਗੇੜੇ ਵੀ ਲਾਉਣ... ਅਠਤਾਲੀ ਗੇੜੇ ਬਣੇ ਕਿ ਨਾ ... ਤਾਂਗੇ 'ਚ ਸਤ ਸੁਆਰੀਆਂ ਹੋਣ ਤਾਂ ਪੰਜ ਸੌ ਬਣਿਆ ਕਿ ਨਾ ਰੋਜ਼ ਦਾ ...? " ਉਹਨੇ ਉਂਗਲਾਂ ਨਾਲ ਹਵਾ ਕੱਟੀ। ਮੈਂ ਕਹਿੰਨਾ ਤੁਸੀਂ ਇਕ ਇਕ ਟਰਾਲੀ ਵਾਲੇ ਦੀ ਵਾਰੀ ਬੰਨ੍ਹੋ ਰੋਜ਼ ... ਦੇਖਿਓ ਜੇ ਮਿਆਂ-ਕਦੇ ਨਾ ਫਿਰੇ ਤਾਂ।"

"ਗੱਲ ਤਾਂ ਊਂ ਠੀਕ ਐ।" ਲੋਕ ਸਿਰ ਮਾਰਨ ਲਗੇ।

"ਹੱਥ ਖੜੇ ਕਰੋ ਬਈ ਟਰਾਲੀਆਂ ਵਾਲੇ।" ਭੀਮ ਬਲੈਕੀਏ ਬੋਲ ਚੁਕੇ।

"ਤੁਸੀਂ ਵਾਰੀਆਂ ਬੰਨ੍ਹ ਕੇ ਫਰਿਸਤ ਬਣਾਓ ਪੱਕੀ। ਸਾਡੀਆਂ ਭਾਵੇਂ ਤਿੰਨ ਰੱਖ ਲਿਓ ਮਹੀਨੇ 'ਚ।"

ਬਲਕਾਰੀ ਆਖ ਰਿਹਾ ਸੀ, ਜਿਵੇਂ ਕੋਈ ਦਾਨਾ ਬੋਲ ਰਿਹਾ ਹੋਵੇ।

"ਆਪਾਂ ਪਰ੍ਹੇ ਦੀ ਨੀ ਮੋੜਨੀ ਬਈ, ਸਭ ਮਨਜ਼ੂਰ ਐ।" ਹੁਕਮੇ, ਚੰਦੂ ਤੇ ਭੀਮੇ ਰਲਵੀਂ ਲੇਰ ਮਾਰੀ। ਕਾਵਾਂ ਰੌਲੀ ਮੱਚ ਗਈ।

"ਗੱਲ ਸੋਲਾਂ ਆਨੇ ਐ...।"

ਅਧੇ ਲੀੜੇ ਝਾੜਦੇ ਉਠ ਖੜੇ... ਗਰਦਾ ਸਿਰਾਂ ਤੋਂ ਟੱਪਣ ਲਗਿਆ।

ਪਰ ਇਸ ਤੋਂ ਪਹਿਲਾਂ ਕਿ ਲੋਕ ਇਸ ਧੂੜ ਵਿਚ ਹੀ ਗੁਆਚ ਜਾਂਦੇ, ਨੂਪੇ ਰੰਗੜ ਦੀ ਸ਼ੂਕਦੀ ਆਵਾਜ਼ ਤਾਂਗਿਆਂ ਦੀ ਛਿੱਦੀਆਂ ਛੱਤਾਂ ਉਪਰ ਕਹਿਰਾਂ ਵਾਂਗ ਫੈਲ ਗਈ।

"ਸਵੇਰੇ ਮੈਂ ਲਿਆਊਂ ਬਈ ਪਹਿਲੀ ਟਰਾਲੀ ...।"

ਅਰਜ਼ੀ ਦੇ ਪੁਠੇ ਬੰਨੇ ਹੀ ਕੋਈ ਫਰਿਸਤ ਲਿਖਣ ਲਗਾ ਤਾਂ ਫੌਜੀ ਦੇ ਸੁੰਗੜੇ ਮੱਥੇ 'ਚ ਜਿਵੇਂ ਬਾਰੂਦ ਦੀ ਪੰਡ ਖੁਲ੍ਹ ਗਈ। ਉਸ ਧਾਹ ਕੇ ਅਰਜ਼ੀ ਹੀ ਝਰੁਟ ਲਈ, ਵਸਾਖੀ ਸਣੇ ਉਹ ਡਿੱਗਦਾ ਡਿੱਗਦਾ ਰਹਿ ਗਿਆ। ਅੱਖਾਂ 'ਚ ਰੱਤ ਉੱਤਰ ਆਈ। ਅਤੇ ਸਾਹ ਧੂੰਏ 'ਚ ਲਿਪਟ ਗਏ।

ਹੋ ਹੱਲੇ ਤੇ ਹਾਸੇ ਠੱਠੇ 'ਚ ਲੋਕ ਇੰਜ ਉਠ ਖੜੇ ਸਨ ਜਿਵੇਂ ਕਿਸੇ ਬਹੁਤ ਵੱਡੀ ਜਿੱਤ ਮਗਰੋਂ ਕਿਲਕਾਰੀ ਮਾਰਨਾ ਚਾਹੁੰਦੇ ਹੋਣ।

ਲੋਕ ਖਿੰਡ ਰਹੇ ਸਨ। ਹੜਬਾਂ ਦੀ ਖੜ ਖੜ ਸੁਣੇ। ਜਿਵੇਂ ਧੂੜ ਖਿੰਡ ਰਹੀ ਸੀ।

ਪਰ ਜਦੋਂ ਥੜੇ ਤੋਂ ਬਲਕਾਰੀ ਅਤੇ ਫੌਜੀ ਉਤਰੇ ਅੱਖ ਨਾਲ ਅੱਖ ਮਿਲਦਿਆਂ ਲੱਗਾ, ਜਿਵੇਂ ਬਲਕਾਰੀ ਦੀ ਖਚਰੀ ਅੱਖ ਟਾਹ ਟਾਹ ਕਰ ਕੇ ਹੱਸੀ ਹੋਵੇ।

"ਤੂੰ ਤਾਂ ਕਮਲੈਂ ਫੌਜੀਆਂ... ਇਹਨਾਂ ਖੱਸੀ ਲੋਕਾਂ ਤੋਂ ਕੀ ਭਾਲਦੈਂ..."

ਪਰ ਇਸ ਤੋਂ ਉਲਟ, ਜਦੋਂ ਲਟ ਲਟ ਬਲਦੀ ਅੱਖ ਨਾਲ ਫੌਜੀ ਬਲਕਾਰੀ ਦੀਆਂ ਅੱਖਾਂ 'ਚ ਆਰ ਪਾਰ ਝਾਕਿਆ, ਤਾਂ ਜਾਪਿਆ, ਜਿਵੇਂ ਆਖ ਰਿਹਾ ਹੋਵੇ, "ਬਲਕਾਰਿਆ! ਤੂੰ ਵੇਖੀ ਇਕ ਦਿਨ ਮੈਂ ਇਸੇ ਪਿੰਡ 'ਚੋਂ ਉਹ ਲੋਕ ਲਭਾਂਗਾ... ਜੇਹੜੇ ਮੇਰੇ ਮਾਣ ਦੀ ਲੱਜ ਪਾਲਣਗੇ।

ਧੂੜ ਉਵੇਂ ਖਿੰਡ ਰਹੀ ਸੀ।

ਪਰ ਪਿੰਡ ਦੀਆਂ ਪੱਕੀਆਂ ਗਲੀਆਂ 'ਚ ਫੌਜੀ ਦੀ ਇਕੱਲੀ ਵਸਾਖੀ ਡੰਮਰੂ ਵਾਂਗ ਖੜਕਦੀ, ਦੂਰ ਤੀਕ ਸੁਣਦੀ ਸੀ। ੦


### *ਦੇਸ ਰਾਜ ਕਾਲੀ ਦਾ ਨਵਾਂ ਕਹਾਣੀ ਸੰਗ੍ਰਹਿ 'ਕੱਥ ਕਾਲੀ'*

**ਦੇਸ ਰਾਜ ਕਾਲੀ ਚੌਥੀ ਕੂਟ ਦੇ ਉਨ੍ਹਾਂ ਕੁਝ ਕੁ ਕਹਾਣੀਕਾਰਾਂ ਵਿਚੋਂ ਹੈ ਜਿਹੜਾ ਪੰਜਾਬੀ ਕਹਾਣੀ ਦੇ ਖੇਤਰ ਵਿਚ ਵੱਖਰੀ ਪਛਾਣ ਬਣਾਉਣ ਵੱਲ ਜਤਨਸ਼ੀਲ ਹੈ। ਉਸਨੂੰ ਸਮਾਜ ਦੀ ਸਥਿਤੀ , ਸਮਾਜ-ਸ਼ਾਸਤਰ ਅਤੇ ਸਮਾਜ ਦੇ ਸਮੁੱਚੇ ਵਾਤਾਵਰਣ ਦੀ ਸਮਝ ਹੈ। ਭਾਵੇਂ ਕਿ ਅਜੋਕੀ ਕਹਾਣੀ ਲੇਖਕ- ਕੇਂਦਰਤ ਹੈ ਅਤੇ ਦ੍ਰਿਸ਼ ਦੀ ਸਿਰਜਣਾ ਵੀ ਲੇਖਕ ਦੇ ਹੱਥ ਵਿਚ ਹੈ ਜਿਸ ਦੇ ਅੰਤਰਗਤ ਉਹ ਹਾਲਾਤ ਦਾ ਵਿਸ਼ਲੇਸ਼ਣ ਕਰਦਾ ਹੈ। ਪਰ ਕਾਲੀ ਦੀਆਂ ਕਹਾਣੀਆਂ ਸੰਬੰਧਾਂ ਅਤੇ ਤਣਾਉ ਦੇ ਅੰਤਰਗਤ ਸਥਿਤੀਆਂ ਅਤੇ ਵਿਅਕਤਿਤਵ ਨਾਲ ਟਕਰਾ ਦੀਆਂ ਕਹਾਣੀਆਂ ਹਨ। ਉਹ ਨਵੀਂ ਪੀੜ੍ਹੀ ਦਾ ਵਿਵੇਕਸ਼ੀਲ ਕਹਾਣੀਕਾਰ ਹੈ ਜਿਸ ਕੋਲ ਭਵਿੱਖ ਦਾ ਵੀਜ਼ਨ ਵੀ ਹੈ ਅਤੇ ਵਰਤਮਾਨ ਦਾ ਵਸਤੂਗਤ ਯਥਾਰਥ ਵੀ। ਉਸ ਦੀ ਖੂਬਸੂਰਤੀ ਵੀਜ਼ਨ ਅਤੇ ਯਥਾਰਥ ਦੇ ਸਮਨਵੈ ਨੂੰ ਕਥਾ ਵਸਤੂ ਦੇ ਰੂਪ ਵਿਚ ਨਵੀਨ ਕਲਾਤਮਕ ਪ੍ਰਗਟਾ-ਵਿਧੀਆਂ ਦੇ ਅੰਤਰਗਤ ਪੇਸ਼ ਕਰਨ ਵਿਚ ਹੈ ਜਿਸ ਵਿਚੋਂ ਸਥਿਤੀਆਂ ਅਤੇ ਆਪਣੇ ਆਪ ਨੂੰ ਬਦਲਣ ਦੀ ਬੇਚੈਨ ਸੁਰ ਉਭਰਦੀ ਹੈ।**

***ਡਾ. ਗੁਰਇਕਬਾਲ ਸਿੰਘ***

**ਮੁੱਲ 75 ਰੁਪਏ**




## 'ਜਿਥੋਂ ਸੂਰਜ ਉਗਦਾ ਹੈ' ਦਾ ਕਹਾਣੀ ਸੰਦਰਭ / ਕਿਰਪਾਲ ਕਜ਼ਾਕ

ਪੰਜਾਬ ਵਿਚ ਨਕਸਲਬਾੜੀ ਲਹਿਰ ਦੀ ਚਰਚਾ ਸੀ ਅਤੇ ਮੈਂ ਕੁਝ ਸਮਾਂ ਪਹਿਲਾਂ ਹੀ, ਲੰਮਾ ਸਮਾਂ ਇਮਾਰਤੀ ਮਜ਼ਦੂਰ ਯੂਨੀਅਨ ਵਿਚ ਸਰਗਰਮ ਰਹਿਣ ਦੇ ਬਾਵਜੂਦ ਕਮਿਊਨਿਸਟ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ (ਬੜੀ ਮੁਸ਼ਕਿਲ ਨਾਲ) ਆਪਣਾ ਨਾਂ ਵਾਪਸ ਲੈ ਕੇ ਹਟਿਆ ਸਾਂ। ਇਹ ਫ਼ੈਸਲਾ ਮੈਂ ਕੰਮੀ ਕਮੀਣ ਜਾਤੀ ਦਾ ਹੋਣ ਨਾਤੇ, ਪਾਰਟੀ ਵਿਚ ਹੋਏ ਵਿਤਕਰੇ ਕਾਰਨ ਵਿਰੋਧ ਵਿਚ ਲਿਆ ਸੀ। ਨਕਸਲਬਾੜੀ ਲਹਿਰ ਦੀ ਕਾਰਜ ਸ਼ੈਲੀ ਨਾਲ ਮੈਂ ਸਹਿਮਤ ਨਹੀਂ ਸਾਂ, ਅਤੇ ਲਿਖਤੀ ਵਿਰੋਧ ਕਰਦਾ ਸਾਂ। ਪਰ ਫ਼ਿਰ ਵੀ ਪਤਾ ਨਹੀਂ ਕਿਉਂ ਲਹਿਰ ਦੇ ਕੁਝ ਵਰਕਰਾਂ ਨੇ ਮੇਰੇ ਤੱਕ ਪਹੁੰਚ ਕੀਤੀ ਅਤੇ ਕੁਝ ਇਕੱਠਾਂ ਵਿਚ ਵਿਚਾਰ ਪ੍ਰਸਤੁਤ ਕਰਨ ਲਈ ਪ੍ਰੇਰਿਆ।

ਲੋਕਾਂ ਵਿਚ ਜਾ ਕੇ ਪਤਾ ਲੱਗਾ ਕਿ ਜਿਨ੍ਹਾਂ ਵਰਗਾਂ ਨੂੰ ਇਨਕਲਾਬੀ ਬਦਲਾਓ ਦੀ ਸੱਚਮੁਚ ਲੋੜ ਸੀ, ਉਨ੍ਹਾਂ ਨੂੰ, ਨਾ ਤਾਂ ਇਸਦਾ ਗਿਆਨ ਸੀ ਅਤੇ ਨਾ ਹੀ ਉਨ੍ਹਾਂ ਕੋਲ ਇਸ ਕਿਸਮ ਦੇ ਕ੍ਰਾਂਤੀਕਾਰੀ ਬਦਲਾਓ ਲਈ ਸਾਧਨ ਮੌਜੂਦ ਸਨ। ਜਿਨ੍ਹਾਂ ਕੋਲ ਇਹ ਸਾਧਨ ਅਤੇ ਸਮਝ ਮੌਜੂਦ ਸੀ, ਉਹ ਬਦਲਾਓ ਚਾਹੁੰਦੇ ਨਹੀਂ ਸਨ। ਸਿਧਾਂਤਕ ਤੌਰ ਤੇ ਰੂਸੀ ਇਨਕਲਾਬ ਦੇ ਸਿੱਟੇ ਵੀ ਸਾਮ੍ਹਣੇ ਸਨ। ਦੂਜਾ, ਜਿਹੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਅਸੀਂ ਵਿਦਰੋਹ ਅਤੇ ਮਰ ਮਿਟਣ ਲਈ ਪ੍ਰੇਰ ਰਹੇ ਸਾਂ, ਉਹ ਜੀਵਨ ਵਿਚ ਇਸ ਹੱਦ ਤੱਕ ਪੀੜਤ ਨਹੀਂ ਸਨ ਕਿ ਰਾਤ ਨੂੰ ਭੁੱਖੇ ਸੌਂਦੇ ਸਨ ਅਤੇ ਧਨੀ ਕਿਸਾਨੀ ਦੇ ਗਲ ਪੈਣ ਤੋਂ ਬਿਨਾਂ ਉਹਨਾਂ ਕੋਲ ਕੋਈ ਹੋਰ ਚਾਰਾ ਨਹੀਂ ਸੀ ਬਚਿਆ। ਸਗੋਂ ਜਿਹੜੀ ਨਿਮਨ ਸ਼੍ਰੇਣੀ ਨੂੰ ਅਸੀਂ ਵਿਦਰੋਹ ਲਈ ਪ੍ਰੇਰ ਰਹੇ ਸਾਂ, ਉਹ ਸ੍ਰੇਣੀ ਧਨੀ ਅਤੇ ਨਿਮਨ ਕਿਸਾਨੀ ਤੇ ਇਤਨੀਂ ਆਸ਼ਰਿਤ ਸੀ ਕਿ ਉਨ੍ਹਾਂ ਬਾਰੇ ਪੁੱਠਾ ਸਿਧਾ ਸੋਚਣਾ ਵੀ ਗੁਨਾਹ ਸਮਝਦੇ ਸਨ। ਹਾਲਾਂ ਕਿ ਧਨੀ ਕਿਸਾਨੀਂ ਉਹਨਾਂ ਨੂੰ ਨਾ ਮਰਨ ਦਿੰਦੀ ਸੀ ਨਾ ਜਿਊਣ ਦਿੰਦੀ ਸੀ। ਇਉਂ ਪੇਂਡੂ ਰਹਿਤਲ ਵਿਚ ਸਭਿਆਚਾਰਿਕ ਤੰਦਾਂ ਨੇ ਜ਼ਮੀਨ-ਅਸਮਾਨ ਦੇ ਫ਼ਰਕ ਨੂੰ ਕਿਸਮਤ ਅਤੇ ਕਰਮਾਂ ਦੀ ਡੋਰੀ ਨਾਲ ਇਸ ਕਦਰ ਬੰਨ੍ਹਿਆ ਹੋਇਆ ਸੀ ਕਿ ਵਿਅਕਤੀਗਤ ਤੌਰ ਤੇ ਮੈਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਕੀ ਫ਼ਿਲਹਾਲ ਇਨਕਲਾਬੀ ਰੱਦੋ-ਬਦਲ ਲਈ ਸਥਿਤੀਆਂ ਹੀ ਮੌਜੂਦ ਨਹੀਂ ਸਨ ਜਾਂ ਕਿਸਮਤ ਅਤੇ ਕਰਮਾਂ ਦਾ ਜਮੂਦ ਸਾਡੇ (ਨਿਮਨ ਸ੍ਰੇਣੀ) ਲਹੂ ਵਿਚ, ਜੱਦੀ ਵਿਗਾੜ ਦੇ ਰੂਪ ਵਿਚ ਇਸ ਕਦਰ ਘਰ ਕਰ ਗਿਆ ਹੋਇਆ ਸੀ ਕਿ ਇਸ ਤੋਂ ਮੁਕਤ ਕਰਾਉਣ ਵਾਲਾ ਸਾਡੇ ਕੋਲ ਕੋਈ ਸਿਧਾਂਤਿਕ ਮਾਡਲ ਜਾਂ 'ਨਾਇਕ' ਹੀ ਨਹੀਂ ਸੀ। ਜੇ ਇਹ ਗੱਲ ਕੁਝ ਹੱਦ ਤੱਕ ਠੀਕ ਸੀ ਤਾਂ ਫਿਰ ਇਹ ਨਾਇਕ ਕਿਥੋਂ ਪੈਦਾ ਹੋਵੇਗਾ? ਕਿਉਂਕਿ ਧਰਮ ਨੂੰ ਮੂਲੋਂ ਰੱਦ ਕਰਨ ਕਾਰਨ ਕਾਮਰੇਡ ਤਬਕਾ ਆਮ ਲੋਕਾਂ ਦੇ ਅਕੀਦਿਆਂ ਅਤੇ ਵਿਸ਼ਵਾਸ਼ਾਂ ਨੂੰ ਸਿਧਾਂਤਿਕ ਤੌਰ ਤੇ ਗਿਆਨ ਵਿਗਿਆਨ ਦੀ ਕੁਠਾਲੀ ਵਿਚ ਢਾਲਣ ਤੋਂ ਨਾ-ਕਾਮਯਾਬ ਰਿਹਾ ਸੀ ਅਤੇ ਨਕਸਲਬਾੜੀਆਂ ਵਾਲੀ ਗੋਲੀ ਦੀ ਭਾਸ਼ਾ ਪੇਂਡੂ ਮਾਨਸਿਕਤਾ ਦੇ ਖ਼ਮੀਰ ਵਿਚ ਰਚ ਨਹੀਂ ਸੀ ਰਹੀ, ਇਉਂ ਮੈਨੂੰ ਇਹ ਗੱਲ ਬਹੁਤ ਬੁਰੀ ਤਰ੍ਹਾਂ ਪਰੇਸ਼ਾਨ ਕਰਦੀ ਸੀ ਕਿ ਜੇਕਰ ਹਨੇਰੇ ਵਿਚ ਰੌਸ਼ਨੀ ਦੀ ਕੋਈ ਕਿਰਨ ਹੀ ਨਹੀਂ ਸੀ, ਜਾਂ ਕੁਝ ਬਦਲਣਾ ਹੀ ਨਹੀਂ ਸੀ ਤਾਂ ਮੈਂ ਏਨੇਂ ਵਰ੍ਹੇ ਗਰੀਬੀ ਤੰਗੀ ਅਤੇ ਮੁਫ਼ਲਿਸੀ ਵਿਚ ਗੁਜ਼ਾਰਦਿਆਂ ਕਿਸ ਬਦਲਾਓ ਦੀ ਆਸ ਵਿਚ ਝੋਕੇ ਸਨ?

ਇਸ ਮਾਯੂਸੀ ਵਿਚੋਂ ਮੈਂ ਇਕ ਕਹਾਣੀ 'ਕਿਰਨਾਂ ਦੇ ਹਾਸ਼ੀਏ' ਲਿਖ ਕੇ ਪ੍ਰੀਤ ਲੜੀ ਨੂੰ ਭੇਜੀ, ਜਿਸਦੇ ਉੱਤਰ ਵਿਚ ਨਵਤੇਜ ਦਾ ਕਾਰਡ ਆਇਆ ਕਿ ਉਹ ਕਹਾਣੀ ਇਸ ਸ਼ਰਤ ਤੇ ਛਾਪੇਗਾ ਕਿ ਜੇਕਰ ਮੈਂ ਉਸ ਕਹਾਣੀ ਦਾ ਅੰਤ ਨਿਰਾਸ਼ਾਵਾਦੀ ਦੀ ਥਾਂ, ਆਸ਼ਾਵਾਦੀ ਕਰ ਦੇਵਾਂ। ਜਿਸ ਲਈ ਮੈਂ ਸਹਿਮਤ ਨਾ ਹੋਇਆ ਅਤੇ ਕਹਾਣੀ ਆਰਸੀ ਵਿਚ ਛਪ ਗਈ। ਪਰ ਨਵਤੇਜ ਦੀ ਸਲਾਹ ਅਤੇ ਕਹਾਣੀ ਵਿਚ ਪੂਰੀ ਗੱਲ ਨਾ ਕਹਿ ਸਕਣ ਦਾ ਝੋਰਾ ਮੇਰੇ ਜ਼ਿਹਨ ਵਿਚ ਇਸ ਸਹਿਮਤੀ ਨਾਲ ਬੈਠ ਗਿਆ ਕਿ ਕਦੇ

ਮੌਕਾ ਮਿਲਿਆ ਤਾਂ ਕੋਈ ਇਸ ਕਿਸਮ ਦੀ ਕਹਾਣੀ ਲਿਖਣ ਦੀ ਕੋਸ਼ਿਸ਼ ਕਰਾਂਗਾ ਜਿਸ ਵਿਚ ਲੋਕ, ਵਿਦਰੋਹ ਕਰਨਾਂ ਤਾਂ ਚਾਹੁੰਦੇ ਹਨ ਪਰ ਅਮੀਰ ਸ਼੍ਰੇਣੀ 'ਤੇ ਕਿਸੇ ਨਾ ਕਿਸੇ ਰੂਪ ਵਿਚ ਆਸ਼ਰਿਤ ਹੋਣ ਦੇ ਭੈਅ ਕਰਨ ਉਭਾਸਰਨ ਦੀ ਜੁਅਰਤ ਨਹੀਂ ਕਰਦੇ।

ਇਹਨਾਂ ਹੀ ਦਿਨਾਂ ਵਿਚ ਦੋ ਵੱਡੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਰਾਹ ਲੰਘਦਾ ਜ਼ਿਕਰ ਜਿੱਥੋਂ ਸੂਰਜ ਉਗਦਾ ਹੈ' ਕਹਾਣੀ ਦਾ ਕੁਝ ਹੱਦ ਤੱਕ ਆਧਾਰ ਬਣਿਆ।

ਉਹਨੀਂ ਦਿਨੀਂ ਸਰਕਾਰੀ ਠੇਕੇਦਾਰਾਂ ਕੋਲ ਜਿਹੜੇ ਮਿਸਤਰੀ ਮਜ਼ਦੂਰ ਕੰਮ ਕਰਦੇ ਸੀ ਉਨ੍ਹਾਂ ਦੀ ਪ੍ਰਾਗਰੇਸ ਥੋੜ੍ਹੀ ਹੋਣ ਦੀ ਹਾਲਤ ਵਿਚ ਦਿਹਾੜੀ ਅੱਧੀ ਪੌਣੀ ਕਰ ਦਿਤੀ ਜਾਂਦੀ ਸੀ, ਜਿਸਦਾ ਪਤਾ ਮਜ਼ਦੂਰਾਂ ਨੂੰ (ਪੰਦਰਾਂ ਦਿਨਾਂ ਪਿਛੋਂ ਮਿਲਣ ਵਾਲੇ ਪੈਸੇ ) ਸਮੇਂ ਲਗਦਾ। ਇਨਸਾਫ਼ ਲਈ ਕੋਈ ਸੁਣਵਾਈ ਨਹੀਂ ਸੀ। ਪਟਿਆਲਾ, ਅੰਬਾਲਾ, ਚੰਡੀਗੜ੍ਹ ਅਤੇ ਲੁਧਿਆਣਾ ਸ਼ਹਿਰਾਂ ਵਿਚ ਮਜ਼ਦੂਰ ਯੂਨੀਅਨਾਂ ਬੇਹੱਦ ਸਰਗਰਮ ਸਨ। ਸੂਬਾਈ ਪੱਧਰ ਤੇ ਸੰਘਰਸ਼ ਵਿਡਿਆ ਗਿਆ ਅਤੇ ਵੱਡੀ ਪੱਧਰ 'ਤੇ ਕੰਮ ਬੰਦ ਕਰ ਦਿੱਤੇ ਗਏ। ਜਲੂਸ ਨਿਕਲੇ, ਧਰਨੇ ਦਿਤੇ ਗਏ ਅਤੇ ਸਿੱਟੇ ਵਜੋਂ ਕੇਵਲ ਲੇਬਰ ਐਕਟ ਲਈ ਹੀ ਨਾ ਰਾਹ ਪੱਧਰਾ ਹੋਇਆ ਸਗੋਂ ਵਿਸ਼ੇਸ਼ ਲੇਬਰ ਕੋਰਟਾਂ ਦਾ ਵੀ ਸੁਝਾਅ ਪ੍ਰਵਾਨ ਕਰਵਾ ਲਿਆ ਗਿਆ।

ਬੜੀ ਤਾਰੀਫ਼ ਹੋਈ, ਪਾਰਟੀ ਵਿਚ ਵਾਪਸੀ ਲਈ ਹਾਈ ਕਮਾਂਡ ਤੋਂ ਚਿੱਠੀ ਅਤੇ ਬੇਨਤੀ ਲਈ ਤਿੰਨ ਮੈਂਬਰੀ ਕਮੇਟੀ ਉਚੇਚੀ ਚੱਲ ਕੇ ਘਰ ਆਈ, ਪਰ ਛੇਤੀ ਹੀ ਪਤਾ ਲੱਗ ਗਿਆ ਕਿ ਸਿਧਾਂਤਿਕ ਸੂਝ ਦੀ ਘਾਟ ਕਾਰਨ ਅਤੇ ਲੋਟੂ ਸ਼੍ਰੇਣੀ ਦੀ ਚੁਸਤੀ ਕਾਰਨ ਅਸੀਂ, ਲਿਖਤੀ ਰੂਪ ਵਿਚ ਪ੍ਰਾਗਰੈਸ ਫਿਕਸ ਕਰਵਾ ਕੇ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਲਿਆ ਸੀ।

ਇਸ ਹਾਰ ਦਾ ਹਾਲੀ ਪਤਾ ਨਹੀਂ ਸੀ ਲੱਗਾ ਅਤੇ ਜਿੱਤ ਦਾ ਨਸ਼ਾ ਤਾਰੀ ਸੀ ਕਿ ਮੈਂ ਆਪਣੇ ਕੁਝ ਸਾਥੀਆਂ ਨਾਲ ਮਿਲਕੇ ਆਲੇ ਦੁਆਲੇ ਦੇ ਕਈ ਪਿੰਡਾਂ ਦੇ ਕਾਮਿਆਂ ਨੂੰ ਲਾਮਬੰਦ ਕੀਤਾ ਅਤੇ ਕਿੱਲੇ ਪਿੱਛੇ ਵਾਢ੍ਹੀ ਦੇ ਦਾਣੇ, ਦਿਨ ਰਾਤ ਫਰਾਟਿਆਂ 'ਤੇ ਕੰਮ ਕਰਨ ਦੀ ਮਜ਼ਦੂਰੀ ਅਤੇ ਬਾਂਹ ਆਦਿ ਵੱਢ੍ਹੀ ਜਾਣ ਦੀ ਸੂਰਤ ਵਿਚ ਇਵਜ਼ਾਨੇ ਦੀ ਮੰਗ ਇਸ ਕਦਰ ਉਚੀ ਕੀਤੀ ਕਿ ਇਕ ਵੇਰ ਜ਼ਿਲ੍ਹੇ ਦਾ ਪ੍ਰਸ਼ਾਸ਼ਨ ਹਿੱਲ ਗਿਆ। ਵੱਡੀ ਪੱਧਰ, ਰੈਲੀਆਂ ਹੋਈਆਂ ਦਲੀਪ ਸਿੰਘ ਕਾਮਰੇਡ ਨੂੰ ਸੱਟਾਂ ਲੱਗੀਆਂ, ਵਰਕਰਾਂ ਨੂੰ ਡਾਂਗ ਸੋਟਾ। ਲੜਾਈ, ਤੂੰ-ਤੂੰ ਮੈਂ-ਮੈਂ ਪੁਲਿਸ, ਅਤੇ ਡੀ. ਸੀ. ਦਾ ਦਖ਼ਲ ਅਤੇ ਆਖਿਰ ਨੂੰ ਪੰਜ ਸਾਲਾਂ ਲਈ ਵਢ੍ਹਾਈ ਅਤੇ ਗਹਾਈ ਦਾ ਲਿਖ਼ਤੀ ਅਹਿਦ ਹੋ ਗਿਆ।

ਇਹ ਦੋਵੇਂ ਘਟਨਾਵਾਂ ਹੇਠ ਉਤੇ ਵਾਪਰੀਆਂ ਸਨ। ਆਪਣੇ ਮਨੋਂ ਮੈਂ ਖ਼ੁਸ਼ ਸਾਂ ਕਿ ਪਾਰਟੀ ਛੱਡਣ ਦੇ ਬਾਵਜੂਦ ਮੈਂ ਵੱਡੇ ਮਾਰਕ੍ਹੇ ਮਾਰੇ ਸਨ, ਪਰ ਅਸਲ ਹਾਰ ਦਾ ਉਦੋਂ ਪਤਾ ਲੱਗਾ, ਜਦੋਂ ਜਿੱਤ ਦੀ ਖ਼ੁਸ਼ੀ ਵਿਚ ਮੇਰੇ ਪਿੰਡ ਰਵਦਾਸੀਆਂ ਦੇ ਵਿਹੜੇ ਵੱਡੇ ਇਕੱਠ ਵਿਚ ਜੱਗਾਂ ਨਾਲ ਸ਼ਰਾਬ ਵਰਤਾਈ ਜਾ ਰਹੀ ਸੀ ਤਾਂ ਮੇਰਾ ਪਿਤਾ (ਜੋ ਲੱਤੋਂ ਹਲਕਾ ਜਿਹਾ ਲੰਙ ਮਾਰ ਕੇ ਤੁਰਦਾ ਸੀ) ਸ਼ਰਾਬੀਆ ਦੇ ਭਰੇ ਇਕੱਠ ਕੋਲ ਆਇਆ ਅਤੇ ਉੱਚੀ ਉੱਚੀ ਬੋਲ ਕੇ ਲਾਣਤਾ ਪਾਉਣ ਲੱਗਾ ਕਿ ਆਖ਼ਿਰ ਉਹ ਕਿਸ ਖ਼ੁਸ਼ੀ ਵਿਚ ਦਾਰੂ ਪੀ ਰਹੇ ਸਨ, ਜਦ ਕਿ ਜੱਟਾਂ ਨੇ ਅਗਲੇ ਕਈ ਸਾਲਾਂ ਲਈ ਲਿਖ਼ਤੀ ਰੂਪ ਵਿਚ ਉਹਨਾਂ ਦੇ ਹੱਥ ਵੱਢ ਲਏ ਸਨ।

ਮੇਰਾ ਪਿਤਾ, ਜਿਹੜਾ ਸਮੇਤ ਮੇਰੇ ਸਮੁਚੇ ਕਾਮਰੇਡਾਂ ਨੂੰ 'ਕੰਮਰੇੜ੍ਹ' ਕਹਿ ਕੇ ਗਾਲ੍ਹਾਂ ਕਢਦਾ ਸੀ, ਪਹਿਲੀ ਵੇਰ ਇਕ ਪ੍ਰਬੁੱਧ ਅਤੇ ਇਮਾਨਦਾਰ ਕਾਮਰੇਡ ਲੱਗਾ, ਜਿਹੜਾ ਸਾਡੇ ਸਭ ਨਾਲੋਂ ਵੱਧ, ਮਜ਼ਦੂਰਾਂ ਦੇ ਹਿਤਾਂ ਨੂੰ ਜਾਣਦਾ ਸੀ ਅਤੇ ਸਿਧਾਂਤਕ ਸੂਝ ਦਾ ਮਾਲਕ ਸੀ।

ਪਛਤਾਵੇ ਦੇ ਉਹਨਾਂ ਦਿਨਾਂ ਵਿਚ ਮੈਂ ਮਨ ਹੀ ਮਨ ਫੈਸਲਾ ਕੀਤਾ ਕਿ ਜਦੋਂ ਵੀ ਕਦੇ ਇਨ੍ਹਾਂ ਘਟਨਾਵਾਂ ਦਾ ਸਾਹਿਤ ਵਿਚ ਰੁਪਾਂਤਰਣ ਹੋਇਆ ਮੇਰੇ ਪਿਤਾ ਦੇ ਪਾਤਰ ਰਾਹੀਂ ਹੋਵੇਗਾ। ਜਦੋਂ ਮੈਂ 'ਜਿਥੋਂ ਸੂਰਜ ਉਗਦਾ ਹੈ' ਕਹਾਣੀ ਲਿਖੀ ਤਾਂ ਮੈਂ ਪਿਛਲੀਆਂ ਦੋਹਾਂ ਘਟਨਾਵਾਂ ਦਾ ਜ਼ਿਕਰ ਕਰਨਾ ਚਾਹੁੰਦਾ ਸਾਂ, ਪਰ ਪਹਿਲੀ ਘਟਨਾ ਕਿਉਂਕਿ ਸ਼ਹਿਰੀ ਮਜ਼ਦੂਰਾਂ ਨਾਲ ਸੰਬੰਧਿਤ ਸੀ ਅਤੇ ਕਹਾਣੀ ਦੇ ਘੇਰੇ ਤੋਂ ਬਾਹਰ ਜਾਂਦੀ ਸੀ ਇਸ ਲਈ ਉਸਦਾ ਮਾਮੂਲੀ ਜ਼ਿਕਰ ਵੀ ਨਾ ਹੋ ਸਕਿਆ। ਪਰ ਦਾਣੇ ਵਧਾਉਣ ਵਾਲੀ ਘਟਨਾ ਦਾ ਮਾਮੂਲੀ ਜਿਹਾ ਜ਼ਿਕਰ ਕਰਨ ਦੀ ਖੁੱਲ ਮੈਂ ਲਈ ਹਾਲਾਂ ਕਿ ਘਟਨਾਂ ਭਾਵੇਂ ਵੱਡੀ ਸੀ ਪਰ ਕਹਾਣੀ ਨੇ



ਇਸ ਘਟਨਾ ਦਾ ਕੇਵਲ ਇਕੋ ਫਿਕਰਾ ਝੱਲਿਆ। ਇਉਂ 'ਜਿਥੋਂ ਸੂਰਜ ਉੱਗਦਾ ਹੈ' ਕਹਾਣੀ ਦਾ ਮੁੱਖ ਪਾਤਰ ਫੌਜੀ, ਅਸਲ ਵਿਚ ਮੇਰਾ ਪਿਤਾ ਹੀ ਹੈ। ਜਿਹੜਾ ਜਦੋਂ ਸ਼ਰਾਬੀਆਂ ਅਤੇ ਮੈਨੂੰ ਗਾਲ੍ਹਾਂ ਕੱਢ ਕੇ ਮੁੜਿਆ ਸੀ ਤਾਂ ਅਸੀਂ ਸਭ ਅਵਾਕ ਰਹਿ ਗਏ ਸਾਂ। ਅਤੇ ਮੁੜਕੇ ਬਜ਼ੁਰਗ ਦੀ ਸੋਟੀ ਦੂਰ ਤੱਕ ਗਲੀਆਂ ਵਿਚ ਡੰਮਰੂ ਵਾਂਗ ਖੜਕਦੀ ਸੁਣਦੇ ਰਹੇ ਸਾਂ...।

ਪਰ ਕਹਾਣੀ ਲਿਖਣ ਦਾ ਮੂਲ ਅਧਾਰ ਹੇਠ ਉਤੇ ਵਾਪਰੀਆਂ ਦੋ ਹੋਰ ਘਟਨਾਵਾਂ ਬਣੀਆਂ, ਜਿਹੜੀਆਂ ਵਾਪਰੀਆਂ ਤਾਂ ਭਾਵੇਂ ਵੱਖ ਵੱਖ ਥਾਵਾਂ 'ਤੇ ਸਨ ਪਰ ਕਹਾਣੀ ਲਿਖਣ ਸਮੇਂ ਮੈਂ ਇਨ੍ਹਾਂ ਨੂੰ ਇਕ ਥਾਂ ਇਕੱਠਿਆਂ ਕਰਕੇ ਇਕ ਦੂਜੀ ਦੇ ਵਿਰੋਧ ਵਿਚ ਖੜ੍ਹਿਆ ਕਰ ਦਿੱਤਾ ਅਤੇ ਕਹਾਣੀ ਦਾ ਕਲਾਈਮੈਕਸ ਕਮਾਲ ਦਾ ਬਣ ਗਿਆ। ਹਾਲਾਂ ਕਿ ਇਹ ਜੁਗਤ ਮੈਂ ਪਹਿਲਿਆਂ ਦੋ ਜਿੱਤਾਂ ਦੀ ਅੰਦਰੂਨੀਂ ਹਾਰ ਤੋਂ ਸਿੱਖੀ ਸੀ, ਅਤੇ ਇਸ ਸਿੱਟੇ 'ਤੇ ਪੁੱਜਾ ਸਾਂ ਕਿ ਜ਼ਰੂਰੀ ਨਹੀਂ ਸਿਧਾਂਤ ਹਰ ਵੇਰੀਂ ਮਜ਼ਲੂਮਾਂ ਦੇ ਹਿੱਤਾਂ ਵਿਚ ਹੀ ਭੁਗਤਦੇ ਰਹਿਣ... ਸਗੋਂ ਕਈ ਵੇਰ ਸਿਧਾਂਤ ਆਪਣੇ ਪੈਰੀ ਆਪ ਹੀ ਕੁਹਾੜਾ ਮਾਰ ਰਹੇ ਹੁੰਦੇ ਹਨ, ਜਿਨ੍ਹਾਂ ਦਾ ਸਹੀ ਨਿਤਾਰਾ ਕਿਤਾਬਾਂ ਨਹੀਂ, ਸਗੋਂ ਨਿਜੀ ਅਨੁਭਵ ਵਧੇਰੇ ਕਰਦਾ ਹੈ।

ਇਉਂ ਪਹਿਲੀਆਂ ਦੋ ਘਟਨਾਵਾਂ ਤੋਂ ਮੈਂ ਕੇਵਲ ਫੌਜੀ ਦੇ ਰੂਪ ਵਿਚ ਕਿਰਦਾਰ , ਪਿਤਾ ਤੋਂ ਲਿਆ ਅਤੇ ਦੋ ਅੱਗੇ ਜ਼ਿਕਰ ਕੀਤੀਆਂ ਗਈਆਂ ਘਟਨਾਵਾਂ, ਫੌਜੀ ਦੇ ਕਿਰਦਾਰ ਨਾਲ ਜੋੜ ਲਈਆਂ। ਫ਼ਰਕ ਕੇਵਲ ਇਤਨਾਂ ਪਾਇਆ ਕਿ ਜਿਹੜੀ ਘਟਨਾਂ ਪਹਿਲਾਂ ਵਾਪਰੀ ਸੀ ਉਸਨੂੰ ਵਿਰੋਧ ਵਿਚ ਰੱਖਿਆ ਗਿਆ ਅਤੇ ਜਿਹੜੀ ਘਟਨਾਂ ਪਿਛੋਂ ਵਾਪਰੀ ਸੀ ਉਸਨੂੰ ਮੈਟਾਫਰ ਦੇ ਤੌਰ ਤੇ ਕਥਾ ਕੇ ਕੇਂਦਰ ਵਿਚ ਰੱਖ ਲਿਆ।

ਇਹ ਘਟਨਾਵਾਂ ਕੁਝ ਇੰਝ ਵਾਪਰੀਆਂ।

ਮੈਂ ਦੋ ਕਾਰੀਗਰਾਂ ਅਤੇ ਦੋ ਦੀਹਾੜੀਦਾਰਾਂ ਨਾਲ ਦਲਬੀਰ ਚੇਤਨ ਦੇ ਪਿੰਡ ਤਾਰਾਗੜ੍ਹ ਉਸਦਾ ਮਕਾਨ ਬਣਾਉਣ ਗਿਆ। ਪਟਿਆਲਿਓ ਸੰਦ-ਸਦੇੜੇ ਨਾਲ ਅਸੀਂ ਹਨੇਰੇ ਪਏ ਜੰਡਿਆਲੇ ਅੱਡੇ 'ਤੇ ਉੱਤਰੇ। ਅੰਦਰਲੇ ਅੱਡੇ 'ਤੇ ਆਏ ਤਾਂ ਪਤਾ ਲੱਗਾ ਕਿ ਮਹਿੰਗਾਈ ਕਾਰਨ ਰਿਕਸ਼ੇ ਅਤੇ ਟਾਂਗੇ ਵਾਲਿਆਂ ਨੇ ਸੁਆਰੀ ਪਿਛੇ ਅਠਿਆਨੀ ਕਿਰਾਇਆ ਵਧਾ ਲਿਆ ਸੀ ਜਿਸਦਾ ਜੱਟਾਂ ਨੇ ਏਨਾਂ ਵਿਰੋਧ ਕੀਤਾ ਸੀ ਕਿ ਉਹਨਾਂ , ਏਕਲਗੱਡਾ, ਧਾਰੜਾਂ, ਕੋਟ ਫੱਤਾ ਅਤੇ ਤਾਰਾਗੜ੍ਹ ਦੇ ਪਿੰਡਾਂ ਨੂੰ ਇਕਠਿਆਂ ਕਰਕੇ ਹਰ ਪਿੰਡ ਦੀਆਂ ਦੋ ਦੋ ਟਰਾਲੀਆਂ ਸੁਆਰੀਆਂ ਢੋਣ ਲਈ ਲਾ ਦਿੱਤੀਆਂ ਸਨ ਅਤੇ ਰਿਕਸ਼ੇ ਟਾਂਗਿਆਂ ਵਾਲਿਆਂ ਨੂੰ ਵਿਹਲੇ ਕਰਕੇ ਘਰ ਬਿਠਾ ਦਿੱਤਾ ਹੋਇਆ ਸੀ। ਅਸੀਂ ਤਾਰਾਗੜ੍ਹ ਜਾਣ ਲਈ ਇਕ ਟਾਂਗੇ 'ਤੇ ਚੜ੍ਹਨ ਲੱਗੇ ਤਾਂ ਸਾਨੂੰ ਰੋਕ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਅਸੀਂ ਕਿਸੇ ਵੀ ਰਿਕਸ਼ੇ 'ਤੇ ਨਹੀਂ ਚੜ੍ਹਨ ਦੇਣਾ, ਸਾਨੂੰ ਭਾਵੇਂ ਕੋਈ ਪੈਸਾ ਨਾ ਦੇਣਾ।

ਮੈਂ ਅੱਡੇ ਵਿਚ ਹੀ ਇਸ ਧੱਕੇ ਦਾ ਵਿਰੋਧ ਕੀਤਾ ਅਤੇ ਦਲੀਲ ਦਿੱਤੀ ਕਿ ਜੇਕਰ ਕੱਲ ਨੂੰ ਕਿਸੇ ਜੁੱਤੀ ਬਣਾਉਣ ਵਾਲੇ ਨੇ ਪੈਸੇ ਵਧਾ ਦਿੱਤੇ ਤਾਂ ਕੀ ਉਹ ਖ਼ੁਦ ਜੁੱਤੀਆਂ ਬਣਾਉਣ ਲੱਗ ਜਾਣਗੇ ? ਖ਼ੈਰ ਮੈਨੂੰ ਇਸ ਦਲੀਲ ਦਾ ਇਹ ਖਮਿਆਜਾ ਭੁਗਤਣਾ ਪਿਆ ਕਿ ਟਰਾਲੀ 'ਤੇ ਚੜ੍ਹਨ ਤੋਂ ਅਸੀਂ ਨਾਂਹ ਕਰ ਦਿੱਤੀ ਅਤੇ ਟਾਂਗੇ ਰਿਕਸ਼ੇ ਤੇ ਸਾਨੂੰ ਕਿਸੇ ਨੇ ਚੜਨ ਨਾ ਦਿੱਤਾ। ਸਿਟੇ ਵਜੋਂ ਪਿੰਡ ਤੱਕ ਦਾ ਪੰਜ ਕਿਲੋ ਮੀਟਰ ਪੈਂਡਾ ਪੈਦਲ ਤੁਰ ਕੇ ਤਹਿ ਕਰਨਾ ਪਿਆ।

ਪਿੰਡ ਆ ਕੇ ਦਲਬੀਰ ਚੇਤਨ ਨਾਲ ਗੱਲ ਕੀਤੀ, ਉਹਨੇਂ ਸਾਫ਼ ਕਿਹਾ ਕਿ ਰਿਕਸ਼ੇ ਟਾਂਗਿਆ ਨਾਲ ਭਾਵੇਂ ਸਚਮੁਚ ਧੱਕਾ ਹੋ ਰਿਹਾ ਸੀ ਪਰ ਉਹ ਬਿਰਾਦਰੀ ਤੋਂ ਬਾਹਰ ਨਹੀਂ ਸੀ ਜਾ ਸਕਦਾ। ਦੂਜੇ, ਉਸਦਾ ਧਾਰੜਾਂ ਪਿੰਡ ਦੇ ਸਕੂਲ ਉਤੇ ਇਸ ਵਿਰੋਧਤਾ ਦਾ ਅਸਰ ਪੈ ਸਕਦਾ ਸੀ।

ਗੁੱਸੇ ਵਿਚ ਮੈਂ ਖੁਦ ਹੀ ਤਾਰਾਗੜ੍ਹ ਦੇ ਮਜ਼ਬੀਆਂ ਵਿਹੜੇ ਚਲਾ ਗਿਆ ਅਤੇ ਰਿਕਸ਼ੇ ਟਾਂਗੇ ਵਾਲਿਆਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੈਂ ਹੈਰਾਨ ਰਹਿ ਗਿਆ ਜਦੋਂ ਮੈਨੂੰ ਇਹ ਅਹਿਸਾਸ ਹੋਇਆ ਕਿ ਰਿਕਸ਼ੇ ਟਾਂਗੇ ਵਾਲਿਆਂ ਦੀ ਜੁੱਤੀ ਨੂੰ ਵੀ ਉਸ ਧੱਕੇ ਦਾ ਫਿਕਰ ਨਹੀਂ ਸੀ। ਨਾ ਹੀ ਉਹ ਇਹਦੇ ਬਾਰੇ ਗੱਲ ਕਰਨ ਨੂੰ ਤਿਆਰ ਸਨ। ਹਾਰ ਕੇ ਮੈਂ ਮਜਬ੍ਹੀ ਸਿੱਖਾਂ ਦੇ ਗੁਰਦੁਆਰੇ ਦਾ ਕੇ ਲਾਊਡ

ਸਪੀਕਰ ਰਾਹੀਂ ਚੌਂਕ ਵਿਚ ਇਕੱਠੇ ਹੋਣ ਹੀ ਬੇਨਤੀ ਕੀਤੀ ਅਤੇ ਕਿਹਾ ਕਿ ਜੇਕਰ ਕੁਝ ਸੱਜਣ ਇਕੱਠੇ ਹੋ ਕੇ ਚਾਹੁਣ ਤਾਂ ਇਹ ਧੱਕਾ ਬੰਦ ਕੀਤਾ ਜਾ ਸਕਦਾ ਹੈ। ਪਰ ਮੈਂ ਕਾਫ਼ੀ ਦੇਰ ਤੱਕ 'ਵਿਹੜੇ' ਦੇ ਚੌਂਕ ਵਿਚ ਬੈਠਾ ਰਿਹਾ ਅਤੇ ਸਿਵਾ ਪੰਜ ਸੱਤ ਸ਼ਰਾਬੀਆਂ ਦੇ ਕੋਈ ਵੀ ਨਾ ਆਇਆ। ਸਗੋਂ ਮੈਂ ਵੇਖਿਆ ਮਜਬੀ ਸਿੱਖਾਂ ਦੇ ਪੂਰੇ ਵਿਹੜੇ ਵਿਚ 5 ਰੁਪੈ ਦੀ ਕੌਲੀ ਅਤੇ 10 ਰੁਪੈ ਦੀ ਗਲਾਸੀ ਦੇਸੀ ਦਾਰੂ ਸਮ੍ਹੇ-ਆਮ ਵਿਕ ਰਹੀ ਸੀ ਜਿਹਨੂੰ ਜਨਾਨੀਆਂ ਵੀ ਵੇਚ ਰਹੀਆਂ ਸਨ। ਸਭ ਦੇ ਘਰਾਂ ਵਿਚ ਗਲੀ ਵਿਚੋਂ ਲੰਘਦੀ ਬਿਜਲੀ ਦੀ ਤਾਰ ਵਿਚੋਂ ਸਿਧੀਆਂ ਤਾਰਾਂ ਜੋੜ ਕੇ ਬਲਬ ਜਗਾਏ ਹੋਏ ਸਨ ਅਤੇ ਇਸ ਗੱਲ ਦਾ ਅਫ਼ਸੋਸ ਜਾਂ ਫਿਕਰ ਕਰਨ ਦੀ ਥਾਂ ਕਿ ਉਹਨਾਂ ਦੇ ਰੋਜ਼ਗਾਰ ਤੇ ਲੱਤ ਮਾਰੀ ਗਈ ਸੀ, ਦਾਰੂ ਪੀ ਕੇ ਚਾਂਗਰਾਂ ਮਾਰਨ ਵਰਗੀ ਹਾਲਤ ਵਿਚ ਸਗੋਂ ਖੁਸ਼ ਹੋ ਰਹੇ ਸਨ ਕਿ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਉਹਨਾਂ ਵਾਂਗ ਟਰਾਲੀਆਂ 'ਤੇ ਸੁਆਰੀਆਂ ਢੋਅ ਰਹੇ ਸਨ।

ਹਾਲੇ ਮੈਂ ਉਹਨਾਂ ਦੀ ਮੂਰਖਤਾ 'ਤੇ ਬੋਲਣਾ ਹੀ ਸ਼ੁਰੂ ਕੀਤਾ ਸੀ ਕਿ ਇਕ ਦੋ ਮੋਹਿਤਬਰ ਆ ਗਏ ਅਤੇ ਕਹਿਣ ਲੱਗੇ ਕਿ ਜੇ ਮੈਂ ਮਜ਼ਦੂਰੀ ਕਰਨ ਆਇਆ ਸਾਂ ਤਾਂ ਮਜ਼ਦੂਰ ਬਣ ਕੇ ਹੀ ਰਹਾਂ। ਇਕ ਨੇ ਤਾਂ ਸਾਫ਼ ਹੀ ਕਿਹਾ ਕਿ ਐਵੇਂ ਚਾਅ ਚਾਅ 'ਚ ਦੱਖੂ ਦਾਣਾ ਨਾ ਲੈ ਲੀਂ ਕਿਤੇ। ਅਸੀਂ ਤਾਂ ਚਾਹੀਏ ਇਹਨਾਂ ਮਜ਼ਬੀਆਂ ਦਾ ਮੂਤ ਬੰਦ ਕਰ ਦਈਏ, ਤੂੰ ਕਿਹੜੀ ਹਵਾ 'ਚ ਫ਼ਿਰਦੈ? ਕੁੜੀ ਦਿਆਂ ਖਸਮਾਂ ਨੇ ਮਰਜੀ ਨਾਲ ਈ ਕਰਾਇਆ ਵਧਾ ਲਿਆ। ਕਿਸੇ ਪਰ੍ਹੇ ਪੰਚਾਇਤ ਨੂੰ ਪੁਛਿਆ ਤੱਕ ਨਹੀਂ।

ਏਨੇਂ ਨੂੰ ਦਲਬੀਰ ਚੇਤਨ ਦਾ ਚਾਚਾ ਬੇਅੰਤ ਅਤੇ ਚਚੇਰਾ ਭਰਾ ਕਸ਼ਮੀਰ ਮੈਨੂੰ ਇਹ ਦਲੀਲ ਦੇਂਦੇ ਘਰ ਲੈ ਗਏ ਕਿ ਇਹਨਾਂ ਖੱਸੀ ਲੋਕਾਂ ਤੋਂ ਮੈਂ ਕੀ ਭਾਲਦਾ ਸਾਂ? ਦਲਬੀਰ ਵੀ ਮੇਰੇ ਖਾਹਮਖਾਹ ਦਖ਼ਲ ਦੇਣ 'ਤੇ ਖੁਸ਼ ਨਹੀਂ ਸੀ। ਪਰ ਮੈਂ ਅਗਲੇ ਦਿਨ ਸਵੇਰੇ ਬੰਦੇ ਕੰਮ 'ਤੇ ਲਾਏ ਅਤੇ ਆਪ ਇਕ ਦਲਬੀਰ ਚੇਤਨ ਦੇ ਹੀ ਵਾਕਿਫ਼ ਵਕੀਲ ਦੁਆਰਾ ਪਟੀਸ਼ਨ ਦਾਖ਼ਲ ਕਰਕੇ ਵਹੀਕਲ ਐਕਟ ਅਧੀਨ ਅਦਾਲਤੀ ਸਟੇਆ ਲੈ ਲਈ ਕਿ ਟਰਾਲੀਆਂ 'ਤੇ ਸੁਆਰੀਆਂ ਢੋਣਾ ਕਾਨੂੰਨੀ ਉਲੰਘਣਾ ਸੀ। ਦੁਪਹਿਰ ਤੱਕ ਪੁਲਿਸ ਨੇ ਅੱਡੇ ਵਿਚੋਂ ਟਰਾਲੀਆਂ ਹਟਾ ਦਿੱਤੀਆਂ। ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਮੈਂ ਦੇਖਿਆ ਕਿ ਜ਼ਿਮੀਦਾਰਾਂ ਦੀ ਦਹਿਸ਼ਤ ਅਤੇ ਨਰਾਜ਼ਗੀ ਤੋਂ ਡਰਦਿਆਂ ਸ਼ਾਮ ਤੱਕ ਅੱਡੇ ਵਿਚ ਕੋਈ ਰਿਕਸ਼ਾ ਟਾਂਗਾ ਨਾ ਆਇਆ ਇਥੋਂ ਤੱਕ ਕਿ ਧਾਰੜਾਂ ਅਤੇ ਤਾਰਾਗੜ੍ਹ ਦੇ ਗੁਰਦੁਆਰੇ ਵਿਚਲੇ ਸਪੀਕਰਾਂ 'ਤੇ ਬੋਲਣ ਪਿਛੋਂ ਵੀ ਕਿਸੇ ਨੂੰ ਇਤਬਾਰ ਨਾ ਆਇਆ ਕਿ ਟਰਾਲੀਆਂ ਹਟਾ ਦਿੱਤੀਆਂ ਗਈਆਂ ਸਨ।

ਦਲਬੀਰ ਚੇਤਨ ਇਸ ਗੱਲ ਤੇ ਬੇਹਦ ਨਰਾਜ਼ ਹੋਇਆ ਕਿ ਮੈਂ ਬਿਰਾਦਰੀ ਦੇ ਕਈ ਅਜਿਹੇ 'ਬੰਦੇ' ਨਾਰਾਜ਼ ਕਰ ਲਏ ਸਨ ਜਿਨ੍ਹਾਂ ਦੇ ਘਰਾਂ ਵਿਚ ਉਹ ਮੈਨੂੰ ਮਜ਼ਦੂਰੀ ਦਿਵਾ ਸਕਦਾ ਸੀ। ਰਿਕਸ਼ੇ ਟਾਂਗਿਆ ਵਾਲਿਆਂ ਨੂੰ ਧਮਕੀਆਂ ਮਿਲਣ ਬਾਰੇ ਵੀ ਪਤਾ ਲੱਗਾ, ਜਿਸ ਵਿਚ ਟਰਾਲੀਆਂ ਵਾਲਿਆਂ ਕਿਹਾ ਕਿ ਡੰਗਰਾਂ ਲਈ ਪੱਠਾ ਦੱਥਾ ਲੈਣ ਆਇਉ ਖੇਤ, ਫਿਰ ਦਿਆਂਗੇ ਤੁਹਾਡੀਆਂ ਨਾਸਾਂ ਵਿਚ ਧੂੰ... ਜਿਸਦਾ ਸਿੱਟਾ ਇਹ ਨਿਕਲਿਆ ਕਿ ਇਕ ਦਿਨ ਮਜਬੀ ਸਿੱਖਾਂ ਨੇ ਗੁਰਦੁਆਰੇ ਬੁਲਾ ਕੇ ਮੇਰੀ ਚੰਗੀ ਲਾਹ ਪਾਹ ਕੀਤੀ ਕਿ ਮੈਂ ਬਿਨਾ ਮਤਲਬ ਉਹਨਾਂ ਲਈ ਕੰਡੇ ਬੀਜ ਦਿੱਤੇ ਸਨ। ਥੋੜ੍ਹੇ ਦਿਨਾਂ ਨੂੰ ਉਹਨਾਂ ਆਪ ਹੀ ਟਰਾਲੀਆਂ ਹਟਾ ਲੈਣੀਆਂ ਸਨ। ਅਦਾਲਤ ਵਿਚ ਜਾਣ ਦੀ ਕੀ ਲੋੜ ਸੀ।

ਮੈਂ ਸਾਰੀ ਸਥਿਤੀ ਤੋਂ ਉਦਾਸ ਦਲਬੀਰ ਦੇ ਪਿੰਡੋਂ ਜਾਣ ਲਈ ਬਹਾਨਾ ਲੱਭ ਰਿਹਾ ਸਾਂ, ਕਿ ਮਕਾਨ ਦੀਆਂ ਛੱਤਾਂ ਪੈਂਦਿਆਂ ਹੀ ਮੈਨੂੰ ਪਟਿਆਲੇ ਤੋਂ ਇਕ ਮੇਰੇ ਹੀ ਪਿੰਡ ਦੇ ਧਨਾਢ ਵਿਅਕਤੀ ਮੋਹਨ ਸਿੰਘ ਨਕੱਈ ਦਾ ਸੱਦਾ ਆ ਗਿਆ ਅਤੇ ਮੈਂ ਰਿਕਸ਼ੇ ਟਾਂਗੇ ਵਾਲਿਆਂ ਅਤੇ ਦਲਬੀਰ ਚੇਤਨ ਦੀ ਨਰਾਜ਼ਗੀ ਲੈ ਕੇ ਪਿੰਡ ਪਰਤ ਆਇਆ।

ਮੋਹਨ ਸਿੰਘ ਨਕੱਈ ਨੇ ਸ਼ੈਲਰ ਬਣਾਉਣਾ ਸੀ, ਪਰ ਉਹਨੇ ਕੰਮ ਦੇਣ ਬਦਲੇ ਸ਼ਰਤ ਰੱਖੀ ਕਿ ਮੈਂ ਉਸਦੇ ਖੇਤਾਂ ਨੂੰ ਨਹਿਰ ਦੇ ਮੋਘੇ ਨੇੜਿਓਂ ਇੱਟਾਂ ਪੱਟ ਕੇ ਮੋਘੇ ਨੂੰ ਏਨਾ ਚੌੜਾ ਕਰ ਦੇਵਾਂ ਕਿ ਉਸਦੀ 30 ਕਿੱਲੇ ਜੀਰੀ ਵਿਚ ਨਹਿਰੀ ਪਾਣੀ ਨਾਲ ਜਲ ਥਲ ਹੋ ਸਕੇ।

ਕੰਮ ਦੇ ਲਾਲਚ ਵਸ ਮੈਂ ਬੜੀ ਕਾਰਾਗਰੀ ਨਾਲ ਇਸ ਢੰਗ ਨਾਲ ਮੋਘਾ ਚੌੜਾ ਕੀਤਾ ਕਿ ਆਪ



ਆਦਮੀ ਨੂੰ ਪਤਾ ਨਹੀਂ ਸੀ ਲਗਦਾ। ਪਰ ਜਦੋਂ ਉਸ ਝਾਲ ਤੇ ਲੱਗੇ ਦੂਜੇ ਮੋਘਿਆਂ ਵਿਚ ਪਾਣੀ ਘਟਣ ਦੀ ਘੁਸਰ ਮੁਸਰ ਹੋਣ ਲੱਗੀ ਤਾਂ ਮੈਂ ਇਕ ਗੁਪਤ ਚਿੱਠੀ ਰਾਹੀਂ ਨਹਿਰੀ ਮਹਿਕਮੇਂ ਨੂੰ ਸੂਚਿਤ ਕੀਤਾ, ਪਰ ਨਹਿਰੀ ਮਹਿਕਮੇਂ ਵਾਲੇ ਆ ਕੇ ਮੋਹਨ ਸਿੰਘ ਨਾਲ ਸਗੋਂ ਪੱਕੀ-ਠੱਕੀ ਕਰ ਗਏ ਕਿ ਪਰਵਾਹ ਨਾ ਕਰੋ, ਗੱਫਾ ਦਿਓ ਅਤੇ ਮੋਘ ਚਲਦਾ ਰਹਿਣ ਦਿਉ।

ਮੈਂ ਆਪਣੇ ਕੁਝ ਸਾਥੀਆਂ ਨਾਲ ਪਿੰਡ ਦੇ ਉਹ ਲੋਕ ਇਕੱਠੇ ਕੀਤੇ ਜਿਹੜੇ ਪਾਣੀ ਘਟਣ ਕਰਕੇ ਪ੍ਰਭਾਵਿਤ ਸਨ ਅਤੇ ਕਿਸੇ ਵੀ ਹਾਲਤ ਵਿਚ ਇਸ ਧੱਕੇ ਨੂੰ ਰੋਕਣਾ ਚਾਹੁੰਦੇ ਸਨ। ਮੇਰੇ ਹੀ ਘਰ ਦੇ ਸਾਮ੍ਹਣੇ ਕੁਆਪਰੇਟਿਵ ਸਟੋਰ ਵਿਚ ਇਕ ਭਰਵਾ ਇਕੱਠ ਹੋਇਆ। ਪਹਿਲਾਂ ਤਾਂ ਲੋਕ ਸੀਰੀਅਸ ਹੀ ਨਾ ਹੋਏ, ਜੇ ਮੈਂ ਭਰੀ ਸਭਾ ਵਿਚ ਇਹ ਕਿਹਾ ਕਿ ਮੈਂ ਖੁਦ ਲਿਖ ਕੇ ਦੇਣ ਨੂੰ ਤਿਆਰ ਹਾਂ ਕਿ ਮੇਰੇ ਰਾਹੀਂ ਮੋਘਾ ਤੁੜਵਾਇਆ ਗਿਆ ਹੈ। ਤਦ ਕੁਝ ਬੰਦੇ ਸ਼ਿਕਾਇਤ ਲਈ ਤਿਆਰ ਹੋ ਗਏ। ਪਰ ਜਿਉਂ ਹੀ ਇਕੱਠ ਵਿਚ ਸਰਦਾਰ ਦੇ ਬੈਠਣ ਲਈ ਚਿੱਟੇ ਕੁਸ਼ਨਾਂ ਵਾਲੀ ਕੁਰਸੀ ਅਤੇ ਸਾਈਡ ਤੇ ਰੱਖਣ ਲਈ ਅਖਰੋਟ ਦੀ ਲੱਕੜ ਦਾ ਬਣਿਆ ਨਿੱਕਾ ਜਿਹਾ ਮੇਜ ਆਇਆ। ਲੋਕ ਖਿਸਕਣੇ ਸ਼ੁਰੂ ਹੋ ਗਏ।

ਜਦ ਨੂੰ ਸਰਦਾਰ ਆਇਆ, ਥੜ੍ਹੇ ਤੇ ਅਸੀਂ ਤਿੰਨ ਚਾਰ ਬੰਦੇ ਬੈਠੇ ਸਾਂ। ਪਰ ਕਮਾਲ ਦੀ ਗੱਲ ਇਹ ਕਿ ਸਰਦਾਰ ਇਕੱਲਾਂ ਨਹੀਂ ਸੀ ਆਇਆ, ਚੌਲਾਂ ਦੀ ਦੇਗ ਬਣਵਾ ਕੇ ਲਿਆਇਆ ਸੀ ਕਿ ਸਵੇਰ ਦੇ ਜਿਹੜੇ ਲੋਕ ਉਸਦੇ ਖਿਲਾਫ਼ ਬੈਠੇ ਸਨ ਉਹਨਾਂ ਦੇ ਖਾਣ ਪੀਣ ਦਾ ਇੰਤਜ਼ਾਮ ਵੀ ਤਾਂ ਚਾਹੀਦਾ ਸੀ। ਇਸ ਲਈ ਉਹਨੇ ਮੇਰੇ ਘਰ ਦੇ ਸਾਮ੍ਹਣੇ ਗੁਰਦੁਆਰੇ ਵਿਚੋਂ ਲਾਊਡ ਸਪੀਕਰ ਤੇ ਅਨਾਉਂਸ਼ ਕਰਵਾਇਆ ਕਿ ਲੋਕ ਹੁੰਮ ਹੁਮਾ ਕੇ ਆਉਣ ਤੇ ਲੰਗਰ ਛਕਣ...।

ਮੈਨੂੰ ਕੋਲ ਸੱਦ ਕੇ ਕਹਿਣ ਲੱਗਾ, ਕਿ ਏਨੀਂ ਨਿੱਕੀ ਜਹੀ ਗੱਲ ਲਈ ਇਕੱਠ ਕਰਨ ਦੀ ਕੀ ਲੋੜ ਸੀ? ਕਿਰਪਾਲ ਸਿੰਘ ਤੂੰ ਮੈਨੂੰ ਆਪ ਹੀ ਕਹਿ ਦਿੰਦਾ। ਸੋ ਸਵੇਰੇ ਤੂੰ ਆਪ ਹੀ ਪੱਟੀਆਂ ਇੱਟਾਂ ਤੇ ਸੀਮੈਂਟ ਲਾ ਦੇਵੀਂ। ਮੈਂ ਉਸਦੀ ਫ਼ਿਰਾਖ਼ ਦਿਲੀ ਦਾ ਧੰਨਵਾਦ ਕੀਤਾ ਅਤੇ ਇਕੱਠ ਕਰਨ ਦੀ ਗੁਸਤਾਖੀ ਲਈ ਮੁਆਫ਼ੀ ਮੰਗੀ। ਅਗਲੇ ਦਿਨ ਨਹਿਰ ਵਿਚ ਕਰਾਹੇ ਲਾ ਕੇ ਪਾਣੀ ਦਾ ਮੋਘੇ ਕੋਲੋਂ ਵਹਾ ਬਦਲ ਕੇ ਮੈਂ ਤਿਥੇ ਸੀਮੈਂਟ ਨਾਲ ਕੀਤਾ ਪਾੜ ਭਰ ਦਿੱਤਾ ਜਿਸਨੂੰ ਸਰਦਾਰ ਨੇ ਪਿੰਡ ਦੀ ਹਾਜਰੀ ਵਿਚ ਕੋਲ ਖਲੋ ਕੇ ਭਰਵਾਇਆ।

ਸਰਦਾਰ ਦੀ ਜੈ ਜੈ ਕਾਰ ਹੋਈ, ਮੈਨੂੰ ਪਹਿਲਾਂ ਪਾੜ ਕਰਨ ਦੇ ਅਤੇ ਫਿਰ ਭਰਨ ਦੇ ਪੈਸੇ ਦਿੱਤੇ ਗਏ ਅਤੇ ਸਰਦਾਰ ਵੱਲੋਂ ਮਾਮੂਲੀ ਗੁੱਸਾ ਵੀ ਨਾ ਜਾਹਿਰ ਕੀਤਾ ਗਿਆ। ਸ਼ੈਲਰ ਦਾ ਕੰਮ ਵੀ ਨਾ ਖੋਹਿਆ ਗਿਆ। ਪਰ ਅਗਲੇ ਹੀ ਦਿਨ ਜਦੋਂ ਅਸੀਂ ਕੰਮ ਤੇ ਗਏ ਤਾਂ ਅਸੀਂ ਹਥੌੜੇ ਛੈਣੀ ਅਤੇ ਸਬੱਲ ਨੂੰ ਪਾਣੀ ਦੀ ਕਾਈ ਲੱਗੀ ਵੇਖੀ, ਪਤਾ ਲੱਗਾ ਕਿ ਨਹਿਰੀ ਮਹਿਕਮੇ ਦੇ ਵੱਡੇ ਅਫ਼ਸਰ ਨਹਿਰੀ ਬੇਲਦਾਰਾਂ ਨੂੰ ਲੈ ਕੇ ਰਾਤ ਨੂੰ ਹੀ ਫ਼ਿਰ ਮੋਘਾ ਤੁੜਵਾ ਕੇ ਚੌੜਾ ਕਰਵਾ ਗਏ ਸਨ।

*        *        *

ਇਨ੍ਹਾਂ ਹਾਰ ਦਰ ਹਾਰ ਘਟਨਾਵਾਂ ਦਾ ਸਿਲਸਲਾ ਮੇਰੇ ਜਿਹਨ ਵਿਚ ਬੁਰੀ ਤਰ੍ਹਾਂ ਫੱਸਿਆ ਹੋਇਆ ਸੀ ਅਤੇ ਇਹ ਗੱਲ ਸਮਝ ਵਿਚ ਨਹੀਂ ਸੀ ਆਉਂਦੀ ਕਿ ਆਖਰ ਅਸੀਂ ਜਿੱਤ ਕੇ ਵੀ ਕਿਉਂ ਹਾਰ ਜਾਂਦੇ ਸਾਂ...।

ਕੁਝ ਦਿਨਾਂ ਬਾਦ ਬਣਾਏ ਮਕਾਨ ਨੂੰ ਪੂਰਾ ਕਰਨ ਲਈ ਮੈਂ ਫਿਰ ਦਲਬੀਰ ਦੇ ਪਿੰਡ ਗਿਆ। ਮੈਂ ਫ਼ਿਰ ਕੋਈ ਗੁਸਤਾਖ਼ੀ ਨਾ ਕਰ ਦੇਵਾਂ ਇਸ ਲਈ ਪੂਰੀ ਕੰਬੋਜ਼ ਬਿਰਾਦਰੀ ਨੇ ਮੈਨੂੰ ਮੇਨ ਗੁਰਦੁਆਰੇ ਦੀ ਇਮਾਰਤ ਦਾ ਕੁਝ ਕੰਮ ਸੌਂਪਿਆ ਜਿਸਨੂੰ ਪੂਰਾ ਕਰਨ ਤੇ ਮੈਨੂੰ ਪੈਸੇ ਅਤੇ ਸਿਰੋਪਾ ਦੇ ਏਨੇ ਭਾਰ ਥੱਲੇ ਦੱਬ ਦਿੱਤਾ ਕਿ ਮੈਂ ਦੁਬਾਰਾ ਕਦੀ ਪਿੰਡ ਵਿਚ ਉੱਚੀ ਬੋਲਣ ਦੀ ਜੁਅਰਤ ਨਾ ਕਰ ਸਕਿਆ।

ਪਰ ਮੈਨੂੰ ਆਪਣੇ ਪਛਤਾਵੇ ਦਾ ਇਕੋ ਰਾਹ ਲਭਿਆ ਕਿ ਮੈਂ ਕਹਾਣੀ ਲਿਖਾਂ, ਸੋ ਇਹ ਕਹਾਣੀ ਮੈਂ ਦਲਬੀਰ ਚੇਤਨ ਦੇ ਘਰ ਮਜ਼ਦੂਰੀ ਕਰਦਿਆਂ, ਰਾਤ ਨੂੰ ਵਿਹਲ ਦੇ ਸਮੇਂ ਲਿਖੀ, ਉਦੋਂ ਤੱਕ ਕਹਾਣੀ ਦੇ ਮੁੱਖ ਪਾਤਰ ਮੇਰੇ ਪਿਤਾ ਦੀ ਮੌਤ ਹੋਈ ਨੂੰ 14 (ਚੌਦਾਂ) ਸਾਲ ਬੀਤ ਚੁੱਕੇ ਸਨ।

*        *        *

*ਪੋਸਟ ਸਕਰਿਪਟ*

ਮੈਂ ਕਹਾਣੀ ਲਿਖ ਤਾਂ ਲਈ ਪਰ ਮੈਂ ਦਲਬੀਰ ਚੇਤਨ ਨੂੰ ਨਾ ਪੜ੍ਹਾਈ, ਪਟਿਆਲੇ ਆਇਆ ਤਾਂ ਸੁਰਿੰਦਰ ਸ਼ਰਮਾਂ ਨਵਾਂ ਨਵਾਂ ਡੀ. ਸੀ. ਡਬਲਯੂ ਵਿਚ ਬਨਾਰਸ ਤੋਂ ਆਇਆ ਸੀ। ਮੈਂ ਇਕ ਦਿਨ ਦੁਪਹਿਰ ਨੂੰ ਉਸਦੇ ਆਰਜੀ ਦਫ਼ਤਰ ਥਾਪਰ ਕਾਲਜ ਦੇ ਨੇੜੇ ਇਕ ਸੂਏ ਕੰਢੇ ਬੜੀ ਵੀਰਾਨ ਜਹੀ ਥਾਂ ਤੇ ਕਹਾਣੀ ਪੜ੍ਹੀ ਤਦ ਤੱਕ ਮੈਂ ਕਹਾਣੀ ਦਾ ਨਾਂ ਨਹੀਂ ਸੀ ਰੱਖਿਆ। ਕਹਾਣੀ ਸੁਣ ਕੇ ਉਹ ਚੁੱਪ ਹੋ ਗਿਆ, ਮੈਂ ਕਿਹਾ ਕਹਾਣੀ ਦਾ ਨਾਂ ਕੀ ਰੱਖਾਂ ? ਉਹਨੇ ਕਿਹਾ ਪਹਿਲਾਂ ਦੱਸ ਤੂੰ ਕਹਾਣੀ ਲਿਖੀ ਕਿਉਂ ਹੈ? ਮੈਂ ਕੇਵਲ ਇਤਨਾਂ ਕਿਹਾ ਕਿ ਆਖਰ ਇਸ ਖੱਸੀ ਸਿਸਟਮ ਵਿਚ ਨਾਇਕ ਕਿਥੋਂ ਆਏਗਾ?

ਕਹਾਣੀ ਦੇ ਨਾਂ 'ਤੇ ਆ ਕੇ ਅਸੀਂ ਦੋਵੇਂ ਆਪਣੀ ਆਪਣੀ ਦਲੀਲ ਤੇ ਅੜ ਗਏ ਮੈਂ ਕਿਹਾ 'ਜਿਥੋਂ ਸੂਰਜ ਉੱਗੇਗਾ' ਸੁਰਿੰਦਰ ਅੜ ਗਿਆ ਕਿ ਨਹੀਂ ਇਹ ਦੁਬਿਧਾ ਵਾਲਾ ਨਾਂ ਹੈ। ਬੜੀ ਬਹਿਸ ਮਗਰੋਂ ਅੰਤ ਉਸਦਾ ਸੁਝਾਓ ਮੰਨ ਕੇ ਕਹਾਣੀ ਦਾ ਨਾਂ ਰੱਖਿਆ, 'ਜਿਥੋਂ ਸੂਰਜ ਉਗਦਾ ਹੈ'

*ਅੰਤਿਕਾ*

*ਇਸ ਕਹਾਣੀ ਤੇ ਇਕ ਟੀ. ਵੀ. ਸੀਰੀਅਲ ਬਣਿਆ ਜਿਸਦਾ ਟਾਈਟਲ ਗੀਤ ਸੁਰਜੀਤ ਪਾਤਰ ਨੇ ਲਿਖਿਆ।

*ਇਸ ਕਹਾਣੀ ਤੇ ਇਕ ਟੈਲੀਫਿਲਮ ਬਣ ਕੇ ਅੰਗਰੇਜ਼ੀ ਪੰਜਾਬੀ ਵਿਚ ਡੱਬ ਹੋਈ, ਜਿਸ ਵਿਚ ਫੌਜੀ ਦਾ ਕਿਰਦਾਰ ਪ੍ਰਸਿੱਧ ਆਦਾਕਾਰ ਰਵਿੰਦਰ ਬਾਠ ਨੇ ਕੀਤਾ ਅਤੇ ਮਾਸਟਰ ਜੀ ਦਾ ਰੋਲ ਸੁਰਿੰਦਰ ਸ਼ਰਮਾਂ ਨੇ ਕੀਤਾ ਅਤੇ ਕਹਾਣੀ ਦੇ ਸ਼ੁਰੂ ਵਿਚ ਕਾਰਖਾਨੇ ਵਿਚ ਕੰਮ ਕਰਦੇ ਤਰਖਾਣ ਦਾ ਰੋਲ ਇਨ੍ਹਾਂ ਸਤਰਾਂ ਦੇ ਲੇਖਕ ਨੇ ਕੀਤਾ।

*ਇਸ ਕਹਾਣੀ ਤੇ ਗੁਰਸ਼ਰਨ ਭਾਅ ਜੀ ਨੇ ਵੀ ਨਾਟਕ ਕੀਤਾ (ਕਿਸੇ ਐਕਟਰ ਦੇ ਦਸਣ ਮੁਤਾਬਿਕ)

*ਇਸ ਕਹਾਣੀ ਨੂੰ ਹਾਲੀਵੁੱਡ ਦੇ ਪ੍ਰਸਿਧ ਫਿਲਮ ਮੇਕਰ ਮਨਜੀਤ ਮਨੀ ਨੇ ਡਾਇਰੈਕਟਰ ਕੀਤਾ।

*ਇਸ ਕਹਾਣੀ ਨੂੰ ਰੂਸੀ ਭਾਸ਼ਾ ਵਿਚ ਜਕਾਰੀਆਂ ਸਲਾਤੋਵਾ ਨੇ ਅਨੁਵਾਦ ਕੀਤਾ ਤੇ ਇਹ ਰੂਸ ਵਿਚ ਵੀ ਛਪੀ।

*ਇਹ ਕਹਾਣੀ ਹਿੰਦੀ, ਗੁਜਰਾਤੀ ਅਤੇ ਅੰਗਰੇਜ਼ੀ ਵਿਚ ਵੀ ਅਨੁਵਾਦ ਹੋਈ।

*ਇਹ ਕਹਾਣੀ ਪੰਜਾਬੀ ਯੂਨੀਵਰਸਿਟੀ ਦੇ ਬੀ. ਏ. ਪਾਠ ਵਿਚ ਪਿਛਲੇ ਲੰਮੇ ਸਮੇਂ ਤੋਂ ਪੜਾਈ ਜਾਂਦੀ ਰਹੀ ਹੈ।

*ਇਸ ਕਹਾਣੀ ਨੂੰ ਲਿਖਣ ਸਮੇਂ ਮੈਨੂੰ ਵਾਰ ਵਾਰ ਨਹੀਂ ਲਿਖਣਾ ਪਿਆ।

*ਪਿਛੇ ਦਰਸਾਈਆਂ ਘਟਨਾਵਾਂ ਜੋ ਹਾਰ ਦੇ ਰੂਪ ਵਿਚ ਮੈਨੂੰ ਦਰਪੇਸ਼ ਆਈਆਂ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਹੀ ਮੈਂ ਕਹਾਣੀ ਲਿਖੀ।

*ਮੈਂ ਕਦੇ ਵੀ ਨਹੀਂ ਸੋਚਿਆ ਕਿ ਕਦੇ ਮੈਨੂੰ ਇਸ ਕਹਾਣੀ ਨੂੰ ਲਿਖਣ ਬਾਰੇ ਦੱਸਣਾ ਵੀ ਪਵੇਗਾ।

o



**ਡਾ. ਜਸਵਿੰਦਰ ਕੌਰ ਬਿੰਦਰਾ**

## 'ਜਿੱਥੋਂ ਸੂਰਜ ਉੱਗਦਾ ਹੈ' -ਕਿਰਤੀ ਲੋਕਾਂ ਦੇ ਘਾਣ ਦੀ ਗਾਥਾ

ਕਿਰਪਾਲ ਕਜ਼ਾਕ ਇਕ ਅਜਿਹਾ ਕਹਾਣੀਕਾਰ ਹੈ, ਜੋ ਥੋੜਾ ਲਿਖ ਕੇ ਵੀ ਕਹਾਣੀ ਖੇਤਰ ਵਿੱਚ ਆਪਣੀ ਨਿਵੇਕਲੀ ਥਾਂ ਬਣਾਉਣ ਵਿੱਚ ਕਾਮਯਾਬ ਹੋਇਆ ਹੈ। ਪੇਂਡੂ ਤੇ ਕਿਰਸਾਨੀ ਜਨ-ਜੀਵਨ ਦੀਆਂ ਕਹਾਣੀਆਂ ਵਿਚ ਖਾਸ ਅਹਿਮੀਅਤ ਰੱਖਦਾ ਹੈ।

'ਜਿੱਥੋਂ ਸੂਰਜ ਉੱਗਦਾ ਹੈ' ਕਹਾਣੀ ਵੀ ਇਸੇ ਕੇਂਦਰ ਬਿੰਦੂ ਦੁਆਲੇ ਰਚੀ ਗਈ ਹੈ। ਪਿੰਡਾਂ ਵਿੱਚ ਕੀ ਤੇ ਸ਼ਹਿਰਾਂ ਵਿੱਚ ਕੀ ਹਰ ਥਾਂ ਹੀ ਮੱਧ ਸ਼੍ਰੇਣੀ-ਹੇਠਲੀ ਸ਼੍ਰੇਣੀ ਨੂੰ ਮੁਸੀਬਤਾਂ ਵਧੇਰੇ ਘੇਰਦੀਆਂ ਹਨ। ਕਹਾਣੀ ਵਿਚਲੇ ਪਿੰਡ ਵਿੱਚ ਵੀ ਜੀਰੀ ਦੀ ਫ਼ਸਲ ਦੇ ਪਾਣੀ ਦੀ ਘਾਟ ਕਾਰਣ ਸੁੱਕਦੇ ਜਾਣ ਬਾਰੇ ਫੌਜੀ ਉਂਜ ਹੀ ਪਰੇਸ਼ਾਨ ਸੀ ਪਰ ਚੱਠਿਆ ਵਲੋਂ ਨਹਿਰ ਵਿਚੋਂ ਮਘੋਰਾ ਕੱਢ ਕੇ ਪਾਣੀ ਦਾ ਪਾੜ ਆਪਣੇ ਖੇਤਾਂ ਵਿੱਚ ਕਰ ਲੈਣਾ ਵੇਖ ਕੇ ਉਹ ਆਪੇ ਤੋਂ ਬਾਹਰ ਹੋ ਗਿਆ। ਲੱਕੜ ਦੀ ਲੱਤ ਤੇ ਵਸਾਖੀ ਦੀ ਖੜਖੜ ਕਰਦੇ ਫੌਜੀ ਨੇ ਆਪਣੇ ਵਲੋਂ ਸਾਰੇ ਪਿੰਡ ਨੂੰ ਚੱਠਿਆਂ ਦੁਆਰਾ ਕੀਤੀ ਜਾ ਰਹੀ ਜ਼ਿਆਦਤੀ ਬਾਰੇ ਚੇਤੰਨ ਕਰਨਾ ਚਾਹਿਆ , ਪਰ ਉਸ ਦੀ ਗੱਲ ਰੌਲੇ-ਰੱਪੇ ਤੇ ਹਾਸੇ-ਠੱਠੇ ਵਿੱਚ ਹੀ ਕਿਤੇ ਗੁਆਚ ਗਈ।

ਫੌਜੀ ਵਲੋਂ ਚੱਠਿਆਂ ਦੀ ਪਾਣੀ ਦੇ ਪਾੜ ਦੀ ਕਰਤੂਤ ਦੱਸਣ 'ਤੇ ਪਿੰਡ ਦੇ ਚਬੂਤਰੇ ਲਾਗੇ ਬੈਠੇ ਲੋਕਾਂ ਨੂੰ ਪ੍ਰਭਾਵਿਤ ਤਾਂ ਕੀਤਾ, ਪਰ ਉਹ ਆਪਣੀ ਮਾੜੀ ਹੈਸਿਅਤ ਕਾਰਣ ਚੱਠਿਆਂ ਨਾਲ ਲਾਹਾ ਲੈਣ ਤੋਂ ਘਬਰਾਉਣ ਲੱਗੇ। ਸਾਰੀ ਕਹਾਣੀ ਵਿੱਚ ਪਿੰਡ ਦੇ ਵੱਖ-ਵੱਖ ਜਾਤਾਂ ਦੇ ਲੋਕਾਂ ਅਤੇ ਫ਼ੌਜੀ ਦੇ ਸਬੰਧਾਂ ਰਾਹੀਂ ਪਤਾ ਲੱਗਦਾ ਹੈ ਕਿ ਫ਼ੌਜੀ ਇਸ ਜ਼ਿਆਦਤੀ ਦੀ ਸ਼ਿਕਾਇਤ ਸਰਕਾਰੀ ਤੌਰ ਤੇ ਕਰਨਾ ਚਾਹੁੰਦਾ ਹੈ, ਜਦਕਿ ਬਾਕੀ ਪਿੰਡ ਵਾਲੇ ਇਸ ਹਕੀਕਤ ਨੂੰ ਸਾਹਮਣੇ ਰੱਖਦੇ ਹਨ ਕਿ ਪੁਲਿਸ ਸਰਕਾਰ ਜਾਂ ਨਹਿਰ ਵਾਲਿਆਂ ਕਿਸੇ ਨੂੰ ਵੀ ਸ਼ਿਕਾਇਤ ਕਰਨ ਨਾਲ ਹੋਣਾ ਕੁਝ ਵੀ ਨਹੀਂ, ਕਿਉਂਕਿ ਪੁਲਿਸ ਤੇ ਸਰਕਾਰ ਵੈਸੇ ਵੀ ਪੈਸੇ ਵਾਲਿਆਂ ਦੀ ਜਾਣਕਾਰੀ ਦੇ ਬਿਨਾਂ ਅਜਿਹਾ ਕੀਤਾ ਨਹੀਂ ਗਿਆ ਹੋਏਗਾ ਤੇ ਜਿਨ੍ਹਾਂ ਪਹਿਲਾਂ ਹੀ ਚੱਠਿਆਂ ਕੋਲੋਂ ਪੈਸੇ ਖਾਧੇ ਹੋਏ ਹਨ, ਉਨ੍ਹਾਂ ਸ਼ਿਕਾਇਤ ਕਰਨ ਤੇ ਵੀ ਅੱਖਾਂ ਤੇ ਕੰਨ ਬੰਦ ਹੀ ਰੱਖਣੇ ਹਨ।

ਵੈਸੇ ਵੀ ਬਹੁਤ ਸਾਰੇ ਬੰਦਿਆਂ ਨੂੰ ਇਕੋ ਹੀ ਗੱਲ ਵਾਰ ਵਾਰ ਸਮਝਾਉਣਾ ਵੀ ਕੋਈ ਸੌਖਾ ਕੰਮ ਨਹੀਂ। ਇੱਥੇ ਵੀ ਲੋਕ ਚਬੂਤਰੇ 'ਤੇ ਆ ਕੇ ਜੁੜਦੇ ਜਾਂਦੇ ਹਨ। ਹਰ ਵਾਰ ਗੱਲ ਦਾ ਕਾਫੀਆ ਜਾਣਨਾ ਚਾਹੁੰਦੇ ਹਨ, ਚਰਚਾ ਵਿੱਚ ਹਿੱਸਾ ਲੈਣ ਲਈ ਇਹ ਜ਼ਰੂਰੀ ਵੀ ਹੋ ਜਾਂਦਾ ਹੈ। ਨਾਲ ਹੀ ਕਈ ਪ੍ਰਕਾਰ ਦੇ ਅਮਲੀ ਤੇ ਮਨਚਲੇ ਗੱਲ ਨੂੰ ਹਾਸੇ ਠੱਠੇ ਰਾਹੀਂ ਹੋਰ ਦੀ ਹੋਰ ਪਾਸੇ ਹੀ ਲੈ ਜਾਂਦੇ ਹਨ ਤੇ ਚਰਚਾ ਮੂਲ ਮੁੱਦੇ ਤੋਂ ਪਰ੍ਹੇ ਹੱਟ ਜਾਂਦੀ ਹੈ, ਜਿਸ ਕਾਰਣ ਕੋਈ ਸਹੀ ਫੈਸਲਾ ਜਾਂ ਸਹੀ ਸੁਝਾਓ ਸੁਣਨ ਨੂੰ ਮਿਲਦਾ ਨਹੀਂ ਤੇ ਮੁੱਦਾ ਉੱਥੇ ਦਾ ਉੱਥੇ ਹੀ ਲਟਕਿਆ ਰਹਿ ਜਾਂਦਾ ਹੈ।

ਕਈ ਲੋਕ ਫ਼ੌਜੀ ਦੀ ਗੱਲ ਸੁਣ ਕੇ ਮਾੜਾ ਮਹਿਸੂਸ ਕਰਦੇ ਹਨ, ਪਰ ਵਾਰ-ਵਾਰ ਅਨੇਕ ਘਟਨਾਵਾਂ ਰਾਹੀਂ ਇਹ ਹੀ ਦੱਸਣ ਦਾ ਜਤਨ ਕੀਤਾ ਜਾਂਦਾ ਹੈ ਕਿ ਫ਼ੌਜੀ ਨੇ ਅੱਗੇ ਵੀ ਠਾਣੇ ਜਾਂ ਹੋਰ ਕਿਸੇ ਸਰਕਾਰੀ ਅਦਾਰੇ ਦੀ ਸਹਾਇਤਾ ਨਾਲ ਕਿਸੇ ਜ਼ਿਆਦਤੀ ਦੇ ਖਿਲਾਫ਼ ਆਵਾਜ਼ ਚੁੱਕਣੀ ਚਾਹੀ ਪਰ ਉਸ ਦੀ ਪ੍ਰਾਪਤੀ ਕੋਈ ਨਾ ਹੋਈ, ਕਿਉਂਕਿ ਧਨਾਢਾਂ ਦੇ ਹੱਥ ਪੁਲਿਸ ਤੇ ਸਰਕਾਰੀ ਕਰਮਚਾਰੀ ਚੜ੍ਹੇ ਹੁੰਦੇ ਹਨ। ਚੱਠਿਆਂ ਨੇ ਪਿੰਡ, ਸਰਪੰਚੀ ਦੇ ਨਾਲ ਨਾਲ ਗੁਰਦੁਆਰੇ ਵਿੱਚ ਆਪਣਾ ਦਬਦਬਾ ਬਣਾਇਆ ਹੋਇਆ ਹੈ। ਪਿੰਡ ਵਾਲੇ ਉਨ੍ਹਾਂ ਨਾਲ ਮੱਥਾ ਮਾਰਨ ਤੋਂ ਡਰਦੇ ਵੀ ਹਨ।

ਦੂਜੇ ਪਾਸੇ ਚੱਠਿਆ ਦੇ ਹਿਮਾਇਤੀ ਕੁਝ ਲੋਕ ਜੋ ਦਲਾਲ ਤੇ ਦਸ ਨੰਬਰੀ ਹੋਣ ਦੇ ਨਾਲ ਨਾਲ ਬਲਕਾਰ ਸਿੰਘ ਗੁੰਡੇ ਵਰਗੇ ਵੀ ਉਸ ਇਕੱਠ ਵਿੱਚ ਆ ਅਸਲ ਗੱਲ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕਰਦੇ ਹਨ ਤੇ ਲੋਕਾਂ ਦਾ ਧਿਆਨ ਹੋਰ ਹੀ ਪਾਸੇ ਦਿਵਾ ਗੱਲ ਰਫਾ ਦਫਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਆਪਣੇ ਮਕਸਦ ਵਿੱਚ ਉਹ ਕਾਮਯਾਬ ਵੀ ਹੋ ਜਾਂਦੇ ਹਨ ਤੇ ਗੱਲ ਜਿੱਥੋ ਸ਼ੁਰੂ ਹੋਈ ਸੀ, ਉਥੇ ਹੀ ਅਟਕੀ

ਰਹਿ ਜਾਂਦੀ ਹੈ। ਪਰ ਫ਼ੌਜੀ ਆਪਣੀ ਗੱਲ ਉੱਤੇ ਅਡਿੱਗ ਰਹਿੰਦਾ ਹੈ ਤੇ ਇਸ ਭਰੋਸੇ ਵਿੱਚ ਕਹਿੰਦਾ ਹੈ ਕਿ "ਬਲਕਾਰਿਆ ! ਤੂੰ ਵੇਖੀ ਇਕ ਦਿਨ, ਮੈਂ ਇਸੇ ਪਿੰਡ 'ਚੋਂ ਉਹ ਲੋਕ ਲੱਭਾਂਗਾ... ਜੇਹੜੇ ਮੇਰੇ ਮਾਣ ਦੀ ਲੱਜ ਪਾਲਣਗੇ।"

ਸਾਰੀ ਕਹਾਣੀ ਇਸ ਛੋਟੀ ਜਿਹੀ ਘਟਨਾ ਤੇ ਆਧਾਰਿਤ ਹੈ। ਸਮੇਂ ਸਥਾਨ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ। ਪਰ ਇਕੋ ਹੀ ਥਾਂ ਤੇ ਬੈਠੇ ਬੈਠੇ ਵੱਖ ਵੱਖ ਲੋਕਾਂ ਦੀ ਸੋਚ ਤੇ ਮਾਨਸਿਕਤਾ ਦਾ ਪੱਧਰ ਨਿਤਰ ਕੇ ਸਾਹਮਣੇ ਆਉਂਦੇ ਜਾਂਦੇ ਹਨ। ਅੱਜ ਦੇ ਯੁੱਗ ਵਿੱਚ ਕਿਸਾਨ ਤੇ ਹੋਰ ਲੋਕ ਇਹ ਜਾਣ ਚੁੱਕੇ ਹਨ ਕਿ ਹਰ ਮਾੜੇ ਤੇ ਗਲਤ ਕੰਮ ਨੂੰ ਪੈਸੇ ਦੀ ਖਣਕਾਰ ਨਾਲ ਆਸਾਨੀ ਨਾਲ ਕੀਤਾ ਜਾ ਸਕਦਾ ਹੈ, ਜੋ ਕਿ ਪਿੰਡਾਂ ਦੇ ਲੋਕ ਵੀ ਚੰਗੀ ਤਰ੍ਹਾਂ ਜਾਣਨ ਲੱਗ ਪਏ ਹਨ। ਉਨ੍ਹਾਂ ਦੇ ਅਜਿਹੇ ਕੰਮਾਂ ਨੂੰ ਸਿਰੇ ਚਾੜ੍ਹਨ ਲਈ ਬਲੈਕੀਏ ਦਸ ਨੰਬਰੀਏ, ਦਲਾਲ ਤੇ ਗੁੰਡੇ ਉਨ੍ਹਾਂ ਦੀ ਮਦਦ ਕਰਦੇ ਹਨ। ਇਸੇ ਕਰਕੇ ਉਨ੍ਹਾਂ ਦੇ ਕੱਪੜੇ ਲਿਸ਼ ਲਿਸ਼ ਕਰਦੇ ਹਨ, ਭਾਵੇਂ ਚਿਹਰੇ ਕੱਟੇ ਵੱਢੇ ਹੀ ਹੋਣ। ਸਾਧਾਰਣ ਲੋਕਾਂ ਵਿੱਚ ਹਿੰਮਤ ਦੀ ਘਾਟ ਹੁੰਦੀ ਹੈ। ਉਹ ਹਰ ਵੇਲੇ ਡਰੇ ਸਹਿਮੇ ਤੇ ਡਾਢਿਆਂ ਤੋਂ ਪਾਸਾ ਵੱਟ ਕੇ ਚਲਣ ਵਿੱਚ ਹੀ ਆਪਣੀ ਭਲਾਈ ਸਮਝਦੇ ਹਨ। ਧਨ ਦਾ ਪ੍ਰਭਾਵ ਉਨ੍ਹਾਂ ਉਤੇ ਸਾਫ-ਸਪਸ਼ਟ ਨਜ਼ਰ ਆਉਂਦਾ ਹੈ। ਉਹ ਆਪਣੇ ਘਰਾਂ ਵਿਚ ਬੈਠੇ ਹੀ ਜਾਣਦੇ ਹਨ ਤੇ ਇਹ ਮੰਨਦੇ ਹਨ ਕਿ ਧਨਾਢਾਂ ਦੀ ਸ਼ਿਕਾਇਤ ਕਰਨ ਦਾ ਫਾਇਦਾ ਕੋਈ ਨਹੀਂ ਹੋਣਾ, ਕਿਉਂਕਿ ਸਰਕਾਰੀ ਤੰਤ੍ਰ ਦੀਆਂ ਚੂਲ੍ਹਾ ਹਿਲੀਆਂ ਹੋਈਆਂ ਹਨ ਤੇ ਉਹ ਧਨਾਢਾਂ ਦੇ ਇਸ਼ਾਰਿਆਂ ਤੇ ਹੀ ਨੱਚਦੇ ਹਨ।

ਪਰ ਕੀ ਅਜਿਹੀ ਸਥਿਤੀ ਅਜਿਹੇ ਹਾਲਾਤਾਂ ਨੂੰ ਬਦਲਣ ਦੀ ਕੋਈ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ? ਹੱਥ ਤੇ ਹੱਥ ਧਰ ਕੇ ਸਥਿਤੀ ਤੇ ਸਥਾਪਤੀ ਨੂੰ ਸਵੀਕਾਰ ਕਰ ਲੈਣ ਨਾਲ ਵੀ ਤਾਂ ਕੁਝ ਨਹੀਂ ਹੋਣ ਵਾਲਾ, ਬਲਕਿ ਹਾਲਾਤ ਹੋਰ ਵੀ ਵਿਗੜਦੇ ਹੀ ਜਾਣਦੇ। ਭਾਵੇਂ ਅਜੇ ਸਰਕਾਰੀ ਤੰਤ੍ਰ ਧਨਾਢਾਂ ਦੇ ਕਬਜ਼ੇ ਵਿੱਚ ਹੀ ਹੈ, ਪਰ ਉਨ੍ਹਾਂ ਅੱਗੇ ਸ਼ਿਕਾਇਤ ਨਾ ਕਰਨ ਨਾਲ ਉਹ ਆਪਣੇ ਕੰਮਾਂ ਵਿੱਚ ਹੋਰ ਵੀ ਪੱਕੇ ਹੁੰਦੇ ਜਾਣਗੇ। ਬੇਸ਼ਕ ਸ਼ਿਕਾਇਤਾਂ ਕਰਨ ਨਾਲ ਅਕਸਰ ਮਨਚਾਹੀ ਸਫਲਤਾ ਹਾਸਿਲ ਨਹੀਂ ਹੁੰਦੀ, ਕਿਉਂਕਿ ਧਨਾਢ ਲੋਕ ਹਰ ਮਸਲੇ ਨੂੰ ਆਪਣੇ ਹੀ ਢੰਗ ਨਾਲ ਹੱਲ ਕਰ ਮਾਸਲੇ ਰਫਾ-ਦਫਾ ਕਰਵਾ ਦੇਂਦੇ ਹਨ ਪਰ ਫਿਰ ਵੀ ਪੁਲਿਸ ਤੇ ਉਨ੍ਹਾਂ ਲੋਕਾਂ ਨੂੰ ਆਪਣੇ ਸਜਗ ਤੇ ਚੇਤੰਨ ਹੋਣ ਦਾ ਪਰਿਚੈ ਦੇਣਾ ਹੀ ਚਾਹੀਦਾ ਹੈ। ਤਾਂ ਕਿ ਲੱਗੇ ਕਿ ਆਮ ਸਾਧਾਰਣ ਅਨਪੜ੍ਹ ਲੋਕ ਵੀ ਜ਼ਿੰਦਾ ਹਨ ਤੇ ਬੇਇਨਸਾਫੀਆਂ ਨੂੰ ਮਹਿਸੂਸ ਕਰਕੇ ਉਨ੍ਹਾਂ ਦਾ ਵਿਰੋਧ ਕਰਨਾ ਵੀ ਜਾਣਦੇ ਹਨ। ਇਹ ਸ਼ਿਕਾਇਤਾਂ ਇਹ ਅਰਜੀਆਂ ਭਾਵੇਂ ਸਰਕਾਰੀ ਤੰਤ੍ਰ ਨੂੰ ਹਿਲਾ ਨਾ ਸਕਣ, ਪਰ ਸਾਧਾਰਣ ਲੋਕਾਂ ਦੀ ਜੀਵੰਤਤਾ ਦਾ ਪ੍ਰਮਾਣ ਤਾਂ ਬਣ ਹੀ ਸਕਦੀਆਂ ਹਨ। ਜ਼ਿਆਦਤੀ ਨੂੰ ਅੱਖਾਂ ਮੀਟ ਕੇ ਸਵੀਕਾਰ ਕਰ ਲੈਣਾ ਮੌਤ ਦੀ ਨਿਸ਼ਾਨੀ ਹੈ। ਭਾਵੇਂ ਵਿਰੋਧ ਕਰਨ ਨਾਲ ਛੇਤੀ ਸਫਲਤਾ ਨਾ ਮਿਲੇ ਪਰ ਤੁਹਾਨੂੰ ਆਪਣੇ ਆਪ ਨੂੰ ਤਸੱਲੀ ਜ਼ਰੂਰ ਮਿਲੇਗੀ ਕਿ ਤੁਸੀਂ ਸਹੀ ਕਰ ਰਹੇ ਹੋ, ਆਪਣਾ ਫ਼ਰਜ਼ ਨਿਭਾ ਰਹੇ ਹੋ, ਚੰਗੇ ਨਾਗਰਿਕ ਹੋਣ ਦਾ ਪ੍ਰਮਾਣ ਦੇ ਰਹੇ ਹੋ ਤੇ ਸਭ ਤੋਂ ਵੱਡੀ ਗੱਲ ਬੇਇਨਸਾਫੀ ਜਾਂ ਜਿਆਦਤੀ ਦਾ ਆਸਾਨੀ ਨਾਲ ਹਿੱਸਾ ਨਹੀਂ ਬਣ ਰਹੇ ਹੁੰਦੇ। ਇਸ ਲਈ ਸਾਰੇ ਪਿੰਡ ਵਿੱਚ ਸਿਰਫ਼ ਇਕ ਫ਼ੌਜੀ ਹੀ ਹੈ ਜੋ ਚੇਤੰਨ ਹੈ, ਜੀਵੰਤ ਹੈ ਤੇ ਜ਼ਿਆਦਤੀ ਦਾ ਵਿਰੋਧ ਕਰਨਾ ਜਾਣਦਾ ਹੈ। ਭਾਵੇਂ ਅਜੇ ਪਿੰਡ ਵਾਲੇ ਉਸ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਨਹੀਂ ਸੁਣਦੇ ਜਾਂ ਉਸ ਦੇ ਕਹੇ ਅਨੁਸਾਰ ਚਲਣ ਵਿੱਚ ਹਿਚਕਿਚਾਉਂਦੇ ਹਨ ਪਰ ਆਉਣ ਵਾਲੇ ਸਮੇਂ ਵਿੱਚ ਫ਼ੌਜੀ ਨੂੰ ਯਕੀਨ ਹੈ ਕਿ ਉਸ ਨਾਲ ਤੁਰਨ ਵਾਲੇ ਹੋਰ ਕਈ ਬੰਦੇ ਹੋਣਗੇ, ਅਜੇ ਭਾਵੇਂ ਉਸ ਨੂੰ ਇਕੱਲਿਆਂ ਹੀ ਤੁਰਨਾ ਪੈ ਰਿਹਾ ਹੈ। ਇਕੱਲੇ ਹੋਣ ਕਾਰਣ ਹੀ ਉਸ ਦੀ ਲੱਕੜ ਦੀ ਲੱਤ ਤੇ ਵਸਾਖੀ ਡਮਰੂ ਵਾਂਗ ਵੱਜਦੀ ਸੁਣਾਈ ਦੇਂਦੀ ਹੈ।

ਲੋਕ ਵਿਚ ਚੇਤੰਨਤਾ ਲਿਆਉਣ ਲਈ ਜ਼ਰੂਰੀ ਹੈ ਉਨ੍ਹਾਂ ਨੂੰ ਗਿਆਨ ਦੀ ਰੌਸ਼ਨੀ ਦਿੱਤੀ ਜਾਏ, ਉਨ੍ਹਾਂ ਨੂੰ ਆਪਣੇ ਪਿੰਡਾਂ ਤੋਂ ਇਲਾਵਾ ਹੋਰ ਆਲੇ-ਦੁਆਲੇ ਵੀ ਜਾਣਾ ਚਾਹੀਦਾ ਹੈ ਤਾਂ ਕਿ ਪਤਾ ਲੱਗੇ ਲੋਕਾਂ ਦੀ ਸੋਚ ਕਿੰਨੀ ਬਦਲਦੀ ਜਾ ਰਹੀ ਹੈ। ਜਿਵੇਂ ਪਿੰਡਾਂ ਦੇ ਮਜ਼੍ਹਬੀ ਤੇ ਹੋਰ ਜਾਤਾਂ ਦੇ ਲੋਕ ਜ਼ਿਮੀਂਦਾਰਾਂ ਤੇ ਹੋਰ ਕਿਸਾਨਾਂ ਦੇ ਸਤਾਏ ਹੁਣ ਟਾਂਗੇ ਤੇ ਰਿਕਸ਼ਿਆਂ ਨੂੰ ਚਲਾਉਣ ਨੂੰ ਪਹਿਲ ਦੇਣ ਲੱਗ ਪਏ ਹਨ। ਮਿਹਨਤ ਤਾਂ ਹਰ ਥਾਂ ਕਰਨੀ ਪੈਂਦੀ ਹੈ, ਪਰ ਟਾਂਗੇ-ਰਿਕਸ਼ੇ ਚਲਾਉਣ ਵਿੱਚ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਆਪਣੀ ਮਰਜ਼ੀ ਮੁਤਾਬਿਕ ਕੰਮ ਕਰ ਰਹੇ ਹਨ। ਕਿਸੇ ਦੀ ਜ਼ਬਰਦਸਤੀ ਜਾਂ ਧੌਂਸ ਨਹੀਂ ਸਹਿ ਰਹੇ। ਇਸ



ਲਈ ਸਵਾਰੀਆਂ ਨਾਲ ਮੁੱਲ-ਭਾਅ ਵੀ ਕਰ ਲੈਂਦੇ ਹਨ। ਸ਼ਹਿਰਾਂ ਵਿੱਚ ਜਾਣ ਕਾਰਣ ਉਨ੍ਹਾਂ ਨੂੰ ਆਪਣੇ ਕੰਮਾਂ ਦੀ ਮਹੱਤਤਾ ਦੀ ਹੋਰ ਵੀ ਸਮਝ ਆਉਂਦੀ ਜਾਂਦੀ ਹੈ।

ਇਸੇ ਕਰਕੇ ਜਦੋਂ ਪਿੰਡ ਵਾਲੇ ਇਕ ਟਾਂਗੇ ਵਾਲੇ ਨੂੰ ਸਵਾਰੀ ਨਾਲ ਪੈਸਿਆਂ ਬਾਰੇ ਬਹਿਸ ਕਰਦੇ ਵੇਖਦੇ ਹਨ ਤਾਂ ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਲੋਕ ਹੁਣ ਆਪਣੇ ਸਾਹਮਣੇ ਜੱਟਾਂ ਨੂੰ ਟਿੱਚ ਸਮਝਣ ਲੱਗ ਪਏ ਹਨ। ਉਹ ਸੜ ਕੇ ਇਹ ਵੀ ਕਹਿੰਦੇ ਹਨ,

"ਪੱਠਿਆਂ ਨੂੰ ਸਾਡੇ ਵੱਟ ਖੂੰਜੇ, ਰਹਿਣ ਨੂੰ ਸ਼ਾਮਲਾਟ... ਦਿਹਾੜੀ ਕਹਿੰਦੇ ਸ਼ਹਿਰ ਕਰਾਂਗੇ।"

ਪਿੰਡ ਵਾਲਿਆਂ ਨੂੰ ਆਪਣੇ ਹੀ ਪਿੰਡ ਦੇ ਸੀਰੀਆਂ-ਕਾਮਿਆਂ ਦਾ ਸ਼ਹਿਰ ਵਿੱਚ ਰਿਕਸ਼ੇ ਤੇ ਟਾਂਗੇ ਚਲਾਉਣ ਦਾ ਹਿਰਖ ਚੜ੍ਹਦਾ ਹੈ, ਕਿਓਕਿ ਹੁਣ ਉਹ ਉਨ੍ਹਾਂ ਦੀ ਧੌਂਸ ਵਿੱਚ ਆ ਕੇ ਕੰਮ ਨਹੀਂ ਕਰਦੇ, ਆਪਣੇ ਕੰਮ ਦੇ ਆਪ ਮਾਲਕ ਹਨ। ਇਸੇ ਹਿਰਖ ਨੂੰ ਬਲੈਕੀਏ ਤੇ ਦਲਾਲ ਜਿਹੇ ਲੋਕਾਂ ਨੂੰ ਉਕਸਾਉਂਦੇ ਹਨ ਕਿ ਉਹ ਲੋਕ ਵੀ ਆਪਣੀ-ਆਪਣੀ ਟਰਾਲੀ ਤੋਂ ਸਟੇਸ਼ਨ ਤਕ ਦਾ ਗੇੜਾ ਮਾਰਿਆ ਕਰਨ ਤੇ ਸਵਾਰੀਆਂ ਲਿਆਉਣ ਉਤਾਰਨ ਦਾ ਕੰਮ ਕਰਨ ਤਾਂ ਕਿ ਇਨ੍ਹਾਂ ਰਿਕਸੇ ਟਾਂਗਿਆਂ ਦੀ ਆਕੜ ਭੰਨੀ ਜਾ ਸਕੇ। ਫਟਾਫਟ ਟ੍ਰੈਕਟਰ, ਟਰਾਲੀਆਂ ਦੀ ਗਿਣਤੀ ਕਰਕੇ ਵਾਰੀ ਲਾਏ ਜਾਣ ਦੀ ਫਹਿਰਸਤ ਬਣਾਈ ਜਾਣ ਲੱਗਦੀ ਹੈ। ਹੁਣ ਹਰ ਕੋਈ ਅੱਗੇ ਵੱਧ ਕੇ ਆਪਣੀ ਟਰਾਲੀ ਦੀ ਵਾਰੀ ਲਗਾਉਣ ਦੀ ਕੋਸ਼ਿਸ਼ ਵਿੱਚ ਲੱਗਾ ਨਜ਼ਰ ਆਉਂਦਾ ਹੈ।

ਜਿਸ ਮੁੰਡੇ ਨੇ ਕਾਗਜ਼ ਉਤੇ ਨਹਿਰ ਵਾਲਿਆਂ ਅੱਗੇ ਅਰਜ਼ੀ ਦੀ ਦਰਖ਼ਾਸਤ ਲਿਖੀ ਸੀ, ਉਹੀ ਮੁੰਡਾ ਉਸ ਕਾਗਜ਼ ਨੂੰ ਪਲਟ ਕੇ ਟਰਾਲੀਆਂ ਦੀ ਵਾਰੀਆਂ ਦੀ ਫਹਿਰਸਤ ਲਿਖਣ ਲੱਗਦਾ ਹੈ। ਇਹ ਵੇਖ ਕੇ ਫ਼ੌਜੀ ਦੇ ਸੁੰਗੜੇ ਮੱਥੇ ਵਿੱਚ ਬਾਰੂਦ ਫੱਟ ਪੈਂਦਾ ਹੈ। ਉਹ ਝਪਟ ਕੇ ਉਸ ਅਰਜ਼ੀ ਨੂੰ ਮੁੰਡੇ ਕੋਲੋਂ ਖੋਹ ਲੈਂਦਾ ਹੈ। ਫ਼ੌਜੀ ਨੂੰ ਅਜਿਹਾ ਕਰਦੇ ਦੇਖ ਲੋਕ ਇੰਜ ਉਠ ਖਲੋਂਦੇ ਹਨ ਜਿਵੇਂ 'ਕਿਸੇ ਬਹੁਤ ਵੱਡੀ ਜਿੱਤ ਮਗਰੋਂ ਕਿਲਕਾਰੀ ਮਾਰਨਾ ਚਾਹੁੰਦੇ ਹੋਣ।"

ਕਹਿਣ ਦਾ ਭਾਵ ਹੈ ਕਿ ਚੱਠਿਆਂ ਦੇ ਪੱਠੇ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਵੀ ਉਨ੍ਹਾਂ ਦੀ ਹਿਮਾਇਤ ਦਾ ਕੰਮ ਸਾਰ ਜਾਂਦੇ ਹਨ। ਨਾ ਲੋਕਾਂ ਨੇ ਅਰਜ਼ੀ ਲਿਖ ਕੇ ਆਪਣੇ-ਆਪਣੇ ਅਗੂੰਠੇ ਲਾਏ ਤੇ ਨਾ ਹੀ ਉਨ੍ਹਾਂ ਦੀਆਂ ਟਰਾਲੀਆਂ ਦੀਆਂ ਵਾਰੀਆਂ ਬੰਨਣ ਹੋਈਆਂ। ਹੋਣਾ ਅਸਲ ਵਿੱਚ ਕੁਝ ਵੀ ਨਹੀਂ ਸੀ, ਕਿਉਂਕਿ ਤਬਦੀਲੀ ਐਨੀ ਜਲਦੀ ਨਹੀਂ ਵਾਪਰਦੀ ਪਰ ਆਪਣੇ ਮਕਸਦ ਵਿੱਚ ਕਾਮਯਾਬ ਹੋਏ ਬਲਕਾਰ ਨੇ ਖੱਚਰੀ ਅੱਖਾਂ ਨਾਲ ਦੇਖਦੇ ਹੋਏ ਫ਼ੌਜੀ ਨਾਲ ਮਸ਼ਕਰੀ ਵੀ ਕੀਤੀ ਤੇ ਸ਼ਾਇਦ ਹਮਦਰਦੀ ਵੀ, "ਤੂੰ ਤਾਂ ਕਮਲੈ ਫ਼ੌਜੀਆਂ... ਇਹਨਾਂ ਖੱਸੀ ਲੋਕਾਂ ਤੋਂ ਕੀ ਭਾਲਦੈ...।"

ਪਰ ਫ਼ੌਜੀ ਨਿਰਾਸ ਨਹੀਂ ਸੀ ਹੋਇਆ। ਉਸ ਨੇ ਬਲਕਾਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਉਸ ਨੂੰ ਇਸ ਗੱਲ ਦੀ ਚੇਤਾਵਨੀ ਜਿਹੀ ਦਿੱਤੀ ਕਿ, "ਵੇਖ ਲਈ ਇਕ ਦਿਨ ਤੁਹਾਡੇ ਜਿਹੇ ਦੇ ਖਿਲਾਫ਼ ਬੋਲਣ ਵਾਲਾ ਇਕੱਲਾ ਮੈਂ ਨਹੀਂ ਹੋਵਾਂਗਾ ਇਸ ਪਿੰਡ ਦੇ ਹੋਰ ਲੋਕ ਵੀ ਹੋਣਗੇ।"

ਥੋੜ੍ਹੇ ਸ਼ਬਦਾਂ ਵਿੱਚ ਕਿਹਾ ਜਾਏ ਤਾਂ ਛੋਟੀ ਕਿਰਸਾਨੀ ਦੇ ਕਈ ਦੁੱਖ ਤੇ ਸੰਕਟ ਇਸ ਵਿਚੋਂ ਨਜ਼ਰ ਆਉਂਦੇ ਹਨ, ਵੱਡੀਆਂ ਜ਼ਮੀਨਾਂ ਵਾਲੇ ਸਰਦਾਰਾਂ ਤੇ ਜ਼ਿੰਮੀਦਾਰਾਂ ਦਾ ਹਰ ਥਾਂ ਤੇ ਦਬਦਬੇ ਦਾ ਕਾਇਮ ਹੋਣਾ, ਛੋਟੇ ਕਿਸਾਨਾਂ ਦਾ ਪਾਣੀ ਤੇ ਹੋਰ ਪਰੇਸ਼ਾਨੀਆਂ ਨਾਲ ਘਿਰਦੇ ਜਾਣਾ, ਪਿੰਡ ਦੇ ਮਜ਼੍ਹਬੀ ਤੇ ਹੋਰ ਛੋਟੀਆਂ ਜਾਤਾਂ ਦੇ ਲੋਕਾਂ ਦਾ ਪਿੰਡਾਂ ਦੇ ਕੰਮਾਂ ਤੇ ਖੇਤੀਬਾੜੀ ਨੂੰ ਛੱਡ ਕੇ ਰਿਕਸ਼ੇ ਟਾਂਗੇ ਜਾਂ ਦਿਹਾੜੀ ਕਰਨ ਲਈ ਸ਼ਹਿਰਾਂ ਵੱਲ ਚਲੇ ਜਾਣਾ, ਕਿਸਾਨਾਂ ਨੂੰ ਆਪਣੇ ਸੀਰੀ ਤੇ ਕਾਮਿਆਂ ਦਾ ਕੰਮ ਲਈ ਬਿਹਾਰੀਆਂ ਦੀ ਮਦਦ ਲੈਣਾ, ਜਿਸ ਕਾਰਣ ਉਨ੍ਹਾਂ ਦੀ ਆਮਦ ਪੰਜਾਬ ਵਿੱਚ ਵਧਦੀ ਜਾਂਦੀ ਹੈ। ਭੀੜ ਤੇ ਇੱਕਠ ਵਿੱਚ ਕਿਸੇ ਗੱਲ ਨੂੰ ਗੰਭੀਰਤਾ ਦੀ ਥਾਂ ਲੈਣ ਦੀ ਬਜਾਏ ਹਾਸੇ-ਠੱਠੇ ਤੇ ਰੌਲੇ ਰੱਪੇ ਵਿਚ ਹੀ ਗਵਾਂ ਦੇਣਾ ਕਈ ਗੱਲਾਂ ਇਸ ਕਹਾਣੀ ਦੀ ਕੇਂਦਰੀ ਘਟਨਾ ਤੇ ਸਾਹਮਣੇ ਆਉਂਦੀਆਂ ਹਨ।

ਕਹਾਣੀ ਸੰਦੇਸ਼ਾਤਮਕ ਹੈ। ਭਾਵੇਂ ਗੂੜ੍ਹ ਪੇਂਡੂ ਬੋਲੀ ਕੁਝ ਪਾਠਕਾਂ ਨੂੰ ਸਮਝਣ ਵਿੱਚ ਰੁਕਾਵਣ ਪਾਏ ਪਰ ਪਾਤਰਾਂ ਦੇ ਮੂਹੋਂ ਬੜੀ ਚੰਗੀ ਲੱਗਦੀ ਹੈ। ਕਹਾਣੀ ਦੀ ਸ਼ੈਲੀ ਵਿੱਚ ਵਿਅੰਗ ਤੇ ਸੰਦੇਸ਼ ਬੜੀ ਸੂਖਮਤਾ ਨਾਲ ਪਿਰੋਏ ਗਏ ਹਨ। ਕਹਾਣੀ ਦਾ ਸਿਰਲੇਖ ਪ੍ਰਤੀਕਾਤਮਕ ਹੈ ਤੇ ਆਸ਼ਾ ਭਰਪੂਰ ਹੈ। ੦

# ਸੰਤਪਤ (ਸਵੈ ਜੀਵਨੀ) ਸੂਰਜ ਪਾਲ ਚੌਹਾਨ




ਸਾਹਿਤ ਦੇ ਖੇਤਰ 'ਚ ਸਵੈ-ਜੀਵਨੀ ਇੱਕ ਮਹੱਤਵਪੂਰਨ ਵਿਧਾ ਮੰਨੀ ਜਾਂਦੀ ਹੈ, ਜਿਸ ਨਾਲ ਸਾਹਿਤ ਨੂੰ ਹੋਰ ਉਚਾਈਆਂ ਵੱਲ ਸੇਧਿਤ ਕੀਤਾ ਜਾ ਸਕਦਾ ਹੈ। ਇਸ ਦੇ ਬਾਵਜੂਦ ਸਾਹਿਤ ਦੀ ਇਹ ਵਿਧਾ ਏਨੀ ਲੋਕਪ੍ਰਿਆ ਵਿਧਾ ਨਹੀਂ ਸਮਝੀ ਜਾਂਦੀ ਜਿਨੀ ਕਿ ਕਹਾਣੀ ਤੇ ਨਾਵਲ ਜਿਹੀ ਵਿਧਾ। 'ਕਹਾਣੀ ਜਾ ਉਪਨਿਆਸ ਨੂੰ ਸਾਹਿਤ ਦੀ ਰੂਹ ਮੰਨਿਆ ਜਾਂਦਾ ਹੈ' ਇਸ ਵਿਚਾਰ ਨੂੰ ਇਸ ਵਾਕ ਰਾਹੀਂ ਵੀ ਪ੍ਰਗਟ ਕੀਤਾ ਜਾਂ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਕਹਾਣੀ ਤੇ ਉਪਨਿਆਸ ਦੇ ਮੁਕਾਬਲੇ ਸਵੈ-ਜੀਵਨੀ ਬਹੁਤ ਘੱਟ ਲਿਖੀ ਜਾਂਦੀ ਰਹੀ ਹੈ। ਅਤੇ ਆਟੇ ਵਿਚ ਲੂਣ ਦੇ ਤੁੱਲ। ਉਂਝ ਵੀ ਸਵੈ ਜੀਵਨੀ ਇੱਕ ਬਹੁਤ ਹੀ ਖੁਸ਼ਕ ਤੇ ਗ਼ੈਰ ਜ਼ਰੂਰੀ ਵਿਧਾ ਦਾ ਦਰਜਾ ਰਖਦੀ ਹੈ। ਸਵੈ-ਜੀਵਨੀਕਾਰ ਆਪਣੀ ਸਵੈ-ਜੀਵਨੀ ਉਸ ਵੇਲੇ ਲਿਖਣ ਵਲ ਰੁਚਿਤ ਹੁੰਦਾ ਹੈ, ਜਦੋਂ ਉਹ ਇਹ ਸਮਝਦਾ ਹੈ ਕਿ ਉਹ ਹੁਣ ਸਾਹਿਤ ਦੀ ਬਹੁਤ ਸੇਵਾ ਕਰ ਚੁੱਕਾ ਹੈ ਇਸ ਲਈ ਉਸ ਨੂੰ ਆਪਣੇ ਬਾਰੇ ਵੀ ਕੁਝ ਲਿਖਣਾ ਚਾਹੀਦਾ ਹੈ ਅਰਥਾਤ ਉਹ ਆਪਣੀ ਅੰਤਿਮ ਰਚਨਾ ਪਾਠਕਾਂ ਲਈ ਸਵੈ-ਜੀਵਨੀ ਦੇ ਰੂਪ 'ਚ ਪੇਸ਼ ਕਰ ਰਿਹਾ ਹੈ। ਇਹੀ ਕਾਰਨ ਹੈ ਕਿ ਚਰਚਿਤ ਲੇਖਕਾਂ ਵਲੋਂ ਆਪਣੀ ਅੰਤਿਮ ਰਚਨਾ ਸਵੈ-ਜੀਵਨੀ ਦੇ ਰੂਪ 'ਚ ਹੀ ਪਾਠਕਾਂ ਅੱਗੇ ਪ੍ਰਸ਼ਤੁਤ ਹੋਈ ਹੈ। ਇਸੇ ਤਰ੍ਹਾਂ ਚਰਚਿਤ ਹਸਤੀਆਂ ਵਲੋਂ ਵੀ ਸਵੈ-ਜੀਵਨੀਆਂ ਲਿਖੀਆਂ ਜਾਂਦੀਆਂ ਰਹੀਆਂ ਹਨ। ਚਾਹੇ ਉਹ ਜਵਾਹਰ ਲਾਲ ਨਹਿਰੂ ਦੀ ਸਵੈ-ਜੀਵਨੀ ਹੋਵੇ, ਮਹਾਤਮਾ ਗਾਂਧੀ ਜਾਂ ਹਿਟਲਰ ਵਰਗੇ ਜੰਗਜੂਆਂ ਦੀ ਸਵੈ-ਜੀਵਨੀ ਹੋਵੇ, ਸਾਹਿਤ ਦੇ ਖੇਤਰ 'ਚ ਉਸ ਦਾ ਮੁਲਅੰਕਣ ਸਾਹਿਤਕ ਪੱਧਰ 'ਤੇ ਨਹੀਂ ਸਗੋਂ ਇੱਕ ਨਾਮਵਰ ਹਸਤੀ ਦੇ ਪੱਧਰ 'ਤੇ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਸਵੈ-ਜੀਵਨੀਆਂ ਸਾਹਿਤ ਦੇ ਖੇਤਰ 'ਚ ਉਹੀ ਦਰਜਾ ਰਖਦੀਆਂ ਹਨ ਜਿਵੇਂ ਕਿ ਕਿਸੇ ਦੇ ਘਰ ਆਇਆ ਪ੍ਰਹੁਣਾ ਭਾਵੇਂ ਕਿੰਨਾ ਵੀ ਮਹੱਤਵਪੂਰਨ ਕਿਉਂ ਨਾ ਹੋਵੇ, ਫਿਰ ਵੀ ਉਸ ਨੂੰ ਘਰ ਦੇ ਸਵਾਮੀ ਦਾ ਦਰਜਾ ਕਦੇ ਵੀ ਨਹੀਂ ਦਿੱਤਾ ਜਾ ਸਕਦਾ। ਕਿਉਂਕਿ ਇਸ ਤਰ੍ਹਾਂ ਦੀਆਂ ਸਵੈ-ਜੀਵਨੀਆਂ ਤੇ ਰਾਜਨੈਤਿਕ ਤੇ ਧਾਰਮਿਕ ਬਿਰਤਾਂਤਾ ਦਾ ਭਾਰ ਗ਼ੈਰ ਜ਼ਰੂਰੀ ਰੂਪ 'ਚ ਲੱਦਿਆ ਹੋਇਆ ਹੁੰਦਾ ਹੈ। ਇਹੀ ਕਾਰਨ ਹੈ ਕਿ ਇਸ ਤਰ੍ਹਾਂ ਦੀਆਂ ਸਵੈ-ਜੀਵਨੀਆਂ ਸਾਹਿਤ ਦੀ ਦੁਨੀਆਂ 'ਚ ਇੱਕ 'ਅਣਚਾਹਿਆਂ ਪ੍ਰਾਹੁਣੇ' ਤੋਂ ਵੱਧ ਕੁਝ ਮਹੱਤਵ ਨਹੀਂ ਰੱਖਦੀਆਂ। ਇਹ ਸਮਕਾਲੀ ਪ੍ਰਸਥਿਤੀਆਂ ਦਾ ਇੱਕ ਦਸਤਾਵੇਜ਼ ਤਾਂ ਜ਼ਰੂਰ ਹੁੰਦੀਆਂ ਹਨ, ਪਰ ਸਾਹਿਤ ਦੇ ਵਿਹੜੇ 'ਚ ਚਰਚਾ ਦੇ ਯੋਗ ਨਹੀਂ ਸਮਝੀਆਂ ਜਾਂਦੀਆਂ।

ਇਨ੍ਹਾਂ ਪ੍ਰਸਥਿਤੀਆਂ ਦੇ ਐਨ ਉਲਟ ਦਲਿਤ ਸਾਹਿਤ ਦੇ ਖੇਤਰ 'ਚ ਸਵੈ-ਜੀਵਨੀ ਇੱਕ ਉਸ ਸੂਰਜ ਸਮਾਨ ਹਨ ਜੋ ਕਿ ਪੂਰੀ ਕਾਇਨਾਤ ਨੂੰ ਆਪਣੀ ਗਰਮਾਹਟ ਰਾਹੀਂ ਜੀਉਂਦਿਆਂ ਰਖਦਾ ਹੈ। ਇਸ ਸਾਹਿਤ 'ਚ ਸਵੈ-ਜੀਵਨੀ ਦੇ ਅਰਥ ਉਸ ਸੁਹਜ-ਸ਼ਾਸਤਰ ਨਾਲ ਕੀਤੇ ਜਾਂਦੇ ਹਨ ਜਿਸ ਤੋਂ ਬਗ਼ੈਰ ਸਾਹਿਤ ਦਾ ਤਸੱਵਰ ਵੀ ਨਹੀਂ ਕੀਤਾ ਜਾ ਸਕਦਾ ਹੈ। ਸਵੈ-ਜੀਵਨੀ ਦਲਿਤ ਸਾਹਿਤ ਦਾ ਇੱਕ ਸੁਹਜ-ਸ਼ਾਸਤਰ ਹੈ, ਦਲਿਤ ਸਾਹਿਤ ਦੇ ਸਾਹਿਤ 'ਚ ਇੱਕ ਅਜਿਹੀ ਵਿਧਾ ਜੋ ਕਿ ਇਸ ਸਾਹਿਤ ਦਾ ਧੁਰਾ ਹੈ, ਜਿੰਦ-ਜਾਨ ਹੈ। ਇਸ ਤੋਂ ਬਗ਼ੈਰ ਦਲਿਤ ਸਾਹਿਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ



ਵਿਧਾ ਰਾਹੀਂ ਦਲਿਤ ਜੀਵਨ ਦਾ ਪ੍ਰਗਟੀਕਰਨ ਜਿੰਨੇ ਠੋਸ ਰੂਪ 'ਚ ਹੋਇਆ ਹੈ, ਉਨਾ ਹੋਰ ਕਿਸੇ ਰੂਪ 'ਚ ਨਹੀਂ ਵੇਖਿਆ ਗਿਆ ਹੈ। ਸਵੈ-ਜੀਵਨੀ ਦਾ ਰੂਪ ਉਸ ਅੱਗ ਵਾਂਗੂ ਹੈ ਜੋ ਸਾਰੇ ਜੰਗਲ ਨੂੰ ਕੁਝ ਪਲਾਂ 'ਚ ਹੀ ਸੁਆਹ ਕਰ ਦਿੰਦੀ ਹੈ. ਜਿਨ੍ਹਾਂ ਪਾਠਕਾਂ ਨੇ ਮਰਾਠੀ ਦਲਿਤ ਸਾਹਿਤਕਾਰ ਸ਼ਰਣ ਕੁਮਾਰ ਲਿੰਬਾਲੇ ਦੀ ਆਤਮਕਥਾ ਪੜ੍ਹੀ ਹੋਵੇਗੀ, ਉਹ ਜਾਣਦੇ ਹੋਣਗੇ ਕਿ ਦਲਿਤ ਜੀਵਨ ਦਾ ਏਨਾ ਕਠੋਰ ਤੇ ਯਥਾਰਥ ਚਿਤਰਨ ਕਿਸੇ ਵੀ ਵਿਧਾ ਰਾਹੀਂ ਅੱਜ ਤਕ ਪੜ੍ਹਨ ਨੂੰ ਨਹੀਂ ਮਿਲਿਆ। ਦਲਿਤ ਦੀਵਨ ਦੇ ਯਥਾਰਥ ਨੂੰ ਪੜ੍ਹ ਕੇ ਬਹੁਤ ਸਾਰੇ ਸਾਹਿਤਕਾਰਾਂ ਨੂੰ ਆਪਣੇ ਦੰਦਾਂ ਥੱਲੇ ਜੀਭ ਦੇਣੀ ਪੈ ਗਈ ਸੀ। ਹਿੰਦੀ ਦੇ ਚਰਚਿਤ ਸਾਹਿਤਕਾਰ ਰਾਜਿੰਦਰ ਯਾਦਵ ਵੀ ਇਸ ਸਵੈ-ਜੀਵਨੀ ਨੂੰ ਪੜ੍ਹ ਕੇ ਸੁੰਨ ਅਵਸਥਾ 'ਚ ਪੁੱਜ ਗਏ ਸਨ। ਉਨ੍ਹਾਂ ਲਈ ਦਲਿਤ-ਜੀਵਨ ਦਾ ਇਸ ਤਰ੍ਹਾਂ ਦਾ ਚਿਤਰਨ ਇੱਕ ਨਵਾਂ ਤੇ ਵਿਚਿਤ੍ਰ ਅਨੁਭਵ ਸੀ। ਕੰਗਾਲੀ ਤੇ ਵਰਣ-ਵਿਵਸਥਾ ਦਾ ਅਜਿਹਾ ਚਿਤਰਨ ਪਹਿਲਾਂ ਕਦੇ ਵੀ ਦੇਖਣ ਨੂੰ ਨਹੀਂ ਮਿਲਿਆ। ਜੰਗਲ ਦੀ ਅੱਗ ਨੂੰ ਮਹਿਸੂਸ ਕਰਨਾ ਤੇ ਉਸ ਅੱਗ 'ਚ ਭੁੱਜਣਾ ਇਹ ਦੋਨੋਂ ਅਲਗ ਤਰ੍ਹਾਂ ਦੇ ਅਨੁਭਵ ਹਨ ਇਹ ਅਹਿਸਾਸ ਦਲਿਤ ਸਾਹਿਤਕਾਰ ਹੀ ਕਰਵਾ ਸਕਦਾ ਹੈ। ਕਿਸੇ ਕਹਾਣੀ ਨੂੰ ਪੜ੍ਹਣਾ ਤੇ ਉਸ ਕਹਾਣੀ ਦੇ ਪਾਤਰ ਬਣਨਾ ਇਹੀ ਦਲਿਤ ਸਾਹਿਤ 'ਚ ਸਵੈ-ਜੀਵਨੀ ਦਾ ਮਹੱਤਵ ਹੈ। ਦਲਿਤ ਸਵੈ-ਜੀਵਨੀਕਾਰ ਕੋਈ ਸਥਾਪਤ ਲੇਖਕ ਨਹੀਂ ਹੁੰਦਾ। ਉਹ ਇਕ ਮਜ਼ਦੂਰ ਹੋ ਸਕਦਾ ਹੈ, ਗੰਦੀਆਂ ਨਾਲੀਆਂ ਸਾਫ ਕਰਨ ਵਾਲਾ ਜਾਂ ਸਿਰ ਤੇ ਮੈਲ਼ਾ ਢੋਣ ਵਾਲਾ ਹੋ ਸਕਦਾ ਹੈ। ਇੱਕ ਜੇਬ ਕਤਰਾ ਹੋ ਸਕਦਾ ਹੈ, ਤੇ ਇੱਕ ਮੋਚੀ ਵੀ ਹੋ ਸਕਦਾ ਹੈ। ਉਸ ਨੂੰ ਸ਼ਬਦ ਚੋਣ ਦੀ ਭਾਵੇਂ ਸੁਧ ਨਾ ਹੋਵੇ ਪਰ ਉਸ ਦੇ ਇੱਕ ਇੱਕ ਅੱਖਰ 'ਚ ਪਾਠਕ ਨੂੰ ਵਲੂੰਧਰਨ ਦੀ ਸ਼ਕਤੀ ਜ਼ਰੂਰ ਹੁੰਦੀ ਹੈ। ਉਸ ਦੇ ਸ਼ਬਦਾਂ 'ਚ ਕਹਿਰਾਂ ਦਾ ਦਰਦ ਹੁੰਦਾ ਹੈ। ਭਾਵੇਂ ਦਲਿਤ-ਸਾਹਿਤਕਾਰ ਕੋਈ ਚਰਚਿਤ ਹਸਤੀ ਨਹੀਂ ਹੁੰਦੀ, ਪਰ ਉਸ ਦੀ ਵੇਦਨਾ ਪਾਠਕ ਨੂੰ ਹਿਲਾ ਦੇਣ ਦੇ ਸਮਰਥ ਜ਼ਰੂਰ ਰਖਦੀ ਹੈ। ਠੀਕ ਇਸੇ ਤਰ੍ਹਾਂ ਦੀ ਹੀ ਇੱਕ ਸਵੈ-ਜੀਵਨੀ ਸਾਡੇ ਸਾਹਮਣੇ ਹੈ, ਜਿਸ ਨੂੰ ਦਲਿਤ-ਸਾਹਿਤਕਾਰ ਸੂਰਜ ਪਾਲ ਚੌਹਾਨ ਨੇ ਆਪਣੇ ਸ਼ਬਦਾਂ ਰਾਹੀਂ ਲਿਖਿਆ ਹੈ।

ਸੂਰਜ ਪਾਲ ਚੌਹਾਨ ਕੋਈ ਪੈਦਾਇਸ਼ੀ ਸਾਹਿਤਕਾਰ ਨਹੀਂ ਹੈ ਅਤੇ ਨਾ ਹੀ ਉਸ ਸਾਹਿਤ ਸਿਰੋਂ ਆਪਣਾ ਢਿੱਡ ਪਾਲਦਾ ਹੈ। ਉਸ ਦੇ ਪਿੰਡੇ 'ਤੇ ਏਨੀਆਂ ਸੱਟਾਂ ਦੇ ਨਿਸ਼ਾਨ ਹਨ ਕਿ ਉਸ ਨੂੰ ਇਕ ਲੇਖਕ ਬਣਨ ਤੋਂ ਕੋਈ ਵੀ ਨਹੀਂ ਰੋਕ ਸਕਿਆ। ਉਸ ਦੀਆਂ ਅੱਖਾਂ 'ਚ ਹੰਝੂ ਅਜੇ ਵੀ ਵੇਖੇ ਜਾ ਸਕਦੇ ਹਨ। ਉਹ ਉਸ ਸਮਾਜ 'ਚ ਜੰਮਿਆ ਤੇ ਪਾਲਿਆ ਹੈ ਜਿਸ 'ਚ ਢਿੱਡ ਦੀ ਅੱਗ ਬੁਝਾਉਣ ਲਈ ਜੰਮਦਿਆਂ ਹੀ ਇੱਕ ਟੋਕਰੀ ਤੇ ਝਾੜੂ ਫੜਾਉਣ ਦੀ ਪ੍ਰਥਾ ਸਦੀਆਂ ਤੋਂ ਚਲਦੀ ਆ ਰਹੀ ਹੈ, ਪੁਸ਼ਤ-ਦਰ-ਪੁਸਤ। ਉਸ ਦੇ ਸਮਾਜ ਵਿਚ ਗੰਦਗੀ ਦੇ ਅੰਬਾਰ ਹਨ, ਸੂਰਾਂ ਤੇ ਕੁੱਤਿਆਂ ਦੀ ਬੇਸੁਰੀ ਅਵਾਜ਼ ਹੈ, ਮੁਰਦਾਘਾਟ ਜਿਹੀ ਕਾਵਾਂ ਰੌਲੀ ਹੈ, ਸਿਰ ਤੇ ਕੱਖਾਂ ਦੀ ਕੁੱਲੀ ਤੇ ਗਲੀਆਂ 'ਚ ਉਡਦੀ ਗੰਦੀ ਧੂੜ ਤੋਂ ਅਲਾਵਾ ਹੋਰ ਕੁਝ ਨਹੀਂ। ਮੁਰਝਾਏ ਹੋਏ ਚਿਹਰਿਆਂ ਦੇ ਉਪਰ ਮੌਤ ਜਿਹਾ ਡਰ ਹੈ, ਵਰਣ-ਵਿਵਸਥਾ ਦੇ ਕੋਹੜ ਦਾ ਭਾਰ ਹੈ, ਗਿਰਝਾਂ ਤੇ ਕਾਵਾਂ ਵਰਗਾ ਮਾਹੌਲ ਹੈ। ਖਾਲੀ ਪੇਟ ਹੈ ਤੇ ਤਨ ਤੇ ਸਰਦੀਆਂ ਤੇ ਗਰਮੀਆਂ ਨੂੰ ਇਕੋ ਜਿਹਾ ਚੀਥੜਿਆ ਦਾ ਲਿਬਾਸ ਹੈ। ਗੋਡਿਆਂ ਉੱਪਰ ਮੈਲ ਦਾ ਭਾਰ ਹੈ, ਵਾਲ਼ਾ 'ਚ ਜੂੰਆਂ ਵੀ ਸੰਵੇਦਨਸ਼ੀਲ ਵਿਅਕਤੀ ਲਈ ਸੋਚ ਦਾ ਅਧਾਰ ਬਣ ਸਕਦੀਆਂ ਹਨ।

ਸੂਰਜ ਪਾਲ ਚੌਹਾਨ ਦੀ ਇਹ ਸਵੈ-ਜੀਵਨੀ ਜਿਸਦਾ ਨਾਂ 'ਸੰਤਪਤ' ਅਰਥਾਤ ਝੁਲਸਿਆ ਹੋਇਆ ਹੈ, ਉਸ ਦਾ ਸਮਾਜ ਦਾ ਯਥਾਰਥਵਾਦੀ ਚਿਤਰਨ ਕਰਦੀ ਹੈ। ਜਿੱਥੇ ਅੱਜ ਵੀ ਬਹੁਤਾਂ ਪਰਿਵਰਤਨ ਦੇਖਣ ਨੂੰ ਨਹੀਂ ਮਿਲਦਾ। ਅੱਜ ਵੀ 'ਗੋਹਾਨਾ' ਵਰਗੇ ਕਾਂਡ ਹੁੰਦੇ ਹਨ, ਨੰਗੇਜ਼ ਤੇ ਭੁੱਖ ਦਾ ਸਾਮਰਾਜ ਹੈ, ਹੱਥਾਂ 'ਚ ਗੰਦੀ ਟੋਕਰੀ ਝਾੜੂ ਤੇ ਸਿਰ ਤੇ ਮੈਲੇ ਦਾ ਟੋਕਰਾ ਹੈ। ਦੇਸ਼ੀ-ਦਾਰੂ ਦੀ ਬੋਅ ਹੈ ਤੇ ਉਹ ਸਭ ਕੁਝ ਹੈ ਜੋ ਸਦੀਆਂ ਪਹਿਲਾਂ ਵੀ ਸੀ। ਸੂਰਜ ਪਾਲ ਚੌਹਾਨ ਦੀ ਇਹ ਦੂਸਰੀ ਆਤਮ ਕਥਾ ਹੈ। ਇਸ ਤੋਂ ਪਹਿਲਾਂ ਉਸ ਦੀ ਆਤਮ ਕਥਾ 'ਵਹਿਸ਼ਕ੍ਰਿਤ' ਹਿੰਦੀ ਜਗਤ 'ਚ ਕਈ ਮੀਲ ਪੱਥਰ ਕਾਇਮ ਕਰ ਚੁੱਕੀ ਹੈ। ਇਸ ਆਤਮ ਕਥਾ ਦੇ ਕਈ ਅੰਸ਼ ਹਿੰਦੀ ਤੇ ਪੰਜਾਬੀ ਅਖ਼ਬਾਰਾਂ ਤੇ ਰਸਾਲਿਆਂ 'ਚ ਛਪ ਚੁੱਕੇ ਹਨ। ਸੂਰਜ ਪਾਲ ਚੌਹਾਨ ਅੱਜ ਇੱਕ ਗਜਟਿਡ ਅਫ਼ਸਰ ਦੀ ਕੁਰਸੀ 'ਤੇ ਬੈਠਾ ਇੱਕ ਆਲ੍ਹਾ ਅਫ਼ਸਰ ਭਾਵੇਂ ਹੈ, ਪਰ ਉਸ ਦੇ ਜਿਹਨ

'ਤੇ ਖੁਦੀ ਹੋਈ ਨਕਾਸ਼ੀ ਉਸ ਨੂੰ ਕਲਮ ਫੜਣ ਲਈ ਪ੍ਰੇਰਿਤ ਕਰਦੀ ਰਹੀ ਹੈ। ਕੰਗਾਲੀ ਦੀਆਂ ਹੱਦਾਂ ਤੋਂ ਵੀ ਪਾਰ ਗੁਜਰਦਿਆਂ ਹੋਇਆ ਉਸ ਦਾ ਬਚਪਨ ਅੱਜ ਵੀ ਉਸ ਦੀਆਂ ਰਾਤਾਂ ਦਾ ਚੈਨ ਖੋਹ ਰਿਹਾ ਹੈ। ਉਹ ਅੱਜ ਵੀ ਭਾਵੇਂ ਇੱਕ ਪ੍ਰਭਾਵਸ਼ਾਲੀ ਕੁਰਸੀ 'ਤੇ ਬੈਠਾ ਹੈ ਪਰ ਅੱਜ ਵੀ ਉਸ ਦਾ ਦਲਿਤ ਹੋਣਾ ਇੱਕ ਸ਼ਰਾਪ ਹੀ ਹੈ। ਉਸ ਦਾ ਚਪੜਾਸੀ ਤੇ ਉਸ ਦਾ ਵੱਡਾ ਅਫ਼ਸਰ ਉਸ ਦੇ ਚੂਹੜੇ ਹੋਣ ਦੇ ਅਹਿਸਾਸ ਨੂੰ ਜੀਉਂਦਿਆਂ ਰਖਦੇ ਹਨ। ਵਰਣ-ਵਿਵਸਥਾ ਦੇ ਇਹ ਪਹਿਰੇਦਾਰ ਮੌਕਾ ਮਿਲਦਿਆਂ ਹੀ ਉਸ ਨੂੰ ਉਸ ਦੀ ਜਾਤ ਯਾਦ ਕਰਵਾਉਣ ਤੋਂ ਪਿੱਛੇ ਨਹੀਂ ਹਟਦੇ। ਉੱਚੀ ਜਾਤ ਦੇ ਲੇਖਕਾਂ ਦੀ ਮਾਨਸਿਕਤਾ ਨੂੰ ਉਹ ਬਹੁਤ ਹੀ ਕਲਾ ਮਈ ਢੰਗ ਨਾਲ ਉਜਾਗਰ ਕਰਦਾ ਹੈ।

ਵਰਣ ਵਿਵਸਥਾ ਦੀ ਮਾਰੂ ਮਾਨਸਿਕਤਾ ਨੂੰ ਪ੍ਰਗਟ ਕਰਦਾ ਹੋਇਆ ਲੇਖਕ ਹੱਥਲੀ ਸਵੈ-ਜੀਵਨੀ ਵਿਚ ਇਸ ਤਰ੍ਹਾਂ ਦੇ ਕਈ ਪ੍ਰਸੰਗ ਰੌਚਕ ਸ਼ੈਲੀ 'ਚ ਪ੍ਰਸਤੁਤ ਕਰਦਾ ਹੈ ਜੋ ਕਿ ਪਾਠਕ ਦੀ ਮਾਨਸਿਕਤਾ ਨੂੰ ਭੂਚਾਲ ਜਿਹਾ ਹਲੂਣਾ ਦੇਣ ਦੇ ਸਮਰਥ ਹਨ। ਇਸੇ ਤਰ੍ਹਾਂ ਦੇ ਹੀ ਇੱਕ ਪ੍ਰਸੰਗ ਦਾ ਜਿਕਰ ਇੱਥੇ ਕਰਨਾ ਪ੍ਰਸੰਗਿਕ ਹੋਵੇਗਾ। ਇੱਕ ਪਟਰੌਲ ਪੰਪ ਤੋਂ ਲੇਖਕ ਆਪਣੇ ਕ੍ਰੈਡਿਟ ਕਾਰਡ ਰਾਹੀਂ ਜਦੋਂ ਪਟਰੌਲ ਪੁਆ ਕੇ ਹਟਦਾ ਹੈ ਤਾਂ ਉਸ ਪੰਪ 'ਤੇ ਕੰਮ ਕਰਨ ਵਾਲਾ ਲੜਕਾ ਉਸ ਨੂੰ ਪੁੱਛਦਾ ਹੈ ਕਿ ਉਸ ਦਾ ਗੋਤਰ ਚੌਹਾਨ ਹੈ ਜਾਂ ਉਸ ਦੀ ਇਸ ਗੋਤਰ ਨਾਲ ਜੁੜੀ ਹੋਈ ਬਰਾਦਰੀ ਹੈ। ਲੇਖਕ ਉਸ ਦੀ ਇਹ ਗਲ ਸੁਣ ਕੇ ਹੱਕਾ ਬੱਕਾ ਰਹਿ ਜਾਂਦਾ ਹੈ ਤੇ ਉਸ ਦੇ ਚਿਹਰੇ ਦੇ ਭਾਵ ਇਕਦਮ ਬਦਲ ਜਾਂਦੇ ਹਨ। ਲੇਖਕ ਉਸ ਨੂੰ ਪੁਛਦਾ ਹੈ,

"ਕਿਓ ਬਈ ਤੈਂ ਕੀ ਲੈਣਾ ਇਸ ਤੋਂ ?"

"ਮੈਂ ਬਰਾਦਰੀ ਤੋਂ ਚੌਹਾਨ ਹਾਂ।" ਉਸ ਨੇ ਕਿਹਾ ਸੀ। ਅੱਗੇ ਲੇਖਕ ਲਿਖਦਾ ਹੈ ਕਿ ਬਰਾਦਰੀ ਚੌਹਾਨ ਦੀ ਗੱਲ ਸੁਣ ਕੇ ਮੈਂ ਸਸੋਪੰਜ 'ਚ ਪੈ ਗਿਆ।

'ਇਹ ਲੜਕਾ ਮੇਰੀ ਬਰਾਦਰੀ ਦਾ ਹੋਵੇਗਾ, ਅਰਥਾਤ ਦਲਿਤ।' ਮੈਂ ਉਸ ਨੂੰ ਆਪਣੀ ਬਰਾਦਰੀ ਚੌਹਾਨ ਹੀ ਦਸਿਆ। ਮੇਰੀ ਗਲ ਸੁਣ ਕੇ ਉਹ ਚਹਿਕ ਉੱਠਿਆ ਤੇ ਖੁਸ਼ੀ ਦੇ ਲਹਿਜੇ 'ਚ ਬੋਲਿਆ,

"ਸਰ ਤੁਹਾਡਾ ਵਿਅਕਤੀਤਵ ਹੀ ਦਸ ਰਿਹਾ ਹੈ ਕਿ ਤੁਸੀਂ ਚੌਹਾਨ ਬਰਾਦਰੀ ਦੇ ਹੋ।"

"ਸਾਹਿਬ ਮੈਂ ਮੈਹਰੌਲੀ ਦਾ ਰਹਿਣ ਵਾਲਾ ਹਾਂ, ਮੇਰਾ ਨਾਂ ਜਸਬੀਰ ਸਿੰਘ ਚੌਹਾਨ ਹੈ..., ਵੈਸੇ ਭੰਗੀ ਤੇ ਖਟੀਕ ਵੀ ਆਪਣੇ ਨਾਵਾਂ ਅੱਗੇ ਚੌਹਾਨ ਲਗਾਉਂਦੇ ਹਨ।"

ਹੁਣ ਉਸ ਦੀ ਗੱਲ ਸੁਣ ਕੇ ਮੇਰਾ ਮੱਥਾ ਠਣਕਿਆ। ਸੱਚੀ ਗੱਲ ਤਾਂ ਇਹ ਸੀ ਕਿ ਬਰਾਦਰੀ ਚੌਹਾਨ ਤੇ ਗੋਤਰ ਚੌਹਾਨ ਦੇ ਅੰਤਰ ਨੂੰ ਮੈਂ ਅੱਜ ਤਕ ਨਹੀਂ ਜਾਣਦਾ ਸਾਂ। ਹਾਂ ਏਨਾ ਤਾਂ ਜ਼ਰੂਰ ਪਤਾ ਸੀ ਕਿ ਗ਼ੈਰ ਦਲਿਤਾਂ 'ਚ ਬਹੁਤੇ ਦਲਿਤ ਗੋਤਰ ਵੀ ਪਾਏ ਜਾਂਦੇ ਹਨ। ਮੈਂ ਗੱਡੀ ਨੂੰ ਸਾਇਡ ਤੇ ਕਰਕੇ ਉਸ ਨੂੰ ਆਪਣੇ ਕੋਲ ਸੱਦਿਆ ਉਹ ਖੁਸ਼ੀ ਖੁਸ਼ੀ ਮੇਰੇ ਕੋਲ ਦੌੜਾ ਆਇਆ। ਮੈਂ ਕਾਰ ਦੀ ਖਿੜਕੀ 'ਚੋਂ ਗਰਦਨ ਕਢਦਿਆਂ ਹੋਇਆ ਕਿਹਾ, "ਯਾਰ ਮੈਂ ਤਾਂ ਭੰਗੀ ਹਾਂ... ਮੇਰੇ ਟੱਬਰ ਦੇ ਲੋਕ ਆਪਣੇ ਨਾਂ ਨਾਲ 'ਚੌਹਾਨ' ਸ਼ਬਦ ਦਾ ਪ੍ਰਯੋਗ ਕਰਦੇ ਆਏ ਹਨ, ਇਸ ਲਈ ਮੈਂ ਵੀ ਕਰਦਾ ਹਾਂ।"

ਹੁਣ ਹੈਰਾਨ ਹੋਣ ਦੀ ਉਸ ਦੀ ਵਾਰੀ ਸੀ। ਉਹ ਕੁਝ ਪਲ ਮੇਰੇ ਵਲ ਵੇਖਦਾ ਰਿਹਾ ਤੇ ਫਿਰ ਹਸਦਾ ਹੋਇਆ ਬੋਲਿਆ,

"ਛੱਡੋ ਜੀ, ਸਰ ਤੁਸੀਂ ਭੰਗੀ ਹੋ ਹੀ ਨਹੀਂ ਸਕਦੇ, ਮੈਂ ਤੁਹਾਨੂੰ ਰੋਜ ਆਉਂਦਿਆਂ-ਜਾਂਦਿਆਂ ਵੇਖਦਾ ਹਾਂ, ਤੁਸੀਂ ਸਵੇਰੇ-ਸਵੇਰੇ ਆਪਣੇ ਮਿੱਤਰਾਂ ਨਾਲ ਕੁਤਬ ਦੇ ਪਾਰਕ ਵਿਚ ਸੈਰ ਕਰਨ ਲਈ ਆਉਂਦੇ ਹੋ, ਮੈਹਰੌਲੀ ਦੇ ਸ਼ਿਆਮ ਗੁਪਤਾ, ਪ੍ਰਿੰਸੀਪਲ ਐਲ. ਕੇ. ਮਿਸ਼ਰਾ ਤੇ ਪੰਡਿਤ ਵਿਜੈ ਸ਼ੰਕਰ ਤੁਹਾਡੇ ਨਾਲ ਉਠਦੇ ਬੈਠਦੇ ਹਨ। ਅਜੇ ਮਹੀਨਾ ਭਰ ਪਹਿਲਾਂ ਹੀ ਪ੍ਰਿੰਸੀਪਲ ਮਿਸ਼ਰਾ ਜੀ ਦੀ ਲੜਕੀ ਦੇ ਵਿਆਹ 'ਤੇ ਮੈਂ ਤੁਹਾਨੂੰ ਕਮਿਊਨਟੀ ਹਾਲ 'ਚ ਵੇਖਿਆ ਸੀ।" ਇਹ ਲੜਕਾ ਆਪਣੀ ਗਲ ਇਕੋ ਰੌਂਅ 'ਚ ਕਹਿ ਗਿਆ ਸੀ।

ਮੈਂ ਕਾਰ 'ਚ ਬੈਠਾ ਸੋਚ ਰਿਹਾ ਸਾਂ, ਇਹ ਤਾਂ ਸਭ ਗੜਬੜ ਹੋ ਗਿਆ। ਮੈਹਰੌਲੀ ਦੇ ਸਾਰੇ ਮਿੱਤਰ ਮੇਰੀ ਜਾਤ ਦੇ ਬਾਰੇ ਜਾਣਦੇ ਹਨ। ਜੇ ਮੈਂ ਉਨ੍ਹਾਂ ਦੇ ਵਿਚ ਜਾ ਕੇ ਕਹਿ ਦਿਆਂ ਕਿ ਮੈਂ ਬਰਾਦਰੀ ਤੋਂ ਚੌਹਾਨ ਹਾਂ ਤਾਂ ਉਹ ਸਾਰੇ ਮੇਰਾ ਹਾਸਾ ਪਾਉਣਗੇ ਤੇ ਸੋਚਣਗੇ ਕਿ ਮੈਂ ਇਸ ਲੜਕੇ ਦੇ ਸਾਹਮਣੇ ਆਪਣੀ ਜਾਤ ਛੁਪਾ



ਗਿਆ ਹਾਂ ਤੇ ਝੂਠ ਬੋਲ ਗਿਆ ਹਾਂ। ਮੈਂ ਉਸ ਨੂੰ ਫਿਰ ਕਿਹਾ,

"ਮੈਂ ਸੱਚ ਕਹਿ ਰਿਹਾ ਹਾਂ-ਭੰਗੀ ਚੌਹਾਨ ਹਾਂ, ਤੇਰੀ ਬਰਾਦਰੀ ਦਾ ਨਹੀਂ।"

ਉਸ ਨੂੰ ਹੁਣ ਵੀ ਵਿਸ਼ਵਾਸ ਨਹੀਂ ਸੀ ਹੋ ਰਿਹਾ। ਉਹ ਅਜੇ ਵੀ ਇਹੀ ਸੋਚ ਰਿਹਾ ਸੀ ਕਿ ਮੈਂ ਝੂਠ ਬੋਲ ਰਿਹਾ ਹਾਂ। ਮੇਰੇ ਬਾਰ ਬਾਰ ਕਹਿਣ ਤੇ ਹੀ ਉਹ ਅੱਧੇ ਅਧੂਰੇ ਮਨ ਨਾਲ ਮੇਰੀ ਗਲ ਮੰਨਦਿਆਂ ਬੋਲਿਆ,

"ਕੋਈ ਗਲ ਨਹੀਂ, ਫਿਰ ਕੀ ਹੋਇਆ।"

ਉਹ ਮੇਰੇ ਕੋਲੋਂ ਚੱਲਾ ਹੀ ਸੀ ਕਿ ਮੈਂ ਉਸ ਨੂੰ ਰੋਕਦਿਆਂ ਕਿਹਾ,

"ਯਾਰ ਮੇਰੀ ਗੱਡੀ 'ਚ ਪਟਰੋਲ ਪਾਉਣਾ ਬੰਦ ਤਾਂ ਨਹੀਂ ਕਰ ਦੇਵੇਗਾ, ਇਹ ਜਾਣ ਕੇ ਕਿ ਮੈਂ ਭੰਗੀ ਹਾਂ।"

"ਸਰ ਤੁਸੀਂ ਇਹ ਕੀ ਕਹਿ ਰਹੇ ਹੋ, ਇਹ ਕੋਈ ਪਿੰਡ ਤਾਂ ਨਹੀਂ, ਮੈਂ ਤਾਂ ਇੱਥੇ ਨੌਕਰੀ ਹੀ ਕਰਦਾ ਹਾਂ।"

ਇਸ ਤਰ੍ਹਾਂ ਦੇ ਕਈ ਪ੍ਰਸੰਗ ਇਸ ਸਵੈ-ਜੀਵਨੀ 'ਚ ਪੜ੍ਹਨ ਨੂੰ ਮਿਲ ਜਾਣਗੇ।

ਲਗਭਗ 160 ਸਫਿਆਂ ਦੀ ਇਸ ਪੁਸਤਕ ਦਾ ਪ੍ਰਕਾਸ਼ਨ ਬਾਣੀ ਪ੍ਰਕਾਸ਼ਨ ਵਲੋਂ ਕੀਤਾ ਗਿਆ ਹੈ। ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਇਹ ਪੁਸਤਕ ਕਿਸ ਪੱਧਰ ਦੀ ਹੋਵੇਗੀ। ਇਸ ਸਵੈ-ਜੀਵਨੀ ਦੀ ਭੂਮਿਕਾ ਹਿੰਦੀ ਦੇ ਚਰਚਿਤ ਲੇਖਕ ਪ੍ਰੋ. ਕਾਸ਼ੀ ਨਾਥ ਨੇ ਲਿਖੀ ਹੈ। ਇਸ ਸਵੈ-ਜੀਵਨੀ ਬਾਰੇ ਉਸ ਦੀ ਇਹ ਟਿੱਪਣੀ ਬਹੁਤ ਮਹੱਤਵਪੂਰਨ ਹੈ ਕਿ ਅਜਿਹੀ ਰਚਨਾ ਲਿਖਣਾ ਬਹੁਤ ਹੀ ਜਿਗਰੇ ਦਾ ਕੰਮ ਸੀ ਜੋ ਸੂਰਜ ਪਾਲ ਨੇ ਕੀਤਾ ਹੈ।

ਸਚਮੁਚ ਹੀ ਇਸ ਤਰ੍ਹਾਂ ਦੀ ਸਵੈ-ਜੀਵਨੀ ਲਿਖਣਾ ਬਹੁਤ ਜਿਗਰ-ਗੁਰਦੇ ਦਾ ਕੰਮ ਹੈ। ਆਪਣੇ ਆਪ ਨੂੰ ਭਰੀ ਸਭਾ ਵਿਚ ਨੰਗਿਆ ਕਰਨ ਦੇ ਤੁੱਲ। ਪੈਰ-ਪੈਰ ਤੇ ਬੇਇੱਜਤੀ ਦੇ ਰੋੜੇ ਹਨ, ਸਮਾਜਿਕ ਬੇਇੱਜਤੀ ਹੈ, ਜਾਤ ਨੂੰ ਲੈ ਕੇ ਘ੍ਰਿਣਾ ਦੇ ਸੈਲਾਬ ਹਨ। ਇਨ੍ਹਾਂ ਸਭ ਵਰਤਾਰਿਆ ਨੂੰ ਮਹਿਸੂਸ ਕਰਨਾ ਹੋਵੇ ਤਾਂ ਸੂਰਜ ਪਾਲ ਚੌਹਾਨ ਦੀ ਸਵੈ-ਜੀਵਨੀ ਸੰਤਪਤ ਨੂੰ ਪੜ੍ਹਨਾ ਹੀ ਪਵੇਗਾ।

## ਸਵੈ-ਜੀਵਨੀ ਅੰਸ਼ / ਮਾਂ ਅਤੇ ਮੈਂ / ਸੂਰਜ ਪਾਲ ਚੌਹਾਨ

ਮਾਂ ਤੇ ਮੇਰੇ ਕੋਲ ਪਾਉਣ ਲਈ ਚੰਗੇ ਕੱਪੜੇ ਵੀ ਨਹੀਂ ਸਨ। ਸਾਡੇ ਦੋਵਾਂ ਦਿਆਂ ਕਪੜਿਆਂ ਉੱਤੇ ਥਾਂ ਥਾਂ ਰੰਗ ਬਰੰਗੀਆਂ ਟਾਕੀਆਂ ਲੱਗੀਆਂ ਹੋਈਆਂ ਸਨ। ਗਰਮੀਆਂ ਦੇ ਦਿਨਾਂ 'ਚ ਤਾਂ ਸਾਡੇ ਮੁਹੱਲੇ ਦੇ ਮੇਰੀ ਉਮਰ ਦੇ ਮੁੰਡੇ ਅਕਸਰ ਨੰਗ-ਧੜੰਗ ਹੀ ਘੁੰਮਿਆ ਕਰਦੇ ਸਨ। ਸਰਦੀਆਂ ਦੇ ਮੌਸਮ 'ਚ ਹੱਡ ਭੰਨਵੀ ਠੰਡ ਤੋਂ ਬਚਣ ਲਈ ਮੇਰਾ ਸਰੀਰ ਸੂਤੀ-ਫਲਾਲੇਨ ਦਾ ਗੋਡਿਆਂ ਤੀਕਰ ਸੀਂਤੇ ਝੱਗੇ ਨਾਲ ਕੱਜਿਆ ਹੁੰਦਾ ਸੀ। ਠੰਡ ਦੇ ਮੌਸਮ 'ਚ ਮਹੀਨਾ ਭਰ ਇਹੀ ਕਮੀਜ ਮੇਰੇ ਸਰੀਰ 'ਤੇ ਟੰਗੀ ਰਹਿੰਦੀ। ਲਗਾਤਾਰ ਪਾਈ ਰੱਖਣ ਕਰਕੇ ਇਹ ਏਨੀ ਮੈਲੀ ਹੋ ਜਾਂਦੀ ਸੀ। ਕਿ ਇਸ ਦੇ ਅਸਲੀ ਰੰਗ ਦਾ ਪਤਾ ਕਰਨਾ ਮੁਸ਼ਕਿਲ ਹੁੰਦਾ। ਮਾਂ ਨੂੰ ਤਾਂ ਬਸੀਠਾਂ ਦੇ ਮੁਹੱਲਿਆ 'ਚ ਕੰਮ ਕਰਨ ਤੋਂ ਵਿਹਲ ਹੀ ਨਹੀਂ ਸੀ ਮਿਲਦੀ। ਇਸ ਕਰਕੇ ਉਹ ਮਹੀਨੇ ਦੋ ਮਹੀਨੇ ਬਾਅਦ ਹੀ ਵਗਦੇ ਨਾਲੇ ਦੇ ਪਾਣੀ 'ਚ ਕਿਵੇਂ ਨਾ ਕਿਵੇਂ ਕੱਢ ਲਿਆਂਦੀ। ਲਗਾਤਾਰ ਇਕੋ ਕਮੀਜ਼ ਪਹਿਨਣ ਨਾਲ ਉਸ ਵਿਚ ਜੂੰਆਂ ਦੀ ਇੱਕ ਫੌਜ਼ ਤਿਆਰ ਹੋ ਜਾਂਦੀ। ਕਮੀਜ਼ ਵਿਚ ਏਨੀ ਤਦਾਦ 'ਚ ਜੂੰਆਂ ਹੋ ਜਾਂਦੀਆਂ ਕਿ ਇਨ੍ਹਾਂ ਨੂੰ ਇੱਕ ਇੱਕ ਕਰਕੇ ਮਾਰਨਾ ਬਹੁਤ ਮੁਸ਼ਕਿਲ ਕੰਮ ਹੁੰਦਾ। ਮਾਂ ਨੂੰ ਇਹ ਕੰਮ ਕਰਨ ਲਈ ਕਈ ਘੰਟੇ ਲਗ ਜਾਂਦੇ। ਘਰ ਦੀ ਹਾਲਤ ਇਹ ਸੀ ਕਿ ਢਿੱਡ ਭਰਨ ਲਈ ਦੋ-ਰੋਟੀਆਂ ਸੇਕਣ ਵਾਸਤੇ ਲੱਕੜਾਂ ਵੀ ਨਾ ਹੁੰਦੀਆਂ, ਫਿਰ ਕਮੀਜ਼ ਪਾਉਣ ਲਈ ਗਰਮ ਪਾਣੀ ਕਿੱਥੋਂ

ਮਿਲਦਾ।

ਜੂੰਆਂ ਨੂੰ ਮਾਰਨ ਵਾਸਤੇ ਮਾਂ ਨੇ ਇੱਕ ਤਰੀਕਾ ਲੱਭ ਲਿਆ ਸੀ। ਉਹ ਸਿਖਰ ਦੁਪਹਿਰੇ ਸੂਰਜ ਦੀ ਕੜਕਦੀ ਧੁੱਪ 'ਚ ਗਰਮ ਹੋਈ ਰੇਤ ਉੱਪਰ ਕਪੜੇ ਫੈਲਾ ਦਿੰਦੀ। ਸੂਰਜ ਦੀਆਂ ਤਿੱਖੀਆਂ ਤੇ ਅੱਗ ਵਾਂਗੂ ਤਪਦੀ ਰੇਤ ਵਿੱਚ ਜੂੰਆਂ ਦਾ ਜਿਵੇਂ ਭੜਥਾ ਹੀ ਬਣ ਜਾਂਦਾ ਸੀ। ਠੀਕ ਇਹੀ ਹਾਲ ਮੇਰੇ ਸਿਰ ਦਿਆਂ ਵਾਲ਼ਾਂ ਦਾ ਸੀ। ਸਿਰ 'ਚ ਬੇਹਿਸਾਬ ਜੂੰਆਂ ਤੇ ਲੀਖਾਂ ਦੀ ਮੰਡੀ ਲੱਗੀ ਰਹਿੰਦੀ। ਸਾਡੇ ਮੁਹੱਲੇ ਦੇ ਛੋਟੇ-ਵੱਡੇ ਲੋਕਾਂ ਦੇ ਸਿਰ ਦੇ ਵਾਲ਼ ਕਟਵਾਉਣ ਦੇ ਬਾਰੇ ਪਿੰਡ ਦੇ ਨਾਈ ਦੀ ਗੱਲ ਤਾਂ ਬਹੁਤ ਦੂਰ ਸੀ, ਉਨ੍ਹੀਂ ਦਿਨੀਂ ਛਰਰਾ ਕਸਬੇ ਦੇ ਨਾਈ ਤੱਕ ਭੰਗੀ ਚਮਾਰਾਂ ਦੇ ਵਾਲ਼ਾਂ ਨੂੰ ਹੱਥ ਵੀ ਨਹੀਂ ਲਾਇਆ ਕਰਦੇ ਸਨ। ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਮੇਰੀ ਮਾਂ ਛਰਰਾ ਕਸਬੇ ਤੋਂ ਇੱਕ ਕੈਂਚੀ ਖਰੀਦ ਕੇ ਲਿਆਈ ਸੀ। ਉਸ ਕੈਂਚੀ ਨਾਲ ਮਾਂ ਮੇਰੇ ਤੇ ਛੋਟੇ ਭਰਾ ਰਗਬਰ ਦੇ ਵਿੰਗੇ ਟੇਡੇ ਵਾਲ਼ ਕੱਟ ਦਿੰਦੀ ਸੀ। ਮੁਹੱਲੇ ਦੀਆਂ ਦੂਜੀਆਂ ਔਰਤਾਂ ਮਿਨਤਾਂ ਤੇ ਤਰਲੇ ਕਰਦੀਆਂ ਹੋਈਆਂ ਮੇਰੀ ਮਾਂ ਨੂੰ ਆਪਣੇ ਬੱਚਿਆਂ ਦੇ ਵਾਲ਼ ਕੱਟਣ ਲਈ ਕਹਿੰਦੀਆਂ, " ਭੈਣੇ ਸਾਡੇ ਨਿਆਣਿਆਂ ਦੇ ਵਾਲ਼ ਕੱਟ ਦੇਵੀ।"

ਮਾਂ ਕੈਂਚੀ ਇੱਕ ਉੱਧਰ ਮਾਰਦੀ ਤੇ ਇਕ ਇੱਧਰ। ਬੱਸ ਸਿਰ 'ਤੇ ਜਿਵੇਂ ਹਰੜਾਂ ਬਣਾ ਦਿੰਦੀ ਸੀ। ਮਾਂ ਦੇ ਕਪੜਿਆਂ 'ਚ ਜਗ੍ਹਾ-ਜਗ੍ਹਾ ਨਿੱਕੇ ਵੱਡੇ ਸੁਰਾਖ਼ ਹੋ ਚੁੱਕੇ ਸਨ। ਸਿਰ ਦੀ ਚੁੰਨੀ ਤਾਂ ਜਿਵੇਂ ਲੀਰਾਂ ਲੀਰਾਂ ਹੋ ਚੁੱਕੀ ਸੀ। ਫਿਰ ਵੀ ਉਹ ਇਸ ਫਟੀ ਹੋਈ ਚੁੰਨੀ ਨਾਲ ਆਪਣਾ ਤਨ ਤੇ ਸਿਰ ਢੱਕਣ ਦੀ ਕੋਸ਼ਿਸ਼ ਕਰਦੀ ਰਹਿੰਦੀ ਸੀ।

ਘਰ ਦੇ ਨਾਂਅ 'ਤੇ ਇੱਕ ਕੱਖ-ਕਾਨਿਆਂ ਦੀ ਕੱਚੀ ਜਿਹੀ ਕੋਠੜੀ ਤੇ ਪਸ਼ੂ-ਡੰਗਰ ਦੇ ਨਾਂਅ 'ਤੇ ਪਿੰਡ ਦੇ ਠਾਕੁਰ ਜੈ ਸਿੰਘ ਤੋਂ ਵਟਾਈ ਤੇ ਲਈ ਗਈ ਇੱਕ ਕੱਟੀ ਸੀ ਸਾਡੇ ਕੋਲ। ਇਸ ਕੱਟੀ ਨੂੰ ਪਾਲ-ਪੋਸ਼ ਕੇ ਅਸਾਂ ਪੂਰੀ ਮੱਝ ਬਣਾਉਣੀ ਸੀ। ਬਟਾਈ ਦੇ ਸਮਝੋਤੇ ਅਨੁਸਾਰ ਜਦੋਂ ਉਹ ਦੁੱਧ ਦੇਣ ਲਾਇਕ ਹੋ ਜਾਵੇਗੀ ਤਾਂ ਜੈ ਸਿੰਘ ਕੁਝ ਕੁ ਰੁਪਏ ਸਾਡੇ ਹੱਥ ਤੇ ਰੱਖ ਕੇ ਉਹ ਸਾਡੇ ਖੁੰਡੇ ਤੋਂ ਖੋਲ੍ਹ ਕੇ ਲੈ ਜਾਵੇਗਾ।

ਇਹ ਸਨ 1962 ਦੀ ਗੱਲ ਹੈ। ਪਿੰਡ ਦੇ ਸਕੂਲ ਨੂੰ ਜਾਂਦਿਆਂ ਮੈਨੂੰ ਅਜੇ ਕੁਝ ਹੀ ਦਿਨ ਹੋਏ ਸਨ। ਉਨ੍ਹੀਂ ਦਿਨੀਂ ਮੇਰਾ ਬਾਪ ਦਿੱਲੀ ਰੇਲਵੇ ਸਟੇਸ਼ਨ 'ਤੇ ਪੱਲੇਦਾਰੀ ਦਾ ਕੰਮ ਕਰਦਾ ਸੀ। ਮਾਂ ਪਿੰਡ 'ਚ ਰਹਿ ਕੇ ਬਸੀਠਾਂ ਦੇ ਘਰਾਂ 'ਚ ਸਫਾਈ ਦਾ ਕੰਮ ਕਰਦੀ ਸੀ। ਕਦੇ ਕਦੇ ਮੈਂ ਵੀ ਮਾਂ ਦਾ ਹੱਥ ਵਟਾਉਣ ਲਈ ਚੱਲਿਆ ਜਾਂਦਾ ਸੀ।

ਉਸ ਦਿਨ ਮਾਂ ਨੂੰ ਬਹੁਤ ਤੇਜ ਬੁਖਾਰ ਸੀ। ਕਮਜੋਰੀ ਏਨੀ ਸੀ ਕਿ ਉਹ ਤੁਰ ਫਿਰ ਵੀ ਨਹੀਂ ਸਕਦੀ ਸੀ। ਮੈਂ ਅਜੇ ਸਕੂਲੋਂ ਪਰਤਿਆਂ ਹੀ ਸੀ ਕਿ ਮਾਂ ਨੇ ਮੰਜੇ 'ਤੇ ਲੇਟਿਆਂ ਹੀ ਮੈਨੂੰ ਕਿਹਾ-

"ਬੇਟਾ ਸੂਰਜਪਾਲ ਕੱਟੀ ਸਵੇਰੇ ਤੋਂ ਹੀ ਥਿਆਹੀ ਖੁੰਡੇ ਨਾਲ ਬੱਝੀ ਹੋਈ ਹੈ, ਮੇਥੋਂ ਖੂਹ 'ਚੋਂ ਪਾਣੀ ਨਹੀਂ ਖਿੱਚਿਆ ਗਿਆ, ਜਾਹ ਕੱਟੀ ਨੂੰ ਪਾਣੀ ਪਿਆ ਦੇ।"

ਮੈਂ ਮਾਂ ਦੀ ਗੱਲ ਸੁਣ ਕੇ ਕਿਹਾ, "ਬੀਜੀ ਮੈਨੂੰ ਪਹਿਲਾਂ ਫੱਟੀ ਤੇ ਪੋਚਾ ਲਾਉਣ ਦੇ, ਲਿਖ ਕੇ ਜਾਵਾਂਗਾ, ਕਲ ਫੱਟੀ ਲਿਖ ਕੇ ਨਾ ਲਗਿਆ ਤਾਂ ਕੁੱਟ ਪਾਊਗੀ... ਓਹ ਮੈਨੂੰ ਭੰਗੀ ਭੰਗੀ ਕਹਿ ਕੇ ਬਹੁਤ ਕੁਟਦਾ ਹੈ। " ਪਰ ਮਾਂ ਨੂੰ ਮੇਰੀ ਮਾਰ ਤੋਂ ਜਿਆਦਾ ਕੱਟੀ ਦੀ ਪਿਆਸ ਦੀ ਚਿੰਤਾ ਸੀ। ਕੱਟੀ ਵੀ ਥਿਆਹ ਨਾਲ ਪਰੇਸ਼ਾਨ ਖੁੰਡੇ ਦੇ ਆਲੇ ਦੁਆਲੇ ਆਪਣਾ ਰੱਸਾ ਲਪੇਟ ਰਹੀ ਸੀ ਤੇ ਐੜੰਗ ਰਹੀ ਸੀ।

ਪਾਣੀ ਦੀ ਕੂਲ੍ਹ ਪਿੰਡ ਤੋਂ ਥੋੜੀ ਦੂਰ ਸੀ। ਮੈਂ ਕੱਟੀ ਦਾ ਰੱਸਾ ਫੜੀ ਕੂਲ੍ਹ ਵੱਲ ਚਲ ਪਿਆ। ਕੱਟੀ ਸਵੇਰ ਤੋਂ ਹੀ ਪਿਆਸੀ ਸੀ। ਪਾਣੀ ਨੂੰ ਵੇਖਦਿਆਂ ਹੀ ਉਹ ਜਿਵੇਂ ਮੇਥੋਂ ਰੱਸਾ ਛੁੜਾ ਕੇ ਭੱਜੀ। ਮੈਂ ਅਜੇ ਅਠ-ਨੌਂ ਸਾਲ ਦਾ ਬੱਚਾ ਹੀ ਸਾਂ। ਕੱਟੀ ਨੂੰ ਸੰਭਾਲ ਨਾ ਸਕਿਆ ਤੇ ਉਹ ਪਾਣੀ ਪੀਣ ਲਗ ਪਈ। ਥੋੜ੍ਹੀ ਦੂਰ ਹਟ ਕੇ ਠਾਕੁਰ ਜੈ ਸਿੰਘ ਆਪਣੇ ਬਲਦਾਂ ਨੂੰ ਪਾਣੀ ਪਿਲਾ ਰਿਹਾ ਸੀ। ਕੋਲ ਹੀ ਉਸ ਦਾ ਖੇਤ ਸੀ। ਖੇਤ



'ਚ ਕੱਟੀ ਹੋਈ ਕਣਕ ਦਾ ਢੇਰ ਪਿਆ ਹੋਇਆ ਸੀ। ਉਸ ਵੇਲੇ ਉਹ ਕਣਕ ਤੇ ਫਲ੍ਹਾ ਚਲਾ ਰਿਹਾ ਸੀ। ਮੈਂ ਦੌੜ ਕੇ ਕੱਟੀ ਕੋਲ ਗਿਆ ਤੇ ਪਿਆਰ ਨਾਲ ਉਸ ਦੀ ਪਿੱਠ 'ਤੇ ਹੱਥ ਫੇਰਨ ਲਗ ਪਿਆ। ਏਨੇ 'ਚ ਠਾਕੁਰ ਦੀ ਨਜ਼ਰ ਮੇਰੇ 'ਤੇ ਪਈ। ਕੱਟੀ ਨੂੰ ਪਾਣੀ ਪੀਂਦਿਆਂ ਵੇਖ ਜਿਵੇਂ ਉਸ ਦੇ ਸੱਤੇ-ਕੱਪੜੇ ਅੱਗ ਲਗ ਗਈ ਹੋਵੇ। ਕਿਉਂਕਿ ਜਿਧਰੋਂ ਪਾਣੀ ਆ ਰਿਹਾ ਸੀ ਕੱਟੀ ਨੇ ਉਸ ਵੱਲ ਆਪਣਾ ਮੂੰਹ ਪਾਣੀ 'ਚ ਪਾਇਆ ਹੋਇਆ ਸੀ। ਠਾਕੁਰ ਨੇ ਮੂੰਹ ਭਰਵੀਂ ਗਾਲ੍ਹ ਕਢਦਿਆਂ ਮੈਨੂੰ ਕਿਹਾ, "ਓਏ ਭੈ ਚੋਂ ਭੰਗੀਆ, ਤੇਰੀ ਕੱਟੀ ਦਾ ਜੂਠਾ ਪਾਣੀ ਹੁਣ ਮੇਰੇ ਬਲਦ ਪੀਣਗੇ... ਠਹਿਰ ਮੈਂ ਆਇਆ।"

ਠਾਕੁਰ ਆਪਣੇ ਹੱਥ 'ਚ ਅਰਹਰ ਦੀ ਲੰਬੀ ਤੇ ਮੋਟੀ ਸੋਟੀ ਫੜੀ ਮੇਰੇ ਸਿਰ 'ਤੇ ਆ ਚੜ੍ਹਿਆ। ਇਸ ਤੋਂ ਪਹਿਲਾਂ ਮੈਂ ਕੁਝ ਸਮਝਦਾ ਉਸ ਨੇ ਆਪਣੇ ਦੰਦ ਕਚੀਚਦਿਆਂ ਤਾੜ ਤਾੜ ਮੇਰੇ ਸਰੀਰ ਤੇ ਸੋਟੀ ਦੀ ਬਰਸਾਤ ਸ਼ੁਰੂ ਕਰ ਦਿੱਤੀ। ਇਸ ਮਾਰ ਨਾਲ ਮੈਂ ਘਬਰਾ ਕੇ ਉਥੋਂ ਭੱਜ ਉੱਠਿਆ। ਭੱਜਦਿਆਂ ਮੇਰਾ ਪੈਰ ਚਿੱਕੜ 'ਚ ਫਸ ਗਿਆ ਤੇ ਓਲਟ ਕੇ ਡਿਗ ਪਿਆ। ਮੇਰੇ ਕਪੜੇ ਮਿੱਟੀ ਨਾਲ ਗੁੱੜ੍ਹਚ ਹੋ ਗਏ ਸਨ। ਕੁਝ ਹੀ ਦੇਰ ਬਾਅਦ ਮੈਂ ਸਾਹੋ ਸਾਹੀ ਹੋਇਆ ਤੇ ਅੱਖਾਂ 'ਚੋਂ ਵਗਦੇ ਹੰਝੂਆਂ ਦੇ ਤੁਪਕੇ ਕੇਰਦਾ ਮਾਂ ਦੇ ਸਾਹਮਣੇ ਆ ਖੜਾ ਹੋਇਆ। ਮਾਂ ਹੈਰਾਨੀ ਭਰੀਆਂ ਅੱਖਾਂ ਨਾਲ ਮੇਰੇ ਵਲ ਬਿਟਰ ਬਿਟਰ ਤਕ ਰਹੀ ਸੀ ਤੇ ਏਨੇ 'ਚ ਜੈ ਸਿੰਘ ਆਪਣੇ ਹੱਥ 'ਚ ਸੋਟੀ ਲਈ ਉੱਥੇ ਆ ਪੁੱਜਿਆ ਤੇ ਆਪਣੀਆਂ ਨਾਸਾਂ 'ਚੋਂ ਗੁੱਸੇ ਦੇ ਗੁਬਾਰ ਛਡਦਾ ਹੋਇਆ ਬੋਲਿਆ , "ਅਸ਼ਰਫ਼ੀਆ, ਤੇਰੇ ਇਸ ਛੋਕਰੇ ਨੇ ਆਪਣੀ ਇਸ ਕੱਟੀ ਦੀ ਜੂਠ ਮੇਰੇ ਬਲਦਾਂ ਨੂੰ ਦਿੱਤੀ .., ਅੱਜ ਤਾਂ ਮੈਂ ਇਸ ਨੂੰ ਛਡ ਦਿੱਤਾ, ਫਿਰ ਜੇ ਕਿਤੇ ਇਸ ਤਰ੍ਹਾਂ ਦੀ ਹਰਕਤ ਕੀਤੀ ਤਾਂ ਮੈਂ ਥਾਂ ਹੀ ਮਾਰ ਮੁਕਾ ਦਿਆਂਗਾ।"

ਠਾਕੁਰ ਐਨੀ ਗੱਲ ਕਹਿ ਕੇ ਆਪਣੇ ਖੇਤਾਂ ਵਲ ਜਾ ਚੁੱਕਾ ਸੀ। ਬੁਖਾਰ ਨਾਲ ਤਪਦੀ ਮਾਂ ਦੇ ਮੂੰਹੋਂ ਕੋਈ ਅਵਾਜ਼ ਨਹੀਂ ਆਈ ਸੀ। ਮੇਰੇ ਸਰੀਰ 'ਤੇ ਪਏ ਸੋਟੀ ਦੇ ਨਿਸਾਨਾਂ ਨੂੰ ਵੇਖ ਮਾਂ ਭੁੱਬਾਂ ਮਾਰ ਕੇ ਰੋ ਪਈ ਸੀ। ਮਾਂ ਦੇ ਭਰੇ ਹੋਏ ਸੰਘ 'ਚੋਂ ਐਨਾ ਹੀ ਨਿਕਲਿਆ, "ਤੇਰੇ ਹੱਥਾਂ 'ਚ ਕੀੜੇ ਪੈਣਗੇ, ਸੜ ਕੇ ਮਰੇਂਗਾ ਜੈ ਸਿੰਘਾ ਤੂੰ।"

ਉਸ ਦਿਨ ਤੋਂ ਬਾਅਦ ਜੈ ਸਿੰਘ ਦੀ ਮੇਰੇ ਬਾਲ-ਮਨ 'ਤੇ ਦਹਿਸ਼ਤ ਬੈਠ ਗਈ ਸੀ। ਮੈਂ ਜਦੋਂ ਵੀ ਉਸ ਨੂੰ ਵੇਖਦਾ ਤਾਂ ਸਹਿਮ ਕੇ ਉਸ ਤੋਂ ਦੂਰ ਭੱਜ ਉਠਦਾ। ਹੁਣ ਮੈਂ ਠਾਕੁਰ ਜੈ ਸਿੰਘ ਦੇ ਘਰ ਜਾ ਕੇ ਮੁਹੱਲੇ ਕਮਾਉਣ ਦੇ ਕੰਮ ਤੇ ਜਾਣ ਲਈ ਤਿਆਰ ਨਹੀਂ ਸੀ ਹੁੰਦਾ। ਮੈਂ ਕਈ ਵੇਰਾਂ ਮਾਂ ਨੂੰ ਸਾਫ-ਸਾਫ ਸ਼ਬਦਾਂ 'ਚ ਮਨਾਂ ਕਰ ਦਿੰਦਾ, ਪਰ ਮਾਂ ਜੇ ਇਹ ਕੰਮ ਨਾ ਕਰਦੀ ਤਾਂ ਆਪਣਾ ਤੇ ਮੇਰਾ ਢਿੱਡ ਕਿਵੇਂ ਭਰਦੀ ?

ਉਨ੍ਹਾਂ ਦਿਨਾਂ 'ਚ ਅਸੀਂ ਰੋਟੀ ਦੀ ਇਕ-ਇਕ ਬੁਰਕੀ ਤੋਂ ਵੀ ਵਾਂਝੇ ਸਾਂ। ਭੁਖ ਦੀ ਮਾਰ ਜਦੋਂ ਢਿੱਡ 'ਤੇ ਪੈਂਦੀ ਹੈ ਤਾਂ ਆਂਦਰਾਂ ਤੜਫ ਉਠਦੀਆਂ ਹਨ। ਮੇਰਾ ਤੇ ਆਪਣਾ ਢਿੱਡ ਭਰਣ ਦੀ ਬੇਬਸੀ ਦੇ ਸਾਹਮਣੇ ਮਾਂ ਭਲਾਂ ਕੀ ਕਰਦੀ ਹੌਲੀ ਹੌਲੀ ਮੈਂ ਵੀ ਮਾਂ ਨਾਲ ਕੰਮ ਤੇ ਜਾਣ ਲਗ ਪਿਆ ਸਾਂ।

ਇਕ ਦਿਨ ਅਸੀਂ ਹਮੇਸ਼ਾਂ ਦੀ ਤਰ੍ਹਾਂ ਦੋਨੋਂ ਮਾਂ-ਪੁੱਤਰ ਸੂਰਜ ਨਿਕਲਨ ਤੋਂ ਪਹਿਲਾਂ ਹੀ ਪਿੰਡ ਦਾ ਮੁਹੱਲਾ ਕਮਾਉਣ ਨਿਕਲੇ। ਰਾਹ 'ਚ ਤੁਰਦਿਆਂ ਅੱਜ ਮੈਂ ਮਾਂ ਤੋਂ ਸਵਾਲ ਪੁੱਛਿਆ, "ਬੀਜੀ, ਅਸੀ ਝਾੜੂ ਲਾਉਣ ਕਿਉਂ ਜਾਂਦੇ ਹਾਂ? "

ਮਾਂ ਨੇ ਮੇਰੇ ਸਿਰ 'ਤੇ ਹੱਥ ਫੇਰਦਿਆਂ ਕਿਹਾ, "ਅਸੀਂ ਭੰਗੀ ਹਾਂ, ਸਾਡੀ ਕੌਮ ਦਾ ਇਹੀ ਕੰਮ ਹੈ। " ਅਸੀਂ ਗੱਲਾਂ ਕਰਦੇ ਹੋਏ ਠਾਕੁਰ ਜੈ ਸਿੰਘ ਦੇ ਘਰ ਕੋਲ ਆ ਗਏ ਸਾਂ। ਜੈ ਸਿੰਘ ਦੇ ਦਲਾਨ 'ਚ ਮਾਂ ਕੂੜੇ ਦਾ ਢੇਰ ਲਾਉਂਦੀ ਜਾਂਦੀ ਤੇ ਮੈਂ ਉਸ ਢੇਰ ਨੂੰ ਚੁੱਕ ਕੇ ਕੂੜੇ ਵਾਲੀ ਟੋਕਰੀ 'ਚ ਭਰਦਾ ਰਹਿੰਦਾ। ਇਸ ਕੰਮ ਨੂੰ ਕਰਦਿਆਂ ਸਾਡੇ ਦੋਨਾਂ ਦੇ ਨੱਕ ਮੂੰਹ ਤੇ ਅੱਖਾਂ ਮਿੱਟੀ ਨਾਲ ਕੱਜੀਆਂ ਜਾਂਦੀਆਂ। ਮਾਂ ਕੰਮ 'ਚ ਰੁੱਝੀ ਹੋਈ ਸੀ। ਉਹ ਕੁੱਬੀ ਹੋਈ ਝਾੜੂ ਲਾਉਂਦੀ ਜਾ ਰਹੀ ਸੀ। ਮੈਂ ਵੇਖਿਆ ਠਾਕੁਰ ਜੈ ਸਿੰਘ ਬਹੁਤ ਦੇਰ ਤੋਂ ਦੂਰ ਖੜਾ

ਮਾਂ ਵਲ ਤੱਕੀ ਜਾ ਰਿਹਾ ਸੀ। ਮਾਂ ਆਪਣੀ ਲੀਰੋ ਲੀਰ ਹੋਈ ਚੁੰਨੀ ਨਾਲ ਆਪਣੇ ਸਿਰ ਤੇ ਸਰੀਰ ਨੂੰ ਢੱਕਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਉਹ ਇਸ ਕੋਸ਼ਿਸ਼ 'ਚ ਸਫ਼ਲ ਨਹੀਂ ਸੀ ਹੋ ਰਹੀ। ਠਾਕੁਰ ਹੌਲੀ ਹੌਲੀ ਉਸ ਦੇ ਨਜ਼ਦੀਕ ਆਓਂਦਾ ਜਾ ਰਿਹਾ ਸੀ ਤੇ ਮਾਂ ਦੀ ਲੀਰੋ ਲੀਰ ਚੁੰਨੀ ਨੂੰ ਬਹੁਤ ਬੇਸਬਰੀ ਨਾਲ ਵੇਖਦਾ ਜਾ ਰਿਹਾ ਸੀ। ਮਾਂ ਠਾਕੁਰ ਦੀ ਇਸ ਭੈੜੀ ਤੱਕਣੀ ਤੋਂ ਜਿਵੇਂ ਸਹਿਮ ਗਈ ਸੀ। ਉਸ ਨੇ ਹਾਕ ਮਾਰ ਕੇ ਮੈਨੂੰ ਆਪਣੇ ਕੋਲ ਬੁਲਾ ਲਿਆ। ਠਾਕੁਰ ਨੇ ਇੱਧਰ ਉੱਧਰ ਵੇਖਿਆ। ਮੈਥੋਂ ਛੁੱਟ ਦੂਰ ਦੂਰ ਕੋਈ ਵੀ ਨਜ਼ਰ ਨਹੀਂ ਸੀ ਆ ਰਿਹਾ। ਜੈ ਸਿੰਘ ਨੇ ਮੇਰੇ ਵੱਲ ਤਕਦਿਆ ਕਿਹਾ ਇੱਥੇ ਖੜਾ ਖੜਾ ਕੀ ਵੇਖੀ ਜਾ ਰਿਹਾ ਤੂੰ, ਪਿਛਲੇ ਪਾਸੇ ਕੂੜੇ ਦਾ ਢੇਰ ਲਗਿਆ ਹੋਇਆ ਏ..., ਚਲ ਟੋਕਰੇ 'ਚ ਭਰ ਕੇ ਰੂੜੀ 'ਤੇ ਸੁੱਟ ਆ।"

ਇਸ ਦੇ ਵਸ ਦੀ ਗੱਲ ਨਹੀਂ, ਮੈਂ ਸੁੱਟ ਆਵਾਂਗੀ।" ਮਾਂ ਨੇ ਠਾਕੁਰ ਨੂੰ ਕਿਹਾ।

ਮੈਂ ਠਾਕੁਰ ਤੋਂ ਪਹਿਲਾਂ ਹੀ ਡਰਿਆ ਹੋਇਆ ਸਾਂ। ਉਸ ਦੀ ਝਿੜਕੀ ਨੇ ਮੈਨੂੰ ਹੋਰ ਵੀ ਦਹਿਸ਼ਤ ਨਾਲ ਭਰ ਦਿੱਤਾ। ਮਾਂ ਮਨ੍ਹਾਂ ਕਰਦੀ ਰਹੀ, ਫਿਰ ਵੀ ਮੈਂ ਕੂੜਾ ਚੁੱਕਣ ਲਈ ਦਲਾਨ ਦੇ ਪਿਛਲੇ ਪਾਸੇ ਚਲਾ ਗਿਆ। ਥੋੜ੍ਹੀ ਦੇਰ ਬਾਅਦ ਮੈਨੂੰ ਮਾਂ ਦੀ ਚੀਖ ਕੰਨੀ ਪਈ। ਚੀਖ ਸੁਣ ਕੇ ਮੈਂ ਉਸ ਵੱਲ ਭੱਜਿਆ। ਮੈਂ ਵੇਖਿਆ ਕਿ ਠਾਕੁਰ ਜੈ ਸਿੰਘ ਆਪਣੇ ਦੋਨਾਂ ਹੱਥਾਂ ਨਾਲ ਮਾਂ ਨੂੰ ਦਬੋਚੀ ਬੈਠਾ ਸੀ। ਮਾਂ ਇਸ ਭੇੜੀਏ ਦੇ ਪੰਜਿਆਂ 'ਚ ਫਸੀ ਹੋਈ ਜਿਵੇਂ ਆਪਣੇ ਹੱਥ ਪੈਰ ਮਾਰ ਰਹੀ ਸੀ। ਮਾਂ ਦੀ ਇਹ ਹਾਲਤ ਵੇਖ ਮੈਂ ਇਕਦਮ ਦਹਿਲ ਗਿਆ। ਮਾਂ ਦੀ ਚੁੰਨੀ ਉਸ ਨੇ ਦੂਰ ਸੁੱਟ ਦਿੱਤੀ ਸੀ। ਉਹ ਆਪਣੀ ਜਕੜ ਮਜਬੂਤ ਕਰਕੇ ਮਾਂ ਦੇ ਮੂੰਹ 'ਚ ਆਪਣਾ ਮੂੰਹ ਅੜਾਉਣ ਦੀ ਕੋਸ਼ਿਸ਼ 'ਚ ਲੱਗਾ ਹੋਇਆ ਸੀ। ਮੈਂ ਭਾਵੇਂ ਉਸ ਵੇਲੇ ਬੱਚਾ ਹੀ ਸਾਂ, ਪਰ ਮਾਂ ਦੀ ਇਹ ਦੁਰਗਤੀ ਵੇਖ ਮੇਰਾ ਖੂਨ ਖੌਲ ਉਠਿਆ ਸੀ। ਮੈਂ ਆਲੇ-ਦੁਆਲੇ ਨਜ਼ਰ ਮਾਰੀ। ਮੇਰੇ ਨਜ਼ਰੀਂ ਕੁਝ ਨਹੀਂ ਪਿਆ। ਮਾਂ ਦੇ ਹੱਥਾਂ 'ਚੋਂ ਡਿੱਗਿਆ ਝਾੜੂ ਹੁਣ ਮੇਰੇ ਹੱਥਾਂ 'ਚ ਸੀ। ਬਿਨਾਂ ਕੋਈ ਦੇਰ ਕੀਤਿਆਂ ਮੈਂ ਆਪਣੀ ਪੂਰੀ ਤਾਕਤ ਨਾਲ ਠਾਕੁਰ ਦੀ ਪਿੱਠ ਅਤੇ ਲੱਕ 'ਤੇ ਝਾੜੂ ਦੀ ਬਰਸਾਤ ਸ਼ੁਰੂ ਕਰ ਦਿੱਤੀ। ਝਾੜੂ ਦੀ ਲਗਾਤਾਰ ਮਾਰ ਨਾਲ ਠਾਕੁਰ ਜਿਵੇਂ ਤੜਫ ਉਠਿਆ ਸੀ ਤੇ ਉਸ ਦੀ ਮਾਂ 'ਤੇ ਪਕੜ ਢਿੱਲੀ ਪੈ ਗਈ। ਮਾਂ ਉਸ ਦੀ ਜਕੜ 'ਚੋਂ ਛੁੱਟ ਕੇ ਦੂਰ ਹੋ ਗਈ ਸੀ। ਠਾਕੁਰ ਬੁਰੀ ਤਰ੍ਹਾਂ ਸਰਮਿੰਦਗੀ ਤੇ ਗੁੱਸੇ ਦੇ ਅਹਿਸਾਸ ਨਾਲ ਭਰ ਗਿਆ ਸੀ। ਉਹ ਮੈਨੂੰ ਮਾਰਨ ਦੌੜਿਆ। ਪਰ ਹੁਣ ਤਕ ਮਾਂ ਵੀ ਸੰਭਲ ਚੁੱਕੀ ਸੀ। ਮਾਂ ਨੂੰ ਹੋਰ ਕੋਈ ਚਾਰਾ ਨਾ ਚਲਦਿਆਂ ਵੇਖ ਠਾਕੁਰ ਦੇ ਗੁਪਤ-ਅੰਗ ਉੱਤੇ ਜੋਰ ਨਾਲ ਲੱਤ ਮਾਰ ਦਿੱਤੀ। ਮਾਂ ਦੇ ਇਕੋ ਵਾਰ ਨਾਲ ਠਾਕੁਰ ਰੂੰ ਦੇ ਬੋਰੇ ਵਾਂਗੂ ਇਕ ਪਾਸੇ ਢਹਿ ਪਿਆ ਤੇ ਉਸ ਦੀਆਂ ਅੱਖਾਂ ਜਿਬਾਹ ਹੁੰਦੇ ਬੱਕਰੇ ਵਾਂਗੂ ਬਾਹਰ ਆ ਗਈਆਂ ਸਨ। ਇਸ ਦੌਰਾਨ ਮੁਹੱਲੇ ਦੇ ਦੂਸਰੇ ਲੋਕ ਵੀ ਉੱਥੇ ਜੁੜ ਗਏ ਸਨ। ਜੈ ਸਿੰਘ ਦੀ ਘਰਵਾਲੀ ਅਤੇ ਉਸ ਦੇ ਘਰ ਦੇ ਲੋਕਾਂ ਦੇ ਨਾਲ ਨਾਲ ਠਾਕੁਰ ਪ੍ਰਤਾਪ ਸਿੰਘ ਤੇ ਠਾਕੁਰ ਬੰਨੀ ਸਿੰਘ ਵੀ ਉੱਥੇ ਆ ਜੁੜੇ। ਮਾਂ ਨੇ ਸਭ ਦੇ ਸਾਹਮਣੇ ਜੈ ਸਿੰਘ ਦੀ ਇਸ ਭੱਦੀ ਹਰਕਤਾਂ ਦਾ ਖੁਲਾਸਾ ਕੀਤਾ ਤਾਂ ਕੋਈ ਵੀ ਉਸ ਦੀਆਂ ਗੱਲਾਂ 'ਤੇ ਵਿਸ਼ਵਾਸ ਕਰਨ ਲਈ ਤਿਆਰ ਨਹੀਂ ਹੋਇਆ। ਸਗੋਂ ਓਲਟ ਠਾਕੁਰ ਪ੍ਰਤਾਪ ਦੀ ਮਾਂ ਨੇ ਵਾਲ਼ਾਂ ਨੂੰ ਝਿੰਜੋੜਦਿਆਂ ਕਿਹਾ,

"ਸਾਲੀ ਭੰਗਣੀ, ਝੂਠ ਬਕਦਿਆਂ ਤੈਨੂੰ ਸ਼ਰਮ ਨਹੀਂ ਆਈ, ਠਾਕੁਰ ਹੋ ਕੇ ਕੋਈ ਭਲਾ ਭੰਗਣ ਨਾਲ ਮੂੰਹ ਕਾਲਾ ਕਿਓਂ ਕਰੂ... ਤੈਨੂੰ ਤਾਂ ਹੱਥ ਲਾਉਣ ਨਾਲ ਹੀ ਭਿੱਟ ਚੜ ਜਊ, ਖ਼ੈਰ ਚਾਹੁੰਦੀ ਹੈ ਤਾਂ ਭੱਜ ਜਾ ਇਥੋਂ."

"ਸਾਲਿਆ ਇਹ ਭੰਗਨਾਂ ਹੁੰਦੀਆਂ ਹੀ ਇਹੋ ਜਿਹੀਆਂ ਹਨ, ਇੱਕ ਇੱਕ ਰੋਟੀ ਲਈ ਪਤਾ ਨਹੀਂ ਕੀ-ਕੀ ਕਰਾਉਂਦੀਆਂ ਫਿਰਦੀਆਂ ਹਨ।" ਠਾਕੁਰ ਬੰਨੀ ਸਿੰਘ ਨੇ ਵੀ ਮਾਂ ਵਲ ਅੱਖਾਂ ਕਢਦਿਆਂ ਕਿਹਾ ਸੀ। ਜ਼ਮੀਨ 'ਤੇ ਢੇਰੀ ਹੋਏ ਦਰਦ ਨਾਲ ਤੜਫਦੇ ਜੈ ਸਿੰਘ ਨੂੰ ਸਹਾਰਾ ਦੇ ਕੇ ਉਠਾਦਿਆਂ ਹੁਣ ਉਸ ਦੀ ਘਰਵਾਲੀ ਨੇ ਮੇਰੀ ਮਾਂ ਵੱਲ ਘੂਰ ਕੇ ਤੇ ਮੂੰਹ ਭੈੜਾ ਜਿਹਾ ਕਰਦਿਆ ਕਿਹਾ,



"ਰੰਡੀਏ, ਤੂੰ ਹੀ ਚੂਹੜੀ ਮਿਲੀ ਮੇਰੇ ਆਦਮੀ ਨੂੰ ਮੇਰੀ ਸੌਂਕਣ ਬਣਾਉਣ ਲਈ ਸਾਰੇ ਪਿੰਡ 'ਚੋਂ ...।" ਠਾਕੁਰਾਂ ਦਾ ਮੁਹੱਲਾ ਸੀ। ਸਾਰੇ ਇਕੋ-ਸੁਰ 'ਚ ਮਾਂ ਨੂੰ ਝਿੜਕਾਂ ਮਾਰ ਰਹੇ ਸਨ। ਸਾਡੀ ਗੱਲ ਸੁਣਨ ਵਾਲਾ ਉੱਥੇ ਕੋਈ ਨਹੀਂ ਸੀ। ਮਾਂ ਖੂਨ ਦਾ ਘੁੱਟ ਪੀ ਕੇ ਮੈਨੂੰ ਨਾਲ ਲੈ ਕੇ ਉੱਥੋਂ ਚਲੀ ਗਈ। ਮੇਰਾ ਬਾਲ ਮਨ ਕਈ ਦਿਨਾਂ ਤਕ ਇਹ ਸੋਚਦਾ ਰਿਹਾ ਕਿ ਜੈ ਸਿੰਘ ਨੇ ਮਾਂ ਨਾਲ ਅਜਿਹਾ ਵਰਤਾਓ ਕਿਓਂ ਕੀਤਾ? ਮੈਂ ਆਪਣੀ ਬਾਲ ਬੁੱਧੀ ਤੇ ਜਿੰਨਾਂ ਜੋਰ ਦਿੰਦਾ ਉਨਾਂ ਹੀ ਉਲਝ ਜਾਂਦਾ। ਦੂਸਰੇ ਦਿਨ ਠਾਕੁਰ ਨੇ ਸਾਡੇ ਘਰੋਂ ਬਟਾਈ 'ਤੇ ਦਿੱਤੀ ਕੱਟੀ ਵੀ ਸਾਡੇ ਖੁੰਡੋ ਤੋਂ ਖੁਲਵਾ ਲਈ ਤੇ ਆਪਣੇ ਘਰ ਦਾ ਕੰਮ ਸਾਡੇ ਕੋਲੋਂ ਖੋਹ ਕੇ ਮੇਰੇ ਤਾਏ ਸਿੱਬੂ ਨੂੰ ਦੇ ਦਿੱਤਾ। ਮਾਂ ਇਹ ਸਭ ਸੁਕ ਵੇਖ ਕੇ ਰੋਣ-ਹਾਕੀ ਹੋ ਗਈ ਸੀ।

ਕੱਟੀ ਨੂੰ ਵੱਡਾ ਕਰਨ 'ਚ ਅਸੀਂ ਮਾਂ-ਪੁੱਤਰ ਦਿਨ-ਰਾਤ ਜੁੱਟੇ ਹੋਏ ਸਾਂ। ਮਾਂ ਦੂਰੋਂ-ਦੂਰੋਂ ਬੰਨੇ-ਬਨੇਰਿਆਂ ਤੋਂ ਘਾਹ ਖੋਤ ਕੇ ਲਿਆਂਦੀ ਸੀ ਤੇ ਮੈਂ ਉਸ ਨੂੰ ਚਾਰਨ ਲਈ ਘਰੋਂ ਕਈ ਕਈ ਮੀਲ ਦੂਰ ਨਿਕਲ ਜਾਂਦਾ ਸਾਂ। ਮੈਂ ਏਨੀ ਦੂਰ ਨਿਕਲ ਜਾਂਦਾ ਕਿ ਪਿਆਸ ਲੱਗਣ 'ਤੇ ਉਸ ਨੂੰ ਜੰਗਲ 'ਚ ਛੱਡ ਕੇ ਘਰ ਪਾਣੀ ਪੀਣ ਲਈ ਵੀ ਨਹੀਂ ਆ ਸਕਦਾ ਸਾਂ। ਬਰਸਾਤ ਦੇ ਦਿਨਾਂ 'ਚ ਮੈਂ ਟੋਇਆਂ 'ਚ ਇਕੱਠਾ ਹੋਇਆ ਪਾਣੀ ਪੀ ਕੇ ਹੀ ਆਪਣੀ ਪਿਆਸ ਬੁਝਾ ਲੈਂਦਾ। ਪਰ ਗਰਮੀ ਦੇ ਦਿਨਾਂ 'ਚ ਇਨ੍ਹਾਂ ਟੋਇਆ 'ਚ ਏਨਾਂ ਥੋੜ੍ਹਾ ਪਾਣੀ ਰਹਿ ਜਾਂਦਾ ਕਿ ਉਸ ਨੂੰ ਬੁੱਕ ਨਾਲ ਪੀਣਾ ਮੁਸ਼ਕਿਲ ਹੁੰਦਾ ਸੀ। ਕਿਉਂਕਿ ਪਾਣੀ 'ਚ ਹੱਥ ਪਾਂਦਿਆਂ ਹੀ ਪਾਣੀ ਮਿੱਟੀ ਰੰਗਾ ਹੋ ਜਾਂਦਾ ਸੀ। ਹੱਥ ਦੀ ਹਵਾ ਨਾਲ ਉਸ 'ਚ ਬੈਠੇ ਮੱਛਰਾਂ ਨੂੰ ਉੜਾ ਕੇ ਦੋਨੋਂ ਗੋਡਿਆਂ ਦੇ ਭਾਰ ਕੁੱਬਾ ਹੋ ਕੇ ਆਪਣੀ ਤ੍ਰੇਹ ਮਿਟਾਉਣੀ ਪੈਂਦੀ ਸੀ। ਬਟਾਈ ਤੇ ਲਈ ਕੱਟੀ ਦੀ ਏਨੀ ਸੇਵਾ-ਟਹਿਲ ਕਰਨ ਤੋਂ ਬਾਅਦ ਸਾਨੂੰ ਮਾਂ-ਪੁੱਤ ਨੂੰ ਆਖ਼ਿਰ ਮਿਲਿਆ ਕੀ। ਇਹ ਸਭ ਕੁਝ ਲਿਖਦਿਆਂ ਅੱਜ ਵੀ ਬਾਲਪਨ ਦੀਆਂ ਕਈ ਘਟਨਾਵਾਂ ਫਿਲਮ ਦੀ ਤਰ੍ਹਾਂ ਮੇਰੀਆਂ ਅੱਖਾਂ ਮੂਹਰੇ ਸੰਜੀਵ ਹੋ ਜਾਂਦੀਆਂ ਹਨ। ਸਾਡੇ ਪਿੰਡ ਦਾ ਪੰਡਿਤ ਹਰਚਰਨ ਛਰਰਾ ਕਸਬੇ ਤੋਂ ਨਵੀਂ ਨਵੀਂ ਸਾਇਕਲ ਖਰੀਦ ਕੇ ਲਿਆਇਆ ਸੀ। ਪੂਰੇ ਪਿੰਡ ਦੇ ਲੋਕ ਕਈ ਦਿਨਾਂ ਤਕ ਉਸ ਦੀ ਨਵੀਂ ਸਾਇਕਲ ਨੂੰ ਵੇਖਣ ਲਈ ਉਸ ਦੇ ਘਰ ਆਉਂਦੇ ਰਹੇ। ਉਹ ਜਦੋਂ ਵੀ ਆਪਣੀ ਇਸ ਨਵੀਂ ਸਾਇਕਲ ਤੇ ਚੜ੍ਹ ਕੇ ਪਿੰਡ 'ਚੋਂ ਲੰਘਦਾ ਤਾਂ ਪਿੰਡ ਦੇ ਲੋਕ ਉਸ ਦੀ ਸਾਇਕਲ ਨੂੰ ਬਹੁਤ ਹਸਰਤ ਨਾਲ ਵੇਖਦੇ।

ਉਸ ਦਿਨ ਵੀ ਮੈਂ ਕੱਟੀ ਨੂੰ ਪਾਣੀ ਪਿਆ ਕੇ ਕੂਲ੍ਹ ਤੋਂ ਵਾਪਿਸ ਆ ਰਿਹਾ ਸਾਂ। ਪੰਡਿਤ ਹਰਚਰਨ ਦੀ ਇਹ ਨਵੀਂ ਤੇ ਲਿਸ਼ਕਦੀ ਸਾਇਕਲ ਰਸਤੇ 'ਚ ਖੜੀ ਸੀ। ਕਿਤੇ ਕੱਟੀ ਨਾਲ ਟਕਰਾਉਣ ਨਾਲ ਸਾਇਕਲ ਡਿੱਗ ਨਾ ਜਾਏ, ਮੈਂ ਦੌੜ ਕੇ ਕੱਟੀ ਕੋਲ ਪੁੱਜ ਗਿਆ ਸਾਂ। ਕੱਟੀ ਦੇ ਟਕਰਾਉਣ ਤੋਂ ਤਾਂ ਮੈਂ ਸਾਇਕਲ ਨੂੰ ਬਚਾ ਲਿਆ ਪਰ ਇਸੇ ਆਪਾਧਾਪੀ 'ਚ ਆਪਣੀ ਕਮੀਜ ਦੀ ਬਾਂਹ ਨਾਲ ਫਸ ਕੇ ਡਿੱਗਣ ਤੋਂ ਮੈਂ ਉਸ ਨੂੰ ਬਚਾ ਨਾ ਸਕਿਆ। ਜਿਸ ਕਰਕੇ ਸਾਇਕਲ ਪੁੱਠੀ ਹੋ ਕੇ ਧਰਤੀ 'ਤੇ ਜਾ ਡਿੱਗੀ। ਸਾਇਕਲ ਡਿੱਗਣ ਦੀ ਆਵਾਜ਼ ਨਾਲ ਪੰਡਿਤ ਹਰਚਰਨ ਤੇ ਉਸ ਦੇ ਘਰ ਦੇ ਹੋਰ ਜੀਆਂ ਦਾ ਗੁੱਸੇ ਨਾਲ ਬੁਰਾ ਹਾਲ ਸੀ। ਮੇਰੀ ਟੱਕਰ ਨਾਲ ਉਨ੍ਹਾਂ ਦੀ ਸਾਇਕਲ ਕੀ ਡਿੱਗੀ ਜਿਵੇਂ ਉਨ੍ਹਾਂ ਦਾ ਪੂਰੇ ਦਾ ਪੂਰਾ ਘਰ ਧਰਤੀ 'ਤੇ ਢਹਿ ਪਿਆ ਹੋਵੇ। ਪੰਡਿਤ ਦੌੜਦਾ ਹੋਇਆ ਮੇਰੇ ਕੋਲ ਪੁੱਜਾ ਤੇ ਮੇਰੇ ਹੱਥੋਂ ਪਤਲੀ ਛਿਟੀ ਖੋਹ ਕੇ ਆਪਣੇ ਪੂਰੇ ਗੁੱਸੇ ਤੇ ਜੋਰ ਨਾਲ ਮੇਰੇ ਪਿੰਡੇ 'ਤੇ ਮਾਰਨ ਲੱਗ ਪਿਆ। ਮੈਂ ਬਰੀਕ ਸੋਟੀ ਦੀ ਮਾਰ ਨਾਲ ਕੁਰਲਾ ਉੱਠਿਆ ਸਾਂ ਤੇ ਜ਼ੋਰ ਜ਼ੋਰ ਨਾਲ ਚੀਖ਼ਣ ਲੱਗਾ ਸਾਂ। ਪਰ ਮੈਨੂੰ ਉੱਥੇ ਬਚਾਉਣ ਵਾਲਾ ਕੋਈ ਨਹੀਂ ਸੀ। ਪੰਡਿਤ ਨੇ ਮੋਟੀ ਜਿਹੀ ਗਾਲ੍ਹ ਕਢਦਿਆਂ ਮੈਨੂੰ ਕਿਹਾ ਸੀ,

"ਭੈਣ ਦਿਆ ਖਸਮਾਂ, ਸਾਲਿਆ ਭੰਗੀਆਂ, ਮੇਰੀ ਸਾਇਕਲ ਨੂੰ ਹੱਥ ਲਾ ਕੇ ਤੂੰ ਭਿੱਟ ਦਿੱਤਾ... ਤੈਨੂੰ ਹੁਣ ਮੈਂ ਜੀਉਂਦਾ ਨਹੀਂ ਛੱਡਾਗਾ।" ਉਹ ਜਦੋਂ ਮੈਨੂੰ ਮਾਰਦਾ ਮਾਰਦਾ ਥੱਕ ਗਿਆ ਸੀ ਤਾਂ ਹੀ ਮਾਰਨੋ ਹੱਟਿਆ ਸੀ। ਉਸ ਨੇ ਆਪਣੇ ਖੂਹ 'ਚੋਂ ਬਾਲਟੀ ਕੱਢ ਕੇ ਸਾਇਕਲ ਨੂੰ ਰਗੜ-ਰਗੜ ਕੇ ਧੋਤਾ ਸੀ। ਮੈਂ

ਪੰਡਿਤ ਦੇ ਘਰ ਦੇ ਸਾਹਮਣੇ ਹੀ ਗਲੀ ’ਚ ਪਿਆ ਪਿਆ ਕੁਰਲਾਉਂਦਾ ਰਿਹਾ ਸਾਂ। ਬਾਅਦ ’ਚ ਮੇਰੀ ਮਾਂ ਤੇ ਰਾਮਕਲੀ ਚਾਚੀ ਨੇ ਮੈਨੂੰ ਉਥੋਂ ਚੁਕਿਆ ਸੀ।

ਪਿਛਲੇ ਵਰ੍ਹੇ (2004) ਵਿਸਾਖ ਦੇ ਮਹੀਨੇ ’ਚ ਮੇਰੇ ਚਾਚੇ ਦੇ ਮੁੰਡੇ ਦੇ ਮੁੰਡੇ ਦੇ ਵਿਆਹ ’ਚ ਮੈਂ ਦਿੱਲੀ ਤੋਂ ਆਪਣੇ ਪਿੰਡ ਗਿਆ ਹੋਇਆ ਸਾਂ। ਕਾਰ ਘਰ ਦੇ ਦਰਵਾਜੇ ਤੇ ਖੜੀ ਸੀ। ਉਸੇ ਪੰਡਿਤ ਹਰਚਰਨ ਦਾ ਪੋਤਾ ਬਹੁਤ ਬੀਮਾਰ ਸੀ। ਚਾਰ ਪੰਜ ਸਾਲ ਦੇ ਬੱਚੇ ਦੀ ਤਬੀਅਤ ਪਲ-ਪਲ ਵਿਗੜਦੀ ਜਾ ਰਹੀ ਸੀ। ਪੰਡਿਤ ਹਰਚਰਨ ਤੇ ਉਸ ਦੇ ਟੱਬਰ ਦੇ ਬਾਕੀ ਜੀਅ ਬਹੁਤ ਘਬਰਾ ਗਏ ਸਨ। ਸਾਡੇ ਪਿੰਡ ਤੋਂ ਛਰਰਾ ਕਸਬਾ ਤਿੰਨ ਕਿਲੋਮੀਟਰ ਤੋਂ ਵੀ ਜਿਆਦਾ ਦੂਰੀ ਤੇ ਹੈ। ਸਾਇਕਲ ਜਾਂ ਗੱਡੇ ਵਗੈਰਾ ਤੇ ਡਾਕਟਰ ਕੋਲ ਪੁੱਜਣ ’ਚ ਦੇਰੀ ਲੱਗ ਸਕਦੀ ਸੀ। ਸਾਡੇ ਘਰ ਦੇ ਵਿਹੜੇ ’ਚ ਗੱਡੀ ਨੂੰ ਖੜਾ ਵੇਖ ਪੰਡਿਤ ਹਰਚਰਨ ਮਿੰਨਤਾਂ ਤਰਲੇ ਕਰਦਿਆਂ ਬੋਲਿਆ, ਉਸ ਦੀਆਂ ਅੱਖਾਂ ’ਚ ਹੰਝੂ ਵੀ ਸਨ-

“ਵੀਰਿਆ ਸਾਡੇ ਛੋਟੇ ਬੱਚੇ ਦੀ ਤਬੀਅਤ ਬਹੁਤ ਖਰਾਬ ਹੈ, ਜੇ ਥੋੜੀ ਜਿਹੀ ਹੋਰ ਦੇਰ ਹੋ ਗਈ ਤਾਂ ਬੱਚਾ ਗਿਆ ਹੱਥੋਂ...। ਛਰਰਾ ਤਕ ਆਪਣੀ ਗੱਡੀ...।”

ਮੈਂ ਜਾਣ ਗਿਆ ਸਾਂ ਕਿ ਪੰਡਿਤ ਹਰਚਰਨ ਦੀ ਅਵਾਜ਼ ਲਗਾਤਾਰ ਇਸ ਲਈ ਹੀ ਨਹੀਂ ਟੁੱਟ ਭੱਜ ਰਹੀ ਸੀ ਕਿ ਉਸਦਾ ਪੋਤਾ ਹੱਥੋਂ ਜਾ ਸਕਦਾ ਸੀ, ਸਗੋਂ ਉਸ ਪੁਰਾਣੀ ਸ਼ਰਮ ਤੇ ਹੈਂਕੜਬਾਜੀ ਕਰਕੇ ਵੀ ਟੁੱਟ ਰਹੀ ਸੀ। ਇੱਕ ਸਮਾਂ ਸੀ ਜਦੋਂ ਪੰਡਿਤ ਹਰਚਰਨ ਦੀ ਨਵੀਂ ਸਾਇਕਲ ਪੂਰੇ ਪਿੰਡ ’ਚ ਚਰਚਾ ਤੇ ਨੁਮਾਇਸ਼ੀ ਦੀ ਚੀਜ ਬਣੀ ਹੋਈ ਸੀ। ਇਸੇ ਘੁਮੰਡ ਕਰਕੇ ਉਸ ਨੂੰ ਭੰਗੀ ਦਾ ਇੱਕ ਲੜਕਾ ਇਕ ਕੀੜੇ ਮਕੌੜੇ ਤੋਂ ਵੱਧ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਪਰ ਕੀ ਸਮਾਂ ਕਦੇ ਇਕੋ ਜਿਹਾ ਵੀ ਰਿਹਾ? ਉਹੀ ਪੰਡਿਤ ਹਰਚਰਨ ਤੇ ਉਹੀ ਮੈਂ। ਜ਼ਰੂਰਤ ਦੇ ਨਰੜ ’ਚ ਨਰੜਿਆ ਅੱਜ ਉਹ ਆਪਣਾ ਸਿਰ ਸੁੱਟੀ ਮੇਰੇ ਦਰ ’ਤੇ ਨਿਮਾਣਿਆਂ ਵਾਂਗੂ ਖੜਾ ਸੀ। ਮੈਂ ਚਾਹੁੰਦਾ ਹੋਇਆ ਵੀ ਉਸ ਨੂੰ ਮਨ੍ਹਾਂ ਨਹੀਂ ਸੀ ਕਰ ਸਕਿਆ। ਮੈਂ ਚਾਹੁੰਦਾ ਸਾਂ ਕਿ ਉਸ ਨੂੰ ਉਸ ਦੀ ਕਰਨੀ ਦਾ ਅਹਿਸਾਸ ਕਰਾਵਾਂ। ਆਪਣੀ ਪਿੱਠ ਤੇ ਪਈਆਂ ਉਸ ਦੀਆਂ ਸੋਟੀਆਂ ਦੀ ਮਾਰ ਦਾ ਅਹਿਸਾਸ ਜਿਵੇਂ ਮੁੜ ਜਾਗ ਪਿਆ ਸੀ। ਪਰ ਬੱਚੇ ਦੀ ਵਿਗੜਦੀ ਹਾਲਤ ਤੇ ਉਸ ਦੇ ਚੇਹਰੇ ਦੇ ਭਾਵਾਂ ਨੇ ਮੈਨੂੰ ਜਿਵੇਂ ਮੋਮ ਦਾ ਬਣਾ ਦਿੱਤਾ ਹੋਵੇ। ਮੇਰੇ ਮੂੰਹੋਂ ਕੋਈ ਸ਼ਬਦ ਨਾ ਨਿਕਲਿਆ। ਮੈਨੂੰ ਨਹੀਂ ਪਤਾ ਮੈਂ ਕਦੋਂ ਦਰਵਾਜਾ ਖੋਲ੍ਹਿਆ ਤੇ ਡਰਾਈਵਿੰਗ ਸੀਟ ਤੇ ਆ ਬੈਠਾ। ਮੇਰੇ ਮੂੰਹੋਂ ਸਿਰਫ ਇਹੀ ਨਿਕਲਿਆ ,

“ਆਓ ਬੈਠ ਜਾਓ।” ਮੈਂ ਉਸ ਨੂੰ, ਉਸਦੀ ਨੂੰਹ **ਅਤੇ ਬੱਚੇ ਨੂੰ ਲੈ ਕੇ ਛਰਰਾ ਕਸਬੇ ਵੱਲ ਚਲ ਪਿਆ ਸੀ। ਡਾਕਟਰ ਨੇ ਬੱਚੇ ਦੀ ਜਾਂਚ ਕਰਨ ਤੋਂ ਬਾਅਦ ਇਕ ਇਜ਼ੈਕਸ਼ਨ ਲਗਾਇਆ ਅਤੇ ਖਾਣ ਲਈ ਦਵਾਈ ਵੀ ਦਿੱਤੀ। ਘੰਟੇ ਕੁ ਬਾਅਦ ਬੱਚੇ ਨੂੰ ਹੋਸ ਆ ਗਿਆ ਸੀ। ਮੈਂ ਉਸ ਨੂੰ ਲੈ ਕੇ ਫਿਰ ਪਿੰਡ ਚਲੇ ਗਿਆ ਸੀ। ਗੱਡੀ ਤੋਂ ਉਤਰਦੇ ਹੋਏ ਪੰਡਿਤ ਹਰਚਰਨ ਨੇ ਮੇਰੇ ਸਿਰ ਉੱਤੇ ਹੱਥ ਫੇਰਦਿਆ ਹੋਇਆ ਕਿਹਾ ਸੀ,**

**“ਜੀਉਂਦੇ ਰਹੋ ਬੇਟੇ, ਇਸ ਤੋਂ ਵੱਧ ਤਰੱਕੀ ਕਰੋ !”**

ਪੰਡਿਤ ਹਰਚਰਨ ਹੁਣ ਉੱਥੋਂ ਚਲਾ ਗਿਆ ਸੀ। ਉਸ ਦੇ ਜਾਣ ਤੋਂ ਬਾਅਦ ਮੈਨੂੰ ਬੁੱਧ ਦੇ ਉਸ ਕਥਨ ਦੀ ਹਕੀਕਤ ਸਮਝ ਆਈ ਕਿ ਨ.ਫ਼ਰਤ ਨਾਲ ਨ.ਫ਼ਰਤ ਦਾ ਕਦੇ ਖਾਤਮਾ ਨਹੀਂ ਹੁੰਦਾ। ਨ.ਫ਼ਰਤ ਹਮੇਸ਼ਾ ਪ੍ਰੇਮ ਨਾਲ ਹੀ ਖ਼ਤਮ ਹੁੰਦੀ ਹੈ। ਪਰ ਇਥੇ ਇਹ ਵੀ ਕਹਿਣ ਪਵੇਗਾ ਕਿ ਪ੍ਰੇਮ ਪੈਦਾ ਹੋਣ ਲਈ ਸਮਾਜਿਕ ਬਰਾਬਰੀ ਬਹੁਤ ਜ਼ਰੂਰੀ ਹੈ। ਮੇਰੀ ਆਰਥਿਕ ਉਚਾਈ ਨੇ ਪੰਡਿਤ ਹਰਚਰਨ ਨਾਲ ਮੇਰੀ ਬਰਾਬਰੀ ਕਰ ਦਿੱਤੀ ਸੀ।

**ਅਨੁਵਾਦ : ਦਵਾਰਕਾ ਭਾਰਤੀ**



# ਪੰਜਾਬੀ ਨਾਵਲ ਦਾ ਸਿਧਾਂਤਕਾਰ : ਡਾ. ਜੋਗਿੰਦਰ ਸਿੰਘ ਰਾਹੀ

**ਡਾ. ਰਜਨੀਸ਼ ਬਹਾਦਰ ਸਿੰਘ**

ਪੰਜਾਬੀ ਨਾਵਲ ਬਸਤੀਵਾਦੀ ਸਥਿਤੀ ਵਿਚੋਂ ਆਪਣਾ ਸਰੂਪ ਗ੍ਰਹਿਣ ਕਰਦਾ ਹੈ। ਮੁੱਢ ਵਿਚ ਇਹ ਧਰਮ ਪ੍ਰਚਾਰ ਅਤੇ ਪਾਸਾਰ ਦਾ ਮਾਧਿਆਮ ਸੀ। ਹੋਲੇ ਹੋਲੇ ਇਹ ਸਮਾਜਿਕ ਮਸਲਿਆ ਨੂੰ ਸੰਬੋਧਿਤ ਹੋਣ ਲੱਗਾ। ਸਮਾਜਿਕ ਮਸਲਿਆ ਨੂੰ ਸੰਬੋਧਿਤ ਹੁੰਦੇ ਹੋਏ ਇਸ ਦਾ ਕਲਾਤਮਕ ਵਿਕਾਸ ਹੋਇਆ। ਕਲਾਤਮਕਤਾ ਦੀ ਪਛਾਣ ਕਰਦੇ ਹੋਏ ਇਸਦੇ ਪ੍ਰਤੀਮਾਨਾਂ ਤੇ ਚਰਚਾ ਹੋਣ ਲਗ ਪਈ। ਪੱਛਮੀ ਨਾਵਲੀ ਪ੍ਰਤੀਮਾਨ ਇਸਦਾ ਅਧਾਰ ਬਣੇ। ਅਜ਼ਾਦੀ ਤੋਂ ਬਾਅਦ ਐਮ. ਏ. ਪੰਜਾਬੀ ਦੀ ਵਿਧੀਵਤ ਪੜ੍ਹਾਈ ਦੀਆਂ ਅਕਾਦਮਿਕ ਲੋੜਾਂ ਵਿਚੋਂ ਗਲਪ ਸ਼ਾਸਤਰ ਉਭਰਨਾ ਸ਼ੁਰੂ ਹੋਇਆ। ਮੁਢ ਵਿਚ ਪ੍ਰਗਤੀਵਾਦੀ ਚਿੰਤਨ ਦੀ ਚੜ੍ਹਤ ਹੋਣ ਸਮੇਂ ਪ੍ਰਗਤੀਵਾਦੀ ਚਿੰਤਕ ਸਾਹਿਤ ਦੇ ਬਾਕੀ ਰੂਪਾਂ ਵਾਂਗ ਗਲਪ ਉਤੇ ਵੀ ਆਲੋਚਨਾ ਕਰਨ ਲਗ ਪਏ। ਉਹਨਾਂ ਦੇ ਚਿੰਤਨ ਦਾ ਆਧਾਰ ਸ਼ੁਧ ਯਥਾਰਥਵਾਦ ਸੀ। ਗਲਪੀ ਸੰਸਾਰ ਦੀ ਪਛਾਣ ਵਾਸਤਵਿਕ ਵੇਰਵਿਆ ਰਾਹੀਂ ਕੀਤੀ ਜਾਂਦੀ ਅਤੇ ਵਾਸਤਵਿਕ ਵੇਰਵਿਆ ਨੂੰ ਲੇਖਕ ਦੇ ਜਮਾਤੀ ਦ੍ਰਿਸ਼ਟੀਕੋਣ ਵਿਚੋਂ ਤਲਾਸ਼ਿਆ ਜਾਂਦਾ ਸੀ। ਡਾ. ਰਾਹੀ ਨੇ ਸੁਚੇਤ ਰੂਪ ਵਿਚ ਇਸ ਪਰੰਪਰਾ ਨੂੰ ਭੰਗ ਕਰਕੇ ਨਾਵਲ ਦੀ ਖ਼ੁਦਮੁਖ਼ਤਾਰੀ ਦਾ ਸੰਕਲਪ ਪਹਿਲੀ ਵਾਰੀ ਪੰਜਾਬੀ ਚਿੰਤਕਾਂ ਸਾਹਮਣੇ ਪੇਸ਼ ਕੀਤਾ। ਇਹ ਸੰਕਲਪ ਉਹਨਾਂ ਨੇ 1978 ਵਿਚ ਛਪੀ ਆਪਣੀ ਪਹਿਲੀ ਪੁਸਤਕ “ਪੰਜਾਬੀ ਨਾਵਲ” ਵਿਚ ਉਭਾਰਿਆ। ਇਸ ਦਾ ਐਲਾਨ ਉਹਨਾਂ ਨੇ ਆਪਣੀ ਸੱਜਰੀ ਪੁਸਤਕ “ਜੋਤ-ਜੁਗਤ ਕੀ ਬਾਰਤਾ” ( 2006 ) ਵਿਚ ਕੀਤਾ, “ਮੈਂ ਤਾਂ ਸਾਹਿਤ ਦਾ ਸਾਧਾਰਣ ਵਿਦਿਆਰਥੀ ਹਾਂ। ਜੋ ਲਿਖਦਾ ਹਾਂ, ਵਿਦਿਆਰਥੀ ਦੀ ਹੈਸੀਅਤ ਵਿਚ ਲਿਖਦਾ ਹਾਂ। ਕਿਸੇ ਵਾਦ ਵਿਚ ਬੱਝ ਕੇ ਜਾਂ ਉਸਦੀ ਕਲਗੀ ਲਾ ਕੇ ਨਹੀਂ ਲਿਖਦਾ। ਮੈਂ ਕਲਗੀ ਦੇ ਅਵਲੰਭੀਆਂ ਦਾ ਪਿਛਲੱਗ ਨਹੀਂ।” (ਪੰਨਾ 7)

ਡਾ. ਰਾਹੀ ਆਪਣੇ ਚਿੰਤਨ ਦੀ ਸਾਰਥਿਕਤਾ ਅਤੇ ਮੌਲਿਕਤਾ ਕਾਰਨ ਨਾਵਲ ਦੇ ਗੰਭੀਰ ਵਿਦਿਆਰਥੀਆਂ ਲਈ ਮਿੱਥ ਬਣ ਗਿਆ। ਪੰਜਾਬੀ ਨਾਵਲ (1978) ਵਿਚ ਛਪੀ ਪੁਸਤਕ ਨਾਲ ਉਸ ਨੇ ਪੰਜਾਬੀ ਨਾਵਲ ਜਗਤ ਵਿਚ ਸੰਵਾਦ ਦੀ ਸਥਿਤੀ ਪੈਦਾ ਕੀਤੀ। ਉਸ ਤੋਂ ਪਹਿਲਾ ਪੰਜਾਬੀ ਨਾਵਲ ਵਿਚ ਸੰਵਾਦ ਦੀ ਥਾਂ ਮੋਨੋਲਾਗ ਦੀ ਸਥਿਤੀ ਬਣੀ ਹੋਈ ਸੀ। ਪੰਜਾਬੀ ਆਲੋਚਕ ਆਪਣੀ ਵਿਦਵਤਾ ਦਾ ਵਿਖਿਆਨ ਕਰਦਾ ਸੀ। ਇਸ ਪੁਸਤਕ ਨਾਲ ਪੰਜਾਬੀ ਨਾਵਲ ਦੀ ਆਲੋਚਨਾ ਦਾ ਮੁੱਢ ਬੱਝਦਾ ਹੈ। ਇਸ ਵਿਚ ਡਾ. ਰਾਹੀ ਪੱਛਮੀ ਵਿਦਵਾਨਾਂ ਦੀਆਂ ਧਾਰਨਾਵਾਂ ਨੂੰ ਲੈ ਕੇ ਉਹਨਾਂ ਨਾਲ ਸੰਵਾਦ ਰਚਾਉਂਦੇ ਹਨ। ਇਹਨਾਂ ਵਿਚ ਪ੍ਰਮੁੱਖ ਰੂਪ ਵਿਚ ਇਆਨ ਵੈਟ, ਐਲਨ ਟੇਟ, ਮਾਰਕ ਸ਼ੋਰਰ, ਜਾਨ ਕ੍ਰੋ ਰੈਨਸਮ, ਵਿਕਟਰ ਸੁਖਲੋਵਸਕੀ, ਜਾਰਜ ਲੁਕਾਚ ਅਤੇ ਡੋਰਥੀ ਵਾਨਗ੍ਰੈਂਟ ਸ਼ਾਮਲ ਹਨ। ਇਹਨਾਂ ਦੇ ਇਕ ਇਕ ਨੁਕਤੇ ਨੂੰ ਲੈ ਕੇ ਇਸ ਸਿੱਟੇ ਤੇ ਪਹੁੰਚਦੇ ਹਨ ਕਿ “ਨਾਵਲੀ ਜਗਤ ਆਪਣੀ ਵਿਸ਼ੇਸ਼ ਭਾਸ਼ਾ ਅਤੇ ਤਕਨੀਕੀ ਦ੍ਰਿਸ਼ਟੀ ਕਾਰਨ ਇਕ ਖੁਦਮੁਖ਼ਤਾਰ ਰਚਨਾ ਹੈ (ਪੰਨਾ 14) ਇਸ ਪੁਸਤਕ ਦਾ ਮਹੱਤਵ ਨਾਵਲੀ ਵਿਧਾ ਦੇ ਨਾਲ ਨਾਲ ਛੇ ਨਾਵਲਾਂ ਨਾਨਕ ਸਿੰਘ ਦੇ ‘ਚਿੱਟਾ ਲਹੂ’, ਸੁਰਿੰਦਰ ਸਿੰਘ ਨਰੂਲਾ ਦੇ ‘ਪਿਓ ਪੁੱਤਰ’, ਜਸਵੰਤ ਕੰਵਲ ਦੇ ‘ਹਾਣੀ’, ਨਰਿੰਦਰ ਪਾਲ ਸਿੰਘ ਦੇ ‘ਟਾਪੂ’, ਗੁਰਦਿਆਲ ਸਿੰਘ ‘ਮਾੜ੍ਹੀ ਦਾ ਦੀਵਾ’ ਅਤੇ ਸੋਹਣ ਸਿੰਘ ਸੀਤਲ ਦੇ ‘ਜੁੱਗ ਬਦਲ ਗਿਆ’ ਦੇ ਮੁਲੰਕਣ ਕਰਕੇ ਜ਼ਿਆਦਾ ਹੈ। ਇਸੇ ਪੁਸਤਕ ਵਿਚਲੇ ਅਧਿਆਇ “ਪੰਜਾਬੀ ਨਾਵਲ ਪਰੰਪਰਾ ਤੇ ਪ੍ਰਵਾਹ” ਵਿਚ ਪੰਜਾਬੀ ਨਾਵਲ ਵਿਚਲੀ ਗਤੀਸ਼ੀਲਤਾ ਨੂੰ ਲੈ ਕੇ ਗੰਭੀਰ ਸੰਵਾਦ ਸਾਹਮਣੇ ਆਉਂਦਾ ਹੈ। ਆਖਰ ਵਿਚ ਡਾ. ਰਾਹੀ ਇਸ ਸਿੱਟੇ ਤੇ ਪਹੁੰਚਦੇ ਹਨ। “ਪੰਜਾਬੀ ਨਾਵਲ ਦੀ ਪਰੰਪਰਾ ਦੇ ਸਥਿਰ ਜਾਂ ਗਤੀਸ਼ੀਲ ਸੁਭਾਅ ਦਾ ਠੀਕ ਨਿਖੇੜਾ ਕੇਵਲ ਰਚਨਾ-ਵਿਵੇਕ ਦੇ ਪਰਿਪੇਖ ਵਿਚ ਹੀ ਹੋ ਸਕਦਾ ਹੈ, ਕਿਸੇ ਹੋਰ ਪਰਿਪੇਖ ਵਿਚ ਨਹੀਂ। ਅਪ੍ਰਮਾਣਕ ਪਰਿਪੇਖ ਵਿਚ ਬਹੁਤ ਵਾਰੀ ਸਥਿਰਤਾ ਗਤੀਸ਼ੀਲਤਾ ਅਤੇ ਗਤੀਸ਼ੀਲਤਾ ਸਥਿਰਤਾ ਨਜ਼ਰ ਆਉਣ ਲਗ ਪੈਂਦੀ ਹੈ।” (ਪੰਨਾ 157 )

ਇਸ ਸੰਵਾਦਮਈ ਸਥਿਤੀ ਨੇ ਪੰਜਾਬੀ ਗਲਪ ਆਲੋਚਨਾ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ।

ਗਲਪ ਆਲੋਚਨਾ ਦਾ ਹਰ ਵਿਦਿਆਰਥੀ ਇਸ ਪੁਸਤਕ ਨੂੰ ਪੜ੍ਹਨ ਤੋਂ ਬਿਨਾਂ ਆਪਣੇ ਆਪ ਨੂੰ ਅਧੂਰਾ ਸਮਝਦਾ ਸੀ। ਮੇਰੇ ਆਪਣੇ ਅਨੁਭਵ ਵਿਚ ਇਕ ਘਟਨਾ ਅਜਿਹੀ ਹੀ ਵਾਪਰੀ, ਮੈਂ 1984-85 ਵਿਚ ਆਪਣੇ ਖੋਜ ਕਾਰਜ ਸੰਬੰਧੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਗਿਆ। ਉਸ ਸਮੇਂ ਤੱਕ ਮੈਂ ਜ਼ਾਤੀ ਤੌਰ ਤੇ ਡਾ. ਰਾਹੀ ਨੂੰ ਨਹੀਂ ਮਿਲਿਆ ਸੀ। ਉਸਨਾਂ ਦੀ ਪੁਸਤਕ ਪੰਜਾਬੀ ਨਾਵਲ ਵਿਚਲੀ ਸੰਕਲਪ-ਮਈ ਔਖੀ ਭਾਸ਼ਾ ਨੂੰ ਲੈ ਕੇ ਕਈ ਧਾਰਨਾਵਾਂ ਬਣੀਆ ਹੋਈਆਂ ਸਨ। ਇਸ ਲਈ ਡਾ. ਰਾਹੀ ਇਕ ਰਹੱਸ ਬਣਿਆ ਹੋਇਆ ਸੀ। ਮੈਂ ਆਪਣੇ ਮਿੱਤਰ ਕੁਲਵੰਤ ਸਿੰਘ ਸੰਧੂ (ਹੁਣ ਲੈਕਚਰਾਰ ਲਾਇਲਪੁਰ ਖਾਲਸਾ ਕਾਲਜ ਜਲੰਧਰ) ਰਾਹੀਂ ਮਹਿਲ ਸਿੰਘ (ਹੁਣ ਪ੍ਰਿੰਸੀਪਲ ਗੁਰੂ ਗੋਬਿੰਦ ਕਾਲਜ, ਸਰਹਾਲੀ) ਨੂੰ ਮਿਲਿਆ। ਡਾ. ਰਾਹੀ ਬਾਰੇ ਗੱਲ ਚੱਲੀ ਤਾਂ ਉਹ ਮੈਨੂੰ ਕਹਿਣ ਲੱਗਾ "ਤੂੰ ਹਾਲੇ ਡਾ. ਰਾਹੀ ਨੂੰ ਨਹੀਂ ਮਿਲਿਆ, ਫਿਰ ਕਾਹਦੀ ਪੀ- ਐਚਡੀ. ਕਰਦੈਂ!" ਇਹ ਮਿੱਥ ਹੀ ਸੀ ਕਿ ਜੇ ਡਾ. ਰਾਹੀ ਨੂੰ ਕੋਈ ਨਹੀਂ ਮਿਲਿਆ ਤਾਂ ਉਸ ਲਈ ਗਲਪ ਤੇ ਖੋਜ ਕਰਨ ਦੇ ਕੋਈ ਅਰਥ ਨਹੀਂ। ਇਸ ਪਹਿਲੀ ਪੁਸਤਕ ਨੇ ਹੀ ਡਾ. ਰਾਹੀ ਨੂੰ ਗੰਭੀਰ ਚਿੰਤਕਾਂ ਵਿਚ ਸ਼ਾਮਲ ਹੀ ਨਹੀਂ ਕਰ ਦਿੱਤਾ ਸਗੋਂ ਪੰਜਾਬੀ ਗਲਪ ਆਲੋਚਨਾ ਦਾ ਗੰਭੀਰ ਚਿੰਤਕ ਬਣਾ ਦਿੱਤਾ।

ਮਸਲੇ ਗਲਪ ਦੇ (1992) ਵਿਚ ਨਾਵਲ ਦੀ ਵਿਧਾ ਨੂੰ ਲੈ ਕੇ ਗੰਭੀਰ ਚਿੰਤਨ ਸਾਹਮਣੇ ਆਇਆ। ਇਹ ਪਹਿਲੀ ਪੁਸਤਕ ਤੋਂ 14 ਸਾਲ ਬਾਅਦ ਸਾਹਮਣੇ ਆਈ। ਇਹ 14 ਸਾਲਾਂ ਦਾ ਬਣਵਾਸ ਸ਼ਾਇਦ ਪ੍ਰਬੰਧਕੀ ਕੰਮਾਂ ਵਿਚ ਰੁਝੇ ਰਹਿਣ ਕਾਰਨ ਹੋਇਆ। ਇਸ ਪੁਸਤਕ ਨਾਲ ਪੰਜਾਬੀ ਗਲਪ ਆਲੋਚਨਾ ਨੇ ਨਵੀਂ ਕਰਵਟ ਬਦਲੀ। ਇਸ ਨਾਲ ਡਾ. ਰਾਹੀ ਦਾ ਚਿੰਤਨ ਭਾਰਤੀ ਪੁਰਾਤਨ ਪਰੰਪਰਾ ਵਲ ਮੁੜਿਆ। ਉਹਨਾ ਆਲੋਚਨਾ ਵਿਚੋਂ ਭਾਰਤੀ ਮਿੱਥਾਂ ਅਤੇ ਮਹਾਂ-ਕਾਵਿ ਦੇ ਹਵਾਲੇ ਉਭਰਨ ਲਗ ਪਏ। ਸਾਹਿਤ ਦੇ ਰੂਪ ਲਈ ਢੁਕਵਾਂ ਸ਼ਬਦ ਵਿਧਾ ਉਸਦੇ ਸੰਕਲਪਾ ਸਮੇਤ ਉਭਰਿਆ। ਡਾ. ਰਾਹੀ ਨਾਵਲੀ ਵਿਧਾ ਦੇ ਤੱਤਾਂ ਸਮੇਤ ਉਸਦੀ ਸੰਭਾਵਨਾ ਦਾ ਘੇਰਾ ਵੀ ਨਿਸ਼ਚਤ ਕਰਦੇ ਹਨ, "ਨਾਵਲ ਸਿਰਫ਼ ਮਨੁੱਖ ਦੀ ਸਮੁੱਚਤਾ ਨੂੰ ਚਿਤਰਨ ਦੀ ਸੰਭਾਵਨਾ ਵਾਲਾ ਰੂਪ ਹੈ। ਉਸ ਨੂੰ ਸੰਪੂਰਣ ਵਿਖਾਉਣਾ ਇਸਦੀ ਜ਼ਿੰਮੇਵਾਦੀ ਨਹੀਂ। ਉਸਦੀ ਹੋਂਦ ਦੀ ਪੂਰੀ ਤੇ ਪ੍ਰਮਾਣਕ ਰਿਪੋਰਟ ਦੇਣਾ ਇਸਦਾ ਧਰਮ ਹੈ, ਇਹ ਧਰਮ ਇਸ ਵਿਚ ਬੰਦੇ ਦੀ ਹੋਂਦ ਨੂੰ ਇਕ ਲੰਮੀ ਸਮਾਜ-ਇਤਿਹਾਸਕ ਪ੍ਰਕ੍ਰਿਆ ਵਿਚ ਪਾ ਕੇ ਨਿਭਾਇਆ ਜਾਂਦਾ ਹੈ। ਇਸ ਪ੍ਰਕ੍ਰਿਆ ਨੂੰ ਸਮੁੱਚਤਾ ਵਿਚ ਚਿਤਰਨ ਲਈ ਜ਼ਰੂਰੀ ਹੈ ਕਿ ਪਾਤਰ ਅਤੇ ਉਨ੍ਹਾਂ ਦਾ ਕਾਰਜ ਮਨੁੱਖੀ ਸੋਚ ਅਤੇ ਵਤੀਰੇ ਦੀਆਂ ਵਿਭਿੰਨ ਸੰਭਾਵਨਾਵਾਂ ਦੇ ਪ੍ਰਤਿਨਿਧ ਹੋਣ। (ਪੰਨਾ 34) ਡਾ. ਰਾਹੀ ਨੇ ਵਿਧਾ ਸ਼ਾਸਤਰੀਆਂ ਵੱਲੋਂ ਨਾਵਲ ਦੇ ਖੁਲ੍ਹਾ ਰੂਪ ਹੋਣ ਅਤੇ ਉਸਦੇ ਕੇਂਦਰੀ ਨੁਕਤੇ ਦੀ ਨਿਸ਼ਾਨ-ਦੇਹੀ ਵੀ ਕੀਤੀ ਹੈ। "ਨਾਵਲ ਦੇ ਵਿਧਾ-ਸ਼ਾਸਤਰੀਆਂ ਨੇ ਇਸਦੇ ਖੁਲ੍ਹਾ ਰੂਪ ਹੋਣ ਦੇ ਬਾਵਜੂਦ ਨਾ ਸਿਰਫ਼ ਇਸਦਾ ਧਰਮ ਯਥਾਰਥ ਦੇ ਸਿਰਜਨ ਨੂੰ ਮੰਨਿਆ ਹੈ, ਬਲਕਿ ਇਸ ਸਿਰਜਨ ਦੀ ਇਕ ਖਾਸ਼ ਵਿਧਾ ਵੀ ਨਿਸਚਤ ਕੀਤੀ ਹੈ।" (ਪੰਨਾ 14)

ਇਸ ਪੁਸਤਕ ਵਿਚ ਡਾ. ਰਾਹੀ ਦਾ ਚਿੰਤਨ ਪੰਜਾਬੀ ਨਾਵਲ ਦੀ ਥਾਹ ਪਾਉਂਦੇ ਹੋਏ ਪੁਰਾਤਨ ਮਿੱਥਾਂ ਤੱਕ ਫੈਲਦਾ ਹੈ। ਇਸ ਤੋਂ ਪਹਿਲਾਂ ਪੰਜਾਬੀ ਚਿੰਤਨ ਦੀ ਸੀਮਾ ਮੱਧ-ਕਾਲ ਬਣੀ ਹੋਈ ਸੀ। ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ ਤਲਾਸ਼ਦੇ ਹੋਏ ਇਸਨੂੰ ਪੰਦਰਵੀ ਸਤਾਬਦੀ ਤਕ ਸੀਮਤ ਕਰ ਦਿੱਤਾ ਜਾਂਦਾ ਸੀ। ਪੰਜਾਬੀ ਨਾਵਲੀ ਬਿਰਤਾਂਤ ਨੂੰ ਕਿੱਸਿਆ ਜਾਂ ਜਨਮ ਸਾਖੀਆਂ ਵਿਚੋਂ ਤਲਾਸ਼ਿਆ ਜਾਂਦਾ ਸੀ। ਡਾ. ਰਾਹੀ ਨੇ ਪਹਿਲੀ ਵਾਰੀ ਇਸ ਪੁਸਤਕ ਰਾਹੀ ਨਾਵਲੀ ਬਿਰਤਾਂਤ ਨੂੰ ਮਹਾਂਕਾਵਿ ਦ੍ਰਿਸ਼ਟਾਂਤਾ ਰਾਹੀਂ ਸਮਝਣ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।" ਨਾਵਲ ਦੀ ਦੁਨੀਆਂ ਵੀ ਇਕ ਤਰ੍ਹਾਂ ਦਾ ਚਕ੍ਰਵਰਤੀ ਸਫ਼ਰ ਹੀ ਹੈ। ਨਾਇਕ ਇਸਦਾ ਰਾਜਾ ਤੇ ਸੁਪਨੇ ਉਸਦਾ ਅਸ਼ਵਮੇਧ ਸਮਝੋ। ਇਸ ਅਸ਼ਵਮੇਧ ਦੀ ਉਹ ਵਿਜੈ ਚਾਹੁੰਦਾ ਹੈ, ਆਪਣੀ ਅਤੇ ਮਨੁੱਖਤਾ ਦੀ ਪਛਾਣ ਲਈ। ਤੁਸੀਂ ਉਸਨੂੰ ਰਾਮ ਵੀ ਸਮਝ ਸਕਦੇ ਹੋ ਜਿਸਦਾ ਅਰਥ ਕਿਸੇ ਮਰਯਾਦਾ ਦਾ ਪੁਰਸ਼ੋਤਮ ਹੋਣਾ ਹੈ ਘਰੋਂ ਬੇਘਰ ਹੋਇਆ ਰਾਜ ਕੁਮਾਰ ਵੀ ਸਮਝ ਸਕਦੇ ਹੋ ਜਿਸਨੂੰ ਘਰ ਪਰਤਣ ਦੀ ਲੋਚਾ ਹੈ ਤੇ ਸ਼ਾਇਦ ਰਾਜ ਭਾਗ ਦੀ ਵੀ। ਚਾਹੋ ਤਾਂ ਉਸਨੂੰ ਅਧਿਆਤਮ ਦਾ ਸ਼ਾਹਸਵਾਰ ਵੀ ਜਾਣ ਸਕਦੇ ਹੋ। ਉਹ ਕਿਸੇ ਮਹਾਂ ਭਾਰਤ ਦਾ ਕ੍ਰਿਸ਼ਨ ਵੀ ਸਮਝਿਆ ਜਾ ਸਕਦਾ ਹੈ।

ਪਰ ਵਿਡੰਬਨਾ ਇਹ ਹੈ ਕਿ ਪਰੰਪਰਾ ਵਰਗੀ ਕੋਈ ਪ੍ਰਾਪਤੀ ਉਸਦਾ ਨਸੀਬ ਨਹੀਂ ਬਣਦੀ : ਉਸਦੇ ਅਸ਼ਵਮੇਧ ਨੂੰ ਮਨ ਚਾਹੀ ਪ੍ਰਭੁਤਾ ਨਹੀਂ ਮਿਲਦੀ, ਨਾ ਉਸਨੂੰ ਮਰਯਾਦਾ ਪੁਰਸ਼ੋਤਮ ਹੋਣ ਦਾ ਸੁਭਾਗ ਮਿਲਦਾ ਹੈ ; ਤੇ ਨਾ ਹੀ ਘਰ-ਵਾਪਸੀ ਜਾਂ ਰਾਜ-ਪ੍ਰਾਪਤੀ ਦੀ ਖੁਸ਼ਕਿਸਮਤੀ। ਅਧਿਆਤਮ ਜਾਂ ਜ਼ਿੰਦਗੀ



ਦੀ ਮਹਾਂਭਾਰਤ ਵਿਚ ਉਸਦੀ ਵਿਜੈ ਨਹੀਂ ਹੁੰਦੀ।" (ਪੰਨਾ 24) ਡਾ ਰਾਹੀ ਚਿੰਤਨ ਦੇ ਨਾਲ ਨਾਲ ਵਿਆਕਰਣਕ ਚਿੰਨ੍ਹਾਂ ਪ੍ਰਤੀ ਵੀ ਚਿੰਤਨ ਜਿਨੇ ਹੀ ਸੁਚੇਤ ਹਨ। ਪੈਰ੍ਹੇ ਦੇ ਪਿਛਲੇ ਹਿੱਸੇ ਵਿਚੋਂ ਕੋਲਨ, ਸੈਮੀ ਕੋਲਨ, ਹਾਇਫਨ, ਡੰਡੀ ਕਿਥੇ ਕਿਵੇਂ ਵਰਤਣੀ ਹੈ ? ਇਸੇ ਪੁਸਤਕ ਵਿਚ ਪੰਜਾਬੀ ਨਾਵਲ ਦੀ ਇਤਿਹਾਸਕਾਰੀ ਅਤੇ ਪ੍ਰਗਤੀਵਾਦੀ ਪੰਜਾਬੀ ਨਾਵਲ ਪ੍ਰਤੀ ਕਈ ਅਹਿਮ ਪ੍ਰਸ਼ਨ ਉਭਰ ਕੇ ਸਾਹਮਣੇ ਆਉਂਦੇ ਹਨ।

'ਸਮਾਂ ਤੇ ਸੰਵਾਦ' (1997) ਪੁਸਤਕ ਵਿਚ ਉਹਨਾਂ ਦਾ ਚਿੰਤਨ ਨਾਵਲ ਤੋਂ ਬਾਹਰ ਬਾਕੀ ਵਿਧਾਵਾਂ ਤਕ ਵੀ ਫੈਲਦਾ ਹੈ। ਵਿਸ਼ੇਸ਼ ਤੌਰ ਤੇ ਕਿੱਸਾ-ਕਾਰੀ ਸੰਬੰਧੀ ਕਈ ਨਵੇਂ ਸਵਾਲ ਉਭਰ ਕੇ ਸਾਹਮਣੇ ਆਉਂਦੇ ਹਨ। ਨਾਨਕ ਸਿੰਘ ਦੀ ਨਾਵਲਕਾਰੀ : ਅਣਪਛਾਤੇ ਨਕਸ਼ (ਸੰਪਾ.) 1999 ਵਿਚ ਨਾਨਕ ਸਿੰਘ ਦੇ ਨਾਵਲਾਂ ਦੇ ਕਈ ਪਾਸਾਰ ਸਾਹਮਣੇ ਆਉਂਦੇ ਹਨ। ਅਨੁਵਾਦ ਦੇ ਖੇਤਰ ਵਿਚ ਡਾ. ਹਰਿਭਜਨ ਸਿੰਘ ਦੀ ਪੁਸਤਕ 'ਰੁੱਖ ਤੇ ਰਿਸ਼ੀ' ਅੰਗਰੇਜ਼ੀ ਅਨੁਵਾਦ "REE AND THE SAGE (2000) ਸਭ ਤੋਂ ਵੱਡੀ ਪ੍ਰਾਪਤੀ ਹੈ। ਇਹ ਅਨੁਵਾਦ, ਸਰਸਵਤੀ ਸਨਮਾਨ' ਲਈ ਅਧਾਰ ਬਣਿਆ। ਸੰਪਾਦਨ ਦੇ ਸਿਰਜਾਨਤਮਕ ਖੇਤਰ ਵਿਚ ਇਹਨਾਂ ਦੀ ਪੁਸਤਕ ਜਗ-ਬੀਤੀ ਹੱਡ-ਬੀਤੀ (1972) ਸਾਹਮਣੇ ਆਈ ਜਿਹੜੀ ਬੀ. ਏ. ਪੱਧਰ ਦੇ ਸਲੇਬਸਾਂ ਦਾ ਹਿੱਸਾ ਬਣੀ।

ਡਾ. ਰਾਹੀ ਦਾ ਚਿੰਤਨ "ਜੋਤ-ਜੁਗਤ ਕੀ ਬਾਰਤਾ" (2006) ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰਦਾ ਹੈ। ਇਸ ਦੌਰ ਵਿਚ ਸੰਵਾਦ ਦੀ ਸਥਿਤੀ ਨਿਰਾਸ਼ਾਜਨਕ ਬਣੀ ਹੋਈ ਹੈ। ਸੋਵਿਅਤ ਯੂਨੀਅਨ ਦੇ ਟੁੱਟਣ ਨਾਲ ਮਾਨਵਤਾ ਦੀ ਮੁਕਤੀ ਦਾ ਮਾਡਲ ਤਿੜਕਦਾ ਗਿਆ। ਸੰਸਾਰ ਇਕ ਧਰੂਵੀ ਹੋ ਗਿਆ। ਨਵ-ਬਸਤੀਵਾਦ ਦਾ ਦੌਰ ਸ਼ੁਰੂ ਹੋ ਗਿਆ। ਯੋਜਨਾਬੱਧ ਆਰਥਿਕਤਾ ਦੀ ਥਾਂ ਬਜ਼ਾਰ ਅਧਾਰਿਤ ਆਰਥਿਕਤਾ ਦਾ ਦੌਰ ਸ਼ੁਰੂ ਹੋਇਆ। ਸਮੂਹਿਕ ਭਾਵਨਾ ਦੀ ਥਾਂ ਨਿੱਜ ਅਤੇ ਸਾਮਰਾਜੀ ਖ਼ਪਤ ਸਭਿਆਚਾਰ ਇਕ ਪ੍ਰਭੂਸੱਤਾਮੂਲਕ ਸਭਿਆਚਾਰ ਬਣ ਕੇ ਉਭਰਿਆ ਜਿਸ ਵਿਚੋਂ ਸੰਵਾਦ ਗੁੰਮ ਹੋ ਕੇ ਰਹਿ ਗਿਆ। ਬੁੱਧੀਜੀਵੀ ਕੁਰਸੀ ਪ੍ਰਾਪਤੀ ਲਈ ਸੱਤਾ ਦੀ ਹਰ ਸੰਸਥਾ ਅੱਗੇ ਨਤਮਸਤਕ ਹੋਣ ਲਗ ਪਏ। ਡਾ. ਰਾਹੀ ਇਸ ਪੁਸਤਕ ਦੀ ਭੂਮਿਕਾ ਵਿਚ ਇਸ ਸਥਿਤੀ ਪ੍ਰਤੀ ਖਾਸੇ ਚਿੰਤਤ ਨਜ਼ਰ ਆਉਂਦੇ ਹਨ "ਮੈਂ ਕਿਸੇ ਸੰਵਾਦ-ਭਵ ਦੀ ਤਲਾਸ਼ ਵਿਚ ਹਾਂ। ਪਰ ਸੰਵਾਦ-ਭਵ ਸਾਡੇ ਵਿਦਿਅਕ ਸਭਿਆਚਾਰ ਦੀਆਂ ਹਸਤ-ਰੇਖਾਵਾਂ ਵਿਚੋਂ ਮਿਟ ਗਿਆ ਲੱਗਦਾ ਹੈ। (ਪੰਨਾ 7-8) ਅਜਿਹੀ ਸਥਿਤੀ ਵਿਚ ਪੱਛਮ ਦਾ ਦਾਬਾਮੂਲਕ ਚਿੰਤਨੀ ਸਭਿਆਚਾਰ ਹੀ ਸਾਡਾ ਮੁਕਤੀਦਾਤਾ ਬਣ ਗਿਆ ਹੈ। ਸਾਮਰਾਜ ਦੀ ਸਰਦਾਰੀ ਅਧੀਨ ਉਸਦੇ ਸੋਹਲੇ ਗਾਉਣ ਲਈ ਉਸੇ ਦੀ ਡੁਗਡੁਗੀ ਤੇ ਟੇਕ ਰੱਖਣ ਵਾਲਾ ਵਰਗ ਸਾਮਰਾਜ ਦੇ ਜਿੱਤ ਦੇ ਜਸ਼ਨ ਵਿਚ ਸ਼ਾਮਲ ਹੈ ਅਤੇ ਵਿਰੋਧ ਕਰਨ ਵਾਲਾ ਵੀ ਪੱਛਮ ਵਿਚ ਵਿਰੋਧ ਕਰਨ ਵਾਲਿਆਂ ਨਾਲ ਸੁਰ ਮਿਲਾ ਕੇ ਆਪਣਾ ਰਾਗ ਅਲਾਪ ਰਿਹਾ ਹੈ। ਅਜਿਹੀ ਸਥਿਤੀ ਵਿਚ ਮੌਲਿਕ ਚਿੰਤਨ ਦੀ ਤਲਾਸ਼ ਜ਼ਰੂਰੀ ਹੈ। ਡਾ. ਰਾਹੀ ਇਸ ਸਥਿਤੀ ਨੂੰ ਇਸ ਪ੍ਰਕਾਰ ਨੋਟ ਕਰਦੇ ਹਨ। "ਅਣਵਾਹੀ ਜ਼ਮੀਨ ਵਿਚ ਸਿਆੜ ਖਿੱਚਣ ਲਈ ਕਿਧਰੇ ਕੋਈ ਹਲ ਚਲਦਾ ਨਹੀਂ ਦਿਸਦਾ। ਪੱਛਮ ਵਲ ਮੂੰਹ ਤੇ ਪਰੰਪਰਾ ਵਲ ਪਿੱਠ। ਪਰੰਪਰਾ ਉਡੀਕ ਰਹੀ ਹੈ ਤੇ ਪੱਛਮ ਪੱਲਾ ਨਹੀਂ ਫੜਾਉਂਦਾ। ਗਾਜਰ ਲਟਕਾਈ ਬੈਠਾ ਹੈ ਤੇ ਗਾਜਰ ਹੱਥ ਨਹੀਂ ਆਉਂਦੀ।" (ਪੰਨਾ 8)

ਇਸ ਪੁਸਤਕ ਦਾ ਸਭ ਤੋਂ ਮਹੱਤਪੂਰਨ ਅਤੇ ਵਿਵਾਦਮੂਲਕ ਲੇਖ "ਕਹਤ ਸੁਣਤ ਹੋ ਕਥਾ ਵਾਰਤਾ" ਹੈ। ਇਸ ਵਿਚ ਸਭ ਤੋਂ ਗੰਭੀਰ ਮੁੱਦਾ ਮਨੁੱਖੀ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾ ਦੀ ਨਵੀਂ ਪਛਾਣ ਜੀਵਾਣੂ-ਬੰਦੀ ਦੇ ਸਿਧਾਂਤ ਨਾਲ ਜੁੜਿਆ ਹੋਇਆ ਹੈ। ਇਸ ਵਿਚ ਪਹਿਲਾ ਨੁਕਤਾ ਪੂਰਵ ਅਤੇ ਉੱਤਰ ਜੀਵਾਣੂਬੰਦੀ ਦੇ ਸਿਧਾਂਤ ਨਾਲ ਜੁੜਿਆ ਹੋਇਆ ਹੈ। "ਜੀਵਾਣੂਬੰਦੀ ਪਹਿਲਾਂ ਦੇ ਯੁੱਗ ਵਿਚ ਇਹ ਦੂੰਦ ਬੰਦੇ ਦੀ ਸੁਤੰਤਰ ਇਛਾ ਦੇ ਪਰਿਵੇਸ਼ ਦੀ ਇਖ਼ਲਾਕੀ ਅੰਤਰ-ਕਿਰਿਆ ਦੇ ਰੂਪ ਵਿਚ ਉਭਰਦਾ ਰਿਹਾ ਹੈ, ਜੀਵਾਣੂਬੰਦੀ ਦੇ ਯੁੱਗ ਵਿਚ ਇਹ ਜੀਵਾਣੂਬੰਦੀ ਦੇ ਪਰਿਵੇਸ਼ ਦੀ ਅੰਤਰ-ਕਿਰਿਆ ਦਾ ਰੂਪ ਲੈ ਲਵੇਗਾ।" (ਪੰਨਾ 14) ਡਾ. ਰਾਹੀ ਪਹਿਲੀ ਵਾਰੀ ਪੰਜਾਬੀ ਚਿੰਤਨ ਵਿਚ ਮਨੁੱਖੀ ਬਣਤਰ ਦੇ ਚਿੰਤਨ ਨੂੰ ਲੈ ਕੇ ਆਏ ਹਨ। ਕਿ ਕਿਸ ਪ੍ਰਕਾਰ ਮਨੁੱਖੀ ਵਿਹਾਰ ਨੂੰ ਨਿਰਧਾਰਿਤ ਕਰਨ ਲਈ ਇਤਿਹਾਸਕ ਦਬਾਵਾ ਦੇ ਨਾਲ ਨਾਲ ਮਨੁੱਖੀ ਸਰੀਰ ਦੀ ਕੈਮਿਸਟਰੀ ਵੀ ਆਪਣੀ ਭੂਮਿਕਾ ਨਿਭਾਉਂਦੀ ਹੈ, ਜੀਵਾਣੂਬੰਦੀ ਡੀਕੋਡਿੰਗ ਤੋਂ ਬਾਅਦ ਕਿਵੇਂ ਭਵਿੱਖ ਵਿਚ ਸਾਹਿਤ ਕਲਾ ਅਤੇ ਹੋਰ ਸੂਖ਼ਮ ਕਲਾਵਾਂ ਚੁਣੌਤੀ ਲਈ ਖੜੀ ਹੋਵੇਗੀ।

"ਆਤਮ ਤੇ ਅਨਾਤਮ ਦੇ ਜਿਸ ਸੰਵਾਦ-ਭਵ ਵਿਚੋਂ ਬਿਰਤਾਂਤ ਉਪਜਦੇ ਹਨ, ਇਸ ਦਾ ਸੰਬੰਧ ਸਿਰਫ਼ ਇਤਿਹਾਸ ਦੀਆਂ ਕਰਵਟਾਂ ਨਾਲ ਨਹੀਂ, ਬੰਦੇ ਦੀ ਜੈਵਿਕ ਬਣਤਰ ਨਾਲ ਵੀ ਹੈ। ਜੈਵਿਕ ਬਣਤਰ ਨੂੰ ਨਿਸ਼ਚਿਤ ਕਰਦਾ ਹੈ ਮਰਦ ਤੇ ਇਸਤਰੀ ਦੇ ਕ੍ਰੋਮੋਸੋਮਜ਼ ਦਾ ਯੋਗ। ਕ੍ਰੋਮੋਸੋਮਜ਼ ਉੱਤੇ ਜੀਵਾਣੂਆਂ ਦੀ ਤਰਤੀਬ ਇਕ ਪਾਸੇ ਬੰਦੇ ਦੀ ਜੱਦ ਤੇ ਦੂਜੇ ਪਾਸੇ ਉਸ ਦੀ ਵਿਅਕਤੀਅਤ ਦਾ ਨਿਰਣਾ ਕਰਦੀ ਹੈ। ਕੁਦਰਤ ਨੇ ਕਿਸੇ ਵੀ ਵਿਅਕਤੀ ਵਿਚ ਇਸ ਤਰਤੀਬ ਦੇ ਦੁਹਰਾਓ ਦੀ ਗੁੰਜਾਇਸ਼ ਨਹੀਂ ਰੱਖੀ। ਜੀਵਾਣੂ-ਵਿਗਿਆਨ ਬੜੀ ਦ੍ਰਿੜਤਾ ਨਾਲ ਮਨੁੱਖੀ ਜ਼ਿੰਦਗੀ ਦੇ ਜੈਵਿਕ ਰਹੱਸਾਂ ਵਲ ਵੱਧ ਰਿਹਾ ਹੈ। ਜੀਵਾਣੂ-ਕੋਡ ਦੀ ਡੀਕੋਡਿੰਗ ਨਿਰੰਤਰ ਫੈਲ ਰਹੀ ਹੈ। ਇਸ ਡੀਕੋਡਿੰਗ ਦਾ ਸਿੱਟਾ ਭਵਿੱਖ ਵਿਚ ਕੁਦਰਤੀ ਕ੍ਰੋਮੋਸੋਮਜ਼ ਅਤੇ ਜੀਵਾਣੂਆਂ ਦੇ ਅਨੁਛਾਪ ਬਣਾਏ ਜਾ ਸਕਣਗੇ ਇਨ੍ਹਾਂ ਅਨੁਛਾਪਾਂ ਨਾਲ ਇੱਕੋ ਜੈਵਿਕ ਬਣਤਰ ਵਾਲੇ ਮਾਨਸ-ਵਰਣਾਂ ਦਾ ਉਤਪਾਦਨ ਹੋ ਸਕੇਗਾ।" (ਪੰਨਾ 10) ਜੀਵਾਣੂਆਂ ਦੇ ਅਨੁਛਾਪਾਂ ਤੋਂ ਬਣਾਏ ਮਨੁੱਖ ਸੰਵੇਦਨਾ ਤੋਂ ਕੋਰੇ ਹੋਣਗੇ ਅਤੇ ਉਹ ਇਕ ਮਸ਼ੀਨ ਦੀ ਤਰ੍ਹਾਂ ਕੰਮ ਕਰਨਗੇ, ਇਹ ਯੁੱਗ ਅੰਤਰ-ਵਿਰੋਧਾਂ ਵਾਲਾ ਤਾਂ ਹੋਵੇਗਾ ਪਰੰਤੂ ਸੰਵੇਦਨਾ ਤੋਂ ਮੁਕਤ। ਡਾ. ਰਾਹੀ ਨੇ ਇਸੇ ਅਧਿਆਇ ਵਿਚ 'ਪਰਸਾ' ਨਾਵਲ ਅਤੇ ਜਨਮ ਸਾਖੀਆਂ ਦੇ ਹਵਾਲਿਆ ਨਾਲ ਨਵੇਂ ਸਿਧਾਂਤ ਦੀ ਵਿਆਖਿਆ ਕੀਤੀ ਹੈ।

ਇਸੇ ਪੁਸਤਕ ਦਾ ਇਕ ਹੋਰ ਅਧਿਆਇ "ਪਸ਼ੂ-ਬਲੀ ਤੇ ਨਰਬਲੀ ਦੀ ਜਨ-ਮਾਨਸੀ ਧਾਰਾ" ਮਹੱਤਵਪੂਰਨ ਹੈ। ਇਸ ਅਧਿਆਇ ਦਾ ਆਧਾਰ 19 ਜਨਵਰੀ, 2005 ਨੂੰ 'ਦਾ ਟ੍ਰਿਬਿਊਨ' ਵਿਚ ਸ੍ਵਾਤੀ ਵਸ਼ਿਸਟ ਦੀ ਛਪੀ ਰਿਪੋਰਟ ਹੈ, ਇਹ ਰਿਪੋਰਟ ਡੇਹਰਾਦੂਨ ਤੋਂ ਕੋਈ 150 ਕਿਲੋਮੀਟਰ ਅੱਗੇ ਜੌਨਸਰ-ਬਾਵਰ ਘਾਟੀ ਵਿਚ ਲਗਦੇ ਪਸ਼ੂ ਬਲੀ ਦੇ ਮੇਲੇ ਬਾਰੇ ਹੈ। ਡਾ. ਰਾਹੀ ਬੱਕਰਿਆ ਦੀ ਬਲੀ ਦੀ ਮਿੱਥ ਅਤੇ ਇਤਿਹਾਸਕ ਦਬਾਵਾਂ ਦੇ ਟਕਰਾਅ ਨੂੰ ਮਿੱਥ ਦੇ ਬਦਲੇ ਰੂਪ ਵਿਚ ਨਿਰਧਾਰਿਤ ਕਰਦੇ ਹਨ। ਸ਼ੁਰੂ ਸ਼ੁਰੂ ਵਿਚ ਬਲੀ ਦਾ ਖਿਆਲ ਸੰਭਵ ਹੀ ਸ੍ਵੈ-ਇੱਛਿਤ ਤੇ ਮਨੋ-ਇੱਛਾ ਵਿਚੋਂ ਉਪਜੇ ਨਿਸਚੈ ਨਾਲ ਸੰਬੰਧਿਤ ਹੋ ਸਕਦਾ ਹੈ। ਪਰ ਇਤਿਹਾਸ ਦੇ ਪਲਟਿਆ ਨਾਲ ਇਸ ਦੀਆਂ ਮੂਲਕ ਪ੍ਰੇਰਣਾਵਾਂ ਤੇ ਲੱਛਣ ਕਈ ਪ੍ਰਕਾਰ ਵਿਕ੍ਰਿਤ ਹੁੰਦੇ ਚਲੇ ਗਏ ਤੇ ਉਨ੍ਹਾਂ ਅਜਿਹੀਆਂ ਸ਼ਕਲਾਂ ਲੈ ਲਈਆਂ ਜਿਨ੍ਹਾਂ ਸਭ ਨੂੰ ਇਥੇ ਵਰਣਣ ਕਰਨ ਦੀ ਲੋੜ ਨਹੀਂ, ਭਾਵੇਂ ਏਨਾ ਸੰਕੇਤ ਦੇਣਾ ਅਣਚਿਤ ਨਹੀਂ ਹੋਵੇਗਾ ਕਿ ਸ਼ਹਾਦਤ ਦਾ ਗੌਰਵਸ਼ਾਲੀ ਖਿਆਲ ਵੀ ਇਸ ਦੀ ਹੀ ਇਕ ਲੜੀ ਸੀ।" (ਪੰਨਾ 208) ਵੀਹਵੀਂ ਸਦੀ ਦੇ ਪੰਜਾਬੀ ਨਾਵਲ ਦਾ ਪੁਨਰ-ਮੁਲੰਕਣ ਕਰਦੇ ਹੋਏ ਉਹ ਪੰਜਾਬੀ ਦੀ ਗਲਪ ਆਲੋਚਕਾਂ ਨਾਲ ਸੰਵਾਦ ਰਚਾਉਂਦੇ ਹਨ। ਵਿਸ਼ੇਸ਼ ਤੌਰ ਤੇ ਸੇਖੋਂ ਅਤੇ ਕਿਸ਼ਨ ਸਿੰਘ ਦੀ ਆਲੋਚਨਾ ਦ੍ਰਿਸ਼ਟੀ ਸਾਹਮਣੇ ਉਹ ਕਈ ਪ੍ਰਸ਼ਨ ਖੜੇ ਕਰਦੇ ਹਨ ਅਤੇ ਫਿਰ ਆਪਣਾ ਨਿਰਣਾ ਸਣਾਉਂਦੇ ਹੋਏ ਐਲਾਨ ਵਰਗਾ ਕੁਝ ਕਹਿ ਜਾਂਦੇ ਹਨ। "ਪੁਨਰ-ਮੁਲੰਕਣ ਦੀ ਦ੍ਰਿਸ਼ਟੀ ਤੋਂ ਵੇਖਿਆ ਸੇਖੋਂ ਤੇ ਕਿਸ਼ਨ ਸਿੰਘ ਦੋਹਾਂ ਦਾ ਇਕ ਮਸਲਾ ਤਾਂ ਇਹ ਹੈ ਕਿ ਉਨ੍ਹਾਂ ਨੂੰ ਸਮਾਜਵਾਦ ਸ੍ਵੈ-ਸਿੱਧ ਹਕੀਕਤ ਦਿਸਦਾ ਹੈ, ਸਾਡੇ ਸਮਿਆਂ ਦੇ ਅਨੁਭਵ ਵਾਂਗ ਮਿਥਿਕ ਵਿਸ਼ਵਾਸ ਨਹੀਂ। ਦੂਜੇ, ਉਹ ਜਮਾਤੀ ਕਲਚਰ ਜਾਂ ਤਾਕਤ ਦੇ ਮਸਲੇ ਬਾਰੇ ਨਾਨਕ ਸਿੰਘ ਦੀ ਸਮਝ ਨੂੰ ਵਿਚਾਰਧਾਰਾਈ ਵਿਕਾਸ ਜਾਂ ਰਚਨਾਤਮਕ ਸੰਵੇਦਨਾ ਦੀਆਂ ਸਾਹਿਤ-ਇਤਿਹਾਸਕ ਸੀਮਾਵਾਂ ਦੇ ਰੂਪ ਵਿਚ ਵੇਖਣ ਦੀ ਥਾਂ, ਸਿਰਫ਼ ਨਿਗੂਣੀ ਬੁਰਜਵਾਜ਼ੀ ਦੀ ਕਮਅਕਲੀ ਦੇ ਰੂਪ ਵਿਚ ਵੇਖਣ ਦੀ ਗਲਤੀ ਕਰਦੇ ਹਨ। ਸਾਹਿਤ-ਇਤਿਹਾਸਕ ਦ੍ਰਿਸ਼ਟੀ ਤੋਂ ਉਨ੍ਹਾਂ ਦੇ ਪ੍ਰਤੀਮਾਨ ਨਿਰਪੇਖ ਹਨ, ਸਾਪੇਖ ਨਹੀਂ।" (ਪੰਨਾ 159)

ਡਾ. ਰਾਹੀ ਨੇ ਗਲਪ ਦੇ ਖੇਤਰ ਵਿਚ ਗੰਭੀਰ ਆਲੋਚਨਾ ਦਾ ਮੁੱਢ ਬੰਨਿਆ ਅਤੇ ਨਿਰੋਲ ਇਕ ਵਿਧਾ ਦੇ ਆਲੋਚਕ ਬਣ ਕੇ ਉਭਰੇ। ਉਹਨਾਂ ਦਾ ਚਿੰਤਨ ਨਿਰੰਤਰ ਗਤੀਸ਼ੀਲਤਾ ਦਾ ਪ੍ਰਤੀਕ ਹੈ। ਉਹਨਾਂ ਨੇ ਨਾਵਲੀ ਸਿਧਾਂਤ ਅਤੇ ਵਿਹਾਰ ਨੂੰ ਦਵੰਦਾਤਮਕ ਦ੍ਰਿਸ਼ਟੀ ਤੋਂ ਪਰਖਿਆ। ਨਾਵਲ ਨੂੰ ਖੁਦਮੁਖ਼ਤਾਰ ਵਿਧਾ ਦੇ ਤੌਰ ਤੇ ਸਥਾਪਿਤ ਕੀਤਾ। ਪਹਿਲੀ ਪੁਸਤਕ 'ਪੰਜਾਬੀ ਨਾਵਲ ਵਿਚ ਸੰਸਕ੍ਰਿਤਨੁਮਾ ਸ਼ਬਦਾਵਲੀ ਦੀ ਵਰਤੋਂ' ਕੀਤੀ ਅਤੇ 'ਜੋਤ-ਜੁਗਤ ਦੀ ਬਾਰਤਾ' ਤਕ ਪਹੁੰਚਦੇ ਹੋਏ ਫਾਰਸੀ ਅਧਾਰਿਤ ਸ਼ਬਦਾਵਲੀ ਵੀ ਉਹਨਾਂ ਦੇ ਚਿੰਤਨ ਦਾ ਮਾਧਿਅਮ ਬਣੀ। ਉਹਨਾਂ ਦੀ ਅਜੋਕੀ ਸੰਕਲਪੀ ਸ਼ਬਦਾਵਲੀ ਨੂੰ ਪੂਰਬੀ ਅਤੇ ਪੱਛਮੀ ਪੰਜਾਬ ਦੇ ਗੰਭੀਰ ਚਿੰਤਕ ਅਤੇ ਪਾਠਕ ਇਕੋ ਸਮੇਂ ਸਮਝ ਹੀ ਨਹੀਂ ਮਾਣ ਵੀ ਸਕਦੇ ਹਨ। ਉਹ ਜਿਸ ਸ਼ਿੱਦਤ ਨਾਲ ਅਜੋਕੀ ਨਾਵਲੀ ਟੈਕਸਟ ਨੂੰ ਵਾਚ ਰਹੇ ਹਨ ਇਸ ਵਿਚੋਂ ਨਵੇਂ ਗਲਪ-ਸ਼ਾਸਤਰ ਦੀਆਂ ਸੰਭਾਵਨਾਵਾ ਪੈਦਾ ਹੋ ਰਹੀਆਂ ਹਨ।

o



# ਆਧੁਨਿਕ ਪੰਜਾਬੀ ਕਹਾਣੀ-ਬਿਰਤਾਂਤਕ ਜੁਗਤਾਂ / ਜਸਲੀਨ ਕੌਰ

ਭਾਰਤ ਦੇਸ਼ ਤੇ ਵਿਸ਼ੇਸ਼ ਕਰਕੇ ਪੰਜਾਬੀ ਸੂਬਾ ਅਜਿਹਾ ਨਹੀਂ ਹੈ, ਜਿੱਥੇ ਮੀਡੀਆ ਦੇ ਨਾਲ ਨਾਲ ਸਾਹਿਤ ਸਮਾਨੰਤਰ ਤੌਰ ਤੇ ਆਪਣੇ ਪ੍ਰਭੁਤਵ ਨੂੰ ਕਾਇਮ ਰੱਖ ਸਕਿਆ ਹੋਵੇ। ਫਿਲਮਾਂ ਤੇ ਛੋਟੇ ਪਰਦੇ ਨੇ ਸਾਹਿਤ ਪੜ੍ਹਨ ਪੜ੍ਹਾਨ ਦੀ ਰੁਚੀ ਨੂੰ ਵੱਡੀ ਸੱਟ ਮਾਰੀ ਹੈ। ਪੰਜਾਬੀ ਥੀਏਟਰ ਦੇ ਨਿਘਾਰ ਦਾ ਵੀ ਇੱਕ ਵੱਡਾ ਕਾਰਨ ਇਹੀ ਹੈ। ਸਾਹਿਤ ਦੇ ਖੇਤਰ ਨਾਲ ਕਿੱਤੇ ਪੱਖੋਂ ਜੁੜੀ ਨੌਜਵਾਨ ਪੀੜ੍ਹੀ ਤੋਂ ਇਲਾਵਾ ਸਾਹਿਤ ਬਹੁਤ ਘੱਟ ਨਵੀਂ ਪੀੜ੍ਹੀ ਤਕ ਪਹੁੰਚਿਆ ਹੈ। ਇਸ ਦਾ ਇਕ ਕਾਰਨ ਕੰਪਿਊਟਰ ਯੁੱਗ ਵਿੱਚ ਤਕਨੀਕ ਦਾ ਬੋਲ-ਬਾਲਾ ਅਤੇ ਸਾਹਿਤਕ ਖੇਤਰ ਵਿੱਚ ਘੱਟ ਝੁਕਾਅ ਵੀ ਹੈ। ਇਸ ਸਭ ਕਾਸੇ ਦੇ ਬਾਵਜੂਦ ਆਧੁਨਿਕ ਸਾਹਿਤ ਰੂਪਾਂ ਵਿੱਚ ਜਿਸ ਸਾਹਿਤਕ ਵਿਧਾ ਨੇ ਆਧੁਨਿਕ ਯੁਗ ਦੀਆਂ ਲੋੜਾਂ ਤੇ ਵਿਸ਼ਿਆਂ ਨਾਲ ਸੰਵਾਦ ਰਚਾ ਕੇ ਆਪਣੀ ਵੱਖਰੀ ਹੋਂਦ ਸਥਾਪਿਤ ਕੀਤੀ ਹੈ, ਉਹ ਪੰਜਾਬੀ ਕਹਾਣੀ ਹੀ ਹੈ। ਕਹਾਣੀ ਆਧੁਨਿਕ ਯੁੱਗ ਵਿਚ ਅਤਿ ਆਧੁਨਿਕ ਵਿਸ਼ਿਆਂ ਦੀ ਪੇਸ਼ਕਾਰੀ ਕਰਦੀ ਹੈ ਚਾਹਤ ਨਾਲ ਪੜ੍ਹੀ ਜਾਣ ਵਾਲੀ ਸਾਹਿਤਕ ਵਿਧਾ ਹੈ।

ਸਮਕਾਲ ਵਿੱਚ ਕਹਾਣੀ ਵਿਸ਼ਾਗਤ ਪੱਖੋਂ ਆਧੁਨਿਕ ਕਾਲ ਨਾਲੋਂ ਵੱਖਰਤਾ ਗ੍ਰਹਿਣ ਕਰਦੀ ਹੋਈ ਅਗਲਾ ਪੜਾਅ ਤੈਅ ਕਰਦੀ ਹੈ। ਇਸ ਵਿਕਾਸ ਦੀ ਪ੍ਰਕਿਰਿਆ ਵਿਚ ਕਹਾਣੀ ਦੀ ਬਿਰਤਾਂਤਕਤਾ ਵੀ ਵੱਖਰੇ ਅੰਦਾਜ਼ ਵਿੱਚ ਵੱਖਰੀ ਜੁਗਤ ਰਾਹੀ ਉਭਰ ਕੇ ਸਾਹਮਣੇ ਆਉਂਦੀ ਹੈ। ਬਾਖਤਿਨ ਦੇ ਪ੍ਰਵੇਸ਼ ਨਾਲ ਸਾਹਿਤ ਵਿਚ 'ਪੋਲੀਫੋਨਜ਼' ਦਾ ਸੰਕਲਪ ਉਭਰ ਕੇ ਸਾਹਮਣੇ ਆਉਂਦਾ ਹੈ। ਡਾ. ਰਜਨੀਸ਼ ਬਹਾਦਰ ਅਨੁਸਾਰ,

"ਟੈਕਸਟ ਜੜ੍ਹ ਹੋਣ ਦੀ ਥਾਂ ਇਕ ਗਤੀਸ਼ੀਲ ਕਿਰਤ ਹੈ। ਇਸ ਦੀ ਗਤੀਸ਼ੀਲਤਾ ਇਸ ਦੀਆਂ ਬਹੁ-ਧੁਨੀਆਂ ਵਿੱਚ ਮੌਜੂਦ ਹੁੰਦੀ ਹੈ।"[1]

ਇਸਦੇ ਨਾਲ ਪੰਜਾਬੀ ਕਹਾਣੀ ਵਿਸ਼ੇ ਅਤੇ ਤਕਨੀਕ ਪੱਖੋਂ ਵਿਸ਼ੇਸ਼ ਜਟਿਲਤਾ ਗ੍ਰਹਿਣ ਕਰਦੀ ਹੈ। ਅਜਿਹੀ ਸਥਿਤੀ ਵਿੱਚ ਨਿੱਕੀ ਕਹਾਣੀ ਦੀਆਂ ਬਿਰਤਾਂਤਕ ਜੁਗਤਾਂ ਨੂੰ ਇਕਹਿਰੀ ਵਿਧੀ ਦੇ ਮਾਡਲ ਰਾਹੀਂ ਸਮਝਿਆ ਜਾ ਸਕੇ ਇਹ ਸੰਭਵ ਨਹੀਂ। ਸਾਹਿਤਕ ਰਚਨਾਵਾਂ ਵਿੱਚ ਕੇਂਦਰ ਦੀ ਮਹੱਤਤਾ ਟੁੱਟ ਕੇ ਜਦੋਂ ਵਿਰੋਧਾਭਾਸ ਤੇ ਜ਼ੋਰ ਦਿੱਤਾ ਜਾਂਦਾ ਹੈ ਤਾਂ ਉਤਰ ਆਧੁਨਿਕਤਾਵਾਦ ਦੀ ਨੀਂਹ ਬੱਝਦੀ ਹੈ। ਨਾਇਲ ਲੂਸੀ ਦੇ ਸ਼ਬਦਾਂ ਵਿੱਚ,

**"the idea that everything is text, which denies and special value to literary texts is taken usually for a central trnent of postmodernism,One should probably add immediately, of Course, whether enthusialically on sardonically that the very notion of a 'central trnet is precisely the kind of thing that the post modren idea of tent rejects. In a post modren world nothing is central and everything is a Paradox."** [2]

ਭਾਰਤ ਵਿੱਚ ਕਹਾਣੀ ਦੀ ਅਮੀਰ ਪਰੰਪਰਾ ਮੌਜੂਦ ਹੈ, ਪਰ ਭਾਰਤੀ ਕਹਾਣੀ ਸਮਕਾਲੀ ਪੰਜਾਬੀ ਕਹਾਣੀ ਤੋਂ ਇਕ ਵਿਥ ਤੇ ਵਿਚਰਦੀ ਹੈ। ਸਮਕਾਲੀ ਪੰਜਾਬੀ ਕਹਾਣੀ ਆਪਣਾ ਸਰੂਪ ਆਧੁਨਿਕ ਪੰਜਾਬੀ ਕਹਾਣੀ ਨਾਲ ਸੰਵਾਦ ਰਚਾ ਕੇ ਅਖਤਿਆਰ ਕਰਦੀ ਹੈ। 1940-1950 ਤੱਕ ਦੀ ਕਹਾਣੀ ਵੱਖਰੇ ਅੰਗਰੇਜ਼ੀ ਗੁਲਾਮੀ ਦੇ ਵਕਤ ਭਾਰਤੀ ਸਰਮਾਏਦਾਰੀ ਨਿਜ਼ਾਮ ਵਿਚਲੀਆਂ ਸਮੱਸਿਆਵਾਂ ਨਾਲ ਜੂਝਦਾ ਹੈ। ਆਜ਼ਾਦੀ ਤੋਂ ਉਪਰੰਤ 1947 ਤੋਂ ਬਾਅਦ ਦੀਆਂ ਕਹਾਣੀਆਂ ਭਾਰਤ ਪਾਕ ਵੰਡ ਨੂੰ ਕੇਂਦਰ ਵਿਚ ਲੈ ਕੇ ਤੁਰਦੀਆਂ ਹਨ। ਇਸ ਵਕਤ ਪ੍ਰਗਤੀਵਾਦੀ ਕਹਾਣੀਕਾਰਾਂ ਦਾ ਬੋਲ ਬਾਲਾ ਰਹਿੰਦਾ ਹੈ। ਸੁਜਾਨ ਸਿੰਘ 'ਕੁਲਫ਼ੀ', 'ਬਾਗਾਂ ਦਾ ਰਾਖਾ' , ਸੰਤ ਸਿੰਘ ਸੇਖੋਂ, 'ਹਲਵਾਹ', 'ਪੇਮੀ ਦੇ ਨਿਆਣੇ' ਪੰਜਾਬੀ ਕਹਾਣੀ ਦੀ ਪ੍ਰਾਪਤੀ ਬਣਦੀਆਂ ਹਨ। ਨਵਤੇਜ ਸਿੰਘ 'ਦੇਸ਼ ਵਾਪਸੀ', 'ਬਾਸਮਤੀ ਦੀ ਮਹਿਕ' ਕਹਾਣੀਆਂ ਅਤੇ ਕਹਾਣੀਕਾਰ ਕੁਲਵੰਤ ਸਿੰਘ ਵਿਰਕ, ਗੁਰਦਿਆਲ ਸਿੰਘ ਇਸੇ ਸੰਵੇਦਨਾ ਦੀ ਪ੍ਰਸਤੁਤੀ ਕਰਦੇ ਹਨ। ਕਰਤਾਰ ਸਿੰਘ ਦੁੱਗਲ ਮਨੋਵਿਗਿਆਨਕ ਤੰਦਾਂ ਦੀ ਪ੍ਰਸਤੁਤੀ ਦਾ ਨਵਾਂ ਪਾਸਾਰ ਲੈ ਕੇ ਪ੍ਰਵੇਸ਼ ਕਰਦਾ ਹੈ। ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਗੁਰਦਿਆਲ ਸਿੰਘ, ਸੁਜਾਨ ਸਿੰਘ ਨਿੱਕੀ ਕਹਾਣੀ ਦੇ ਖੇਤਰ

ਵਿਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ। ਪੰਜਾਬੀ ਕਹਾਣੀ ਦੇ ਕੈਨਵਸ ਤੇ ਮਾਅਰਕੇ ਦੀਆਂ ਰਚਨਾਵਾਂ ਵਜੋਂ ਰੰਗ ਛੱਡਣ ਵਾਲੀਆਂ ਕਹਾਣੀਆਂ ਪੰਜਾਬ ਸੰਕਟ ਦੀਆਂ ਵਿਭਿੰਨ ਤੰਦਾਂ ਨੂੰ ਫੜਦੀਆਂ ਹਨ। ਇਸ ਦੌਰ ਵਿੱਚ ਜਿੱਥੇ ਗਿਣਾਤਮਕ ਪੱਖੋਂ ਬਹੁਤ ਕਹਾਣੀ ਨਜ਼ਰੀ ਪਈ ਉੱਥੇ ਗੁਣਾਤਮਕ ਪੱਖੋਂ ਵੀ 'ਕਬੂਤਰ' (ਮੋਹਨ ਭੰਡਾਰੀ), 'ਰੁਦਨ ਬਿੱਲੀਆਂ ਦਾ' (ਗੁਲਜ਼ਾਰ ਸੰਧੂ), 'ਇਹ ਉਹ ਜਸਬੀਰ ਨਹੀਂ' (ਪ੍ਰੇਮ ਪ੍ਰਕਾਸ਼), ਦੀਆਂ ਕਹਾਣੀਆਂ ਚਰਚਾ ਦਾ ਕੇਂਦਰ ਰਹੀਆਂ। ਔਰਤ-ਮਰਦ ਦੇ ਸੰਬੰਧਾਂ ਤੇ ਅਜੀਤ ਕੌਰ ਅਤੇ ਅੰਮ੍ਰਿਤਾ ਪ੍ਰੀਤਮ ਦੇ ਨਾਲ ਨਾਲ ਦਲੀਪ ਕੌਰ ਟਿਵਾਣਾ ਦੇ ਆਪਣੇ ਆਪਣੇ ਦ੍ਰਿਸ਼ਟੀਕੋਣ ਰਾਹੀਂ ਕੇਂਦਰਿਤ ਕੀਤਾ। ਇਸੇ ਸੰਦਰਭ ਵਿੱਚ ਸਨਸਨੀਖੇਜ਼ ਪੇਸ਼ਕਾਰੀ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਰਾਹੀਂ ਪੰਜਾਬੀ ਕਹਾਣੀ ਵਿੱਚ ਪ੍ਰਵੇਸ਼ ਕਰਦੀ ਹੈ। ਔਰਤ-ਮਰਦ ਤੇ ਸੰਬੰਧਾਂ ਤੇ ਫੋਕਸ ਕਰਦਿਆਂ ਵਿਵਰਜਿਤ ਰਿਸ਼ਤਿਆਂ ਤੇ ਵਿਵਰਜਿਤ ਥੀਮ ਦੀ ਪ੍ਰਸਤੁਤੀ ਕਰਨ ਵਾਲੇ ਲੇਖਕਾਂ ਲੇਖਿਕਾਵਾਂ ਵਿੱਚ ਵੀਨਾ ਵਰਮਾ, ਨਿਰਮਲ ਜਸਵਾਲ, ਪਰਵੇਜ਼ ਸੰਧੂ ਤੇ ਜਿੰਦਰ ਹਨ। ਪ੍ਰੇਮ ਪ੍ਰਕਾਸ਼ ਨੇ ਪੰਜਾਬੀ ਕਹਾਣੀ ਵਿੱਚ ਲਿੰਗ ਪ੍ਰਵਿਰਤੀ ਖੁੱਲ ਕੇ ਪੇਸ਼ ਕੀਤੀ। ਸਮਕਾਲੀ ਪੰਜਾਬੀ ਕਹਾਣੀਆਂ ਦੋ ਪ੍ਰਮੁੱਖ ਪ੍ਰਵਿਰਤੀਆਂ ਦਲਿਤ ਚੇਤਨਾ ਅਤੇ ਮਨੁੱਖੀ ਸੰਬੰਧਾਂ ਵਿੱਚ ਆ ਰਹੀ ਗਿਰਾਵਟ ਨੂੰ ਪੇਸ਼ ਕਰਨ ਨਾਲ ਸੰਬੰਧਿਤ ਹਨ। ਦਲਿਤ ਚੇਤਨਾ ਨੂੰ ਪ੍ਰਸਤੁਤ ਕਰਦੀਆਂ ਕਹਾਣੀਆਂ ਸਵਰਨ ਜਾਤੀਆਂ ਤੇ ਦਲਿਤਾਂ ਵਿੱਚ ਟਕਰਾਓ, ਦਲਿਤਾਂ ਦੀ ਹੀਣ ਭਾਵਨਾ ਤੇ ਸਵਰਨਾਂ ਵਿੱਚ ਅਖਾਉਤੀ ਉੱਚ ਜਾਤੀ ਅਭਿਮਾਨ ਦੀ ਪ੍ਰਸੁਤਤੀ ਕਰਦੀਆਂ ਹਨ। ਦਲਿਤ ਚੇਤਨਾ ਦੀ ਪ੍ਰਸੁਤਤੀ ਕਰਨ ਵਾਲੀਆਂ ਕਹਾਣੀਆਂ ਵਿੱਚ 'ਪਿੰਡ ਅਜੇ ਜਿਉਂਦਾ ਹੈ', 'ਨ੍ਹੇਰੇ ਦੇ ਵਾਸੀ', 'ਰੇਪ' (ਸਰੂਪ ਸਿਆਲਵੀ), ਅੱਕ ਦਾ ਬੂਟਾ' 'ਆਤੂ ਖੋਜੀ' (ਗੁਰਮੀਤ ਕੜਿਆਲਵੀ), 'ਅੱਧੇ-ਅਧੂਰੇ' (ਲਾਲ ਸਿੰਘ), 'ਫ਼ੈਸਲਾ', 'ਗੜ੍ਹੀ ਪਿੰਡ ਦੀ ਕਹਾਣੀ', 'ਕਸੂਰਵਾਰ' (ਭਗਵੰਤ ਰਸੂਲਪੁਰੀ), 'ਲੋਹ ਹੱਡਾ' (ਮੱਖਣ ਮਾਨ), ਸਬੂਤੇ ਕਦਮ', 'ਬੱਠਲੂ ਚਮਿਆਰ', 'ਅੰਨੀ ਥੇਹ' (ਅਤਰਜੀਤ), 'ਲੱਛਮੀ' (ਪ੍ਰੇਮ ਪ੍ਰਕਾਸ਼), 'ਫ਼ਕੀਰੀ', 'ਜ਼ਖ਼ਮਾਂ ਦੇ ਰਸਤਿਓਂ' (ਦੇਸ ਰਾਜ ਕਾਲੀ) ਕ੍ਰਿਪਾਲ ਕਜਾਕ (ਸੈਲਾਬ) ਆਦਿ ਹਨ।

ਸਮਕਾਲੀ ਪੰਜਾਬੀ ਕਹਾਣੀ ਜਿਹਨਾਂ ਵਿਸ਼ੇਗਤ ਪਾਸਾਰਾਂ ਤੇ ਕੇਂਦਰਿਤ ਹੋ ਰਹੀ ਹੈ, ਉਹਨਾਂ ਵਿਚ ਸਾਂਝੀ ਤੰਦ ਤੀਖਣ ਅੰਤਰ ਵਿਰੋਧ ਤੇ ਜਟਿਲਤਾ ਹੈ। ਇਸੇ ਸੰਦਰਭ ਵਿੱਚ ਕਹਾਣੀ ਦੀ ਅਹਿਮ ਜੁਗਤ ਨੂੰ ਪਛਾਣਿਆ ਜਾ ਸਕਦਾ ਹੈ। ਤੀਖਣ ਤਣਾਓ ਸਿਰਜਣਾ ਇਸ ਦਾ ਮੂਲ ਆਧਾਰ ਹੈ। ਸਮਕਾਲੀ ਕਹਾਣੀ ਦਾ ਜ਼ੋਰ ਕਹਾਣੀ ਰਸ ਤੇ ਘੱਟ ਅਤੇ ਘਟਨਾਵਾਂ ਦੇ ਅੰਤਰਵਿਰੋਧਾਂ ਦੇ ਚਿਤਰਨ ਤੇ ਵਧੇਰੇ ਹੈ। ਅਜਿਹੇ ਹੀ ਅੰਤਰਮੁਖੀ ਤਣਾਓ ਦੀ ਪੇਸ਼ਕਾਰੀ ਮੋਹਨ ਭੰਡਾਰੀ ਦੀ ਕਹਾਣੀ 'ਕਬੂਤਰ' ਹੈ। ਇਸ ਕਹਾਣੀ ਵਿਚ ਸ਼ਕਤੀ ਦੇਵੀ, ਕਿਸ਼ਨ , ਸ਼ੰਭੂ ਦੇ ਰਿਸ਼ਤੇ ਦੇ ਨਾਲ ਨਾਲ ਪੰਜਾਬ ਸੰਕਟ ਦੀਆਂ ਵਿਭਿੰਨ ਪਰਤਾਂ ਅਤੇ ਵਿਰੋਧਾਭਾਸ ਦੀ ਪੇਸ਼ਕਾਰੀ ਹੈ।

ਖੰਡਿਤ ਬਿਰਤਾਂਤ ਸਿਰਜਣਾ ਜਟਿਲਤਾ ਦੀ ਪ੍ਰਸਤੁਤੀ ਲਈ ਪਲੇਟਫਾਰਮ ਬਣਦੀ ਹੈ। ਕਹਾਣੀ ਦਾ ਪ੍ਰਵਾਹ ਆਦਿ, ਮੱਧ, ਅੰਤ ਦੇ ਪਰੰਪਰਾਈ ਪੈਟਰਨ ਨੂੰ ਤੋੜਦਾ ਇਕ ਦਿਸ਼ਾ ਵਿੱਚ ਨਾ ਹੋ ਕੇ ਟੁਕੜਿਆ ਦੇ ਰੂਪ ਵਿੱਚ ਪ੍ਰਸਤੁਤ ਹੁੰਦਾ ਹੈ। ਇਸ ਸੰਦਰਭ ਵਿੱਚ ਮੋਹਨ ਭੰਡਾਰੀ ਦੀ 'ਕਬੂਤਰ' ਫਿਰ ਇੱਕ ਚੰਗੀ ਮਿਸਾਲ ਹੈ। ਖੰਡਿਤ ਬਿਰਤਾਂਤ ਲਈ ਫਲੈਸ਼ਬੈਕ ਤੇ ਭੂਤ ਤੋਂ ਵਰਤਮਾਨ ਵਿੱਚ ਵਾਪਸੀ ਜਿਹੀਆਂ ਜੁਗਤਾਂ ਵਰਤੀਆਂ ਜਾਂਦੀਆਂ ਹਨ। ਕਿਰਪਾਲ ਕਜ਼ਾਕ ਦੀ ਕਹਾਣੀ 'ਹੁੰਮਸ' ਦਾ ਮੁੱਖ ਪਾਤਰ ਕੀੜੂ ਵਰਤਮਾਨ ਤੋਂ ਯਾਦਾਂ ਤੇ ਯਾਦਾਂ ਤੋਂ ਮੁੜ ਵਰਤਮਾਨ ਵਿਚ ਕਾਰਜਸ਼ੀਲ ਹੁੰਦਾ ਵਿਖਾਇਆ ਗਿਆ ਹੈ। ਮਨੋਵਿਗਿਆਨਕ ਤਕਨੀਕਾਂ ਜਿਵੇਂ ਸੁਪਨੇ ਬੇਹੋਸ਼ੀ , ਯਾਦਾਂ, ਚਿੰਨ੍ਹ, ਪ੍ਰਤੀਕ, ਸਮਕਾਲੀ ਪੰਜਾਬੀ ਕਹਾਣੀ ਦੀ ਅਹਿਮ ਜੁਗਤ ਦੇ ਰੂਪ ਉਭਰਦੇ ਹਨ। ਇਨ੍ਹਾਂ ਜੁਗਤਾਂ ਨੂੰ ਪ੍ਰੇਮ ਪ੍ਰਕਾਸ਼ ਨੇ ਆਪਣੀਆਂ ਕਹਾਣੀਆਂ ਵਿਚ ਸਭ ਤੋਂ ਵੱਧ ਵਰਤਿਆ, 'ਅਰਜਨ ਛੇੜ ਗਡੀਰਨਾ', 'ਸ਼ੋਲਡਰ ਬੈਗ-2', 'ਘਰ' ਅਤੇ ਅਜਮੇਰ ਸਿੱਧੂ ਦੀ ਕਹਾਣੀ 'ਹੈਲੋ ਡੌਂਗ' (ਚਿੱਠੀ ਦੀ ਜੁਗਤ), ਕਪਾਲ ਕਿਰਿਆ (ਬੇਹੋਸੀ, ਸੁਪਨੇ, ਯਾਦਾਂ) ਇਨ੍ਹਾਂ ਜੁਗਤਾਂ ਨੂੰ ਚੌਥੀ ਪੀੜ੍ਹੀ ਦੇ ਕਹਾਣੀਕਾਰ ਵੀ ਵਰਤ ਰਹੇ ਹਨ। ਡਾਇਰੀ ਦੀ ਜੁਗਤ ਨੂੰ ਨਵੇਂ ਕਹਾਣੀਕਾਰਾਂ ਨੇ ਵੀ ਬੜੀ ਸਮਰੱਥਾ ਨਾਲ ਵਰਤਿਆ 'ਖੋਜ' (ਭਗਵੰਤ ਰਸੂਲਪੁਰੀ), ਦਿੱਲੀ ਦੇ ਕਿੰਗਰੇ (ਅਜਮੇਰ ਸਿੱਧੂ), ਖਿੱਤੀਆਂ ਘੁੰਮ ਰਹੀਆਂ ਨੇ (ਜਸਵੀਰ ਸਿੰਘ ਰਾਣਾ) ਆਦਿ ਕਹਾਣੀ ਡਾਇਰੀ ਦੀ ਜੁਗਤ ਨਾਲ ਲਿਖੀਆਂ ਸਫ਼ਲ ਕਹਾਣੀਆਂ ਹਨ। ਦੇਸ ਰਾਜ ਕਾਲੀ ਨੇ ਜੁਗਤਾਂ ਦੇ ਪੱਖੋਂ ਕਹਾਣੀ 'ਚ ਕਾਫੀ ਤਜ਼ਰਬੇ ਕੀਤੇ ਹਨ। ਖੁੱਲਾ ਅੰਤ ਆਧੁਨਿਕ ਪੰਜਾਬੀ ਕਹਾਣੀ ਵਿਚ ਲਗਭਗ ਰੂੜ ਹੋ ਚੁੱਕੀ ਜੁਗਤ ਹੈ। ਬਹੁਤੇ ਪ੍ਰਚਲਿਤ ਕਹਾਣੀਕਾਰ ਇਸੇ ਜੁਗਤ ਨੂੰ ਅਪਣਾਉਂਦੇ ਹੋਏ, ਸੰਕੇਤਾਂ ਰਾਹੀਂ ਹੋਰ ਸੰਭਾਵਨਾਵਾਂ ਪਾਠਕ ਦੀ



ਸੂਝ ਤੇ ਛੱਡ ਦਿੰਦੇ ਹਨ। ਕਿਰਪਾਲ ਕਜ਼ਾਕ ਦੀ 'ਪਾਣੀ ਦੀ ਕੰਧ', 'ਹੁੰਮਸ' ਅਜੀਤ ਕੌਰ ਦੀ 'ਫਾਲਤੂ ਔਰਤ' , 'ਮੌਤ ਅਲੀ ਬਾਬੇ ਦੀ', ਪ੍ਰੇਮ ਪ੍ਰਕਾਸ਼ ਦੀ 'ਮੁਕਤੀ' , 'ਸਵੇਤਾਂਬਰ ਨੇ ਕਿਹਾ ਸੀ', 'ਸ਼ੋਲਡਰ ਬੈਗ' ਆਦਿ ਕਹਾਣੀਆਂ ਖੁੱਲੇ ਅੰਤ ਵਾਲੀਆ ਹਨ।

ਸਮਕਾਲੀ ਪੰਜਾਬੀ ਕਹਾਣੀ ਦੀ ਅਗਲੀ ਜੁਗਤ ਮਾਨਸਿਕ ਚਿਤਰਪਟ , ਮੈਂ-ਮੂਲਕਤਾ ਤੇ ਅੰਤਰੀਵੀ ਫੋਕਸੀਕਰਨ ਦੀ ਜੁਗਤ ਹੈ। ਡਾ. ਧਨਵੰਤ ਕੌਰ ਅਨੁਸਾਰ,

'ਇਸ ਦੌਰ ਦੀ ਕਹਾਣੀ ਸਮੇਂ ਸਥਾਨ ਦੇ ਬਿਲਕੁਲ ਨਿਵੇਕਲੇ ਵਿਵੇਕ ਨਾਲ ਅਨੁਪ੍ਰਾਣਿਤ ਹੈ। ਇਸ ਦਾ ਵਾਪਰਨ ਸਥਲ ਬਾਹਰੀ ਯਥਾਰਥ ਵਿਚਲੇ ਕਿਸੇ ਦੇਸ਼ (ਸਥਾਨ) ਨਾਲੋਂ ਚਰਿਤਰ ਦਾ ਮਾਨਸਿਕ ਚਿਤਰਪਟ ਵਧੇਰੇ ਬਣਦਾ ਹੈ।[3]

ਵਾਪਰਨ ਸਥਾਨ ਮਾਨਸਿਕ ਚਿਤਰਪਟ ਹੋਣ ਦਾ ਸੰਬੰਧ ਵਿਸ਼ੇ ਨਾਲ ਜਾ ਜੁੜਦਾ ਹੈ। ਮਨੋਵਿਗਿਆਨਕ ਰੋਗ ਅਤੇ ਉਹਨਾਂ ਰੋਗਾਂ ਕਾਰਨ ਉਪਜੀਆਂ ਵਿਕ੍ਰਿਤੀਆਂ ਸਮਕਾਲੀ ਪੰਜਾਬੀ ਕਹਾਣੀ ਵਿੱਚ ਪ੍ਰਸਤੁਤ ਹੁੰਦੀਆਂ ਹਨ। ਇਹਨਾਂ ਵਿਕ੍ਰਿਤੀਆਂ ਦੀ ਪ੍ਰਸਤੁਤੀ ਬਾਹਰੀ ਫੋਕਸੀਕਰਨ ਦੀ ਜੁਗਤ ਨਾਲ ਪ੍ਰਭਾਵੀ ਰੂਪ ਅਖਤਿਆਰ ਨਹੀਂ ਕਰਦੀ। ਅੰਤਰੀਵੀ ਫੋਕਸੀਕਰਨ ਦੀਆਂ ਜੁਗਤਾਂ ਮਾਨਸਿਕ ਗੁੰਝਲਾ ਦੀ ਪ੍ਰਭਾਵੀ ਪੇਸ਼ਕਾਰੀ ਕਰਨ ਵਿੱਚ ਸਮਰੱਥ ਹਨ।

ਸਮਕਾਲੀ ਪੰਜਾਬੀ ਕਹਾਣੀ ਦੀ ਅਗਲੀ ਪ੍ਰਭਾਵਸ਼ਾਲੀ ਜੁਗਤ ਮਿੱਥਾਂ ਦੇ ਵਿਸਥਾਪਨ ਦੀ ਜੁਗਤ ਹੈ। ਇਹ ਜੁਗਤ ਭਾਰਤੀ ਥੀਏਟਰ ਵਿੱਚ ਪ੍ਰਭੁਤਾ ਕਾਇਮ ਕਰ ਚੁੱਕੀ ਜੁਗਤ ਹੈ। ਪੰਜਾਬੀ ਸਾਹਿਤ ਜਗਤ ਵਿੱਚ ਇਹ ਜੁਗਤ ਦੇਰ ਨਾਲ ਪ੍ਰਵੇਸ਼ ਕਰਦੀ ਹੈ। ਭਾਰਤੀ ਥੀਏਟਰ ਵਿੱਚ ਗਿਰੀਸ਼ ਕਰਨਾਡ ਇਸ ਦੀ ਵਰਤੋਂ ਕਰਦਾ ਹੈ। ਪੰਜਾਬੀ ਗਲਪ ਦੇ ਖੇਤਰ ਵਿੱਚ ਇਸ ਜੁਗਤ ਕਰਕੇ ਚਰਚਾ ਦਾ ਕੇਂਦਰ ਬਣਿਆ ਲੇਖਕ ਮਨਮੋਹਨ ਬਾਵਾ ਹੈ। ਪੁਰਾਣੇ ਬਿੰਦੂਆਂ ਨੂੰ ਲੈ ਕੇ ਰਚੀਆਂ ਉਸਦੀਆਂ ਕਹਾਣੀਆਂ 'ਅਜਾਤ ਸੁੰਦਰੀ' ਅਤੇ 'ਨਰਬਲੀ' ਵਿੱਚ ਮਿੱਥਾਂ ਦੇ ਵਿਸਥਾਪਨ ਤੇ ਉਸਾਰ ਗ੍ਰਹਿਣ ਕਰਦੀਆਂ ਹਨ।

ਪੰਜਾਬੀ ਕਹਾਣੀ ਦੀ ਵਿਧੀ ਵਿੱਚ ਐਂਟੀ ਕਹਾਣੀ ਦੀ ਪ੍ਰਸਤੁਤੀ ਵੀ ਕੁਝ ਕਹਾਣੀਕਾਰਾਂ ਨੇ ਕੀਤੀ ਪਰੰਤੂ ਇਹ ਕਹਾਣੀਆਂ ਮਕਬੂਲ ਨਹੀਂ ਹੋਈਆਂ ਗੁਲ ਚੌਹਾਨ ਤੇ ਦੇਵ ਭਾਰਦਵਾਜ ਦੀ ਕਹਾਣੀਆਂ ਇਸ ਦੀਆਂ ਉਦਾਹਰਨਾ ਹਨ। ਪੰਜਾਬੀ ਨਾਟਕ ਵਿੱਚ ਸੁਰਜੀਤ ਸਿੰਘ ਸੇਠੀ ਵਾਂਗ ਪੰਜਾਬੀ ਦਾ ਕੋਈ ਕਹਾਣੀਕਾਰ ਐਂਟੀ ਕਹਾਣੀ ਦੀ ਪ੍ਰਸਤੁਤੀ ਤਾਂ ਨਹੀਂ ਕਰਦਾ ਪਰ ਕੁਝ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿੱਚ ਇਸ ਜੁਗਤ ਦਾ ਪ੍ਰਯੋਗ ਕੀਤਾ। ਇਸ ਸੰਬੰਧੀ ਡਾ. ਸੁਤਿੰਦਰ ਸਿੰਘ ਨੂਰ ਦਾ ਮਤ ਹੈ,

"ਪੰਜਾਬੀ ਵਿਚ ਕੁਝ ਕਹਾਣੀਕਾਰਾਂ ਨੇ ਪੱਛਮ ਦੀ ਅਕਹਾਣੀ ਜਾਂ ਐਂਟੀ ਕਹਾਣੀ ਦੀ ਵਿਧੀ ਨੂੰ ਵੀ ਅਪਣਾਇਆ ਨਿਰੋਲ ਐਬਸਰਡ ਕਹਾਣੀਆਂ ਦੀ ਰਚਨਾ ਵੀ ਕੀਤੀ ਪਰ ਇਹ ਵਿਧੀਆਂ ਵੀ ਪੰਜਾਬੀ ਵਿਚ ਸਵੀਕਾਰ ਨਾ ਹੋਈਆਂ ਕਿਉਂਕਿ ਇਹਨਾਂ ਦੀ ਜੜ੍ਹ ਪਾਠਕ ਦੀ ਉਸ ਮਾਨਸਿਕਤਾ ਵਿੱਚ ਨਹੀਂ ਸੀ ਜਿਸ ਨੂੰ ਇੱਕ ਲੰਬੀ ਪਰੰਪਰਾ ਨੇ ਬਣਾਇਆ ਸੀ।"[4]

ਸਿਗਮੰਡ ਫਰਾਇਡ ਦੇ ਪ੍ਰਵੇਸ਼ ਨਾਲ ਕਾਮ ਜ਼ਰੂਰਤ ਵਾਂਗ ਸਹਿਜ ਭਾਵੀ ਕਿਰਿਆ ਵਾਂਗ ਸੰਕਲਪਿਤ ਹੁੰਦਾ ਹੈ। ਇਸ ਨਾਲ ਸੰਬੰਧਿਤ ਪੁਰਾਤਨ ਭਾਰਤੀ ਸਭਿਆਚਾਰ ਵਿਚ ਵਿਸ਼ਾਲਤਾ ਸੀ ਪਰੰਤੂ ਸਮੇਂ ਦੇ ਵਿਕਾਸ ਨਾਲ ਇਹ ਵਿਸ਼ਾ ਵਿਵਰਜਿਤ ਅਤੇ ਅਸਹਿਜ ਰੂਪ ਅਖਤਿਆਰ ਕਰ ਗਿਆ। ਫਰਾਇਡ ਨੇ ਆਪਣੇ ਦ੍ਰਿਸ਼ਟੀਕੋਣ ਤੋਂ ਇਸ ਦੀ ਮੁੜ ਪ੍ਰਸਤੁਤੀ ਕੀਤੀ। ਸਮਕਾਲੀ ਪੰਜਾਬੀ ਕਹਾਣੀ ਇਸ ਨੂੰ ਨਿਸੰਗ ਹੋ ਕੇ ਪ੍ਰਗਟਾ ਰਹੀ ਹੈ। ਸਮਾਜਕ ਸੰਦਰਭ ਤੋਂ ਅੱਡ ਹੋਈ ਅਜਿਹੀ ਸੋਚ ਦਾ ਪ੍ਰਗਟਾ ਸਾਹਿਤ ਨੂੰ ਉਸ ਦੇ ਸਮਾਜਕ ਸੰਦਰਭ ਤੋਂ ਤੋੜ ਕੇ ਰੱਖ ਦੇਵੇਗਾ। ਇਹ ਪ੍ਰਗਟਾ ਨਿਰਸੰਦੇਹ ਲੈਗੋਸੈਂਟਰਿਕ ਐਪਰੋਚ ਨਾਲ ਜੁੜ ਕੇ ਹੀ ਉੱਤਮ ਅਭਿਵਿਅਕਤੀ ਕਹਾ ਸਕੇਗਾ। ਸਮਕਾਲੀ ਪੰਜਾਬੀ ਕਹਾਣੀ ਫਲਾਗੋਸੈਂਟਰਿਕ ਐਪੋਰਚ ਤਹਿਤ ਆਪਣੇ ਸਰੂਪ ਵਿੱਚ ਨਿਰਸੰਦੇਹ ਅਹਿਮ ਪ੍ਰਾਪਤੀਆਂ ਦੀ ਲਖਾਇਕ ਬਣੇਗੀ।

***ਹਵਾਲੇ***

1. ਸਮਕਾਲੀ ਪੰਜਾਬੀ ਕਹਾਣੀ ਪਾਠਗਤ ਅਧਿਐਨ, 2005, ਚੇਤਨਾ ਪ੍ਰਕਾਸ਼ਨ, ਲੁਧਿਆਣਾ। ਪੰਨਾ 12
2.Niall Lucy: Post Modern Literary Theary- An Sntwduction 1997, Blackwell Publishers. (Preface-IX)
3. ਆਧੁਨਿਕ ਪੰਜਾਬੀ ਕਹਾਣੀ ਬਿਰਤਾਂਤਕ ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, 1994 ਪੰਨਾ-67
4. ਵਿਚਾਰਧਾਰਾ ਸਾਹਿਤ ਸਭਿਆਚਾਰ, ਡਾ. ਸੁਤਿੰਦਰ ਸਿੰਘ ਨੂਰ, ਜੂਨ-2001, ਚੇਤਨਾ ਪ੍ਰਕਾਸ਼ਨ। o

# ਪ੍ਰਵਾਸੀ ਪੰਜਾਬੀ ਨਾਰੀ ਕਥਾ-ਜਗਤ : ਨਾਰੀ ਸਮੱਸਿਆਵਾਂ

**ਅਕਵਿੰਦਰ ਕੌਰ 'ਬਹਾਲ'**

ਸਾਡੇ ਚੌਗਿਰਦੇ ਦਾ ਪਰਿਵਰਤਨ, ਭੂਗੋਲਿਕ ਤਬਦੀਲੀ ਸਾਡੇ ਪੂਰੇ ਪ੍ਰਗਟਾ ਸਾਧਨਾਂ ਨੂੰ ਹੀ ਬਦਲ ਦਿੰਦੀ ਹੈ। ਕਿਸੇ ਖਿੱਤੇ ਦਾ ਅਜਿਹਾ ਬਦਲ ਮਾਨਸਿਕ ਤਬਦੀਲੀ ਨੂੰ ਹਾਕ ਮਾਰਦਾ ਹੈ। ਇਸ ਦਾ ਸਬੂਤ ਅਸੀਂ ਹੋਰ ਮੁਲਕਾਂ ਵਿਚ ਪਨਪ ਰਿਹਾ ਸਾਹਿਤ ਦੇਖ ਸਕਦੇ ਹਾਂ। ਪ੍ਰਵਾਸੀ ਸਾਹਿਤ ਆਪਣੇ ਚੌਗਿਰਦੇ ਦੀ ਤਸਵੀਰ ਉਲੀਕਦਾ ਹੈ। ਇਹ ਤਸਵੀਰ ਸਾਹਿਤ ਦੀ ਹਰ ਵਿਧਾ ਤੇ ਭਾਰੂ ਰਹਿੰਦੀ ਹੈ ਪਰ ਕਹਾਣੀ ਇਸ ਰੰਗ ਨੂੰ ਉਲੀਕਣ ਦੀ ਸਭ ਤੋਂ ਮਹੱਤਵਪੂਰਨ ਅਤੇ ਅਜੋਕੀ ਮੰਗ ਦੇ ਅਨੁਕੂਲ ਵਿਧਾ ਹੈ। ਪ੍ਰਵਾਸੀ ਪੰਜਾਬੀ ਕਹਾਣੀ , ਕਹਾਣੀ ਖੇਤਰ ਵਿੱਚ ਆਪਣੀ ਨਿਵੇਕਲੀ ਅਤੇ ਵੱਖਰੀ ਨੁਹਾਰ ਲੈ ਕੇ ਉਭਰੀ ਹੈ। ਜਿਵੇਂ ਹਲਾਤ ਨੇ ਪ੍ਰਵਾਸੀ ਮਨੁੱਖੀ ਜੀਵਨ ਦੇ ਪਹਿਲੂਆਂ ਨੂੰ ਆਪਣੇ ਯਥਾਰਥ ਵਿੱਚ ਰੰਗਣ ਦੀ ਕੋਸ਼ਿਸ਼ ਕੀਤੀ, ਪ੍ਰਵਾਸੀ ਕਹਾਣੀ ਨੇ ਉਹਨਾਂ ਦੇ ਸ਼ੂਖਮ ਚਿੰਨ੍ਹਾਂ ਦੀ ਪੇਸ਼ਕਾਰੀ ਸਮਾਜਿਕ ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਹਲਾਤਾਂ ਦੇ ਬਦਲ ਜਾਣ ਦੇ ਸੰਦਰਭ ਵਿੱਚ ਹੀ ਕੀਤੀ ਹੈ। ਨਾਰੀਵਾਦੀ ਲੇਖਿਕਾਵਾਂ ਨੇ ਵੀ ਇਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਮਰਦ ਪ੍ਰਧਾਨ ਸਮਾਜ ਵਿੱਚ ਆਪਣੀ ਸਵੈ-ਹੋਂਦ ਅਤੇ ਵੱਖੋ-ਵੱਖਰੀਆਂ ਪ੍ਰਸਥਿਤੀਆਂ ਵਿੱਚ ਪੈਦਾ ਹੋਏ ਦਵੰਦ ਅਤੇ ਸੰਘਰਸ਼ਮਈ ਸਥਿਤੀ ਦੀ ਪੇਸ਼ਕਾਰੀ ਪ੍ਰਵਾਸੀ ਪੰਜਾਬੀ ਨਾਰੀ ਲੇਖਿਕਾਵਾਂ ਦੀਆਂ ਕਹਾਣੀਆਂ ਵਿੱਚ ਹੋਈ ਹੈ। "ਡਾ. ਪ੍ਰੇਮ ਪ੍ਰਕਾਸ਼ ਅਨੁਸਾਰ, ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਪ੍ਰਵਾਸ ਪੰਜਾਬੀ ਨਾਰੀ ਦਾ ਖਾਸ ਕਰਕੇ ਪੰਜਾਬੀ ਨਾਰੀ ਦਾ ਮਾਨਸਿਕ ਸੰਤਾਪ ਬੜੀ ਹੀ ਸ਼ਿੱਦਤ ਨਾਲ ਅਭਿਵਿਅਕਤ ਹੋਇਆ ਹੈ। ਪ੍ਰਵਾਸੀ ਪੰਜਾਬੀ ਕਹਾਣੀਕਾਰ ਨੇ ਪ੍ਰਵਾਸੀ ਇਸਤਰੀ ਦੀ ਜ਼ਿੰਦਗੀ ਦੀ ਜੋ ਭਿਆਨਕ ਬੇਬਸੀ ਨੂੰ ਮਹਿਸੂਸ ਕੀਤਾ ਉਸਦੇ ਵੱਖ ਵੱਖ ਪ੍ਰਤੀਕਾਂ ਰਾਹੀਂ ਬੜੇ ਹੀ ਚਿੱਤਰ ਪੇਸ਼ ਕੀਤੇ ਹਨ।"[1]

ਪ੍ਰਵਾਸੀ ਨਾਰੀ ਲੇਖਿਕਾਵਾਂ ਦੀਆਂ ਕਹਾਣੀ ਵਿੱਚ ਪੇਸ਼ ਮੁੱਖ ਸਮੱਸਿਆਵਾਂ ਬਾਰੇ ਜ਼ਿਕਰ ਕਰੀਏ ਤਾਂ ਸਭ ਤੋਂ ਪਹਿਲਾਂ ਪ੍ਰਵਾਸ ਵਿਚ ਵਿਚਰਦਿਆਂ ਨਾਰੀ ਨੂੰ ਪ੍ਰਮੁੱਖ ਸਮੱਸਿਆ ਭਾਸ਼ਾਈ ਸੰਚਾਰ ਦੀ ਆਉਂਦੀ ਹੈ। ਇਸ ਸਮੱਸਿਆ ਨੂੰ ਨਵਨੀਤ ਕੌਰ ਸੰਧੂ ਨੇ ਆਪਣੀ ਕਹਾਣੀ "ਡਾਇਲ 911' ਵਿਚ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਪੰਜਾਬ ਤੋਂ ਆਈ ਧੰਨਵੰਤ ਕੌਰ (ਧੰਤੀ) ਅਤੇ ਉਸਦੇ ਪੋਤੇ ਮੰਟੂ ਦੇ ਰਿਸ਼ਤੇ ਵਿਚ ਕਠਿਨ ਭਾਸ਼ਾਈ ਸੰਚਾਰ ਕਾਰਨ ਆਏ ਤਣਾਉ ਨੂੰ ਪੇਸ਼ ਕੀਤਾ ਹੈ। ਇਸੇ ਪ੍ਰਕਾਰ ਪਰਵੇਜ਼ ਸੰਧੂ ਦੀ ਕਹਾਣੀ 'ਬੇਘਰੇ' ਵਿਚ ਪ੍ਰਵਾਸ ਵਿਚ ਪੇਸ਼ ਆਉਂਦੀਆਂ ਸਭਿਆਚਾਰਕ ਵਿਤਕਰੇ ਅਤੇ ਨਸਲੀ ਵਿਤਕਰੇ ਦੀ ਸਮੱਸਿਆ ਦੀ ਪੇਸ਼ਕਾਰੀ ਹੋਈ ਹੈ। ਕਹਾਣੀ ਵਿਚ "ਇੱਕ ਪੜ੍ਹਨ ਗਈ ਕੁੜੀ ਨਾਲ ਕੁਝ ਅਮਰੀਕੀ ਜਮਾਤਣਾਂ ਵੱਲੋਂ ਕੀਤੇ ਜਾ ਰਹੇ ਉਸ ਸਿਖਰਲੇ ਸਭਿਆਚਾਰਕ ਵਿਤਕਰੇ ਤੇ ਅਪਮਾਨਾਂ ਦੇ ਸੱਚ ਨੂੰ ਉਭਾਰਦੀ ਹੈ ਜੋ ਪ੍ਰਵਾਸੀਆਂ ਦੀ ਇੱਕ ਅਟੱਲ ਸਭਿਆਚਾਰਕ ਹੋਣੀ ਹੋ ਨਿਬੜਦੀ ਹੈ। ਇਹ ਕਹਾਣੀ ਅਖੌਤੀ ਗੋਰੇ ਸਭਿਆਚਾਰ ਦੇ ਮਾਨਵੀ ਘਿਣਾਉਣੇ ਚਰਿੱਤਰ ਨੂੰ ਤਿਖੀਆਂ ਚੋਭਾਂ ਨਾਲ ਬਿਆਨ ਕਰਦੀ ਇੱਕ ਤੁਲਨਾਵੀ ਪਰਿਪੇਖ ਉਸਾਰਨ ਵਾਲੀ ਸੁੰਦਰ ਕਹਾਣੀ ਹੈ। ਕ੍ਰਿਸਟਨ ਅਤੇ ਇਲੂਨਾ ਨਾਮੀ ਕੁੜੀਆਂ ਦੇ ਘੋਰ ਨਫਰਤੀ ਅਤੇ ਵਿੰਨਵੇਂ ਬੋਲ ਇਸ ਨਸਲੀ ਡੰਗ ਦੇ ਜ਼ਹਿਰ ਨੂੰ ਇਉਂ ਪੇਸ਼ ਕਰਦੇ ਹਨ।

"ਕੋਈ ਕਾਨੂੰਨ ਚਾਹੀਦਾ ਹੈ ਕਿ ਕੁਝ ਥਾਵਾਂ ਉਤੇ ਇਹ ਲੋਕ ਆ ਜਾ ਹੀ ਨਾ ਸਕਣ। ਕੁੱਤੇ, ਬਾਰਸਟਰਡ, ਹੋਮਲੱਸ ਪੀਪਲ ਇਲੋਨ ਬੋਲੀ ਜਾ ਰਹੀ ਸੀ।

ਤੁਸੀਂ ਲੋਗ ਅਰੇਂਜਡ ਮੈਰਿਜ ਕਿੱਦਾਂ ਕਰਵਾ ਲੈਂਦੇ ਹੋ"...[2]

ਇਨ੍ਹਾਂ ਸਮੱਸਿਆਵਾਂ ਤੋਂ ਇਲਾਵਾ ਵਿਆਹ ਸੰਬੰਧੀ ਸਮੱਸਿਆਵਾਂ ਦਾ ਜ਼ਿਕਰ ਵੀ ਪ੍ਰਵਾਸੀ ਪੰਜਾਬੀ ਨਾਰੀ ਲੇਖਿਕਾਵਾਂ ਦੀਆਂ ਕਹਾਣੀਆਂ ਵਿੱਚ ਮਿਲਦਾ ਹੈ। ਪੰਜਾਬ ਦੇ ਸਭਿਆਚਾਰਕ ਚੌਗਿਰਦੇ ਵਿੱਚ ਜੰਮੀ-ਪਲੀ ਨਾਰੀ ਜਦੋਂ ਪ੍ਰਵਾਸੀ ਜੰਮਪਲ ਪੁਰਸ਼ ਨਾਲ ਵਿਆਹੀ ਜਾਂਦੀ ਹੈ ਤਾਂ ਸਭਿਆਚਾਰਕ ਵੱਖਰਤਾਵਾਂ ਕਾਰਨ ਉਸਨੂੰ ਕਈ ਸਮੱਸਿਆਵਾਂ ਦਰਪੇਸ਼ ਆਉਂਦੀਆਂ ਹਨ। ਪ੍ਰਵਾਸੀ ਪੰਜਾਬੀ ਨਾਰੀ



ਸਭਿਆਚਾਰਕ ਕਦਰਾਂ ਕੀਮਤਾਂ ਦਾ ਪੱਲਾ ਨਾ ਛੱਡਦੀ ਹੋਈ ਆਪਣੇ ਵਿਰਸੇ ਤੋਂ ਨਾ ਟੁੱਟਣ ਦਾ ਸੰਤਾਪ ਭੋਗਦੀ ਨਜ਼ਰ ਆਉਂਦੀ ਹੈ। ਮਾਂ ਪਿਉ ਦੀ ਮਰਜ਼ੀ ਨਾਲ ਕਿਤੇ ਗਏ ਇਹ ਵਿਆਹਾਂ ਦਾ ਸੰਤਾਪ ਨਾਰੀ ਨੂੰ ਸਾਰੀ ਉਮਰ ਭੋਗਣਾ ਪੈਂਦਾ ਹੈ।

ਵਿਆਹ ਦੀ ਅਣਜੋੜਤਾ ਦੇ ਕਈ ਰੂਪ ਹੋ ਸਕਦੇ ਹਨ, ਜਿਵੇਂ ਉਮਰ ਪੱਖੋਂ ਅਣਜੋੜਤਾ ਸਹੁੱਪਣ ਪੱਖੋਂ, ਗੁਣਾਂ, ਪੱਖੋਂ ਰੁਚੀਆਂ ਪੱਖੋਂ ਸਭਿਆਚਾਰਕ ਵਖਰੇਵੇਂ ਪੱਖੋਂ, ਉਮਰ ਪੱਖੋਂ ਅਣਜੋੜਤਾ ਦਾ ਪ੍ਰਮੁੱਖ ਕਾਰਨ ਪੰਜਾਬ ਵਿਚ ਵਸਦੇ ਪੰਜਾਬੀਆਂ ਦਾ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਨੂੰ ਵਧੇਰੇ ਤਰਜੀਹ ਦੇਣਾ ਹੈ ਅਤੇ ਦੂਜਾ ਪ੍ਰਮੁੱਖ ਕਾਰਨ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦਾ ਕਾਫੀ ਸਮਾਂ ਪੈਸਾ ਕਮਾਉਣ ਵਿਚ ਵਿਅਸਤ ਰਹਿਣਾ ਅਤੇ ਵਿਆਹ ਵਿਚ ਦੇਰੀ ਹੈ। ਪੈਸਾ ਕਮਾਉਣ ਮਗਰੋਂ ਇਹ ਪ੍ਰਵਾਸੀ ਢਲਦੀ ਉਮਰ ਵਿਚ ਪੰਜਾਬ ਆ ਕੇ ਕੰਜ-ਕੁਆਰੀਆਂ ਕੁੜੀਆਂ ਨਾਲ ਵਿਆਹ ਰਚਾਉਂਦੇ ਹਨ। ਪੰਜਾਬੀ ਮਾਪੇ ਬਿਨਾਂ ਹਾਣ-ਪ੍ਰਵਾਨ ਦੀ ਪ੍ਰਵਾਹ ਕੀਤਿਆਂ ਪ੍ਰਵਾਸ ਦੇ ਲਾਲਚ ਵਿਚ ਆਪਣੀਆਂ ਧੀਆਂ ਬੁੱਢੇ ਠੇਰਿਆਂ ਦੇ ਲੜ ਲਾ ਦਿੰਦੇ ਹਨ। ਇਸ ਬਾਰੇ ਵੀਨਾ ਵਰਮਾ ਨੇ ਆਪਣੀਆਂ ਕਈ ਕਹਾਣੀਆਂ ਵਿਚ ਵਿਅੰਗਆਤਮਕ ਸ਼ੈਲੀ ਵਿਚ ਟਕੋਰ ਵੀ ਕੀਤੀ ਹੈ। 'ਖੁੰਡ ਘੜੀਸਣੀ' ਕਹਾਣੀ ਵਿਚ ਧੰਤੀ (ਧਨਵੰਤ ਕੌਰ ) ਦੇ ਬੋਲ ਹਨ,

"ਠੀਕ ਐ... ਜੇ ਤੁਮਾਰੀ ਵੈਫ ਮਰਗੀ ਹੈ ਤਾਂ ਇੰਡੀਆ ਸੇ ਹੋਰ ਕੁੜੀ ਨੂੰ ਲੈ ਆਓ...। ਉਥੇ ਲੋਗ ਕੁੜੀਆਂ ਭੇਡਾਂ ਬੱਕਰੀਆਂ ਦੀ ਤਰ੍ਹਾਂ ਸੁਟਦੇ ਹੈਂ ਵਲੈਤ ਕੇ ਨਾਮ ਤੇ। ਅੰਗਲੈਂਡ ਦੇ ਕੁੱਤੇ ਬਿੱਲੇ ਦਾ ਵਿਆਹ ਹੋ ਜਾਤਾ ਹੈ। ਸੋਹਣੀ ਸੇ ਸੋਹਣੀ ਕੁੜੀ ਨਾਲ। ਸੁੱਕੇ ਖੁੰਢ ਹਰੇ ਹੋ ਜਾਤੇ ਹੈ। ਤੁਮਾਰੀ ਤੋ ਬੁਥੀ ਐਨੀ ਮਾੜੀ ਨਹੀਂ। ਫੇਰ ਕਿਉਂ ਰੰਡੇਪਾ ਕਾਟਤੇ ਹੋ।"[3]

ਮੁੰਡੇ ਉਤੇ ਬਾਹਰਲੇ ਦੇਸ਼ ਦਾ ਠੱਪਾ ਲੱਗਾ ਹੋਵੇ ਫੇਰ ਅੰਨ੍ਹੇ ਕਾਣੇ, ਲੂਲ੍ਹੇ ਲੰਗੜੇ, ਮਾਨਸਿਕ ਤੌਰ ਉਤੇ ਬਿਮਾਰ ਮੁੰਡੇ ਨੂੰ ਵੀ ਮਾਪੇ ਪਾਸਪੋਰਟ ਉਤੇ ਸਟੈਂਪ ਲੱਗਣ ਦੇ ਲਾਲਚ ਵਿਚ ਪੜ੍ਹੀ-ਲਿਖੀ ਕੁੜੀ ਦੇਣ ਨੂੰ ਤਿਆਰ ਹੋ ਜਾਂਦੇ ਹਨ।

ਮੈਂ ਹੈਰਾਨ ਹਾਂ ਇਨ੍ਹਾਂ ਇੰਡੀਆਂ ਵਾਲਿਆਂ ਤੋਂ ਥੋੜ੍ਹੀ ਜਿਹੀ ਫੋਰਨ ਕੰਟਰੀ ਦੀ ਪੂਛ ਲੱਗੀ ਹੋਵੇ ਫੇਰ ਾਵੇਂ ਇੰਗਲੈਂਡ ਦੇ ਬਾਂਦਰ ਨੂੰ ਵਿਆਹ ਲਿਆਓ। ਕੁਝ ਨਹੀਂ ਵੇਖਦੇ ਮੁੰਡੇ ਦੀ ਰਿਅਲਟੀ ਕੀ ਹੈ ?"[4]

ਅਣਜੋੜ ਵਿਆਹ ਦੀ ਇੱਕ ਹੋਰ ਸਥਿਤੀ ਸਾਨੂੰ 'ਵੀਨਾ ਵਰਮਾ' ਦੀ ਕਹਾਣੀ 'ਰੂਮ-ਮੇਟ' ਵਿਚ ਮਿਲਦੀ ਹੈ। ਇਸ ਕਹਾਣੀ ਦੀ ਪ੍ਰਮੁੱਖ ਪਾਤਰ 'ਰਜਨੀ' ਦਾ ਵਿਆਹ ਇੰਗਲੈਂਡ ਵਿਚ ਜੰਮੇ ਪਲੇ ਅਮਲੀ ਨਾਲ ਹੋ ਜਾਂਦਾ ਹੈ ਪਰ ਦੋਨਾਂ ਦੇ ਵਿਚਾਰ ਆਪਸ ਵਿਚ ਬਿਲਕੁਲ ਮੇਲ ਨਹੀਂ ਖਾਂਦੇ। ਅਮਨ ਕੋਲ ਸਭ ਕੁਝ ਹੈ, ਪਰ ਉਹ ਰਜਨੀ ਨੂੰ ਖੁਸ਼ ਨਹੀਂ ਰੱਖ ਸਕਦਾ। ਇੱਕ ਦਿਨ ਜਦ ਅਮਨ, ਰਜਨੀ ਤੋਂ ਪੁੱਛਦਾ ਹੈ ਕਿ ਤੂੰ ਮੈਨੂੰ ਪਿਆਰ ਨਹੀਂ ਕਰਦੀ ਤਾਂ ਰਜਨੀ ਦਾ ਜਵਾਬ ਹੈ,

"ਅਮਨ ਤੂੰ ਸਹੀ ਆਖਦੈਂ ਕਿ ਮੈਂ ਤੇਰੇ ਪਿਆਰ ਦਾ ਜੁਆਬ ਪਿਆਰ 'ਚ ਨਹੀਂ ਦਿੰਦੀ ਆਖਰ ਕਦੋਂ ਤੱਕ ਕੋਈ ਐਕਟਿੰਗ ਕਰ ਸਕਦਾ ਹੈ। ਮੈਂ ਪਿਆਰ ਦੀ ਐਕਟਿੰਗ ਕਰਕੇ ਥੱਕ ਗਈ ਹਾਂ ਅਮਨ...। ਮੈਂ ਮਾਨਸਿਕ ਤੌਰ ਤੇ ਇਕੱਲੀ ਹਾਂ। ਇਹ ਵਲੈਤੀ ਜੀਵਨ ਮੇਰੀ ਰੂਹ ਦੇ ਖਲਾਅ ਨੂੰ ਨਹੀਂ ਭਰ ਸਕਿਆ। ਮੈਨੂੰ ਲੱਗਦੈ ਅਸੀਂ ਦੋ ਅਲੱਗ ਅਲੱਗ ਕਲਚਰ ਹਾਂ ਜੋ ਸਾਡੇ ਮਾਪਿਆਂ ਦੀ ਗਲਤੀਆਂ ਕਾਰਨ ਇੱਕਠੇ ਹੋ ਗਏ ਹਾਂ... ਨਾ ਤੇਰੇ ਨਾਲ ਇਨਸਾਫ ਹੋ ਰਿਹਾ ਹੈ ਨਾ ਮੇਰੇ ਨਾਲ।[5]

ਇਸੇ ਪ੍ਰਕਾਰ ਦੀ ਸਮੱਸਿਆ 'ਮਰਿਆ ਚੂਹਾ' ਵਿਚ ਮਿਲਦੀ ਹੈ ਇਹ ਪਾਕਿਸਤਾਨ ਤੋਂ ਆਈ ਰਜ਼ੀਆਂ ਦੀ ਕਹਾਣੀ ਹੈ। ਜਿਸ ਦੇ ਮਾਂ ਬਾਪ ਨੇ ਉਸਦਾ ਵਿਆਹ ਇੰਗਲੈਂਡ ਵਸਦੇ ਬੁੱਢੇ ਰਹਿਮਤ ਵੇਗ ਨਾਲ ਕਰ ਦਿੱਤਾ ਜੋ ਕਿ ਸਰੀਰਕ ਅਤੇ ਮਾਨਸਿਕ ਤੌਰ ਤੇ ਰਜ਼ੀਆਂ ਦੇ ਹਾਣ ਦਾ ਨਹੀਂ। 'ਰਜ਼ੀਆ' ਮਾਨਸਿਕ ਤੌਰ ਤੇ ਅਪਸੱਟ ਹੋ ਜਾਂਦੀ ਹੈ ਉਸਦਾ ਘਰਵਾਲਾ ਉਸ ਨੂੰ ਹਸਪਤਾਲ ਵਿਚ ਐਡਮਿਟ ਕਰਵਾ ਦਿੰਦਾ ਹੈ ਰਜ਼ੀਆਂ ਘਰ ਨਹੀਂ ਜਾਣਾ ਚਾਹੁੰਦੀ ਨਾ ਹੀ ਵਾਪਸ ਪਾਕਿਸਤਾਨ ਜਾਣਾ ਚਾਹੁੰਦੀ ਹੈ। ਇਸ ਤਰ੍ਹਾਂ ਉਸਦੀ ਜ਼ਿੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਹੋ ਜਾਂਦੀ ਹੈ।

ਵਿਆਹ ਵਿਚਲੀ ਅਣਜੋੜਤਾ ਕਾਰਨ ਕਈ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਜਿਵੇਂ ਵਿਆਹ ਬਾਹਰੀ ਸੰਬੰਧ , ਤਲਾਕ ਆਦਿ। ਜਦੋਂ ਇੱਕ ਉਮਰ ਲੰਘਾ ਚੁੱਕੇ ਮਰਦ ਦਾ ਵਿਆਹ ਕੰਜ-

ਕੁਆਰੀ ਪੰਜਾਬੀ ਕੁੜੀ ਨਾਲ ਹੋ ਜਾਂਦਾ ਹੈ ਤਾਂ ਖੁੱਲ੍ਹੇ ਸਮਾਜਿਕ ਪ੍ਰਬੰਧ ਵਿਚ ਦੇਹਵਾਦੀ ਰੁਚੀਆਂ ਅਧੀਨ ਬਾਹਰੀ ਸੰਬੰਧਾਂ ਦਾ ਹੋਂਦ ਵਿਚ ਆਉਣਾ ਲਾਜ਼ਮੀ ਹੈ, ਜੋ ਨਿਮਨਲਿਖਤ ਲਾਈਨਾਂ ਤੋਂ ਸਪੱਸ਼ਟ ਹੋ ਜਾਂਦਾ ਹੈ,

ਬਾਬੇ ਦੇ ਪਰਮਿਟ 'ਤੇ,  
ਕੁੜੀ ਬੀ. ਏ. ਪਾਸ ਹੈ ਆਈ।  
ਗੱਭਰੂ ਨਿੱਤ ਪੁਛਦੇ,  
ਕੀ ਹਾਲ ਤੇਰਾ ਭਰਜਾਈ।[6]

ਪ੍ਰਵਾਸੀ ਪੰਜਾਬੀ ਕਹਾਣੀ ਵਿਚ ਸਮਾਜਿਕ ਪਛੜੇਵਾਂ ਵੀ ਨਵੇਂ ਰੂਪ ਵਿਚ ਸਾਹਮਣੇ ਆਇਆ ਹੈ ਜੋ ਕਿ ਭਾਰਤੀ ਵਰਣ ਵਿਵਸਥਾ ਤੋਂ ਉਲਟ ਆਰਥਿਕਤਾ ਕਾਰਨ ਦੱਬੇ ਕੁਚਲੇ ਲੋਕਾਂ ਦੀਆਂ ਪ੍ਰਸਥਿਤੀਆਂ ਨੂੰ ਬਿਆਨ ਕਰਦਾ ਹੈ। ਪ੍ਰਵਾਸੀ ਪੰਜਾਬੀ ਨਾਰੀ ਲੇਖਿਕਾਵਾਂ ਨੇ ਸਮਾਜਿਕ ਪਛੜੇਵੇਂ ਨੂੰ ਜਿਸ ਢੰਗ ਨਾਲ ਹੰਢਾਇਆ ਉਸ ਨੂੰ ਗਲਪੀ ਬਿੰਬ ਵਿਚ ਢਾਲਿਆ ਹੈ। ਇਹ ਕਹਾਣੀ ਸਮਾਜਿਕ ਤੌਰ ਤੇ ਪਛੜੀ ਨਾਰੀ ਦੀ ਗੱਲ ਤੋਰ ਕੇ ਉਸ ਵਿਚੋਂ ਨਿਕਲਣ ਦੀਆਂ ਸੰਭਾਵਨਾਵਾਂ ਵੀ ਤਲਾਸਦੀ ਹੈ। ਪੂਰਬੀ ਦੇਸ਼ਾਂ ਵਿਚ ਪੱਛਮ ਦੇ ਮੁਕਾਬਲੇ ਨਾਰੀ ਦੀ ਸਥਿਤੀ ਜ਼ਿਆਦਾ ਮਜ਼ਬੂਤ ਅਤੇ ਸੁਤੰਤਰ ਨਹੀਂ, ਪ੍ਰਵਾਸੀ ਪੰਜਾਬੀ ਮਰਦ ਨੇ ਨਾਰੀ ਨੂੰ ਘਰੋਂ ਬਾਹਰ ਕੰਮ ਕਰਨ ਦੀ ਤਰਜੀਹ ਤਾਂ ਦਿੱਤੀ ਹੈ ਪਰ ਆਪ ਔਰਤ ਵਾਲੇ ਘਰ ਦੇ ਕੰਮ ਕਰਵਾਉਣ ਵਿਚ ਹਾਲੇ ਵੀ ਹੱਤਕ ਮੰਨਦਾ ਹੈ। ਮਰਦ ਆਪਣੀ ਪਤਨੀ ਦੀ ਮਾਰ-ਕੁਟਾਈ ਵੀ ਕਰਦੇ ਹਨ। ਇਹ ਸੋਚਣ ਦਾ ਉਨ੍ਹਾਂ ਕੋਲ ਟਾਇਮ ਨਹੀਂ ਕਿ ਉਨ੍ਹਾਂ ਦੀ ਪਤਨੀ ਵੀ ਅੱਠ-ਅੱਠ ਘੰਟੇ ਫੈਕਟਰੀਆਂ ਵਿਚ ਉਨ੍ਹਾਂ ਦੇ ਬਰਾਬਰ ਕੰਮ ਕਰਦੀਆਂ ਹਨ, ਘਰ ਪਰਤ ਕੇ ਉਨ੍ਹਾਂ ਲਈ ਪੰਜਾਬ ਵਾਂਗ ਸੇਵਾ ਕਰਨੀ ਸੌਖੀ ਗੱਲ ਨਹੀਂ। ਇਸ ਪ੍ਰਕਾਰ ਕੰਮ/ ਬੋਝ ਵਿਚ ਦਬੀ ਪ੍ਰਵਾਸੀ ਪੰਜਾਬੀ ਨਾਰੀ ਦਾ ਮਾਨਸਿਕ ਚਿੱਤਰ ਨਾਰੀ ਲੇਖਿਕਾਵਾਂ ਦੀਆਂ ਕਹਾਣੀਆਂ ਵਿਚ ਸਪੱਸ਼ਟ ਮਿਲਦਾ ਹੈ। 'ਬਲਬੀਰ ਕੌਰ ਸੰਘੇੜਾ' ਨੇ ਆਪਣੀ ਕਹਾਣੀ 'ਅੱਗ' ਵਿਚ ਮੁੱਖ ਪਾਤਰ ਸੰਤੋਸ਼ ਦੀ ਸਥਿਤੀ ਇਸ ਪ੍ਰਕਾਰ ਦ੍ਰਿਸ਼ਟੀਗੋਚਰ ਕੀਤੀ ਹੈ। ਸੰਤੋਸ਼ ਪਤੀ ਨੂੰ ਕਮਾ ਕੇ ਦਿੰਦੀ ਹੈ, ਬੱਚੀ ਪਾਲਦੀ, ਘਰ ਦਾ ਕੰਮ ਧੰਦਾ ਕਰਦੀ ਅਤੇ ਪਤੀ ਦਾ ਧੌਲ ਧੱਫਾ ਵੀ ਜਰਦੀ ਹੈ।

"ਕੁੜੀ ਸਾਲ ਕੁ ਦੀ ਹੋ ਗਈ ਤਾਂ ਮੈਂ ਕੰਮ ਤੇ ਲੱਗ ਗਈ, ਕੁੜੀ ਨੂੰ ਬੇਬੀ ਸਿਟਰ ਦੇ ਕੋਲ ਛੱਡ ਕੇ ਆਪ ਕੰਮ ਤੇ ਚਲੀ ਜਾਣਾ, ਵਾਪਿਸ ਆ ਕੇ ਕੁੜੀ ਨੂੰ ਬੇਬੀ ਸਿਟਰ ਦਿਉ ਚੁੱਕ ਕੇ ਆਉਣਾ ਤੇ ਘਰ ਆ ਕੇ ਰਸੋਈ ਦਾ ਕੰਮ, ਘਰ ਦੀ ਸਫਾਈ, ਆਦਮੀ ਨਾਲ ਗਾਲੀ-ਗਲੋਚ, ਇਹ ਸਭ ਮੇਰੀ ਹਰ ਰੋਜ਼ ਦੀ ਰੁਟੀਨ ਬਣ ਗਿਆ।"[7]

ਇਸੇ ਪ੍ਰਕਾਰ ਬਲਬੀਰ ਕੌਰ ਸੰਘੇੜਾ ਦੀ ਕਹਾਣੀ 'ਗਲਤ ਦਰਵਾਜਾ' ਦੀ ਪਾਤਰ ਗੁਰਜੋਤ ਦੀ ਸਥਿਤੀ ਵੀ ਸੰਤੋਸ਼ ਵਾਲੀ ਹੀ ਹੈ ਜੋ ਇੱਕ ਪਾਸੇ ਪਤੀ ਤੋਂ ਧੌਲ-ਧੱਫਾ ਸਹਿੰਦੀ ਹੈ ਅਤੇ ਸੱਸ-ਸਹੁਰੇ ਦੇ ਤਾਅਨੇ-ਮਿਹਣੇ ਵੀ ਜਰਦੀ ਹੈ।

"ਜਦੋਂ ਉਹ ਕੰਮ ਤੋਂ ਘਰ ਆਉਂਦੀ ਤਾਂ ਸੱਸ-ਸਹੁਰੇ ਦੀਆਂ ਝਿੜਕਾਂ ਝੱਲਦੀ ਪੈਰ-ਪੈਰ ਤੇ ਪੈਂਦੀਆਂ ਟਕੋਰਾਂ ਨਾ ਇਹਨੂੰ ਕੰਮ ਦੀ ਜਾਂਚ ਨਾ ਆਪਣਾ ਆਪ ਸੁਆਰਨ ਦੀ ਸੁਣ ਸੁਣ ਕੇ ਉਸਦੇ ਕੰਨ ਪੱਕ ਗਏ ਸਨ।[8]

ਨਾਰੀ ਦਾ ਸ਼ੋਸ਼ਣ ਘਰ ਤੋਂ ਇਲਾਵਾ ਕੰਮ ਉੱਤੇ ਵੀ ਹੁੰਦਾ ਹੈ। ਫੈਕਟਰੀਆਂ ਅਤੇ ਫਾਉਂਡਰੀਆਂ ਵਿਚ ਨਸਲੀ ਵਿਤਕਰਾ, ਸੁਪਰਵਾਈਜ਼ਰਾਂ ਦੁਆਰਾ ਸਰੀਰਕ ਸ਼ੋਸ਼ਣ ਹੁੰਦਾ ਹੈ। ਨਾਰੀ ਦੀ ਹਮੇਸ਼ਾ ਕੰਮ ਦੀ ਸਮਰੱਥਾ ਜਾਂ ਕੁਆਲਟੀ ਦੀ ਥਾਂ ਉਸ ਦੀ ਸਰੀਰਕ ਬਣਤਰ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ। ਸੁਪਰਵਾਈਜ਼ਰਾਂ ਦੁਆਰਾ ਹੁੰਦੇ ਨਾਰੀ ਸ਼ੋਸ਼ਣ ਦੀ ਪੇਸ਼ਕਾਰੀ ਵੀਨਾ ਵਰਮਾ ਦੀ ਕਹਾਣੀ 'ਬਨਵਾਸ' ਵਿਚ ਨਿਹਿੱਤ ਹੈ। ਮਿਸਾਲ ਵਜੋਂ 'ਬਨਵਾਸ' ਕਹਾਣੀ ਨਾਇਕਾ ਆਸਾ ਆਪਣੇ ਸ਼ਬਦਾਂ ਵਿਚ ਇਕ ਪ੍ਰਕਾਰ ਬਿਆਨ ਕਰਦੀ ਹੈ,

"ਮੈਂ ਕੰਮ ਦੀ ਤਲਾਸ਼ ਵਿਚ ਕਿੱਥੇ ਕਿੱਥੇ ਨਹੀਂ ਗਈ ਸਾਂ। ਦਫ਼ਤਰ, ਸਟੋਰ, ਸੁਪਰ ਸਟੋਰ ਫੈਕਟਰੀਆਂ ਤੇ ਦੁਕਾਨਾਂ , ਪਰ ਜਿੱਥੇ ਵੀ ਕੰਮ ਕਰਨ ਜਾਂਦੀ ਸੀ ਉਥੇ ਮੇਰੇ ਕੰਮ ਦੀ ਕੋਈ ਕਦਰ ਨਹੀਂ ਸੀ। ਕਦਰ ਸੀ ਤਾਂ



ਮੇਰੇ ਔਰਤ ਹੋਣ ਦੀ। ਮੇਰੇ ਰੰਗ ਰੂਪ ਦੀ ਤੇ ਮੇਰੇ ਸਰੀਰ ਦੀ। ਪਤਾ ਨਹੀਂ ਕਿੰਨੀਆਂ ਨੌਕਰੀਆਂ ਮੈਂ ਇਸੇ ਕਰਕੇ ਛੱਡੀਆਂ ਸਨ ਕਿ ਮੈਂ ਆਪਣੇ ਮਾਲਕ ਨਾ ਸਮਝੌਤਾ ਨਹੀਂ ਕਰ ਸਕੀ ਸੀ। ਮੈਂ ਆਪਣੇ ਆਪ ਨੂੰ ਵੇਚ ਨਾ ਸਕੀ। ਸ਼ਾਇਦ ਮੇਰਾ ਔਰਤ ਹੋਣਾ ਮੇਰੇ ਲਈ ਸਭ ਤੋਂ ਵੱਡਾ ਸਰਾਪ ਸੀ।[9]

ਇਨ੍ਹਾਂ ਸਮੱਸਿਆਵਾਂ ਨਾਲ ਜੂਝਣ ਦੇ ਬਾਵਜੂਦ ਪ੍ਰਵਾਸੀ ਪੰਜਾਬੀ ਨਾਰੀ ਪੰਜਾਬ ਦੇ ਸਮਾਜਿਕ ਚੌਗਿਰਦੇ ਵਿਚ ਵਾਪਸ ਪਰਤਣ ਤੋਂ ਕੰਨੀ ਕਤਰਾਉਂਦੀ ਹੈ। ਉਹ "ਫੈਕਟਰੀਆਂ ਵਿਚ ਸਖ਼ਤ ਮੁਸ਼ੱਕਤ ਕਰਦੀਆਂ, ਫੌਰਮੈਨਾਂ ਦੀ ਹਵਸੀ ਨਜ਼ਰ ਤੇ ਤਿੱਖੇ ਸ਼ਾਸਤਰ ਵੀ ਜਰਦੀਆਂ ਹਨ ਘਰ ਆ ਕੇ ਸਾਮੰਤੀ ਚੇਤਨਾ ਵਾਲੇ ਪਤੀ ਦੀਆਂ ਘੂਰਾਂ ਵੀ ਸਹਿੰਦੀਆਂ ਹਨ, ਬੱਚਿਆਂ ਦੀ ਦੇਖਭਾਲ ਵੀ ਕਰਦੀਆਂ ਹਨ ਅਤੇ ਆਪਣੀ ਸੁਤੰਤਰਤਾ ਲਈ ਸੰਘਰਸ਼ ਵੀ ਵਿਢਦੀਆਂ ਹਨ ਪਰ ਇਸ ਦੇ ਬਾਵਜੂਦ ਕਿਸੇ ਸੁਨਿਹਰੇ ਭਵਿੱਖ ਦੇ ਸੁਪਨੇ ਉਣਦੀਆਂ ਹਨ। ਭਾਰਤ ਜਿਹੇ ਬੰਦ-ਸਮਾਜ ਦੇ ਮੁਕਾਬਲਤਨ ਪੱਛਮ ਦੇ ਖੁੱਲ੍ਹੇ ਸਮਾਜ ਵਿਚ ਮਿਲੀ ਸੁਤੰਤਰਤਾ ਪਰਵਾਸੀ ਔਰਤ ਲਈ ਪਹਿਲਾਂ ਮੁਲਵਾਨ ਅਨੁਭਵ ਸੀ। ਇਸੇ ਲਈ ਕੈਲਾਸ਼ਪੁਰੀ ਦੀ ਕਹਾਣੀ 'ਬਚਨੀ' ਦੀ ਮੁੱਖ ਪਾਤਰ ਵਤਨ ਮੁੜਨ ਦੀ ਸਿਮਰਤੀ ਤੋਂ ਤ੍ਰਹਿੰਦੀ ਹੈ ਅਤੇ ਸੋਚਦੀ ਹੈ,

"ਉੱਚੀ ਅੱਡੀ ਦੀਆਂ ਗੁਰਗਾਬੀਆਂ, ਨੰਗਾ ਸਿਰ ਤੇ ਹੱਥ ਵਿਚ ਬੈਗ, ਕੌਣ ਪਿੰਡ ਵਿਚ ਇਸ ਬਾਣੇ ਨੂੰ ਜਰ ਸਕੇਗਾ...। ਇਸ ਸੋਚ ਨੇ ਬਚਨੀ ਦੇ ਜਿਸਮ ਨੂੰ ਠੰਢਾ ਸੀਤ ਕਰ ਦਿੱਤਾ।"[10]

ਸਾਰੰਸ਼ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਵਾਸੀ ਪੰਜਾਬੀ ਨਾਰੀ ਲੇਖਿਕਾਵਾਂ ਦੇ ਕਥਾ ਸਾਹਿਤ ਨੇ ਪ੍ਰਵਾਸ ਦੀਆਂ ਨਵੀਆਂ ਮਾਨਵੀ ਸਮੀਕਰਣਾਂ ਅਤੇ ਅੰਤਰ ਸਭਿਆਚਾਰਕ ਸੰਬੰਧਾਂ ਤੋਂ ਉਪਜੀਆਂ ਨਵੀਆਂ ਸਮੱਸਿਆਵਾਂ ਵੀ ਖ਼ਾਸ ਕਰ ਨਾਰੀ ਸੰਬੰਧੀ ਮਸਲਿਆਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਪੇਸ਼ਕਾਰੀ ਕਹਾਣੀ ਦੇ ਨਵੇਂ ਸਰੋਕਾਰਾਂ ਨੂੰ ਪ੍ਰਸੰਗ ਕਰਨ ਵਿਚ ਵਿਲੱਖਣ ਭੂਮਿਕਾ ਅਦਾ ਕਰਦੀ ਹੈ। ਇਨ੍ਹਾਂ ਸਭ ਕਹਾਣੀਆਂ ਦਾ ਸਰੋਕਾਰ ਔਰਤ ਨੂੰ ਆਪਣੀ ਸਥਿਤੀ ਤੋਂ ਜਾਣੂ ਕਰਵਾ ਕੇ ਸੁਚੇਤ ਕਰਨਾ ਹੈ ਅਤੇ ਦੂਜਾ ਔਰਤ ਮਰਦ ਦੇ ਆਪਸੀ ਸੰਬੰਧਾਂ ਨੂੰ ਸਾਵਾਂ ਸੰਤੁਲਤ ਕਰਨਾ ਹੈ, ਜਿਥੇ ਦੋਵਾਂ ਦੀ ਮਾਨਸਿਕਤਾ ਇੱਕ ਦੂਜੇ ਨੂੰ ਕਬੂਲ ਸਕੇ।

***ਹਵਾਲੇ ਅਤੇ ਟਿੱਪਣੀਆਂ***

1. ਧਾਲੀਵਾਲ, ਪ੍ਰੇਮ ਪ੍ਰਕਾਸ਼ (ਡਾ.) ਪ੍ਰਵਾਸੀ ਪੰਜਾਬੀ ਸਾਹਿਤ ਮੁੱਲ ਤੇ ਮੁਲਾਂਕਣਨ, ਮਦਾਨ ਪਬਲੀਕਸ਼ਨਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ-47

2. ਸਚਦੇਵ, ਗੁਰਬਖਸ਼ ਸਿੰਘ (ਡਾ.) ਅਤੇ ਦਰਦੀ, ਅਮਰਜੀਤ (ਸੰਪਾ.) ਸੁਪਨੇ ਅਤੇ ਸੰਤਾਪ (ਅਮਰੀਕੀ ਪੰਜਾਬੀ ਕਹਾਣੀ), ਵਿਸ਼ਵ ਭਾਰਤੀ ਪ੍ਰਕਾਸ਼ਨ , ਬਰਨਾਲਾ, 2002, ਪੰਨਾ-47

3. ਵਰਮਾ, ਵੀਨਾ, ਫਰੰਗੀਆਂ ਦੀ ਨੂੰਹ, ਆਰਸੀ ਪਬਲਿਸ਼ਰਜ਼, ਦਿੱਲੀ, 2002 ਪੰਨਾ-85

4. ਕੈਂਥ, ਅਜਮੇਰ ਅਤੇ ਗਿੱਲ, ਕੰਵਲਪ੍ਰੀਤ ਸਿੰਘ, ਦੂਰ ਦਿਸਦੇ ਤਾਰੇ, ਪੰਜਾਬ ਟੂਡੇ ਪ੍ਰਕਾਸ਼ਨ (ਪ੍ਰਾਈਵੇਟ ਲਿਮ.) ਪਟਿਆਲਾ, 2002, ਪੰਨਾ 77

5. ਵਰਮਾ, ਵੀਨਾ, ਮੁੱਲ ਦੀ ਤੀਵੀ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1994, ਪੰਨਾ 157

6. ਸ਼ਮਸ਼ੇਰ, ਜੋਗਿੰਦਰ, ਬਰਤਾਨੀਆਂ ਵਿਚ ਪੰਜਾਬੀ ਜੀਵਨ ਅਤੇ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992, ਪੰਨਾ 89

7. ਬਚਿੰਤ ਕੌਰ (ਸੰਪਾ.) ਚਿਲਮਨ ਦੇ ਉਹਲੇ, ਮਨਪ੍ਰੀਤ ਪ੍ਰਕਾਸ਼ਨ ਦਿੱਲੀ, 2001, ਪੰਨਾ-37

8. ਸੰਘੇੜਾ, ਬਲਬੀਰ ਕੌਰ, ਖੰਭੇ, ਮਨਪ੍ਰਤੀ ਪ੍ਰਕਾਸ਼ਨ ਦਿੱਲੀ, 2001, ਪੰਨਾ-51

9. ਵਰਮਾ, ਵੀਨਾ, ਮੁੱਲ ਦੀ ਤੀਵੀਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1994, ਪੰਨਾ 161-162

10. ਧਾਲੀਵਾਲ, ਬਲਦੇਵ ਸਿੰਘ , ਆਧੁਨਿਕ ਪੰਜਾਬੀ ਕਹਾਣੀ, ਦ੍ਰਿਸ਼ਟੀਮੂਲਕ ਪਰਿਪੇਖ, ਚੇਤਨਾ ਪ੍ਰਕਾਸ਼ਨ, ਮਿਤੀਹੀਣ, ਪੰਨਾ-116

o

## ਸੁਪਨਿਆਂ ਦਾ ਮੰਚਨ (ਨਾਵਲ) ਸੁਖਮਿੰਦਰ ਸੇਖੋਂ





ਸੁਪਨਿਆ ਦਾ ਮੰਚਣ ( ਪ੍ਰਕਾਸ਼ਨ ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, ਮੁੱਲ 120, ਪੰਨੇ 120) ਨਾਵਲ ਨਵੇਂ ਹੋ ਰਹੇ ਤਜਰਬਿਆਂ ਵਾਲੇ ਨਾਵਲਾਂ ਦੀ ਲੜੀ ਵਿਚ ਆਉਂਦਾ ਹੈ ਜੋ ਮਨੁੱਖੀ ਤਣਾਓ ਭਰੀ ਜ਼ਿੰਦਗੀ ਨੂੰ ਪੇਸ਼ ਕਰ ਸਕਿਆ ਹੈ ਤੇ ਨਾਵਲ ਵਿਚ ਨਾਟਕੀ ਪ੍ਰਭਾਵ ਪ੍ਰਤੱਖ ਤੋਰ ਤੇ ਪਾ ਸਕਿਆ ਹੈ। ਸੁਖਮਿੰਦਰ ਸੇਖੋਂ ਨੇ ਨਾਟਕ ਲਿਖੇ ਵੀ ਹਨ ਤੇ ਨਾਟਕ ਖੇਡੇ ਵੀ ਹਨ ਇਸੇ ਲਈ ਉਸਦੀ ਨਾਵਲੀ ਕਹਾਣੀ ਵਿੱਚ ਨਾਵਲੀ ਬਿਰਤਾਂਤ ਵਿਚ ਨਾਟਕੀ ਸੰਵਾਦ ਬਦੋਬਦੀ ਇਕ ਖਾਸ ਤੱਥ ਲੈ ਨਿਵੇਕਲੇ ਜਿਹੇ ਕਥਾ ਵਿਵੇਕ ਸਿਰਜਦੇ ਹਨ। ਉਸਦੀ ਨਾਟਕੀ ਕਥਾਕਾਰੀ ਕਥਾ ਰੂਪ ਦੀ ਪੇਸ਼ਕਾਰੀ ਵਿਚ ਖਲਬਲ ਮਚਾਉਂਦੀ ਹੈ। ਇਕ ਹੋਰ ਨਵਾਂ ਵਖਰਿਆਉਂਦਾ ਤਜਰਬਾ ਹੈ ਨਾਵਲੀ ਕਰਨ ਵਿਚ ਸੁਪਨਿਆਂ ਦੀ ਹੋਂਦ ਜਿਵੇਂ 'ਸੁਪਨਿਆਂ ਦੇ ਮੰਚਣ' ਨਾਵਲ ਵਿਚ ਨਾਵਲੀ ਬਿਰਤਾਂਤ ਅਤੇ ਨਾਵਲੀ ਵਿਸਥਾਰਿਤਾ ਵਿਚ ਸੁਪਨਿਆ ਦੀ ਬਹੁਤਾਤ ਹੈ ਉਂਜ ਸੁਪਨਿਆਂ ਦੇ ਕੰਧਾੜੇ ਚੜ੍ਹਿਆ ਮਨੁੱਖ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਸਹਿਜੇ ਪਾਰ ਕਰ ਲੈਂਦਾ ਹੈ ਜਾਂ ਨਾਵਲਕਾਰ ਜਦੋਂ ਕਦੀ ਜਿਥੇ ਕਿਤੇ ਨਾਵਲੀ ਕਹਾਣੀ ਵਿਚ ਕੋਈ ਅੜਿਕਾ ਆ ਪੈਂਦਾ ਹੈ ਤੇ ਕਹਾਣੀ ਰੁਕ ਜਾਂਦੀ ਹੈ। ਇਸ ਨਾਵਲ ਦੀ ਕਹਾਣੀ ਹੀ ਰੁਪਿੰਦਰ ਨਾਇਕ ਪਾਤਰ ਦੇ ਸੁਪਨੇ ਤੋਂ ਸ਼ੁਰੂ ਹੁੰਦੀ ਹੈ ਉਸਨੂੰ ਤੁਰਦਿਆਂ ਹੀ ਸੁਪਨਾ ਆਈ ਜਾਂਦਾ ਹੈ ਤੇ ਸੁਪਨੇ ਵਿਚ ਉਸਨੂੰ ਕੋਈ ਆਵਾਜ਼ਾ ਮਾਰ ਰਿਹਾ ਹੈ, ਕਿਥੇ ਤੁਰਿਆ ਜਾਨੈ ਕਾਕਾ?" ਤੇ ਛੇਵੇ ਕਾਂਡ ਵਿਚ ਉਸਨੂੰ ਸੁਪਨਾ ਆਉਂਦਾ ਹੈ ਕਿ ਉਹ ਪਰੀ ਦੇ ਮੋਢਿਆ 'ਤੇ ਸਵਾਰ ਹੈ ਪਰ੍ਹੇ ਕੋਈ ਡਰਾਉਣਾ ਤੇ ਭਿਆਨਕ ਹਾਸਾ ਹਸਦਾ ਹੈ ਥੋੜ੍ਹੀ ਦੇਰ ਮਗਰੋਂ ਪਰੀ ਉਸਨੂੰ ਆਪਣੇ ਮੋਢਿਆਂ ਤੇ ਉਤਾਰ ਦਿੰਦੀ ਹੈ ਤੇ ਉਹ ਤ੍ਰਿਸ਼ੰਕੂ ਵਾਂਗ ਖਲਾਅ ਵਿਚ ਲਟਕਦਾ ਜਾਂਦਾ ਹੈ। ਉਸੀ ਵੇਲੇ ਪਰੀ ਦਾ ਚਿਹਰਾ ਕਿਸੇ ਰਾਕਸ਼ਨੀ ਦਾ ਮਖੋਟਾ ਪਾਈ ਦਿਖਦਾ ਹੈ ਮੁੜ ਉਸ ਜ਼ਮੀਨ ਤੇ ਡਿਗਦਾ ਹੈ ਤਾਂ ਉਸਦੀ ਚੀਕ ਨਿਕਲ ਜਾਂਦੀ ਹੈ ਤੇ ਉਹ ਸੁਪਨੇ ਵਿਚੋਂ ਘਬਰਾਇਆ ਹੋਇਆ ਜਾਗਦਾ ਹੈ। ਇਉਂ ਇਹ ਸੁਪਨੇ ਨਾਵਲੀ ਬਿਰਤਾਂਤ ਨੂੰ ਸਿੱਧਾ ਤੋਰੀ ਰੱਖਦੇ ਅੱਗੇ ਵਧਾਉਂਦੇ ਹਨ। ਨਾਵਲਕਾਰ ਛੇਵੇਂ ਕਾਂਡ ਵਿਚ ਹੀ ਸਿਆਣੇ ਬਾਬਿਆਂ ਕੋਲ ਜਾਣ ਦਾ ਸੋਚਦਾ ਹੈ, ਜਦੋਂ ਉਸਦੀ ਮਾਂ ਬਲਬੀਰ ਕੌਰ ਉਸਨੂੰ ਭੈੜੇ ਸੁਪਨੇ ਆਉਣ ਤੇ ਬਾਬਿਆ ਕੋਲ ਜਾਣ ਦੀ ਸਲਾਹ ਦਿੰਦੀ ਹੈ। ਨਾਵਲਕਾਰ ਨੇ ਪਾਤਰ ਰੁਪਿੰਦਰ ਦੇ ਮੂੰਹੋਂ ਕੁਹਾਇਆ ਹੈ। 'ਕਈ ਵਾਰ ਸੁਪਨੇ ਤੇ ਜ਼ਿੰਦਗੀ ਦਾ ਸੱਚ ਆਪਸ ਵਿਚ ਏਨੇ ਰਲਗੱਡ ਕਿਉਂ ਹੋ ਜਾਂਦੇ ਹਨ? ਇਸ ਨਾਵਲ ਦਾ ਕੇਂਦਰੀ ਬਿੰਦੂ ਲੋਕਾਂ ਦੇ ਅੰਧ ਵਿਸ਼ਵਾਸ ਨੂੰ ਮੰਨਣਾ, ਵਹਿਮ ਭਰਮਾਂ ਵਿਚ ਘਿਰੇ ਹੋਣਾ ਹੈ ਅਸੀਂ ਇੱਕੀਵੀ ਸਦੀ ਵਿਚ ਵੀ ਅੰਧ ਵਿਸ਼ਵਾਸਾਂ ਸੰਗ ਜੀਵੀ ਜਾ ਰਹੇ ਹਾਂ ਨਾਵਲ ਦਾ ਨਾਇਕ ਆਪਣੇ ਡਰਾਉਣੇ ਸੁਪਨਿਆ ਨੂੰ ਠਲ੍ਹ ਪਾਉਣ ਲਈ ਬਾਬਿਆਂ ਦੇ ਧਾਗੇ ਤਵੀਤ ਦਾ ਸਹਾਰਾ ਲੈਂਦਾ ਹੈ। ਇਸ ਵਿਚ ਹੋਰ ਵੀ ਕਈ ਮਸਲੇ ਉਭਰੇ ਹਨ। ਔਰਤ ਦੀਆਂ ਸਮੱਸਿਆਵਾਂ ਦੁਬਿਧਾਵਾਂ, ਸੰਤਾਪਾਂ ਨੂੰ ਵੀ ਉਲੀਕਿਆ ਹੈ। ਸਿਵਾਨੀ ਜੋ ਐਕਟਰੈਸ ਬਣਨਾ ਚਾਹੁੰਦੀ ਹੈ ਟੀ. ਵੀ. ਸੀਰੀਅਲਜ਼ ਵਿਚ ਕੰਮ ਕਰਦੀ ਹੈ ਤਾਂ ਕਿਵੇਂ ਰਾਮ ਪਾਲ ਜਿਹੇ ਪਾਤਰਾਂ ਹੱਥੋਂ ਬੇਇਜ਼ਤ ਹੁੰਦੀ ਹੈ। ਤਰਕਵਾਦ ਰਸਾਲੇ ਰਾਹੀਂ ਤਰਕਸ਼ੀਲਤਾ ਨਾਲ ਭਰਿਆ ਲਿਟਰੇਚਰ ਛਪਵਾ ਕੇ ਲੋਕਾਂ ਵਿਚ ਵੰਡ ਵੰਡ ਕੇ ਜਾਤ-ਪਾਤ ਤੇ ਧਰਮ ਦੇ ਨਾਂ ਤੇ ਹੁੰਦੀ ਲੁੱਟ ਖਸੁੱਟ ਤੋਂ ਨਿਜ਼ਾਤ ਪੁਆਉਣਾ ਚਾਹੁੰਦਾ ਹੈ ਜੋ ਇਕ ਨਰੋਆ ਸਮਾਜ ਦਾ ਦਰਵਾਜ਼ਾ ਖੋਲ੍ਹਦੀ ਹੈ।

**ਡਾ. ਸ਼ਰਨਜੀਤ ਕੌਰ**



## ਅੱਜ ਦਾ ਚਾਣਕਯ (ਕਹਾਣੀਆਂ) ਅਮਰੀਕ ਸਿੰਘ ਕੰਡਾ




ਸਮਕਾਲੀ ਪੰਜਾਬੀ ਕਹਾਣੀ ਵਿਚ 'ਕੰਡਾ' ਆਪਣੀ ਬਿਰਤਾਂਤਕ ਮੌਲਿਕਤਾ ਅਤੇ ਵਿਲੱਖਣਤਾ ਨਾਲ ਸਥਾਪਤ ਹੋ ਰਿਹਾ ਕਹਾਣੀਕਾਰ ਹੈ। ਇਨ੍ਹਾਂ ਕਹਾਣੀਆਂ ਦਾ ਕਥਾ ਬਿਰਤਾਂਤ ਪੂੰਜੀਵਾਦ ਦੀਆਂ ਨੀਤੀਆਂ ਦੀ ਤਰਤੀਬ ਵਿਚ ਪੰਜਾਬੀ ਮਨੁੱਖ ਦੀਆਂ ਸਰੀਰਕ ਅਤੇ ਮਾਨਸਿਕ ਬੇਤਰਤੀਬੀਆਂ ਅਤੇ ਪੰਜਾਬੀ ਭਾਈਚਾਰੇ ਦੀਆਂ ਅੰਤਰੀਵੀ ਰੁਚੀਆਂ ਵਿਚ ਆਏ ਵਿਗਾੜ ਦੇ ਪਸਾਰਾਂ ਨੂੰ ਰੂਪਮਾਨ ਕਰਦਾ ਹੈ।

ਅੱਜ ਦੇ ਚਾਣਕਯ' ਵਿਚਲੀਆਂ ਕਹਾਣੀਆਂ ਪੂੰਜੀਵਾਦ ਦੀਆਂ ਨੀਤੀਆਂ ਅਤੇ ਜੁਗਤਾਂ ਦੇ ਵਿਸਥਾਰ ਨੂੰ ਪਾਤਰਾਂ ਦੀ ਮਾਨਸਿਕ ਹਾਲਤ ਅਤੇ ਉਹਨਾਂ ਨਾਲ ਜੁੜੀਆਂ ਸਥਿਤੀਆਂ ਰੂਪਮਾਨ ਕਰਦੀਆਂ ਹਨ। ਇਸੇ ਕਰਕੇ ਹੀ ਇਨ੍ਹਾਂ ਕਹਾਣੀਆਂ ਵਿਚ ਬਿਰਤਾਂਤਕਾਰ ਕਿਸੇ ਨਿਸ਼ਚਿਤ ਵਿਚਾਰਧਾਰਾ ਦਾ ਪ੍ਰਚਾਰ ਸੰਚਾਰ ਪ੍ਰਤੀ ਮਾਨਵੀ ਸੁਰ ਨੂੰ ਕਥਾ ਪ੍ਰਵਚਨ ਵਿਚ ਪਾਉਂਦਾ ਹੈ।

ਇਸ ਕਹਾਣੀ ਸੰਗ੍ਰਹਿ ਦਾ ਬਿਰਤਾਂਤਕ ਪ੍ਰਗਟਾਅ ਜਟਿਲ ਬਿਰਤਾਂਤਕ ਸੰਰਚਨਾ ਦੀ ਬਜਾਏ ਲਕੀਰੀ ਬਿਰਤਾਂਤ ਨੂੰ ਪ੍ਰਗਟਾਅ ਵਿਚ ਪਾ ਕੇ ਅਰਥਾਂ ਦਾ ਉਤਪਾਦਨ ਕਰਦਾ ਹੈ। ਇਸ ਕਰਕੇ ਲੇਖਕ ਕਿਸੇ ਖਾਸ ਨਵੀਂ ਜੁਗਤ ਦੀ ਵਰਤੋਂ ਨਹੀਂ ਕਰਦਾ ਸਗੋਂ ਅਰਥ ਸਿਰਜਣ ਦੀ ਪ੍ਰਕਿਰਿਆ ਨੂੰ ਪਾਤਰਾਂ ਦੇ ਵਿਰੋਧੀ-ਜੁੱਟਾਂ ਨਾਲ ਜੁੜੀਆਂ ਸਥਿਤੀਆਂ ਵਿਚੋਂ ਗਤੀਸ਼ੀਲ ਕਰਦਾ ਹੈ। 'ਅਮਰਵੇਲ' ਕਹਾਣੀ ਦੀ ਮਾਂ ਪਾਤਰ ਆਪਣੇ ਪੁੱਤਰ ਨੂੰ ਉਪਭੋਗੀ ਜੀਵਨ ਨਾਲ ਜੋੜ ਕੇ ਉਸਦੇ ਭਵਿੱਖ ਨੂੰ ਸਮੱਸਿਆਗ੍ਰਸਤ ਕਰ ਰਹੀ ਹੈ। ਦੂਸਰੇ ਪਾਸੇ 'ਅਜੇ ਆਸ ਬਾਕੀ ਹੈ' ਕਹਾਣੀ ਦੇ ਬਿਰਤਾਂਤਕ ਵਹਾ ਵਿਚ ਅਧਿਆਪਕ ਵਰਗ ਦੀ ਸੋਚ ਸਿਧਾਂਤ ਅਤੇ ਵਿਹਾਰ ਵੱਖਰੇ ਵੱਖਰੇ ਰੰਗਾਂ ਰਾਹੀ ਇਕ ਮੂਲ ਨੁਕਤੇ ਤੋਂ ਜ਼ਿੰਦਗੀ ਦੇ ਭਵਿੱਖਪ੍ਰਤੀ ਅਰਥਾਂ ਦਾ ਉਤਪਾਦਨ ਕਰਦੇ ਹਨ।

'ਮੋਹ ਦੀ ਤੰਦਾਂ' , 'ਅੱਜ ਦੇ ਚਾਣਕਯ' , 'ਫਿਤਰਤ' , 'ਫਿਰ ਉਹੀ ਕਥਾ' ਕਹਾਣੀਆਂ ਵਿਚਲੇ ਪੈਸੇ ਦੇ ਪਾਸਾਰ ਅਮਾਨਵੀ ਸਥਿਤੀਆਂ ਦੀ ਪੇਸ਼ਕਾਰੀ ਕਰਕੇ ਸਮਕਾਲੀ ਮਨੁੱਖ ਦੀ ਹੋਂਦ ਅਤੇ ਹੋਣੀ ਨਾਲ ਜੁੜੇ ਸੰਕਟਾਂ ਦੀ ਗਹਿਰਾਈ ਦੇ ਕਥਾ-ਪ੍ਰਵਚਨ ਦੀ ਸਿਰਜਣਾ ਕਰਦੇ ਹਨ। 'ਬੋਣੇ' ਕਹਾਣੀ ਦਾ ਰਿਟਾਇਰ ਅਫਸਰ ਆਪਣੀ ਫੋਕੀ ਹਾਊਮੈ ਨਾਲ ਆਪਣੇ ਹੀ ਨਿਯਮਾਂ ਦੁਆਰਾ ਮਨੁੱਖੀ ਹੋਂਦ ਪ੍ਰਤੀ ਸਖਤ ਰਵਈਆਂ ਅਖਤਿਆਰ ਕਰਦਾ ਹੈ। 'ਆਦਮ ਖੋਰ' ਕਹਾਣੀ ਦੀ ਮਿੱਥਕ ਵਿਧੀ ਸ਼ਕਤੀ ਦੀ ਨਿੰਰਤਰਤਾ ਅਤੇ ਦਮਨ ਦੇ ਵਾਤਾਵਰਨ ਨੂੰ ਪੇਸ਼ ਕਰਕੇ ਰਾਜਾ ਅਤੇ ਪਰਜਾ ਦੇ ਅੰਤਰ ਸੰਬੰਧਤ ਦਾਇਰਿਆ ਨੂੰ ਰੂਪਮਾਨ ਕਰਦੀ ਹੈ।


'ਮਾਇਆ ਜਾਲ', 'ਹਨੇਰੇ 'ਚ ਭਟਕਦੇ ਲੋਕ',' ਬੇਵਸੀ' ਆਦਿ ਕਹਾਣੀਆਂ ਵਿਚ ਵੀ ਤਾਕਤ ਦੀ ਸੰਰਚਨਾ ਅਤੇ ਪੈਸੇ ਦੀ ਖੇਡ ਦਾ ਪ੍ਰਵਚਨ ਮਾਨਸਿਕ ਦੁਖਾਂਤ ਦੀ ਪੇਸ਼ਕਾਰੀ ਕਰਨ ਦਾ ਜਰੀਆ ਬਣਦਾ ਹੈ।

ਇਸ ਪ੍ਰਕਾਰ ਇਸ ਕਹਾਣੀ ਸੰਗ੍ਰਹਿ ਵਿਚ ਪੰਜਾਬੀ ਮਨੁੱਖ ਨਾਲ ਜੁੜੀਆਂ ਸੰਕਟਮਈ ਹਕੀਕਤਾਂ ਦੀ ਰੂਪ-ਵਿਧੀ ਨੂੰ ਬਿਰਤਾਂਤਕ ਸਿਰਜਣਾ ਵਿਚ ਪਾਇਆ ਗਿਆ ਹੈ।

ਇਕਹਿਰੇ ਬਿਰਤਾਂਤ ਵਿਚ ਪੇਸ਼ ਹੋ ਰਹੀ ਜੀਵਨ-ਲੀਲਾ ਦੇ ਅਨੇਕਾਂ ਰੰਗ ਪਾਠਕ ਦੀ ਚੇਤਨਾ ਨੂੰ ਝੰਜੋੜਦੇ ਹੋਏ ਉਸ ਸਾਹਮਣੇ ਅਨੇਕਾਂ ਪ੍ਰਸ਼ਨਾਂ ਨੂੰ ਖੜ੍ਹਾ ਕਰਦੇ ਹਨ। ਅਸੀ ਆਉਣ ਵਾਲੇ ਸਮੇਂ ਵਿਚ ਕੰਡਾ ਆਪਣੀ ਰਚਨਾਤਮਿਕਤਾ ਨੂੰ ਨਿਰੰਤਰ ਜਾਰੀ ਰੱਖਦਾ ਹੋਇਆ ਮਾਨਵੀ ਸੁਰ ਨੂੰ ਹੋਰ ਤਿੱਖੇ ਰੂਪ ਵਿਚ ਪੇਸ਼ ਕਰੇਗਾ।

**ਡਾ. ਗੁਰਜੀਤ ਸਿੰਘ ਸੰਧੂ**

# ਟਿੱਬਿਆਂ ਦੀ ਜੂਨ (ਕਹਾਣੀਆਂ) ਜਸਵੀਰ ਕਲਸੀ




ਟਿੱਬਿਆਂ ਦੀ ਜੂਨ ( ਪ੍ਰਕਾਸ਼ਨ ਕੁਕਨਸ ਪ੍ਰਕਾਸ਼ਨ, ਜਲੰਧਰ, ਮੁੱਲ 80 ਰੁਪਏ) ਕਹਾਣੀ ਸੰਗ੍ਰਹਿ ਵਿਚ ਕਲਸੀ ਦੀਆਂ 14 ਕਹਾਣੀਆਂ ਸ਼ਾਮਲ ਹਨ, ਜਿਨ੍ਹਾਂ ਵਿਚ ਕਲਸੀ ਨੇ ਸਿਰਜਣਹਾਰ ਕਿਰਤੀ ਜਮਾਤ ਦੀਆਂ ਵਿਕੋਲਿਤਰੀਆਂ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ ਹੈ। ਇਨ੍ਹਾਂ ਸਮੱਸਿਆਵਾਂ ਵਿਚ ਜਿੱਥੇ ਨਵ-ਉਦਾਰਵਾਦ ਤੇ ਵਿਸ਼ਵੀਕਰਨ ਦੀ ਪ੍ਰਕਿਰਿਆ ਤੋਂ ਬਾਅਦ ਮਜ਼ਦੂਰ, ਕਿਰਸਾਨ ਅਤੇ ਹੇਠਲੇ ਮੱਧਵਰਗੀ ਵਰਗ ਦੇ ਡੂੰਘੇਰੇ ਹੋ ਰਹੇ ਸੰਕਟ ਨੂੰ ਚਿਤਰਿਆ ਗਿਆ ਹੈ, ਉਥੇ ਪੰਜਾਬ ਵਿਚ ਅਜੇ ਵੀ ਮਜ਼ਬੂਤ ਪਕੜ ਬਣਾਈ ਬੈਠੀ ਜਾਤ-ਪਾਤੀ ਵਿਵਸਥਾ ਅਤੇ ਪਰਵਾਸੀ ਭਈਆ ਮਜ਼ਦੂਰਾਂ ਦੀ ਆਮਦ ਕਾਰਨ ਵਾਪਰ ਰਹੀਆਂ ਸਮੱਸਿਆਵਾਂ ਨੂੰ ਵੀ ਕਹਾਣੀਆਂ ਦੇ ਮੁੱਖ ਵਿਸ਼ੇ ਵਜੋਂ ਚਿਤਰਿਆ ਗਿਆ ਹੈ।

ਇਸ ਸੰਗ੍ਰਹਿ ਦੀ ਪਲੇਠੀ ਕਹਾਣੀ 'ਅੰਨਦਾਤਾ' ਵਿਚ ਜਿਥੇ ਦਰਬਾਰਾ ਸਿੰਘ ਅਤੇ ਹਰਬੰਸ ਸਿੰਘ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕੀਤਾ ਗਿਆ ਹੈ, ਉਥੇ ਸਾਡੇ ਸਮਾਜ ਉਪਰ ਥੋਪੇ ਜਾ ਰਹੇ ਖਪਤ-ਸਭਿਆਚਾਰ ਬਾਰੇ ਵੀ ਗੱਲ ਕੀਤੀ ਗਈ ਹੈ। 'ਉਤਰਾਅ-ਚੜ੍ਹਾਅ ' ਕਹਾਣੀ ਪ੍ਰੀਤਮ ਸਿੰਘ ਤੇ ਮਲਕੀਤ ਸਿੰਘ ਵਿਚਕਾਰ ਉਸਰੇ ਪੂੰਜੀਵਾਦੀ ਸਮਾਜਿਕ ਰਿਸ਼ਤਿਆਂ ਉਪਰ ਕਟਾਖ਼ਸ ਪੇਸ਼ ਕਰਦੀ ਹੈ। 'ਕੇਂਦਰ-ਬਿੰਦੂ' ਕਹਾਣੀ ਵਿਚ ਸਾਡੇ ਮਰਦ-ਪ੍ਰਧਾਨ ਸਮਾਜ ਵਿਚ ਕਈ ਪੱਧਰਾਂ 'ਤੇ ਗੁਲਾਮੀ ਭੋਗ ਰਹੀ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ।


'ਅੱਖਾਂ ਵਿਚਲੇ ਸਵਾਲ' ਬਲਦੇਵ ਸਿੰਘ ਮਿਸਤਰੀ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਦੀ ਹੈ, ਜਿਹੜਾ ਹਰ ਰੋਜ਼ ਸਵੇਰੇ ਸਵੱਖਤੇ ਘਰੋਂ ਨਿਕਲਦਾ ਹੈ ਅਤੇ ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰਕੇ ਘਰ ਵਾਪਸ ਮੁੜਦਾ ਹੈ। ਪਰ ਇਸ ਦੇ ਬਾਵਜੂਦ ਆਰਥਿਕ ਤੌਰ ਤੇ ਕਮਜ਼ੋਰ ਹੋਣ ਕਰਕੇ ਉਸਨੂੰ ਆਪਣੀਆਂ ਭੈਣਾਂ ਦੇ ਵਿਆਹ ਲਈ ਕਰਜ਼ਾ ਚੁੱਕਣਾ ਪੈਂਦਾ ਹੈ। ਉਹ ਏਨਾ ਕਰਜ਼ਈ ਹੋ ਜਾਂਦਾ ਹੈ ਕਿ ਲਾਲਾ ਚਰੰਜੀ ਦਾਸ ਉਸਨੂੰ ਥਾਣੇ ਵਿਚ ਡੱਕਣ ਦੀ ਤਾੜਨਾ ਦਿੰਦਾ ਹੈ। 'ਆਪੋ ਆਪਣੇ ਵਿਸ਼ਵਾਸ' ਕਹਾਣੀ ਵਿਚ ਜਿੱਥੇ ਦਲਿਤ ਜਮਾਤਾਂ ਦੀਆਂ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਵੱਲ ਇਸ਼ਾਰਾ ਕੀਤਾ ਗਿਆ ਹੈ ਉਥੇ ਪੰਜਾਬ ਦੀ ਸਮਾਜਿਕ ਵਿਵਸਥਾ ਅੰਦਰ ਜਾਤੀ ਤੇ ਜਮਾਤੀ ਸਥਿਤੀ ਦੇ ਰਲਗੱਡ ਹੋਣ ਕਰਕੇ ਇਹ ਕਹਾਣੀ ਜਮਾਤੀ ਤੇ ਜਾਤੀ ਸਵਾਲਾਂ ਨੂੰ ਵੀ ਪੇਸ਼ ਕਰਨ ਦੇ ਯਤਨ ਕਰਦੀ ਹੈ। ਕਹਾਣੀ 'ਟਿੱਬਿਆਂ ਦੀ ਜੂਨ' ਸਾਡੇ ਸਮਾਜ ਵਿਚ ਰਹਿ ਰਹੇ ਗੇਜੇ ਵਰਗੇ ਅਣਗੌਲੇ ਕਿਰਤੀ ਲੋਕਾਂ ਦਾ ਗਲਪੀ ਬਿਰਤਾਂਤ ਹੈ, ਜੋ ਛੱਜ ਬਣਾ ਕੇ ਆਪਣਾ ਪੇਟ ਪਾਲਦੇ ਹਨ। ਗੇਜਾ ਤੀਲਾ-ਤੀਲਾ ਜੋੜ ਕੇ ਸਾਰਾ ਦਿਨ ਛੱਜ ਬਣਾਉਣ ਦਾ ਕੰਮ ਕਰਦਾ ਹੈ ਅਤੇ ਬਾਕੀ ਪਰਿਵਾਰ ਵੀ ਉਸਦੇ ਕੰਮ ਨਾਲ ਜੁੜਿਆ ਹੋਇਆ ਹੈ। ਇਹ ਕਹਾਣੀ ਗੇਜੇ ਦੇ ਪਰਿਵਾਰਕ ਜੀਵਨ ਦੀਆਂ ਕਠਿਨਾਈਆਂ, ਦੁਸ਼ਵਾਰੀਆਂ ਅਤੇ ਉਸਦੀ ਅਣਵਿਕਸਤ ਸਮਾਜਿਕ ਚੇਤਨਾ ਨੂੰ ਬੜੀ ਖ਼ੂਬਸੂਰਤੀ ਨਾਲ ਚਿਤਰਦੀ ਹੈ। ਕਮਜ਼ੋਰ ਆਰਥਿਕਤਾ ਕਾਰਨ ਸਮਾਜਿਕ-ਰਸਮਾਂ ਵੀ ਕਿਸ ਤਰ੍ਹਾਂ ਖੇਰੂੰ-ਖੇਰੂੰ ਹੋ ਜਾਂਦੀਆਂ ਹਨ। ਇਸ ਤਰ੍ਹਾਂ ਜਸਵੀਰ ਕਲਸੀ ਸਿਰਜਣਹਾਰ ਜਮਾਤਾਂ ਦਾ ਕਹਾਣੀਕਾਰ ਹੋ ਨਿਬੜਦਾ ਹੈ। ਇਨ੍ਹਾਂ ਕਹਾਣੀਆਂ ਵਿਚ ਬੇਲੋੜਾ ਵਿਸਥਾਰ, ਕਲਾਤਮਕਤਾ ਤੇ ਸਾਹਿਜਤਾ ਦੀ ਘਾਟ, ਵਿਸ਼ਾ ਵਸਤੂ ਦੀ ਕਮਜ਼ੋਰੀ ਵੀ ਰੜਕਦੀ ਹੈ।

**ਡਾ. ਭੀਮ ਇੰਦਰ ਸਿੰਘ**



## ਖਿਆਲ ਖੁਸ਼ਬੋ ਜਿਹਾ

*ਬੂਟਾ ਸਿੰਘ ਚੌਹਾਨ*





*ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ ਮੁੱਲ 100 ਰੁਪਏ*

"ਸਿਰ ਜੋਗੀ ਛਾਂ " ਦੀਆਂ ਪਿਆਰੀਆਂ ਗ਼ਜ਼ਲਾਂ ਪੜ੍ਹੀਆਂ ਆਨੰਦ ਮਾਣਿਆ।
ਤੂੰ ਰੋਹੀਆਂ ਵਿੱਚ ਖਲੋਤਾ ਕੁਆਰਾ ਸਰੂ, ਜਿਹੜਾ ਤਪਦੀ ਰੂਹ ਜੋਗੀ ਹੀ ਛਾਂ ਦੇ ਰਿਹਾ ਹਾ। ਕਈਆਂ ਸ਼ੇਅਰਾਂ ਦਾ ਨਿੱਘ ਮਹਿਬੂਬ ਦਾ ਉਣਿਆ ਸਵੈਟਰ ਅਤੇ ਅਹਿਸਾਸ ਦੀ ਘੁੱਟ ਸ਼ਹਿਦ ਹੋ ਨਿੱਬੜੀ।
ਬੀਤੇ ਦੇ ਰੁੱਖ ਹੇਠਾਂ ਬਹਿਣਾ ਠੀਕ ਨਹੀਂ।
ਛਾਵਾਂ ਵਿੱਚੋਂ ਵੀ ਆਉਂਦਾ ਹੈ ਸੇਕ ਜਿਹਾ।
ਸ਼ਾਇਰੀ ਕੁਦਰਤ ਦੀ ਦਾਤ ਹੈ, ਪਰ ਨਵੇਕਲਾਪਣ ਤੇਰਾ ਆਪਣਾ ਸਰਮਾਇਆ ਹੈ। ਸ਼ਾਲਾ, ਇਹ ਸਦੀਵ ਕਾਇਮ ਰਹੇ. ਬਾਹਰਲਾ ਦਰਦ ਰੂਹ ਦੇ ਅਹਿਸਾਸ ਵਿੱਚ ਡੁੱਬ ਕੇ ਮਹਿਕ ਬਣਦਾ ਹੈ ਤੇ ਓਹੀ ਖੁਸ਼ਬੂ ਸਮਾਜ ਦੀ ਦੁਰਗੰਧ ਸਾਫ ਕਰਨ ਵਿਚ ਜੁਟ ਜਾਂਦੀ ਹੈ।
ਮਹਿਕ ਤਾਂ ਦੂਰ ਵੀ ਜਾ ਸਕਦੀ ਸੀ।
ਪੌਣ ਦਾ ਰੁਖ਼ ਹੀ ਕੁਝ ਸਹੀ ਨਾ ਸੀ।
ਬਈ ਵਾਹ ! ਇਸ ਸੁਗੰਧ ਵਿੱਚ ਰੋਸ਼ਨੀ ਵੀ ਹੈ, ਜਿਸ ਨੂੰ ਹਵਾ ਦਾ ਰੁਖ਼ ਵੀ ਰੋਕ ਨਾ ਸਕੇਗਾ। ਤੂੰ ਸਧਾਰਨ ਬੂਟਾ ਨਹੀ, ਪੰਜਾਬ ਦਾ ਚੰਨਣ ਏਂ। ਤੇ ਤੇਰੀ ਮਹਿਕ ਮਾਨਸਕ ਰੋਗੀਆਂ ਲਈ ਸੰਜੀਵਨੀ ! ਉਦਾਸ ਚਿਹਰਿਆਂ ਲਈ ਖੇੜੇਹਾਰ।

**-ਜਸਵੰਤ ਸਿੰਘ ਕੰਵਲ**

*ਕਹਾਣੀਕਾਰ ਪਵਨ ਪਰਿੰਦਾ ਦੀਆਂ ਕਹਾਣੀਆਂ ਦੀਆਂ ਦੋ ਅਹਿਮ ਪੁਸਤਕਾਂ*
*î¼ÇÃÁÅ çÆ ðÅå*
*ਮੁੱਲ- 50 ਰੁਪਏ*
*ਤੇ*
*ñÅÔ¶ ÔˆÂ¶*
*(ਮੁੱਲ- 40 ਰੁਪਏ)*
*ਕੁਕਨੁਸ ਪ੍ਰਕਾਸ਼ਨ , ਜਲੰਧਰ*







ਪਵਨ ਪਰਿੰਦਾ ਨਵੀਂ ਪੀੜ੍ਹੀ ਦਾ ਕਥਾਕਾਰ ਹੈ। ਇਹ ਕਹਾਣੀਆਂ ਉਸ ਦੇ ਕਲਾਤਮਕ ਵਿਕਾਸ ਅਤੇ ਵਸਤੂ-ਸਥਿਤੀ ਤੇ ਪੀਡੀ ਪਕੜ ਦੀਆਂ ਸੂਚਕ ਹਨ। ਇਨ੍ਹਾਂ ਕਹਾਣੀਆਂ ਨਾਲ ਉਹ ਵਸਤੂ-ਸਥਿਤੀ ਦੀ ਓਪਰੀ ਪਰਤ ਨੂੰ ਕਥਾ ਸੰਸਾਰ ਦਾ ਅਧਾਰ ਬਣਾਉਂਦਾ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰ ਵਿਪਰੀਤ ਸਥਿਤੀਆਂ ਵਿਚ ਡਟਣ ਦੇ ਨਾਲ ਅਮਾਨਵੀ ਮਰਿਆਦਾ ਨੂੰ ਚੁਣੌਤੀ ਦੇਣ ਦੀ ਸਮਰੱਥਾ ਵੀ ਰੱਖਦੇ ਹਨ। ਔਰਤ-ਮਰਦ ਸੰਬੰਧਾਂ ਤੋਂ ਲੈ ਭਾਰਤੀ ਸਮਾਜ ਵਿਚ ਆਈ ਗਿਰਾਵਟ ਦੇ ਵਿਭਿੰਨ ਪਹਿਲੂਆਂ ਨੂੰ ਉਹ ਆਪਣੇ ਕਲੇਵਰ ਵਿਚ ਸਮੇਟਦਾ ਹੈ, ਕਹਾਣੀ ਸੁਣਾਉਣ ਦੀ ਪਰੰਪਰਾਗਤ ਜੁਗਤ ਦੇ ਨਾਲ ਨਾਲ ਸਥਿਤੀ ਨੂੰ ਉਘਾੜਨ ਦੀ ਸਮਰੱਥਾ ਵੀ ਰੱਖਦਾ ਹੈ। **-ਡਾ. ਰਜਨੀਸ਼ ਬਹਾਦਰ ਸਿੰਘ**

# ਜਨ ਬੋਧ





## ਆਦਿਵਾਸੀਆਂ 'ਤੇ ਅੱਤਿਆਚਾਰ

*ਭਾਰਤੀ ਜੰਗਲ ਸਰਵੇਖਣ ਦੇ ਅਨੁਸਾਰ ਜੰਗਲ ਦੀ 60% ਜ਼ਮੀਨ ਉਪਰ ਆਦਿਵਾਸੀ ਵਸੇ ਹੋਏ ਹਨ। ਭਾਰਤ ਵਿਚ ਕੁੱਲ 187 ਆਦਿਵਾਸੀ ਜਿਲ੍ਹੇ ਹਨ। ਇਨ੍ਹਾਂ ਇਲਾਕਿਆ ਵਿਚ ਆਦਿਵਾਸੀ ਕਈ ਦਹਾਕਿਆ ਤੋਂ ਕਈ ਥਾਵਾਂ 'ਤੇ ਕਈ ਪੀੜ੍ਹੀਆਂ ਤੋਂ ਰਹਿ ਰਹੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਤੋਂ ਜੰਗਲ ਵਿਭਾਗ ਨੇ ਉਨ੍ਹਾਂ ਦੀ ਜ਼ਮੀਨ ਨੂੰ ਖੋਹ ਲਿਆ ਹੈ। ਕਿਉਂਕਿ ਉਨ੍ਹਾਂ ਕੋਲ ਜ਼ਮੀਨਾਂ ਦੇ ਕਾਨੂੰਨੀ ਪਟੇ ਨਹੀਂ ਹਨ, ਇਸ ਲਈ ਜੰਗਲ ਵਿਭਾਗ ਉਨ੍ਹਾਂ ਨੂੰ ਹਮਲਾਵਰ ਤੇ ਨਜ਼ਾਇਜ ਮੰਨਦਾ ਹੈ, ਇਸ ਲਈ ਜੰਗਲ ਨੂੰ ਸਾਫ਼ ਕਰਨ ਲਈ ਜੰਗਲੀ ਵਿਭਾਗ ਅਕਸਰ ਆਦਿਵਾਸੀਆਂ ਨੂੰ ਖਦੇੜਨ ਦੇ ਲਈ ਮੁਹਿਮ ਚਲਾਉਂਦਾ ਰਹਿੰਦੀ ਹੈ। ਕਦੀ ਕੇਂਦਰ ਸਰਕਾਰ ਤੇ ਰਾਜ ਸਰਕਾਰ ਦੇ ਅਦੇਸ਼ 'ਤੇ ਅਤੇ ਬਾਕੀ ਸਮੇਂ ਸਥਾਨਕ ਉਤਸਾਹ ਨਾਲ ਅਜਿਹੀ ਮੁਹਿਮ ਚਲਾਈ ਜਾਂਦੀ ਹੈ।*

*3 ਮਈ, 2002 ਨੂੰ ਜੰਗਲ ਵਿਭਾਗ ਦੇ ਮਹਾਂਨਿਰਦੇਸ਼ਕ ਨੇ ਸਾਰੇ ਰਾਜ ਸਰਕਾਰਾਂ ਦੇ ਪ੍ਰਮੁੱਖ ਸਕੱਤਰਾਂ ਨੂੰ ਇਕ ਪੱਤਰ ਜਾਰੀ ਕਰਕੇ ਸੂਚਿਤ ਕੀਤਾ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਦੇਸ਼ 'ਚ ਜੰਗਲ 'ਚ ਰਹਿਣ ਵਾਲਿਆ 'ਤੇ ਸੁਪਰੀਮ ਕੋਰਟ ਦੀ ਆਗਿਆ ਤੋਂ ਬਗੈਰ ਕਬਜ਼ਾ ਕਰਨ 'ਤੇ ਰੋਕ ਲਗਾ ਦਿੱਤੀ ਹੈ। ਇਸ ਤੋਂ ਬਾਅਦ ਇਹ ਪੱਤਰ ਰਾਜ ਅਧਿਕਾਰੀਆਂ ਨੂੰ ਗਿਆ ਕਿ ਉਹ ਜੰਗਲ ਤੋਂ ਉਹ ਸਾਰੇ ਕਬਜ਼ਾ ਕਰਨ ਵਾਲਿਆ ਨੂੰ ਜੰਗਲ ਤੋਂ ਭਜਾਉਣ ਲਈ ਇਕ ਵੱਡੀ ਯੋਜਨਾ ਤਿਆਰ ਕਰੇ। ਜਿਹੜੀ ਕਿ ਮੰਤ੍ਰਾਲਿਆ ਦੀ 1990 ਦੀ ਗਾਇਡ ਲਾਇਨ ਦੇ ਅਨੁਸਾਰ ਗ਼ੈਰ-ਕਾਨੂੰਨੀ ਨਹੀਂ ਹੈ। ਇਸ ਪੱਤਰ ਦੇ ਆਉਣ ਤੋਂ ਉਪਰੰਤ ਆਦਿਵਾਸੀਆਂ ਨੂੰ ਜਿਸ ਵੱਡੀ ਪੱਧਰ 'ਤੇ ਜੰਗਲਾਂ ਵਿਚੋਂ ਭਜਾਇਆ ਉਸ ਦੀ ਮਿਸ਼ਾਲ ਹੁਣ ਦੇ ਇਤਿਹਾਸ ਵਿਚ ਤਾਂ ਨਹੀਂ ਮਿਲਦੀ। ਵੱਖ ਵੱਖ ਜੰਗਲੀ ਅਧਿਕਾਰੀਆਂ ਨੇ ਵੱਖ-ਵੱਖ ਢੰਗ ਤਰੀਕੇ ਆਦਿਵਾਸੀਆਂ ਨੂੰ ਭਜਾਉਣ ਦੇ ਲਈ ਅਪਣਾਏ। ਮਹਾਂਰਾਸ਼ਟਰ ਅਤੇ ਅਸਾਮ ਦੇ ਜੰਗਲਾਂ ਵਿਚ ਆਦਿਵਾਸੀਆਂ ਨੂੰ ਭਜਾਉਣ ਦੇ ਲਈ ਹਾਥੀਆਂ ਦੀ ਵਰਤੋਂ ਕੀਤੀ ਗਈ। ਗੁਜਰਾਤ ਅਤੇ ਮੱਧ ਪ੍ਰਦੇਸ਼ ਵਿਚ ਜੰਗਲੀ ਵਿਭਾਗ ਨੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਆਦਿਵਾਸੀਆਂ ਦੇ ਘਰ, ਖੇਤ ਸਾੜ ਦਿੱਤੇ।*

*ਦਮਨ ਦਾ ਇਹ ਚੱਕਰ ਅਜੇ ਵੀ ਜਾਰੀ ਹੈ। ਅਪ੍ਰੈਲ, 2005 'ਚ ਮੱਧ ਪ੍ਰਦੇਸ਼ ਦੇ ਜੰਗਲੀ ਵਿਭਾਗ ਨੇ ਇਕ ਨਵਾਂ ਕਦਮ ਚੁੱਕਿਆ। ਕਈ ਪਿੰਡ ਵਿਚ ਰਹਿਣ ਵਾਲੇ ਆਦਿ ਵਾਸੀਆਂ ਦੇ ਘਰ ਤੋੜ ਦਿੱਤੇ ਗਏ ਅਤੇ ਜ਼ਲਾ ਦਿੱਤੇ ਗਏ। ਖੰਡਵਾ ਜਿਲ੍ਹੇ ਦੇ ਸਿੰਗਰੋਦ ਪਿੰਡ 'ਚ 7, ਅਪ੍ਰੈਲ, 2005 ਨੂੰ ਜੰਗਲੀ ਵਿਭਾਗ ਨੇ 43 ਝੋਪੜੀਆਂ ਵਿਚ ਅੱਗ ਲਗਾ ਦਿੱਤੀ। ਫਿਰ ਉਨ੍ਹਾਂ ਨੇੜੇ ਦੇ ਪਿੰਡ ਦੀਆਂ 49 ਝੁੱਗੀਆਂ ਜ਼ਲਾ ਦਿੱਤੀਆਂ । 8 ਅਪ੍ਰੈਲ ਨੂੰ ਖਰਖੇੜੀ ਪਿੰਡ ਦੇ 90 ਘਰ ਤੋੜ ਦਿੱਤੇ ਗਏ। ਅੰਬਾਖੇੜੀ ਪਿੰਡ ਦੀ ਸਾਂਤਾਬਾਈ 'ਤੇ ਇਹ ਜਾਣਦੇ ਹੋਏ ਵੀ ਰਹਿਮ ਨਹੀਂ ਕੀਤੀ ਗਈ ਕਿ ਉਸ ਦੇ ਪੇਟੋ ਦਿਨ ਪੂਰੇ ਚਲ ਰਹੇ ਸਨ। ਅਤੇ ਬੱਚਾ ਕਦੀ ਵੀ ਹੋ ਸਕਦਾ ਸੀ। ਜੰਗਲ ਦੇ ਅਧਿਕਾਰੀਆਂ ਨੇ ਉਸ ਨੂੰ ਘੜੀਸਣਾ ਅਰੰਭ ਕਰ ਦਿੱਤਾ। ਇਸ ਦੌਰਾਨ ਹੀ ਬੱਚਾ ਹੋ ਗਿਆ। 10 ਅਪ੍ਰੈਲ, 2005 ਨੂੰ ਖੰਡਵਾ ਦੇ ਜਾਮਨਿਆ ਪਿੰਡ ਦਾ ਇਕ ਆਦਿਵਾਸੀ ਜੰਗਲ ਵਿਭਾਗ ਦੇ ਅਧਿਕਾਰੀਆਂ ਵੱਲੋਂ ਮਾਰਿਆ ਗਿਆ।*

*ਮੁੱਖ ਧਾਰਾ ਵਿਚ ਰਹਿਣ ਵਾਲੇ ਮੀਡੀਏ 'ਚ ਇਹ ਅੱਤਿਆਚਾਰ ਦਰਜ ਨਹੀਂ ਹੋਏ। ਇਸ ਨੂੰ ਜਨਤਾ ਸਾਹਮਣੇ ਲਿਆਉਣ ਦੀ ਬਹੁਤ ਜ਼ਰੂਰਤ ਹੈ। ਸਰਕਾਰ ਉਤੇ ਆਮ ਲੋਕਾਂ ਦਾ ਦਬਾਅ ਬਣਾ ਕੇ ਆਦਿਵਾਦੀਆਂ ਉਤੇ ਅੱਤਿਆਚਾਰ ਨੂੰ ਰੋਕਣ ਦੇ ਲਈ ਤੁਰੰਤ ਦਬਾਅ ਬਣਾਉਣਾ ਸਾਡਾ ਨੈਤਿਕ ਫਰਜ਼ ਹੈ ਅਤੇ ਆਦਿਵਾਸੀਆਂ ਨੂੰ ਉਨ੍ਹਾਂ ਵੱਲੋ ਹਜ਼ਾਰਾਂ ਸਾਲਾਂ ਤੋਂ ਵਾਹੀ ਜਾ ਰਹੀ ਜ਼ਮੀਨ ਦਾ ਕਾਨੂੰਨੀ ਹੱਕ ਦਿੱਤਾ ਜਾਣਾ ਜ਼ਰੂਰੀ ਹੈ।*

**ਲੈਕਚਰ**

# ਭਗਤੀ ਪ੍ਰੰਪਰਾ ਤੇ ਨਾਰੀ ਮੁਕਤੀ ਦੇ ਸਰੋਕਾਰ / ਡਾ. ਸੇਵਾ ਸਿੰਘ

***ਪਿਛਲੇ ਦਿਨੀਂ ਮਾਨਵਵਾਦੀ ਰਚਨਾ ਮੰਚ ਪੰਜਾਬੀ (ਰਜਿ.) ਵਲੋਂ ਭਗਤੀ ਪ੍ਰੰਪਰਾ ਤੇ ਨਾਰੀ ਮੁਕਤੀ ਦੇ ਸਰੋਕਾਰ' ਵਿਸ਼ੇ ਉਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਕਬੀਰ ਚੇਅਰ ਦੇ ਮੁੱਖੀ ਡਾ. ਸੇਵਾ ਸਿੰਘ ਹੁਰਾਂ ਦਾ ਲੈਕਚਰ ਕਰਵਾਇਆ ਗਿਆ। ਡਾ. ਸੇਵਾ ਸਿੰਘ ਹਿੰਦੀ ਦੇ ਨਾਮਵਰ ਵਿਦਵਾਨ ਹਨ ਉਨ੍ਹਾਂ ਦੇ ਵਿਚਾਰ ਬੜੇ ਠੋਸ ਹੁੰਦੇ ਹਨ। ਡਾ. ਸੇਵਾ ਸਿੰਘ ਭਾਸ਼ਣਾ 'ਤੇ ਲੇਖਾਂ ਰਾਹੀ ਹਮੇਸ਼ਾਂ ਸਿਧਾਂਤਕ ਮਸਲੇ ਉਠਾਉਂਦੇ ਹਨ। ਪੰਜਾਬ ਦੇ ਵੱਖ-ਵੱਖ ਥਾਵਾਂ ਤੇ ਉਨ੍ਹਾਂ ਦੇ ਲੈਕਚਰ ਹੁੰਦੇ ਹੀ ਰਹਿੰਦੇ ਹਨ। ਉਨ੍ਹਾਂ ਦੀ ਪਿਛਲੇ ਦਿਨੀਂ 'ਭਗਤੀ ਔਰ ਜਨ' ਨਾਂ ਦੀ ਹਿੰਦੀ ਵਿਚ ਪੁਸਤਕ ਛਪੀ, ਜੋ ਕਿ ਹਿੰਦੀ ਜਗਤ ਵਿਚ ਹੀ ਨਹੀਂ ਪੰਜਾਬ ਵਿੱਚ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਨਾਰੀ ਮੁਕਤੀ ਦੇ ਸਰੋਕਾਰ ਬਾਰੇ ਉਨ੍ਹਾ ਦੇ ਲੈਕਚਰ ਨੂੰ ਅਸੀਂ ਏਥੇ ਪ੍ਰਕਾਸ਼ਤ ਕਰ ਰਹੇ ਹਾਂ ਇਸ ਵਿਚ ਉਨ੍ਹਾ ਨੇ ਹੁਣ ਦੇ ਭਖਵੇਂ ਮੁੱਦਿਆਂ 'ਤੇ ਆਪਣੇ ਵਿਚਾਰ ਖੁੱਲ ਕੇ ਦਿੱਤੇ ਹਨ।***

" ...ਮੇਰੇ ਲਈ ਰਚਨਾਤਮਿਕਤਾ ਦਾ ਉਹ ਅਰਥ ਹੈ ਜਿਹੜੇ ਸਮਾਜ ਦੀ ਰਚਨਾ ਕਰਦੇ ਹਨ ਜੋ ਉਤਪਾਦਨ ਕਰ ਰਹੇ ਹਨ ਜੋ ਸਮਾਜ ਦੀ ਸੇਵਾ ਕਰਦੇ ਹਨ, ਜਿਨ੍ਹਾਂ ਕਰਕੇ ਸਮਾਜ ਖੜਾ ਰਹਿੰਦਾ ਹੈ। ਉਹ ਇਕ ਵਰਗ ਹੈ ਤੇ ਜਿਹੜੀ ਸੱਤਾ ਹੈ ਉਨ੍ਹਾਂ ਦਾ ਦਮਨ ਕਰਨ ਲਈ ਅਨੇਕਾਂ ਤਰ੍ਹਾਂ ਦੇ ਢੰਗ ਲੱਭਦੀ ਹੈ ਤਾਂ ਕਿ ਉਤਪਾਦਨ ਉਸ ਕੋਲ ਸੁਰੱਖਿਅਤ ਰਹੇ। ਸੱਤਾ ਦਾ ਇਕੋ ਹੀ ਟੀਚਾ ਹੁੰਦਾ ਹੈ ਕਿ ਉਹ ਉਤਪਾਦਨ ਸ਼ੀਲ ਸ਼੍ਰੇਣੀਆ ਦਾ ਵੱਧ ਤੋਂ ਵੱਧ ਦਮਨ ਕਰੇ ਜਿੰਨਾ ਉਹ ਦਮਨ ਕਰੇਗੀ। ਉਹ ਓਨਾ ਹੀ ਉਤਪਾਦਨ ਖੋਹ ਲਵੇਗੀ। ਇੰਝ ਉਤਪਾਦਨਸ਼ੀਲ ਸ਼੍ਰੇਣੀਆਂ ਦਾ ਦਮਨ ਹੁੰਦਾ ਰਹਿੰਦਾ ਹੈ। ਇਕ ਉਤਪਾਦਨਸ਼ੀਲ ਸ਼੍ਰੇਣੀਆਂ ਵਿਚ ਔਰਤ ਹੈ, ਔਰਤ ਮਨੁੱਖੀ ਸਮਾਜ ਦੀ ਸਭ ਤੋਂ ਵੱਡੀ ਰਚਨਾ-ਸ਼ੀਲਤਾ ਹੈ ਸਮਾਜ ਦੀ ਸਿਰਜਣਾ ਵਿਚ ਸਭ ਤੋਂ ਵੱਡਾ ਯੋਗਦਾਨ ਔਰਤ ਦਾ ਹੈ। ਇਸੇ ਕਰਕੇ ਮਨੁੱਖ ਸਮਾਜ ਵਿਚ ਵਿਚਰ ਰਿਹਾ ਹੈ।

ਇਸ ਦੇ ਬਾਵਜੂਦ ਸੱਤਾ ਦੇ ਪ੍ਰਵਚਨ ਨੇ ਔਰਤ ਉੱਤੇ ਸਭ ਤੋਂ ਵੱਧ ਜ਼ੁਲਮ ਕੀਤੇ। ਤਾਂ ਕਿ ਇਸ ਨੂੰ ਸਿਰ ਚੁੱਕਣ ਦਾ ਮੌਕਾ ਨਾ ਮਿਲੇ ਕਿਉਂਕਿ ਔਰਤ ਸਮਾਜ ਦਾ ਬਹੁਤ ਹੀ ਮਹੱਤਵਪੂਰਨ ਵਰਗ ਹੈ। ਉਤਪਾਦਨਸ਼ੀਲ ਸ਼੍ਰੇਣੀਆਂ ਦਾ ਕਿਸ ਤਰ੍ਹਾਂ ਘਾਣ ਕਰਨਾ ਹੈ, ਕਿਵੇਂ ਔਰਤ ਨੂੰ ਆਪਣੀ ਮੁੱਠੀ ਵਿਚ ਰੱਖਣਾ ਹੈ, ਉਸ ਲਈ ਵਿਚਾਰਧਾਰਾ ਦਾ ਪ੍ਰਯੋਗ ਹੁੰਦਾ ਹੈ, ਜਦ ਤੱਕ ਅਸੀਂ ਉਸ ਆਈਡੀਔਲਅਜੀ (ideology) ਨੂੰ ਸਮਝਦੇ ਨਹੀਂ ਹਾਂ ਜਿਹੜੀ ਇਨ੍ਹਾਂ ਨੂੰ ਗੁਲਾਮ ਬਣਾ ਕੇ ਰੱਖਦੀ ਹੈ, ਬਗ਼ੈਰ ਕਿਸੇ ਕਾਨੂੰਨ ਦੇ ਪ੍ਰਤੱਖ ਤੌਰ ਤੇ ਕਿਸੇ ਤਰੀਕੇ ਦੇ। ਇਕ ਰੇਗੂਲੇਟਰੀ ਸਿਸਟਮ ਹੁੰਦਾ ਹੈ, ਜਿਸ 'ਚ ਇਹ ਲੋਕ ਗੁਲਾਮ ਬਣੇ ਰਹਿੰਦੇ ਹਨ। ਅਤੇ ਔਰਤਾਂ ਵੱਧ ਤੋਂ ਵੱਧ ਗੁਲਾਮ ਬਣੀਆਂ ਰਹਿੰਦੀਆਂ ਹਨ। ਅੱਜ ਸਾਡਾ ਗੱਲ ਕਰਨ ਦਾ ਮਕਸਦ ਇਹੀ ਹੈ ਕਿ ਅਸੀਂ ਉਸ ਵਿਚਾਰਧਾਰਾ ਦੀ ਪਹਿਚਾਣ ਕਰੀਏ। ਅਸੀਂ ਬਹੁਤ ਵਾਰੀ ਕਹਿੰਦੇ ਹਾਂ ਕਿ ਭਰੂਣ ਹੱਤਿਆ ਨਹੀਂ ਹੋਣੀ ਚਾਹੀਦੀ ਔਰਤਾਂ ਦਾ ਸਨਮਾਨ ਹੋਣਾ ਚਾਹੀਦਾ ਹੈ। ਪ੍ਰੰਤੂ ਇਨ੍ਹਾਂ ਸਾਰੀਆਂ ਗੱਲਾਂ ਦਾ ਕੋਈ ਅਰਥ ਨਹੀਂ ਕਿਉਂਕਿ ਜਿਨ੍ਹਾਂ ਗੱਲਾਂ ਕਰਕੇ ਅਸੀਂ ਔਰਤ ਨੂੰ ਗੁਲਾਮ ਬਣਾਇਆ ਹੈ, ਉਹ ਤਾਂ ਉਂਝ ਦੀਆਂ ਉਂਝ ਕਾਇਮ ਰੱਖ ਰਹੇ ਹਾਂ, ਉਨ੍ਹਾਂ ਦਮਨ ਕਰਨ ਵਾਲੀਆਂ ਗੱਲਾਂ ਨੂੰ ਸ਼ਕਤੀ / ਤਾਕਤ ਦੇ ਰਹੇ ਹਾਂ। ਅਸੀਂ ਜ਼ੋਰ-ਸ਼ੋਰ ਨਾਲ ਕਹਿੰਦੇ ਹਾਂ ਕਿ ਔਰਤ ਅਜ਼ਾਦ ਹੋਵੇ ਔਰਤ ਦਾ ਸਨਮਾਨ ਹੋਵੇ, ਔਰਤ ਦਾ ਦਰਜਾ ਉੱਚਾ ਹੋਵੇ ਲੇਕਿਨ ਜਿਸ ਵਿਚਾਰਧਾਰਾ ਕਰਕੇ ਔਰਤ ਦੀ ਬਰਾਬਰੀ ਖੋਹੀ ਗਈ ਹੈ, ਉਸ ਵਿਚਾਰਧਾਰਾ ਨੂੰ ਅਸੀਂ ਮਜ਼ਬੂਤ ਕਰਦੇ ਆ ਰਹੇ ਹਾਂ ਇਹ ਜੋ ਕੰਟਡਕਸ਼ਨ ਹੈ। ਇਸ ਨੂੰ ਕਿਸੇ ਨੇ ਸਮਝਣ ਦੀ ਕੋਸ਼ਿਸ਼ ਨਹੀਂ



ਕੀਤੀ। ਅਸੀਂ ਇਹ ਤਾਂ ਕਿਹਾ ਕਿ ਔਰਤ ਪੈਰ ਦੀ ਜੁੱਤੀ ਹੁੰਦੀ ਹੈ, ਉਸ ਦੀ ਅਕਲ ਗੁੱਤ ਪਿੱਛੇ ਹੁੰਦੀ ਹੈ, ਮਨੁੱਖ ਦੀਆਂ ਸਾਰੀਆਂ ਭਾਸ਼ਾਂਵਾਂ ਵਿਚ ਇਸ ਕਿਸਮ ਦੇ ਮੁਹਾਵਰੇ, ਇਸ ਕਿਸਮ ਦੀ ਭਾਸ਼ਾ ਦਾ ਪ੍ਰਯੋਗ ਮਿਲਦਾ ਹੈ, ਜਿਨ੍ਹਾਂ 'ਚ ਔਰਤ ਨੂੰ ਨੀਵਾਂ ਪੇਸ਼ ਕੀਤਾ ਗਿਆ ਹੈ। ਪਰ ਮੈਂ ਅੱਜ ਇਸ ਵਿਚਾਰਧਾਰਾ ਦੀ ਪਛਾਣ ਕਰਨੀ ਚਾਹੁੰਦਾ ਹਾਂ। ਸਾਡਾ ਵੀ ਔਰਤ ਨਾਲ ਭੈਣ, ਮਾਂ, ਪਤਨੀ, ਬੇਟੀ ਦਾ ਰਿਸ਼ਤਾ ਹੈ। ਅਸੀਂ ਉਸ ਨੂੰ ਕਿਸ ਤਰ੍ਹਾਂ ਲੈਂਦੇ ਹਾਂ। ਮੈਂ ਭਗਤੀ ਪ੍ਰੰਪਰਾ ਤੇ ਨਾਰੀ ਮੁਕਤੀ ਦੇ ਸਰੋਕਾਰ ਵਿਸ਼ੇ 'ਤੇ ਬੋਲਣਾ ਹੈ। ਹਿੰਦੋਸਤਾਨ ਵਿਚ ਬੁੱਧ ਧਰਮ ਤੋਂ ਬਾਅਦ ਈਸਾ ਦੀ ਪਹਿਲੀ ਸ਼ਤਾਬਦੀ ਤੋਂ ਲੈ ਕੇ ਭਾਰਤ ਵਿਚ ਇਕ ਨਵਾਂ ਦੌਰ ਸ਼ੁਰੂ ਹੋਇਆ, ਉਹ ਦੌਰ ਹੈ ਸਮੰਤਵਾਦ ਦਾ ਜਦੋਂ ਰਾਜਤੰਤਰ ਕੋਲ ਫੌਜ, ਪ੍ਰਸ਼ਾਸ਼ਨ, ਬਿਊਰੋਕਰੇਸੀ ਆਦਿ ਨਹੀਂ ਹੁੰਦੇ ਸਨ। ਉਸ ਵੇਲੇ ਸਮਾਜ ਦਾ ਵਿਧਾਨ ਕਾਨੂੰਨ ਆਪਣੀ ਮਰਜੀ ਨਾਲ ਤੁਰਦਾ ਹੈ ਬੁੱਧ ਧਰਮ ਦੇ ਪਤਨ ਤੋਂ ਬਾਅਦ ਸਮਾਜ ਦਾ ਨੈਤਿਕ ਪਤਨ ਵੀ ਹੈ। ਰਾਜਤੰਤਰ ਵੀ ਗਿਰ ਗਿਆ ਤੇ ਸੈਲਫ਼ ਰੇਗੂਲੈਟਰੀ ਸਿਸਟਮ ਵੀ ਗਿਰ ਗਿਆ। ਪਹਿਲੀ ਸ਼ਤਾਬਦੀ ਤੋਂ ਬਾਅਦ ਇਕ ਨਵਾਂ ਦੌਰ ਸ਼ੁਰੂ ਹੋਇਆ ਜਿਸ 'ਚ ਸਮੰਤਵਾਦੀ ਸ਼ਾਸ਼ਕਾਂ ਨੂੰ ਉਥੋਂ ਦੇ ਲੋਕਾਂ ਨੂੰ ਗੁਲਾਮ ਬਣਾਈ ਰੱਖਣ ਲਈ ਹਿੰਦੋਸਤਾਨ ਵਿਚ ਪਹਿਲੀ ਵਾਰ ਵਿਚਾਰਧਾਰਾਂ ਬਣਾਉਣ ਦੀ ਲੋੜ ਪਈ, ਇਹ ਕਿਸ ਤਰ੍ਹਾਂ ਹੁੰਦਾ ਹੈ ਕਿ ਪ੍ਰਸ਼ਾਸ਼ਨ ਦੇ ਨਾਲ ਅਸੀਂ ਸਮਾਜ ਨੂੰ ਚਲਾਉਂਦੇ ਹਾਂ ਜਾਂ ਅਸੀਂ ਵਿਚਾਰਧਾਰਾਂ ਨਾਲ ਸਮਾਜ ਨੂੰ ਚਲਾਉਂਦੇ ਹਾਂ। ਆਈਡੀਔਲਅਜੀਕਲੀ (ideologicaly) ਅਸੀਂ ਸਮਾਜ ਨੂੰ ਚਲਾਉਣਾ ਚਾਹੁੰਦੇ ਹਾਂ ਜਾਂ ਅਸੀਂ ਫੌਜ /ਸਿਪਾਹੀ ਆਦਿ ਨਾਲ। ਜਦੋਂ ਸਾਰਾਂ ਕੁਝ ਤੰਤਰ ਹੀ ਉਖੜ ਜਾਵੇ ਤਾਂ ਸਾਡੇ ਮੁਲਕ ਨੇ ਵਿਚਾਰਧਾਰਾ ਨੂੰ ਅਡਾਪਟ ਕੀਤਾ ਉਸ ਵਿਚਾਰਧਾਰਾ ਦੀ ਸਭ ਤੋਂ ਪਹਿਲੀ ਪੁਸਤਕ 'ਭਗਵਤ ਗੀਤਾ' ਹੈ ਅਤੇ ਭਗਵਤ ਗੀਤਾ ਨੇ ਇਹ ਐਲਾਨ ਕੀਤਾ ਕਿ ਔਰਤਾਂ ਤੇ ਸ਼ੂਦਰ ਪਾਪ ਯੋਨੀ ਤੋਂ ਉਤਪਨ ਹੋਏ ਹਨ। ਸ਼ੂਦਰ ਦਾ ਮਤਲਬ ਕਿਸਾਨ, ਮਜ਼ਦੂਰ ਹਨ ਸਿਲਪੀ ਜਾਂ ਸੇਵਾ ਕਰਨ ਵਾਲੇ ਲੋਕ ਹਨ। ਇਨ੍ਹਾਂ ਦੀ ਸੰਖਿਆ ਬਹੁਤ ਵੱਡੀ ਸੀ। ਮੱਧ ਵਰਗ ਦੇ ਲੋਕ, ਪ੍ਰਸ਼ਾਸ਼ਨ ਦੇ ਲੋਕ ਤਾਂ ਥੋੜ੍ਹੇ ਜਿਹੇ ਹੁੰਦੇ ਹਨ, ਔਰਤਾਂ ਦੀ ਸੰਖਿਆ ਵੀ ਬਹੁਤ ਸੀ। ਹੁਣ ਮਸਲਾ ਸੀ ਇਹ ਸਾਰੀ ਦੀ ਸਾਰੀ ਐਨੀ ਵੱਡੀ ਸੰਖਿਆ ਨੂੰ ਕਿਵੇਂ ਕੰਟਰੋਲ ਕਰਨਾ ਹੈ, ਉਨ੍ਹਾਂ ਕਿਹਾ ਕਿ ਸ਼ੂਦਰ-ਔਰਤ ਪਾਪ ਯੌਨੀ ਹਨ ਤੇ ਇਹ ਪਾਪ ਯੌਨੀ ਤੇ ਮੁਕਤੀ ਕਿਵੇਂ ਪ੍ਰਾਪਤ ਕਰਨਗੇ, ਸ਼ੂਦਰ ਉੱਚੇ ਵਰਣਾਂ ਦੀ ਸੇਵਾ ਕਰੇਗਾ ਅਤੇ ਔਰਤਾਂ ਆਪਣੇ ਪਤੀ ਦੀ ਸੇਵਾ ਕਰਨਗੀਆਂ। ਭਾਰਤੀ ਸਮਾਜ 'ਚ ਇਹ ਗੱਲ ਪੁਰਾਣਾ ਵਿਚ ਪਹਿਲੀ ਵਾਰੀ ਆਈ ਕਿ ਪਤੀ ਪ੍ਰਮੇਸ਼ਵਰ ਹੈ, ਪਤਨੀ ਨੇ ਪਤੀ ਦੀ ਸੇਵਾ ਕਰਕੇ ਹੀ, ਪਤਨੀ ਹੋਣ ਦੀ ਯੋਨੀ ਤੋ ਮੁਕਤੀ ਪ੍ਰਾਪਤ ਕਰਨੀ ਹੈ, ਪਤਨੀ ਹੋਣ ਦੀ , ਔਰਤ ਹੋਣ ਦੀ ਜੋ ਯੋਨੀ ਹੈ ਜਿਹੜੀ ਕਿ ਪਾਪ ਦੇ ਕਾਰਨ ਉਹਨੂੰ ਪ੍ਰਾਪਤ ਹੋਈ ਹੈ ਕਿਉਂਕਿ ਪਿਛਲੇ ਜਨਮਾਂ 'ਚ ਉਹਨੇ ਪਾਪ ਕੀਤੇ ਸਨ ਇਸ ਯੋਨੀ ਰਾਹੀ... ਇਹ ਗੱਲ ਭਗਵਤ ਗੀਤਾਂ ਨੇ ਕਹੀ। ਉਹਨੇ ਔਰਤ ਤੇ ਸ਼ੂਦਰ ਨੂੰ ਕਲੱਬ ਕਰ ਲਿਆ ਉਹਨੂੰ ਪਾਪ ਯੋਨੀ ਕਹਿ ਦਿੱਤਾ ਤੇ ਇਸੇ ਗੱਲਾ ਦਾ ਪ੍ਰਚਾਰ ਹੋਣ ਲੱਗਾ ਕਿ ਜਦੋਂ ਔਰਤ ਤੇ ਸ਼ੂਦਰ ਨੂੰ ਪਤੀ ਤੇ ਉੱਚੇ ਵਰਣਾਂ ਦੀ ਸੇਵਾ ਕਰਕੇ ਮੁਕਤੀ ਪ੍ਰਾਪਤ ਹੋਵੇਗੀ। ਉਹਨਾਂ ਨੂੰ ਪੜ੍ਹਨ- ਗਿਆਨ ਦਾ ਹੱਕ ਨਹੀਂ ਹੈ। ਉਹਨਾਂ ਨੂੰ ਹੋਰ ਕਿਸੇ ਕਿਸਮ ਦੀ ਮੁਕਤੀ ਦਾ ਹੱਕ ਨਹੀਂ ਹੈ। ਉਹ ਔਰਤ ਇਸਤਰੀ ਦੀ ਸੇਵਾ ਨਹੀਂ ਕਰ ਸਕਦੀ ਸਿੱਧੇ ਤੌਰ ਤੇ ਉਹਨੂੰ ਪਤੀ ਦੀ ਸੇਵਾ ਕਰਨੀ ਪਵੇਗੀ।

ਭਗਵਤ ਗੀਤਾ ਨੇ ਦੂਜੀ ਗੱਲ ਇਹ ਕਹੀ ਕਿ 'ਸ਼ਰਧਾਵਾਨ ਲਭਤੇ ਗਿਆਨਮ' ਕਿ ਸ਼ਰਧਾ ਰੱਖਣ ਨਾਲ ਗਿਆਨ ਪ੍ਰਾਪਤ ਹੁੰਦਾ ਹੈ। ਗਿਆਨ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕੀਤਾ ਗਿਆ, ਜਦੋਂ ਕਿ ਗੌਤਮ ਬੁੱਧ ਕਹਿੰਦੇ ਸਨ ਕਿ ਗਿਆਨ ਇਕ ਤਰਕ ਹੁੰਦਾ ਹੈ। ਉਹ ਕਹਿੰਦੇ ਸਨ 'ਤੁਸੀਂ ਖੁਦ ਦੀਪਕ ਬਣੋ, ਉਹ ਕਹਿੰਦੇ ਸਨ ਕਿ ਗਿਆਨ ਇਕ ਤਰਕ ਹੁੰਦਾ ਹੈ। ਉਹ ਕਹਿੰਦੇ ਸਨ 'ਅਪੋ ਦੀਪਕ ਭਵ' ਅਰਥਾਤ 'ਤੁਸੀਂ ਖੁਦ ਦੀਪਕ ਬਣੋ' ਦੀਪਕ ਬਣ ਕੇ ਤਰਕ ਦੇ ਅਧਾਰ ਤੇ ਚੀਜਾਂ ਦਾ ਫ਼ੈਸਲਾ ਕਰੋ। ਲੌਜ਼ਿਕ ਨਾਲ ਚੀਜਾਂ ਨੂੰ

ਲੱਭਣ ਦੀ ਕੋਸ਼ਿਸ਼ ਕਰੋ। ਗੌਤਮ ਬੁੱਧ ਨੇ ਕਿਹਾ ਕਿ ਬਈ ਧਰਮ ਕੀ ਹੁੰਦਾ ਹੈ... ਅਸੀਂ ਦਰਿਆ ਪਾਰ ਕਰਨਾ ਹੈ ਉਸ ਲਈ ਬੇੜਾ ਚਾਹੀਦਾ ਹੈ, ਪਾਰ ਕਰਕੇ ਬੇੜਾ ਸੁੱਟ ਦਿਓ... ਇਹ ਨਹੀਂ ਬਈ ਫਿਰ ਬੇੜਾ ਤੁਸੀਂ ਮੋਢਿਆ ਤੇ ਚੁੱਕ ਕੇ ਲਿਜਾਓ। ਇਸੇ ਤਰ੍ਹਾਂ ਧਰਮ ਸਾਡੀ ਜ਼ਿੰਦਗੀ ਨੂੰ ਰੁਪਾਂਤਰਣ ਕਰਦਾ ਹੈ, ਇਹ ਧਰਮ ਕੋਈ ਜਕੜਬੰਦੀ ਨਹੀਂ ਹੈ। ਧਰਮ ਇਸ ਤਰ੍ਹਾਂ ਨਹੀਂ ਕਿ ਤੁਸੀਂ ਉਸ 'ਚ ਬੱਝ ਜਾਉਗੇ। ਤੁਸੀਂ ਤਾਂ ਖੁਦ ਆਪਣਾ ਦੀਪਕ ਹੋ। ਇਸ ਦੇ ਉਲਟ ਭਗਵਤ ਗੀਤਾ ਨੇ ਇਕ ਨਵੀਂ ਫਲਾਸਫੀ ਦੇ ਦਿੱਤੀ ਕਿ ਸ਼ਰਧਾ ਕਰੋਗੇ ਤਾਂ ਗਿਆਨ ਪ੍ਰਾਪਤ ਹੋਵੇਗਾ। ਗਿਆਨ ਤੇ ਤਰਕ ਉੱਤੇ ਉਨ੍ਹਾਂ ਪ੍ਰਸ਼ਨ ਚਿੰਨ ਲਾ ਦਿੱਤਾ। ਤਰਕ ਦਾ ਕੋਈ ਮਤਲਬ ਨਹੀਂ। ਇਨ੍ਹਾਂ ਬ੍ਰਾਹਮਣ ਗ੍ਰੰਥਾਂ ਵਿਚ ਤਾਰਕਿਕ ਬੰਦੇ 'ਤੇ ਸਭ ਤੋਂ ਵੱਧ ਦੋਸ਼ ਲਾਏ ਗਏ ਹਨ। ਜਿਸ ਤਰ੍ਹਾਂ ਸੁਖਮਨੀ ਸਾਹਿਬ ਦਾ ਲੋਕ ਪਾਠ ਕਰਦੇ ਹਨ ਸੁਖਮਨੀ ਸਾਹਿਬ 'ਚ ਕੀ ਕਿਹਾ ਗਿਆ ਹੈ... ਸੰਤ ਕਾ ਨਿੰਦਕ ਮਹਾਂ ਹੱਤਿਆਰਾ, ਬਈ ਜੋ ਸੰਤ ਨੇ ਕਹਿ ਦਿੱਤਾ ਹੁਣ ਤੁਸੀਂ ਅੱਖਾਂ ਬੰਦ ਕਰਕੇ ਮੰਨ ਲਓ ਜੋ ਬ੍ਰਾਹਮਣ ਗਿਆਨੀ ਨੇ ਕਹਿ ਦਿੱਤਾ ਤੁਸੀਂ ਉਸ 'ਤੇ ਪ੍ਰਸ਼ਨ ਨਹੀਂ ਕਰ ਸਕਦੇ। ਗੁਰੂ ਨੇ ਜੋ ਤੁਹਾਨੂੰ ਕਹਿ ਦਿੱਤਾ ਤੁਹਾਨੂੰ ਸਤ ਬਚਨ ਕਹਿਣਾ ਪਵੇਗਾ। ਮੈਂ ਇਥੇ ਇਸ ਲਈ ਮਿਸਾਲ ਦਿੱਤੀ ਹੈ ਕਿ ਅਸੀਂ ਭਗਤੀ ਨੂੰ ਭੋਗ ਰਹੇ ਹਾਂ। ਇਹ ਅਤਾਰਕਿਕ ਗੱਲ ਹੈ ਕਿ ਅਸੀਂ ਔਰਤ ਨੂੰ ਕਹੀਏ ਕਿ ਪਤੀ ਤੇਰਾ ਪ੍ਰਮੇਸ਼ਵਰ ਹੈ, ਅਸੀਂ ਸ਼ੂਦਰ ਨੂੰ ਕਹੀਏ ਕਿ ਤੂੰ ਤਾਂ ਪਾਪ ਯੋਨੀ ਹੈ, ਬਈ ਬੰਦਾ ਮਨੁੱਖ ਤਾਂ ਹੈਗਾ ... ਉਹ ਸੋਚਦਾ ਵੀ ਹੈ, ਰੋਟੀ ਵੀ ਖਾਂਦਾ ਹੈ, ਭਾਵਨਾਵਾਂ ਵੀ ਹੈਨ, ਅਸੀਂ ਕਿਵੇਂ ਸਮਝਾਵਾਂਗੇ ਕਿ ਤੂੰ ਮਨੁੱਖ ਨਹੀਂ ਹੈਗਾ ਤੂੰ ਪਾਪ ਯੋਨੀ ਏ... ਉਸ ਨੂੰ ਸਮਝਾਉਣ ਦਾ ਤਰੀਕਾ ਇਕੋ ਸੀ ਕਿ ਜੋ ਗ੍ਰੰਥ ਨੇ ਕਹਿ ਦਿੱਤਾ ਉਹ ਠੀਕ ਹੈ, ਉਸ ਨੂੰ ਮੰਨ, ਏਥੋਂ ਤੱਕ ਜੋ ਲੋਕ ਇਨ੍ਹਾਂ ਗ੍ਰੰਥਾਂ ਦੇ ਖਿਲਾਫ਼ ਗੱਲ ਕਰਨ ਵਾਲੇ ਸਨ, ਉਨ੍ਹਾਂ ਨੂੰ ਜਿੰਦਾ ਸਾੜ ਦਿੱਤਾ ਗਿਆ, ਉਨ੍ਹਾਂ ਨੂੰ ਸ਼ਜਾਵਾਂ ਦਿੱਤੀਆਂ ਗਈਆਂ, ਉਨ੍ਹਾਂ ਨੂੰ ਤਬਾਹ ਕਰ ਦਿੱਤਾ ਗਿਆ, ਮਹਾਂ ਭਾਰਤ 'ਚ ਆਉਂਦਾ ਹੈ ਸ਼ਰਧਾਂ ਬਾਰੇ ਬਈ ਬ੍ਰਾਹਮਣਾਂ ਨੂੰ ਦਾਲ-ਰੋਟੀ ਖਵਾਓ ਤਾਂ ਉਹ ਸਭ ਕੁਝ ਤੁਹਾਡੇ ਪੁਰਖਿਆ ਤੱਕ ਪਹੁੰਚ ਜਾਂਦੀ ਹੈ। ਇਨ੍ਹਾਂ ਗੱਲਾਂ ਨੇ ਉਨ੍ਹਾਂ ਨੇ ਸਵਾਲ ਖੜੇ ਕੀਤੇ, ਕੌਰਵ-ਪਾਂਡਵਾਂ ਦੀ ਲੜਾਈ ਹੋਈ ਪਾਂਡਵ ਜਿੱਤ ਗਏ ਤੇ ਸਾਰੇ ਬ੍ਰਾਹਮਣ ਬੜੀਆਂ ਖੁਸ਼ੀਆਂ ਮਨਾ ਰਹੇ ਨੇ ਲੋਕਾਇਤ' ਉਨ੍ਹਾਂ ਪਾਂਡਵ ਨੂੰ ਕਹਿੰਦਾ ਹੈ, ਹਾਂ ਬਈ ਤੁਸੀਂ ਖੁਸ਼ੀਆਂ ਮਨਾ ਰਹੇ ਹੋ , ਇਸ ਲੜਾਈ 'ਚ ਤੁਸੀਂ ਆਪਣੇ ਦਾਦੇ ਨੂੰ ਮਾਰਿਆ ਆਪਣੇ ਗੁਰੂ ਨੂੰ ਮਾਰਿਆ ਆਪਣੇ ਸਾਰੇ ਵੱਡੇ-ਵੱਡੇ ਵਿਦਵਾਨਾਂ ਨੂੰ ਮਾਰ ਦਿੱਤਾ, ਸਾਰੇ ਯੋਧਿਆ ਨੂੰ ਮਾਰ ਦਿੱਤਾ ਕਿਸ ਲਈ ਇਸ ਜ਼ਮੀਨ ਦੇ ਟੁਕੜੇ ਲਈ। ਤੁਸੀਂ ਪੂਰੀ ਦੀ ਪੂਰੀ ਸੰਸਕ੍ਰਿਤੀ ਤਬਾਹ ਕਰ ਦਿੱਤੀ। ਰਾਜ ਕਰਨ ਲਈ, 'ਇਹ ਰਾਜ ਕਰਨਾ ਕੀ ਹੁੰਦਾ ਹੈ?' ਉਸ ਦੀ ਗੱਲ ਸੁਣ ਕੇ ਯੁਧਿਸ਼ਟਰ ਨੇ ਸੋਚਿਆ ਕਿ ਗੱਲ ਤਾਂ ਇਹ ਬੰਦਾ ਠੀਕ ਕਰ ਰਿਹਾ ਹੈ, ਇਸ ਵਿਚ ਤਰਕ ਹੈ ਲੌਜਿਕ ਹੈ ਸਾਰੇ ਬ੍ਰਾਹਮਣ ਬੜੇ ਦੁੱਖੀ ਹੋਏ, ਉਨ੍ਹਾਂ ਨੂੰ ਕੁਝ ਸੁੱਝੇ ਨਾ। ਫੇਰ ਉਨ੍ਹਾਂ ਯੁਧਿਸ਼ਟਰ ਨੂੰ ਕਿਹਾ ਕਿ ਉਹ ਬੰਦਾ ਹੈਗਾ ਆ ਲੋਕਾਇਤ' ਤੇ ਲੋਕਾਇਤ ਹੁੰਦੇ ਨੇ ਵੇਦ ਨਿੰਦਕ ਤੇ ਵੇਦ ਨਿੰਦਕ ਦੇ ਮੂੰਹ 'ਚੋਂ ਜਿਹੜੀ ਗੱਲ ਕਹੀ ਜਾਵੇ ਉਸ ਨੂੰ ਮੰਨਣਾ ਨਹੀਂ ਚਾਹੀਦਾ। ਕਿਉਂਕਿ ਉਹ ਵੇਦਾਂ ਦੀ ਨਿੰਦਾ ਕਰਦੇ ਹਨ। ਇਹ ਗੱਲ ਕਹਿ ਕੇ ਉਹਨੂੰ ਜਿੰਦਾ ਜਲਾ ਦਿੱਤਾ।

ਵਿਦਵਾਨ ਕਹਿੰਦੇ ਹਨ ਜਦੋਂ ਇਹੋ ਜਿਹੇ ਵਿਦਵਾਨਾਂ ਨੂੰ ਜਿੰਦਾ ਸਾੜ ਦਿੱਤਾ ਜਾਵੇ ਤਾਂ ਉਨ੍ਹਾਂ ਦੇ ਲਿਖੇ ਗ੍ਰੰਥਾਂ ਦਾ ਕੀ ਬਣਿਆ ਹੋਵੇਗਾ, ਸਾਡੇ ਕੋਲ ਸਾਡੀ ਪ੍ਰੰਪਰਾ ਹੀ ਨਹੀਂ ਹੈ। ਖ਼ੈਰ... ਮੈਂ ਤੁਹਾਨੂੰ ਬੜੇ ਸਾਦੇ ਸ਼ਬਦਾਂ 'ਚ ਕਹਿ ਰਿਹਾ ਹਾਂ ਕਿ ਗੀਤਾ ਨੇ ਇਹ ਗੱਲ ਕਹੀ ਸੀ 'ਸੁਰਧਾਵਾਨ ਲਭਤੇ ਗਿਆਨਮ' ਇਸ ਦੀ ਪ੍ਰਕ੍ਰਿਰਿਆ ਬਹੁਤ ਡੂੰਘੀ ਤੇ ਗਹਿਰੀ ਸੀ। ਬੜਾ ਭਿਆਨਿਕ ਦੌਰ ਸੀ। ਜਿਵੇਂ ਹੁਣ ਡੇਰੇ ਹਨ, ਅਸੀਂ ਕਹਿੰਦੇ ਸਾਂ ਕਿ ਇਹ ਕਾਇਮ ਰਹਿਣ, ਇੰਝ ਹੀ ਪੁਰਾਣੇ ਜ਼ਮਾਨੇ 'ਚ ਆਸ਼ਰਮ ਸਨ, ਆਸ਼ਰਮ ਦੀ ਰੱਖਿਆ ਕੌਣ ਕਰਦੇ ਸਨ ਰਾਜੇ ਕਰਦੇ ਸਨ। ਵਿਸ਼ਵਾ ਮਿੱਤਰ ਰਾਜੇ ਕੋਲ ਜਾਂਦਾ ਹੈ, ਉਹ ਕਹਿੰਦਾ ਹੈ ਰਾਮ-ਲਛਮਣ ਨੂੰ ਮੇਰੇ ਨਾਲ ਭੇਜ ਦੇ ਉਥੇ ਰਾਕਸ਼ਸ਼ ਬੜਾ ਤੰਗ ਕਰਦੇ ਹਨ ਮੇਰੇ ਯੱਗ ਤੇ ਹਵਨ ਨੂੰ ਖਰਾਬ ਕਰ ਦਿੰਦੇ ਹਨ,



ਭਾਵ ਇਹ ਸੀ ਸਾਡੇ ਆਸ਼ਰਮਾ 'ਚ ਇਹਦੇ ਇਰਦ-ਗਿਰਦ ਜੋ ਲੋਕਾਇਤ ' ਲੋਕ ਸਨ ਜੋ ਇਨ੍ਹਾਂ ਨੂੰ ਨਹੀਂ ਮੰਨਦੇ ਸਨ ਉਨ੍ਹਾਂ ਨੂੰ ਮਾਰੋ ਤੇ ਰਾਮ-ਲਛਮਣ ਜਾ ਕੇ ਉਨ੍ਹਾਂ ਨੂੰ ਮਾਰਦੇ ਹਨ। ਉਦੋਂ ਆਸ਼ਰਮਾਂ ਨੂੰ ਸਪੋਟ ਕੌਣ ਕਰਦਾ ਸੀ? ਸੱਤਾ ਕਰਦੀ ਸੀ। ਅੱਜ ਦੇ ਡੇਰਿਆਂ ਨੂੰ ਕੌਣ ਸਪੋਟ ਦੇ ਰਿਹਾ ਹੈ ? ਸੱਤਾ ਕਰਦੀ ਹੈ, ਧੰਨਵਾਨ ਲੋਕ ਕਰ ਰਹੇ ਹਨ। ਇੰਝ ਹੀ ਜੋ ਆਸ਼ਰਮ ਸੀ ਉਹਨਾਂ ਦੀ ਸਪੋਟ ਸੱਤਾ ਕਰਦੀ ਸੀ ਧੰਨ ਦਿੰਦੀ ਸੀ ਉਨ੍ਹਾਂ ਆਸ਼ਰਮਾ 'ਚ ਗ੍ਰੰਥ ਲਿਖੇ ਜਾਂਦੇ ਸਨ। ਉਨ੍ਹਾਂ ਗ੍ਰੰਥ 'ਚ ਆਮ ਲੋਕਾਂ ਨੂੰ ਗੁਲਾਮ ਬਣਾਉਣ ਦੇ ਤਰੀਕੇ ਲਿਖੇ ਜਾਂਦੇ ਹਨ।

ਹੁਣ ਸਮੱਸਿਆ ਕੀ ਸੀ ਜਿਸ ਵੱਲ ਮੈਂ ਧਿਆਨ ਦਵਾਉਣਾ ਚਾਹੁੰਦਾ ਹਾਂ। ਜੋ ਬਰੀਕ ਗੱਲ ਹਿੰਦੋਸਤਾਨ ਵਿਚ ਵਾਪਰੀ ਔਰਤਾਂ ਦੇ ਪ੍ਰਤੀ ਜਿਹੜੀ ਵਾਪਰੀ ਉਹ ਇਹ ਸੀ। ਭਾਰਤੀ ਸਮਾਜ ਦੀ ਫਿਊਡਲ ਸੁਸਾਇਟੀ ਹੈ ਉਸ ਦਾ ਪ੍ਰਚਾਰ ਕਿਵੇਂ ਹੁੰਦਾ ਹੈ। ਬਈ ਜੰਗਲ ਹਨ... ਜੰਗਲਾਂ 'ਚ ਟਰਾਈਬਲ ਲੋਕ ਰਹਿੰਦੇ ਹਨ... ਜਿਵੇਂ ਮੈਂ ਹੁਣ ਦੀ ਮਿਸਾਲ ਦੇਵਾਂ ਉੜੀਸਾ 'ਚ ਇਕ ਸਾਉਥ ਕੋਰੀਆ ਦੀ ਕੰਪਨੀ 1500 ਏਕੜ 'ਚ ਕੋਈ ਪ੍ਰੋਜੈਕਟ ਲਾ ਰਹੀ ਹੈ, ਉਥੇ ਜੰਗਲੀ ਲੋਕ / ਜਨ ਜਾਤੀਆਂ ਰਹਿੰਦੀਆਂ ਹਨ। ਟਰਾਈਬਲ ਲੋਕ ਫੂਡ ਗੈਦਰਿੰਗ ਕਰਨ ਵਾਲੇ ਹਨ ਜਾਂ ਸ਼ਿਕਾਰੀ ਹਨ, ਸੈਂਕੜੇ ਸਾਲਾਂ ਤੋਂ ਟਰਾਈਬਲ ਲੋਕ ਰਹਿ ਰਹੇ ਹਨ, ਸਰਕਾਰ ਕਹਿੰਦੀ ਹੈ ਸਾਡੀ ਜ਼ਮੀਨ ਹੈ, ਸਾਰੀ ਜ਼ਮੀਨ ਸਰਕਾਰ ਦੀ ਹੁੰਦੀ ਹੈ। ਉਨ੍ਹਾਂ ਨੂੰ ਉਥੋਂ ਉਜਾੜਿਆ ਜਾ ਰਿਹਾ ਹੈ। ਮੇਘਾ ਪਾਟਕਰ ਕਹਿੰਦੀ ਹੈ ਅਸੀਂ ਤਾਂ ਏਥੇ ਮਰ ਜਾਵਾਗੇ ਅਸੀਂ ਜਾਵਾਂਗੇ ਕਿੱਥੇ ? ਸਰਕਾਰ ਸਾਡੇ ਰਹਿਣ ਦਾ ਪ੍ਰਬੰਧ ਕਰੇ... ਇਸ ਤਰਾਂ ਸਾਡੇ ਮੱਧਕਾਲੀ ਸਮੇਂ ਵਿਚ ਇਹੋ ਜਿਹੀਆਂ ਵਾਰਦਾਤਾਂ ਬਹੁਤ ਹੋਈਆਂ ਹਨ ਜਿਵੇਂ ਮੈਂ ਮਿਸਾਲ ਦਿੱਤੀ ਹੈ ਕਿ ਪਾਂਡਵਾ ਨੂੰ ਕਿਹਾ ਗਿਆ ਕਿ 13 ਵੇਂ ਸਾਲ ਅਗਿਆਤਵਾਸ 'ਚ ਰਹਿਣਾ ਹੈ, ਜੰਗਲਾਂ ਵਿਚ ਰਹਿਣਾ ਹੈ। 13 ਵੇ ਸਾਲ 'ਚ ਉਹ ਖਾਂਡਵ ਵਣ 'ਚ ਰਹੇ। ਪਾਂਡਵਾਂ ਨੇ ਕਿਹਾ ਕਿ ਜੇ ਸਾਨੂੰ ਰਾਜ ਪ੍ਰਾਪਤ ਹੋ ਜਾਵੇਗਾ ਤਾਂ ਅਸੀਂ ਏਥੇ ਰਾਜਧਾਨੀ ਬਣਾਵਾਗੇ। ਪਾਂਡਵ ਜਿੱਤ ਗਏ, ਉਨ੍ਹਾਂ ਸੋਚਿਆ ਕਿ ਖਾਂਡਵ ਵਣ ਤਾਂ ਬੜੀ ਸੋਹਣੀ ਥਾਂ ਹੈ, ਏਥੇ ਅਸੀਂ ਰਾਜਧਾਨੀ ਬਣਾਉਣੀ ਹੈ ਤੇ ਹੁਣ ਖਾਂਡਵ ਵਣ ਦੇ ਬੰਦਿਆ ਨੂੰ ਕੀ ਕਰੋਗੇ ? ਉਥੇ ਭੀਲ, ਟਰਾਈਬਲ ਲੋਕ ਰਹਿ ਰਹੇ ਹਨ। ਉਨ੍ਹਾਂ ਨੇ ਕੀ ਕੀਤਾ ?, ਉਨ੍ਹਾਂ ਉਸ ਜੰਗਲ ਨੂੰ ਅੱਗ ਲਾ ਦਿੱਤੀ, ਚਾਰੇ ਪਾਸੇ ਤੀਰਾ ਵਾਲੇ ਬੰਦੇ ਖੜੇ ਕਰ ਦਿੱਤੇ, ਜੋ ਵੀ ਟਰਾਈਬਲ ਲੋਕ ਬਾਹਰ ਨਿਕਲਦੇ ਸਨ ਉਨ੍ਹਾਂ ਨੂੰ ਤੀਰਾਂ ਨਾਲ ਮਾਰ ਦਿੰਦੇ ਸਨ ਬਾਕੀ ਜੋ ਬਚੇ ਉਨ੍ਹਾਂ ਸਾਰਿਆ ਨੂੰ ਸਾੜ ਦਿੱਤਾ। ਇਸ ਢੰਗ ਨਾਲ ਟਰਾਈਬਲ ਲੋਕਾਂ ਨੂੰ ਸਮੰਤਵਾਦੀ ਸ਼ਕਤੀਆਂ ਨੇ ਤਬਾਹ ਕੀਤਾ। ਮੈਂ ਜਿਸ ਸੰਦਰਭ 'ਚ ਔਰਤ ਦੀ ਗੱਲ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਜਦੋਂ ਇਹ ਸਮੰਤ, ਜਿਨ੍ਹਾਂ ਨੂੰ ਰਾਜੇ ਪੂਰੇ ਦੇ ਪੂਰੇ ਜੰਗਲ ਦੀ ਜ਼ਮੀਨ ਡੂਨੇਟ ਕਰ ਦਿੰਦੇ ਸਨ, ਤੁਸੀਂ ਉਥੇ ਜਾ ਕੇ ਜੋ ਮਰਜੀ ਕਰੋ। ਉਥੇ ਉਹ ਜੰਗਲ ਕੱਟਦੇ ਸਨ, ਜੰਗਲ ਕੱਟਦਿਆਂ ਉਨ੍ਹਾਂ ਲੋਕਾਂ ਦਾ ਕੀ ਬਣਦਾ ਸੀ ਜਾਂ ਤਾਂ ਉਹ ਮਾਰ ਦਿੱਤੇ ਜਾਂਦੇ ਸਨ ਜਾਂ ਆਪਣੇ ਸਮਾਜ 'ਚ ਉਨ੍ਹਾਂ ਨੂੰ ਸ਼ਾਮਿਲ ਕਰ ਲਿਆ ਜਾਂਦਾ ਸੀ। ਜਿਵੇਂ ਹੁਣ ਬਸਤਰ ਦੇ ਆਦਿ-ਵਾਸੀਆਂ ਨੂੰ ਸਾਮਿਲ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਸਾਮਿਲ ਕਰਕੇ ਨੀਵੀਂ ਜਾਤੀ 'ਚ ਰੱਖਿਆ ਜਾਂਦਾ ਹੈ, ਇੰਝ ਇਕ ਵੱਖਰੀ ਜਾਤ ਬਣਾ ਦਿੱਤੀ ਜਾਂਦੀ ਸੀ। ਮਿਸ਼ਾਲ ਦੇ ਲਈ ਇਥੇ ਇਕ ਜੰਗਲ ਕੱਟਿਆ ਉਥੋਂ ਦੇ ਜੰਗਲੀ ਲੋਕਾਂ ਦੀ ਇਕ ਵੱਖਰੀ ਜਾਤ ਬਣਾ ਦਿੱਤੀ ਗਈ ਦੂਜਾ ਕੱਟਿਆ ਗਿਆ, ਉਥੇ ਦੂਜੀ ਜਾਤ ਬਣਾ ਦਿੱਤੀ ਗਈ ਇਸ ਤਰ੍ਹਾਂ ਵੱਖ ਵੱਖ ਜੋ ਟਰਾਈਬਲ ਲੋਕ ਹਨ ਜੋ ਉਨ੍ਹਾਂ ਨੇ ਆਪਣੇ ਨਾਲ ਜੋੜੇ ਹਨ, ਉਨ੍ਹਾਂ ਦੀਆਂ ਜਾਤਾਂ ਵੱਖਰੀਆਂ-ਵੱਖਰੀਆਂ ਹਨ, ਉਨ੍ਹਾਂ ਨੇ ਆਪਸ 'ਚ ਮਿਲਣ ਦੀ ਇਜਾਜ਼ਤ ਨਹੀਂ ਸੀ। ਉਨ੍ਹਾਂ ਦੀ ਏਕਤਾ ਨਹੀਂ ਸੀ ਹੋ ਸਕਦੀ। ਉਨ੍ਹਾਂ 'ਚ ਦੁਸ਼ਮਣੀਆਂ ਪੈਦਾ ਕਰ ਦਿੱਤੀਆਂ ਬਈ ਤੂੰ ਉੱਚੀ ਜਾਤ ਦੇ ਏਂ... ਤੂੰ ਨੀਵੀਂ ਜਾਤ ਦਾ ਤੇ ਤੂੰ ਫਲਾਨੀ ਜਾਤ ਦਾ। ਜਿਵੇਂ ਤੁਸੀਂ ਦੇਖਦੇ ਹੋ ਇਹ ਸੁਣਨ ਤੇ ਦੇਖਣ 'ਚ ਆਉਂਦਾ ਹੈ ਆਹ ਕਬੀਰ ਪੰਥੀ ਨੇ, ਆਹ ਚਮਾਰ ਨੇ, ਆਹ ਰਵੀਦਾਸੀਏ ਨੇ, ਆਹ ਜੁਲਾਹੇ

ਹਨ, ਇਹ ਸਾਰੇ ਹੈਰਾਰਕੀ ਵਿਚ ਨੇ, ਦਰਜਾ ਦਰ ਦਰਜਾ ਹਨ, ਬਰਾਬਰ ਨਹੀਂ ਹਨ। ਚਣੱਕਿਆ, ਚੰਦਰ ਗੁਪਤ ਦਾ ਇਕ ਬਹੁਤ ਵੱਡਾ ਮੰਤਰੀ ਹੋਇਆ ਉਸ ਨੇ ਕਿਹਾ ਬਈ ਇਨ੍ਹਾਂ ਟਰਾਈਬਲ ਲੋਕਾਂ ਦਾ ਅਸੀਂ ਕੀ ਕਰਾਂਗੇ ? ਅਸੀਂ ਇਸ ਮਸਲੇ ਦਾ ਕਿਵੇਂ ਹੱਲ ਕਰੀਏ ? ਕਿਉਂਕਿ ਸਾਨੂੰ ਜੰਗਲ ਤਾਂ ਕੱਟਣੇ ਪੈਣੇ ਹਨ, ਜੰਗਲ ਕੱਟ ਕੇ ਖੇਤੀ ਕਰਨੀ ਪਵੇਗੀ, ਜੰਗਲੀ ਜਨ ਜਾਤੀਆਂ ਨੂੰ ਨਾਲ ਵੀ ਜੋੜਨਾ ਪਵੇਗਾ। ਉਨ੍ਹਾਂ ਕਿਹਾ ਇਨ੍ਹਾਂ ਲੋਕਾਂ ਨੂੰ ਗੁਲਾਮ ਬਣਾ ਕੇ ਖਿੰਡਾ ਦਿਓ। ਇਹਨਾਂ ਨੂੰ ਇਕੱਠੇ ਨਾ ਹੋਣ ਦਿਓ। ਲੋਕ ਨੂੰ ਵੱਖਰੇ ਵੱਖਰੇ ਕਰ ਦੇਣਾ ਤਾਂ ਉਨ੍ਹਾਂ ਲੋਕਾਂ ਦੀ ਆਪਸ ਵਿਚ ਏਕਤਾ ਨਾ ਹੋਵੇ। ਉਨ੍ਹਾਂ ਦੀ ਏਕਤਾ ਨੂੰ ਖੰਡਤ ਕਰਨ ਦਾ ਤਰੀਕਾ ਇਹ ਸੀ ਕਿ ਉਨ੍ਹਾਂ ਦੀ ਵੱਖਰੀ ਜਾਤ ਬਣਾਓ ਤੇ ਉਨ੍ਹਾਂ ਜਾਤਾਂ ਬਾਰੇ ਇਕ ਗ੍ਰੰਥ ਲਿਖ ਦਿਓ ਹੁਣ ਇਹ ਗ੍ਰੰਥਾਂ ਦੀ ਗੱਲ ਉਨ੍ਹਾਂ ਤੱਕ ਪਹੁੰਚਦੀ ਕਿਵੇਂ ਸੀ ? ਉਹ ਕੀ ਕਰਦੇ ਸਨ, ਇਨ੍ਹਾਂ ਟਰਾਈਬਲ ਇਲਾਕਿਆ 'ਚ ਮੰਦਰ ਬਣਾਉਂਦੇ ਸਨ, ਮੰਦਰ ਅੱਜ ਦੀ ਤਰ੍ਹਾਂ ਪੂਜਾ ਦੇ ਕੇਂਦਰ ਨਹੀਂ ਸਨ ਹੁੰਦੇ ਉਹ ਫਿਊਡਲ ਪਾਵਰ ਦਾ ਕੇਂਦਰ ਹੁੰਦੇ ਸਨ। ਏਸੇ ਕਰਕੇ ਉਥੇ ਪੁਰਾਣ ਲਿਖੇ ਜਾਂਦੇ ਸਨ ਅਤੇ ਕਥਾਵਾਂ ਲਿਖੀਆਂ ਜਾਂਦੀਆਂ ਸਨ। ਉਥੇ ਲੋਕਾਂ ਨੂੰ ਇਕੱਠੇ ਕਰ ਲੈਣਾ ਤੇ ਉਥੇ ਕਥਾ-ਵਾਰਤਾ ਸੁਣਾਉਣੀ ਕਥਾ ਵਾਰਤਾ ਕਿਹੜੀ ਹੁੰਦੀ ਸੀ, ਇਹ ਨਹੀਂ ਸੀ ਬਈ ਤੁਸੀਂ ਕਿਸ ਤਰ੍ਹਾਂ ਚੰਗੀ ਜ਼ਿੰਦਗੀ ਜਿਊਣੀ ਹੈ, ਉਨ੍ਹਾਂ ਨੂੰ ਵਰਣ ਵਿਵਸਥਾ ਦਾ ਤਰੀਕਾ ਸਿਖਾਇਆ ਜਾਂਦਾ ਸੀ। ਵਰਣ ਵਿਵਸਥਾ ਸਾਡੇ ਲਈ ਜ਼ਰੂਰੀ ਹੈ।

ਸਾਰੇ ਧਾਰਮਿਕ ਗ੍ਰੰਥਾਂ ਵਿਚ ਵਰਣ ਵਿਵਸਥਾ ਦੀ ਗੱਲ ਕਰਕੇ ਸ਼ੂਦਰਾਂ ਦੇ ਮਨ 'ਚ ਇਹ ਗੱਲ ਬਿਠਾਉਣੀ ਬਈ ਪਿਛਲੇ ਜ਼ਮਾਨੇ ਦੇ ਕਰਮਾਂ ਦੇ ਫ਼ਲ ਕਰਕੇ ਤੁਸੀਂ ਸੂਦਰ ਬਣੇ ਹੋ। ਇਹ ਜਿਵੇਂ ਸ਼ੰਭੂਕ ਦੀ ਕਹਾਣੀ ਸੁਣਾਈ ਜਾਂਦੀ ਸੀ। ਇਹ ਤਾਂ ਪਤਾ ਹੈ ਬਈ ਸ਼ੂਦਰ ਤਪ ਕਰ ਰਿਹਾ ਹੈ। ਲੇਕਿਨ ਰਾਮ ਕੋਲ ਇਹ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਸ਼ੂਦਰ ਤਪ ਕਿਵੇਂ ਕਰ ਰਿਹਾ ਹੈ ? ਤੇ ਰਾਮ ਉਸ ਦਾ ਸਿਰ ਕਟ ਦਿੰਦਾ ਹੈ। ਲੋਕਾਂ ਨੂੰ ਇਸ ਤਰ੍ਹਾਂ ਦੀਆਂ ਕਹਾਣੀਆਂ ਸੁਣਾ ਕੇ ਇਹ ਦੱਸਿਆ ਜਾਂਦਾ ਸੀ ਬਈ ਸੂਦਰ ਤਪ ਨਹੀਂ ਕਰ ਸਕਦਾ, ਜੇ ਕਰੇਗਾ ਤਾਂ ਉਹਦਾ ਹਾਲ ਸ਼ੰਭੂਕ ਵਾਲਾ ਹੋਵੇਗਾ। ਉਹਨੂੰ ਸ਼ਾਸਤਰ ਧਾਰਨ ਕਰਨ ਦੀ ਇਜਾਜ਼ਤ ਨਹੀਂ ਹੈ। ਇਹ ਕਹਾਣੀਆਂ ਜੰਗਲੀ ਟਰਾਈਬਲ ਲੋਕਾਂ ਵਿਚ ਸੁਣਾਈਆਂ ਜਾਂਦੀਆਂ ਸਨ।

ਹੁਣ ਮੈਂ ਜਿਹੜੀ ਗੱਲ ਕਰਨੀ ਚਾਹੁੰਦਾ ਹਾਂ ਕਿ ਇਹ ਜੋ ਜੰਗਲੀ ਸਮਾਜ ਸਨ ਇਹ ਸੀ ਮਾਤਾ ਪੁਰਖੀ। ਇਹ ਮੈਟ੍ਰੀਆਰਕਲ ਸੁਸਾਇਟੀ ਸੀ ਜਿਥੇ ਮਾਂ ਘਰ ਦੀ ਪ੍ਰਧਾਨ ਹੁੰਦੀ ਸੀ। ਜਿਵੇਂ ਮਹਾਂ ਭਾਰਤ 'ਚ ਕੁੰਤੀ ਪੁੱਤਰ ਹਨ ... ਬਈ ਖਾਨਦਾਨ ਮਾਂ ਦੇ ਨਾਂ 'ਤੇ ਚੱਲਦਾ ਸੀ। ਇਸ ਗੱਲ ਪਹਿਚਾਣ ਦੀ ਹੁੰਦੀ ਸੀ ਕਿ ਮਾਂ ਦਾ ਤਾਂ ਸਾਨੂੰ ਪੱਕਾ ਪਤਾ ਹੈ ਬਈ ਇਹ ਹੀ ਅਸਲੀ ਮਾਂ ਹੈ ਪਿਓ ਦਾ ਤਾਂ ਕੋਈ ਪਤਾ ਨਹੀਂ ਸੀ ਹੁੰਦਾ। ਉਥੇ ਕੁੰਤੀ ਦੇ ਨਾਂ ਤੇ ਪੁੱਤਰ ਦੀ ਪਹਿਚਾਣ ਹੁੰਦੀ ਸੀ ਪੁਰਾਣਾ ਨੇ ਕਿਹਾ ਪਿਤਾ ਦੀ ਤਾਂ ਕੋਈ ਪਛਾਣ ਨਹੀਂ ਹੋ ਸਕਦੀ ਲੇਕਿਨ ਮਾਂ ਦੀ ਪਛਾਣ ਤਾਂ ਹੋ ਸਕਦੀ ਹੈ। ਦੁਨੀਆਂ ਭਰ ਦੇ ਅਰਥੋਪੋਲਜਸਟਾ ਨੇ ਇਹ ਸਟੱਡੀ ਕੀਤੀ ਕਿ ਸਭ ਤੋਂ ਪਹਿਲਾ ਖੇਤੀ ਦਾ ਕੰਮ ਔਰਤਾਂ ਨੇ ਕੀਤਾ ਹੈ। ਬੰਦੇ ਕੀ ਕਰਦੇ ਸਨ? ਜੰਗਲਾਂ 'ਚ ਜਾ ਕੇ ਸ਼ਿਕਾਰ ਖੇਡਦੇ ਸਨ ਜਾਂ ਫ਼ਲ ਇਕੱਠੇ ਕਰਕੇ ਲੈ ਆਉਂਦੇ ਸਨ। ਖੇਤੀ ਔਰਤ ਕਰਦੀ ਸੀ, ਬੱਚੇ ਔਰਤ ਪੈਦਾ ਕਰਦੀ ਸੀ, ਔਰਤ ਦੀ ਅਹਿਮੀਅਤ ਹੁੰਦੀ ਸੀ।

ਔਰਤ ਦੇ ਨਾਲ ਇਕ ਫ਼ਲਾਸਫੀ ਬਣੀ ਉਹ ਸੀ ਸਾਂਖ ਦਰਸ਼ਨ, ਸਾਂਖ ਦਰਸ਼ਨ 'ਚ ਕੇਂਦਰੀ ਗੱਲ ਇਹ ਸੀ ਕਿ 'ਪ੍ਰਕਿਰਤੀ ਤੋਂ ਸ਼੍ਰਿਸ਼ਟੀ ਦੀ ਉਤਪਤੀ ਹੁੰਦੀ ਹੈ। ਇਸ਼ਵਰ ਤੋਂ ਨਹੀਂ ਹੁੰਦੀ। ਸਾਂਖ ਦਰਸ਼ਨ ਇਹ ਕਹਿੰਦਾ ਹੈ ਕਿ ਜੋ ਕੇਂਦਰੀ ਗੱਲ ਹੈ ਉਹ ਪ੍ਰਕਿਰਤੀ ਹੈ। ਇਸਤਰੀ ਤੱਤਵ ਹੈ। ਸਾਂਖ ਦਰਸ਼ਨ ਦਾ ਕੇਂਦਰੀ ਨੁਕਤਾ ਸੀ ਮਾਤਰੀ ਸੱਤਾਤਮਕ ਵਿਵਸਥਾਵਾਂ ਦਾ। ਅੱਗੇ ਜਿਨ੍ਹਾਂ ਸਾਮੰਤਾਂ ਕੋਲ ਤਾਕਤ ਸੀ, ਜੋ ਵਿਕਾਸ ਕਰ ਰਹੇ ਸਨ ਉਹ ਪੁਰਸ਼ ਪ੍ਰਧਾਨ ਸਮਾਜ ਸੀ। ਹੁਣ ਜਦੋਂ ਪੁਰਸ਼ ਸੱਤਾਤਮਕ ਸਮਾਜ ਦੀ ਮਾਤਰੀ ਸੱਤਾਤਮਕ ਸਮਾਜ ਨਾਲ ਟੱਕਰ ਹੁੰਦੀ ਹੈ, ਉਸ ਲਈ ਇਹ ਜ਼ਰੂਰੀ ਸੀ ਕਿ ਉਹ ਇਹ ਦੱਸਣ, ਉਨ੍ਹਾਂ ਦੇ ਦਿਮਾਗ਼ 'ਚ



ਪਾਉਣ ਕਿ ਔਰਤ ਤਾਂ ਪਾਪ ਯੋਨੀ ਹੈ। ਔਰਤ ਨੇ ਪੁਰਸ਼ ਦੀ ਸੇਵਾ ਕਰਨੀ ਹੈ। ਪੁਰਾਣਾ 'ਚ 75 ਪ੍ਰਤੀਸਤ ਕਥਾਵਾਂ ਪਤੀ-ਬਰਤਾ ਦੀਆਂ ਕਹਾਣੀਆਂ ਹਨ। ਪਤੀ ਵਰਤਾ ਕਿਸ ਦੀ ਹੋਣੀ ਚਾਹੀਦੀ ਹੈ। ਪਤੀ ਦੇ ਮਰਨ ਤੋਂ ਬਾਅਦ ਵਿਧਵਾ ਨੇ ਕਿਸ ਤਰ੍ਹਾਂ ਜੀਵਨ ਬਤੀਤ ਕਰਨਾ ਹੈ ? ਉੱਚੀਆਂ ਜਾਤਾਂ ਦੇ ਆਦਮੀਆਂ ਦੀ ਮੌਤ ਤੋਂ ਬਾਅਦ ਪਤੀ ਨਾਲ ਔਰਤ ਨੇ ਜਿਉਂਦੀ ਸੜ ਮਰਨਾ ਹੈ। ਡਾ. ਅੰਬੇਡਕਰ ਨੇ ਵਿਧਵਾ ਵਿਆਹ ਤੇ ਸਤੀ ਪ੍ਰਥਾ ਬਾਰੇ ਬੜੀ ਡੀਟੇਲ ਵਿਚ ਗੱਲ ਕਹੀ ਹੈ। ਬ੍ਰਾਹਮਣਾਂ ਨੇ ਜਾਤੀ ਪ੍ਰਥਾ ਬਣਾਈ ਰੱਖਣ ਲਈ ਇਹ ਸਤੀ ਪ੍ਰਥਾ ਤੇ ਵਿਧਵਾ ਪ੍ਰਥਾ ਕਾਇਮ ਕੀਤੀਆਂ ਸਨ। ਇਹ ਜੋ ਪਿਤਾ ਪੁਰਖੀ ਸਮਾਜ ਤੇ ਮਾਤਾ ਪੁਰਖੀ ਸਮਾਜ ਕੋਲ ਸ਼ਕਤੀਆਂ ਆਉਣ ਕਰਕੇ। ਸਾਂਖ ਦਰਸ਼ਨ ਖ਼ਿਲਾਫ਼ ਪੁਰਸ਼ ਪ੍ਰਧਾਨ ਫਲਾਸਫੀਆਂ ਹਨ। ਵਿਦਾਂਤ ਵਿਚ ਪੁਰਸ਼ ਹੈ। ਇਸ਼ਵਰ ਦਾ ਕਨਸੈਪਟ ਆਉਂਦਾ ਹੈ। ਇਸ਼ਵਰ ਪੁਰਸ਼ ਹੈ। ਪੁਰਸ਼ ਦੇ ਰੂਪ 'ਚ ਇਸ਼ਵਰ ਹੈ, ਪਿਤਾ ਦੇ ਰੂਪ 'ਚ ਇਸ਼ਵਰ ਹੈ। ਭਗਤ ਕੌਣ ਹੁੰਦਾ ਹੈ, ਨਿਮਾਣੀ ਔਰਤ ਵਰਗਾ, ਵਿਧਵਾ ਵਰਗਾ ਭਗਤ ਹੋਣਾ ਚਾਹੀਦਾ ਹੈ। ਸਤੀ ਵਰਗਾ ਭਗਤ ਹੋਣਾ ਚਾਹੀਦਾ ਹੈ। ਸਾਡੇ ਮਨਾ 'ਚ ਇਹ ਬਿਠਾ ਦਿੱਤਾ ਗਿਆ ਬਈ ਤੁਸੀਂ ਇਕ ਰਾਮ ਕਹਿ ਦਿਓ ਬਸ, ਇਕ ਵਾਰ ਨਰਾਇਣ ਕਹਿ ਦਿਓ, ਤੁਹਾਡੀ ਮੁਕਤੀ ਹੋ ਜਾਵੇਗੀ। ਇਹ ਗੱਲਾਂ ਟਰਾਈਬਲ ਲੋਕਾਂ ਨੂੰ ਸਿਖਾਈਆ ਜਾਂਦੀਆਂ ਸਨ। ਉਨ੍ਹਾਂ ਦੇ ਦਿਮਾਗ਼ 'ਚ ਭਰੀਆਂ ਜਾਂਦੀਆਂ ਸਨ। ਭਾਰਤ 'ਚ ਦੋ ਤਰ੍ਹਾਂ ਦੇ ਧਰਮ ਰਹੇ ਹਨ। ਇਹ ਗੱਲ ਅੰਬੇਡਕਰ ਨੇ ਕਹੀ ਬਈ ਇਕ ਧਰਮ ਉੱਚੀਆਂ ਸ਼੍ਰੇਣੀਆਂ ਦਾ ਧਰਮ ਸੀ। ਇਕ ਕੰਮ ਕਰਨ ਵਾਲੇ ਲੋਕਾਂ ਦਾ ਧਰਮ ਸੀ। ਆਮ ਲੋਕਾਂ ਦਾ ਧਰਮ ਹੁੰਦਾ ਸੀ ਨਾਮ ਜੱਪਣਾ, ਭਗਤੀ ਕਰਨੀ। ਹੁਣ ਰਾਵਣ ਦੀ ਗੱਲ ਲੈ ਲਓ, ਸਾਰੇ ਪੁਰਾਣਾ ਵਿਚ ਗ੍ਰੰਥਾਂ ਵਿਚ ਰਾਵਣ ਦੀ ਨਿੰਦਾ ਕੀਤੀ ਗਈ ਹੈ। ਪਰ ਅਖੀਰ 'ਚ ਮਰਨ ਵੇਲੇ ਮੁਕਤੀ ਮਿਲ ਗਈ, ਕਿਵੇਂ ਮਿਲੀ ? ਕਿਉਂਕਿ ਉਹਨੇ ਰਾਮ ਦੇ ਦਰਸ਼ਨ ਕਰ ਲਏ ਸਨ ਮਰਨ ਵੇਲੇ। ਇਸ ਕਿਸਮ ਦੀ ਵਿਚਾਰਧਾਰਾ ਲੋਕਾਂ ਦੇ ਦਿਮਾਗ਼ ਵਿਚ ਬਿਠਾ ਦਿੱਤੀ ਗਈ। ਭਗਤੀ ਰਾਹੀਂ।

ਜੋ ਪਿਤਾ ਪੁਰਖੀ ਸਮਾਜ ਸੀ ਉਹ ਕੀ ਸੀ। ਬਈ ਕਰਮਸ਼ੀਲ ਕਰਮ ਸਿਧਾਂਤ ਦਾ ਕੀ ਅਰਥ ਹੈ ਕਿ ਪਿਛਲੇ ਜਨਮਾਂ ਦੇ ਕਰਮਾਂ ਦਾ ਫ਼ਲ ਤੁਹਾਨੂੰ ਮਿਲਣਾ ਹੈ। ਤੇ ਪਿਤਾ ਪੁਰਖੀ ਸਮਾਜ ਦੇ ਲਈ ਆਦਰ ਕਰਨਾ ਹੈ, ਸਤਿਕਾਰ ਹੈ। ਬੱਚੇ ਨੇ ਪਿਤਾ ਪ੍ਰਤੀ ਅਗਿਆਕਾਰੀ ਹੋਣਾ ਹੈ ਤੇ ਔਰਤ ਨੇ ਪਤੀ ਪ੍ਰਤੀ। ਤਰਕ ਦਾ ਖੰਡਨ ਕਰਦਿਆਂ ਹੋਇਆ ਜੋ ਨਿਰੰਤਰਤਾ ਦੀ ਵਿਚਾਰਧਾਰਾ ਹੈ ਪਿਤਾ ਪੁਰਖੀ। ਸਭ ਤੋਂ ਵੱਡੀ ਦੁਖਾਂਤ ਵਾਲੀ ਗੱਲ ਇਹ ਹੋਈ ਕਿ ਭਗਤੀ ਲਹਿਰ ਦੇ ਦੌਰਾਨ ਭਗਤੀ ਦੀ ਵਿਚਾਰਧਾਰਾ ਨਾਲ ਬਹੁ ਗਿਣਤੀ ਦੇ ਲੋਕਾਂ ਨੂੰ ਦਾਸ ਤੇ ਗੁਲਾਮ ਬਣਾ ਲਿਆ ਗਿਆ ਸੀ। ਭਗਤੀ ਦੀ ਵਿਚਾਰਧਾਰਾ ਦੇ ਗ੍ਰੰਥ ਕਿਹੜੇ ਸਨ ਮਹਾਂਭਾਰਤ ਤੇ ਰਮਾਇਣ, ਪੁਰਾਣ, ਢੇਰਾਂ ਦੇ ਢੇਰ ਪੁਰਾਣ ਹੋਣਗੇ। ਉੜੀਸਾਂ ਵਿਚ ਹੋਰ ਪੁਰਾਣ ਲਿਖਿਆ ਗਿਆ। ਉਤਰੀ ਭਾਰਤ ਵਿਚ ਹੋਰ ਤਰ੍ਹਾਂ ਦਾ, ਇੰਝ ਵੱਖ-ਵੱਖ ਇਲਾਕਿਆ ਵਿਚ ਵੱਖ-ਵੱਖ ਪੁਰਾਣ ਲਿਖੇ ਗਏ ਹਨ ਖੇਤਰੀ ਜ਼ਰੂਰਤਾਂ ਦੇ ਮੁਤਾਬਕ ਲਿਖੇ ਗਏ ਸਨ। ਰਮਾਇਣ ਦੀਆਂ ਹੀ ਇਕ ਹਜਾਰ ਕਿਸਮ ਦੀਆਂ ਵੱਖ-ਵੱਖ ਕਹਾਣੀਆਂ ਮਿਲਦੀਆਂ ਹਨ। ਪਿਤਾ ਪੁਰਖੀ ਕਰਮ ਦਾ ਸਿਧਾਂਤ ਇਹ ਗੱਲਾਂ ਲੋਕਾਂ ਨੂੰ ਸਖਾਉਣੀਆਂ ਆਉਂਦੀਆਂ ਸਨ ਤੇ ਉਹ ਨਵੀਆਂ ਕਹਾਣੀਆਂ ਘੜ ਲੈਂਦੇ ਸਨ ਇਹ ਦੌਰ ਦਸਵੀਂ ਸ਼ਤਾਬਦੀ ਤੱਕ ਚੱਲਦਾ ਰਿਹਾ। ਭਗਤੀ ਦਾ ਹਿੰਦੋਸਤਾਨ ਵਿਚ ਇਕ ਵਿਚਾਰਧਾਰਾ ਦੇ ਤੌਰ ਤੇ ਭਾਰਤ ਦੇਸ਼ ਦੇ ਸੂਦਰ ਤੇ ਔਰਤਾ ਨੂੰ ਗੁਲਾਮ ਬਣਾਈ ਰੱਖਣ ਲਈ ਬਹੁਤ ਗਹਿਰੀ ਸਾਜ਼ਿਸ਼ ਭਰਪੂਰ ਵਿਚਾਰ ਸੀ। ਸਾਡੇ ਸਾਰੇ ਦੇ ਸਾਰੇ ਅਕੈਡਮਕ ਖੇਤਰ ਭਗਤੀ ਲਹਿਰ ਨੂੰ ਬਹੁਤ ਵੱਡਾ ਸਮਝ ਰਹੇ ਹਨ, ਬਈ ਇਸ ਨੇ ਸਮਾਜ ਦੇ ਵਿਚ ਕ੍ਰਾਂਤੀ ਲੈ ਆਂਦੀ ਹੈ।

ਹੁਣ ਗੁਰਬਾਣੀ ਦੀ ਗੱਲ ਲੈ ਲਓ... ਸਾਰੀ ਦੀ ਸਾਰੀ ਬਾਣੀ 'ਚ ਔਰਤ ਨੂੰ ਗੁਲਾਮ ... ਦਾਸ ... ਵਿਧਵਾ ਬਾਰੇ ਗੱਲ ਹੋ ਰਹੀ ਹੈ। ਜਿਸ ਗੱਲ ਦਾ ਕੋਈ ਅਰਥ ਹੀ ਨਹੀਂ। ਗੱਲ ਇਹ ਹੈ ਲੋਕਾਂ 'ਤੇ ਪ੍ਰਭਾਵ

ਕਿਸ ਗੱਲ ਦਾ ਪੈਂਦਾ ਹੈ ਲੋਕਾਂ ਨੇ ਗ੍ਰਹਿਣ ਕਿਸ ਗੱਲ ਨੂੰ ਕੀਤਾ ਹੈ।

ਸਵਾਲ ਹੈ ਜਦੋਂ ਭਗਤ ਹੋਏ ਸਨ ਉਦੋਂ ਔਰਤਾਂ ਦਾ ਕਿੰਨਾ ਕੁ ਰੋਲ ਸੀ। ਤੁਰਕਾਂ ਦੇ ਆਉਣ ਤੋਂ ਬਾਅਦ ਇਕ ਸੋਸ਼ਲ ਮੁਵੈਲਟੀ ਹੋਈ ਹੈ। ਸਮਾਜਿਕ ਗਤੀਸ਼ੀਲਤਾ ਉਸ ਵਿਚ ਜੋ ਥੱਲੇ ਦੇ ਵਰਗ ਹਨ, ਉਨ੍ਹਾਂ ਦੀ ਗਤੀ ਸ਼ੀਲਤਾ ਜਿਵੇਂ ਜੁਲਾਹਿਆ ਦਾ ਪੇਸ਼ਾ ਬਹੁਤ ਵਧਿਆ ਤੇ ਇਨ੍ਹਾਂ ਦੇ ਪ੍ਰਤੀਨਿਧੀ ਉਭਰ ਆਏ। ਇਹ ਪ੍ਰਤੀਨਿਧੀ .... ਇਹ ਲੋਕ ਜਿਨ੍ਹਾਂ ਦੀ ਸੋਸ਼ਲ ਮੁਵੈਲਟੀ ਹੁੰਦੀ ਹੈ, ਉਹ ਸਮਾਜ ਨੂੰ ਰੁਪਾਂਤਰਣ ਕਰ ਪਾਉਂਦੇ ਹਨ ਜਾਂ ਨਹੀਂ ਉਹ ਨਹੀਂ ਕਰ ਸਕੇ। ਮੀਰਾ ਆਪਣੇ ਪਰਿਵਾਰ 'ਚ ਜੋ ਵਿਦਰੋਹ ਕਰ ਰਹੀ ਹੈ, ਉਹ ਵਿਦਰੋਹ ਔਰਤਾਂ ਦਾ ਸਮੁੱਚਾ ਵਿਦਰੋਹ ਨਹੀਂ ਬਣਦਾ। ਭਗਤੀ ਨੇ ਇਸ ਨੂੰ ਹੜੱਪ ਲਿਆ। ਕਬੀਰ ਨੂੰ ਲੈ ਲਓ ਉਹ ਬਹੁਤ ਵੱਡਾ ਕ੍ਰਾਂਤੀਕਾਰੀ ਹੋਇਆ , ਜਾਤ ਪ੍ਰਥਾ ਦੇ ਖਿਲਾਫ਼ ਬਹੁਤ ਵੱਡੀ ਗੱਲ ਕਰਦਾ ਹੈ। ਇਹ ਗੱਲ ਕਰਦਿਆਂ ਸਮਾਜ ਦੀਆਂ ਸਮਾਜਿਕ, ਆਰਥਿਕ ਕੰਡੀਸ਼ਨ ਐਨੀਆਂ ਗਹਿਰੀਆਂ ਨਹੀਂ ਹਨ ਕਿ ਅਸੀਂ ਪੂੰਜੀਵਾਦ ਲਿਆ ਸਕੀਏ, ਫਿਊਡਲ ਸੁਸਾਇਟੀ ਵਿਚ ਇਹ ਵਿਚਾਰਧਾਰਾ ਫੈਲਣ ਨਹੀਂ ਦਿੱਤੀ ਜਾਂਦੀ, ਭਗਤੀ ਕਿਉਂਕਿ ਲੋਕਾਂ ਦੀ ਚੇਤਨਾ ਦਾ ਹਿੱਸਾ ਬਣਾ ਦਿੱਤੀ ਗਈ ਹੈ। ਉਨ੍ਹਾਂ ਦੇ ਵਿਚਾਰ ਭਗਤੀ ਵਿਚ ਆ ਕੇ ਐਪਰੋਪਰੇਟ ਹੋਏ ਹਨ। ਇਹ ਸਾਡੇ ਸਮਾਜ ਦੀ ਟ੍ਰੈਜਿਡੀ ਹੈ। ਹੁਣ ਗੁਰੂ ਗ੍ਰੰਥ 'ਚ ਕਬੀਰ ਨੂੰ ਲੈ ਕੇ ਆਂਦਾ। ਬਹੁਤ ਵੱਡੀ ਗੱਲ ਹੈ ਬਈ ਕਬੀਰ ਜੁਲਾਹਾ ਲੈ ਆਂਦਾ। ਲੈ ਕੇ ਆਂਦਾ ਕਿਸ ਨਾਂ ਤੇ ਭਗਤੀ ਦੇ ਨਾਂ ਤੇ ਉਸ ਦੀ ਭਗਤੀ ਦੀ ਵਿਚਾਰਧਾਰਾ ਸਮਾਜ 'ਚ ਸਟੇਟਸ ਕੋ ਖੜਾ ਕਰ ਦਿੰਦੀ ਹੈ। ਕਰਮ ਸਿਧਾਂਤ ਖੜਾ ਕਰ ਦਿੰਦੀ ਹੈ। ਇਹ ਭਗਤੀ ਦੀ ਵਿਚਾਰਧਾਰਾ ਵਿਦਰੋਹ ਦੀ ਸਕਰਿਪਟ ਨੂੰ ਮਾਰ ਦਿੰਦੀ ਹੈ। ਕਿਉਂਕਿ ਭਗਤੀ ਲਹਿਰ ਤੋਂ ਪਹਿਲਾਂ ਭਗਤੀ ਦੀ ਜਕੜ ਬੰਦੀ ਪਿਛਲੀਆਂ 10 ਸ਼ਤਾਬਦੀਆਂ ਤੋਂ ਬਣਦੀ ਆ ਰਹੀ ਸੀ ਭਾਰਤ ਦੀਆਂ ਗਰੀਬ ਔਰਤਾਂ ਵਿਚ ਇਹ ਭਗਤੀ ਬਹੁਤ ਗਹਿਰੀ ਥਾਂ ਬਣਾ ਚੁੱਕੀ ਸੀ। ਇਹ ਕ੍ਰਾਂਤੀਕਾਰੀ ਬੰਦੇ ਜਦੋਂ ਆਉਂਦੇ ਹਨ। ਤੁਰਕਾਂ ਦੇ ਨਵੇਂ ਪਰਿਵਰਤਨਾ ਦੇ ਕਰਕੇ ਤੇ ਭਗਤੀ ਉਨ੍ਹਾਂ ਨੂੰ ਐਪਰੋਪਰੇਟ ਕਰ ਲੈਂਦੀ ਹੈ ਤੇ ਅੱਜ ਸਮਾਜ 'ਚ ਕਬੀਰ ਦੀ ਜਾਤ ਪ੍ਰਥਾ ਨੂੰ ਤੋੜਨ ਵਾਲੀ ਗੱਲ ਨਹੀਂ ਪ੍ਰਚਾਰੀ ਜਾਂਦੀ, ਕਬੀਰ ਦੀ ਭਗਤੀ ਚੱਲ ਰਹੀ ਹੈ। ਰਵੀਦਾਸ ਦੀ ਭਗਤੀ ਚੱਲ ਰਹੀ ਹੈ, ਨਾਮਦੇਵ ਦੀ ਭਗਤੀ ਚੱਲ ਰਹੀ ਹੈ। ਉਹ ਛੀਂਬੇ ਨੇ, ਜੁਲਾਹੇ ਨੇ । ਸਮਾਜ ਵਿਚ ਗੱਲ ਕਰਨਾ ਚਾਹੁੰਦੇ ਹਨ, ਬਾਅਦ 'ਚ ਇਨ੍ਹਾਂ ਨਾਲ ਕਹਾਣੀਆਂ ਜੁੜਨ ਲੱਗ ਪਈਆਂ ਜਿਨ੍ਹਾਂ ਮੰਤਰਾਂ ਤੰਤਰਾਂ ਦਾ ਇਹ ਖੰਡਨ ਕਰਦੇ ਸਨ ਮੰਤਰ ਤੰਤਰ ਸ਼ੁਰੂ ਹੋ ਗਏ। ਭਗਤੀ ਲਹਿਰ ਦੇ ਨਾਂ ਤੇ ਸਾਡੇ ਨਾਲ ਇਹ ਦੁਖਾਂਤ ਵਾਪਰਿਆ।

ਹੁਣ ਸੂਫੀਵਾਦ ਦੀ ਗੱਲ ਲੈ ਲਓ... ਇਸਲਾਮ ਇਕ ਬਹੁਤ ਵੱਡਾ ਧਰਮ ਸੀ ਡਾ. ਅੰਬੇਡਕਰ ਨੇ ਬੜੀ ਕਮਾਲ ਦੀ ਗੱਲ ਕਹੀ ਹੈ... ਇਹ ਗੱਲ ਸਮਾਂਨੰਤਰ ਦੱਸਣੀ ਚਾਹੁੰਦਾ ਹਾਂ... ਡਾ.ਅੰਬੇਡਕਰ ਨੂੰ ਕਿਰਤੀ ਕੰਮ ਕਰਨ ਵਾਲਿਆ ਲੋਕਾਂ ਦੀਆਂ ਜਾਤਾਂ ਪਰੇਸ਼ਾਨ ਕਰਦੀਆਂ ਸਨ, ਇਨ੍ਹਾਂ ਦੀਆਂ ਜਾਤਾਂ ਬਹੁਤ ਸਨ ਉਹ ਇਨ੍ਹਾਂ ਨੂੰ ਇਕੱਠਿਆ ਕਰਨਾ ਚਾਹੁੰਦੇ ਸਨ। ਸਾਡੇ ਏਥੇ ਕਲੋਨੀਅਲ ਸਿਸਟਮ ਸੀ, ਸੋ ਪੂੰਜੀਵਾਦ ਆ ਨਹੀਂ ਸਕਦਾ ਉਨ੍ਹਾਂ ਕਿਹਾ ਕਿ ਜੇਕਰ ਵਰਕਿੰਗ ਪੀਪਲ ਦਾ ਇਕ ਧਰਮ ਹੋ ਜਾਵੇ ਤਾਂ ਉਨ੍ਹਾਂ ਦਾ ਸੁਪਨਾ ਸੀ ਸਾਰੇ ਦਲਿਤਾਂ ਨੂੰ ਬੁੱਧ ਧਰਮ 'ਚ ਕਨਵਰਟ ਕਰ ਲਓ, ਤਾਂ ਇਕ ਮੰਚ ਤੇ ਇਕੱਠੇ ਹੋ ਜਾਣ , ਖ਼ੈਰ...।

ਹੁਣ ਸੂਫ਼ੀ ਦੀ ਗੱਲ ਹੈ, ਮੁਸਲਮਾਨ ਟਰਾਈਬਲ ਸਨ, ਅਰਬ ਦੇਸ਼ਾਂ ਦੇ ਇਹ ਟਰਾਈਬਲ ਆਪਸ ਵਿਚ ਲੜਦੇ ਰਹਿੰਦੇ ਸਨ, ਤੇ ਮੁਹੰਮਦ ਸਾਹਿਬ ਨੇ ਸਾਰਿਆ ਨੂੰ ਇਸਲਾਮ 'ਚ ਕਨਵਰਟ ਕਰ ਦਿੱਤਾ, ਤੇ ਇਕ ਬਹੁਤ ਵੱਡੀ ਤਾਕਤ ਬਣ ਗਈ ਗੋਲਡਨ ਪੀਰੀਅਡ ਰਿਹਾ ਇਸਲਾਮ ਭਾਰਤ 'ਚ। ਫਿਰ ਉਨ੍ਹਾਂ ਯੂਰਪ ਨੂੰ ਅੱਗੇ ਲਾ ਲਿਆ... 10ਵੀਂ, 11ਵੀਂ, 12ਵੀਂ, ਸ਼ਤਾਬਦੀ 'ਚ ਇਹ ਧਰਮ ਅਗਜ਼ਾਸਟ ਹੋ ਜਾਂਦਾ ਹੈ ਯੂਰਪ ਇਨ੍ਹਾਂ ਨਾਲੋਂ ਵੱਧ ਫੈਲ ਜਾਂਦਾ ਹੈ, ਉਨ੍ਹਾਂ ਕੋਲ ਨਵੀਂ ਟੈਕਨੋਲਜੀ ਆ ਜਾਂਦੀ ਹੈ, ਉਨ੍ਹਾਂ ਕੋਲ



ਇਸਲਾਮ ਇਹ ਸਭ ਕੁਝ ਕਰ ਨਹੀਂ ਪਾਉਂਦਾ। ਜਦੋਂ ਐਡੇ ਵੱਡੇ ਧਰਮ ਦਾ ਐਡੇ ਵੱਡੇ ਲੋਕਾਂ ਦਾ ਡਾਊਨ ਫਾਲ ਹੁੰਦਾ ਹੈ ਤਾਂ ਉਸ ਦੇ ਫਲਾਸਫਰ ਅਧਿਆਤਮਕਵਾਦ ਵੱਲ ਜਾਂਦੇ ਹਨ, ਇਹ ਹੋਰ ਗੱਲ ਸੀ... ਮੰਗੋਲਾ ਦੇ ਹਮਲੇ ਬੜੇ ਹੋ ਰਹੇ ਸਨ, ਇਨ੍ਹਾਂ ਨੇ ਬਗਦਾਦ ਦੀਆਂ ਲਾਇਬ੍ਰੇਰੀਆਂ ਸਾੜ ਦਿੱਤੀਆਂ ਸਨ, ਸ਼ਹਿਰ ਦੇ ਸ਼ਹਿਰ ਸੜਨੇ ਸ਼ੁਰੂ ਹੋ ਗਏ ਸਨ, ਇਕ ਬਹੁਤ ਵੱਡੀ ਤਾਕਤ ਰਹੀ ਹੋਵੇ ਰਿਲੀਜ਼ਨ ਰਿਹਾ ਹੋਵੇ ਤੇ ਇਸ ਤਰ੍ਹਾਂ ਦੇ ਹਮਲੇ ਹੋਣੇ ਇਨ੍ਹਾਂ ਦੇ ਫਲਾਸਫ਼ਰਾ ਮਿਸ਼ਟੀ-ਸਿਜ਼ਮ ਵੱਲ ਚਲੇ ਗਏ। ਜਦੋਂ ਭਾਰਤ 'ਚ ਇਸਲਾਮ ਆਉਂਦਾ ਹੈ ਤਾਂ ਇਸਲਾਮ 'ਚ ਕੋਈ ਸਾਹ ਸਤ ਨਹੀਂ ਹੁੰਦਾ। ਸੂਫੀ ਸੰਤ ਵੀ ਆਉਂਦੇ ਹਨ, ਭਾਰਤ 'ਚ ਉਦੋਂ ਭਗਤੀ ਲਹਿਰ ਚੱਲ ਰਹੀ ਸੀ ਉਹ ਵੀ ਉਸ ਕਿਸਮ ਦੀ ਗੱਲ ਕਰਦੇ ਸਨ, ਸਮਾਜ 'ਚ ਉਨ੍ਹਾਂ ਦਾ ਕੋਈ ਯੋਗਦਾਨ ਨਹੀਂ ਹੈ। ਕੁਝ ਸੂਫੀ ਸੱਤਾ ਨਾਲ ਰਲ਼ ਜਾਂਦੇ ਹਨ, ਤੁਰਕਾਂ ਮੁਗਲਾਂ ਰਾਜਿਆਂ ਨਾਲ ਰਲ਼ ਕੇ ਉਨ੍ਹਾਂ ਕੋਲੋ ਗ੍ਰਾਂਟਾ ਲੈਣ ਲੱਗ ਪਏ ਸਨ ਤੇ ਉਨ੍ਹਾਂ ਦੇ ਹੱਕ ਦੀ ਗੱਲ ਕਰਦੇ ਸਨ। ਬੁੱਲੇ ਸ਼ਾਹ ਵਰਗੇ ਆਜ਼ਾਦ ਹੋ ਕੇ ਲਿਖਦੇ ਸਨ, ਉਹ ਸੂਫੀ ਵਾਦ ਨੂੰ ਛੱਡ ਦਿੰਦੇ ਹਨ ਤੇ ਖੁੱਲ੍ਹੇ ਤੌਰ ਤੇ ਵਿਦਰੋਹ ਕਰਨ ਲੱਗ ਪੈਂਦੇ ਹਨ। ਇਸਲਾਮ ਦੇ ਧਾਰਮਿਕ ਸਥਾਨਾ ਦੇ ਖਿਲਾਫ਼ ਬੋਲਣ ਲੱਗ ਪੈਂਦੇ ਹਨ। ਤੇ ਸਾਡੀਆਂ ਯੂਨੀਵਰਸਿਟੀਆਂ , ਵਿਦਵਾਨ ਬੁੱਲੇ ਸ਼ਾਹ ਨੂੰ ਉਨ੍ਹਾਂ ਸੂਫ਼ੀਆਂ ਵਿਚ ਰਲ਼ਾ ਕੇ ਸੂਫ਼ੀ ਕਵੀ ਦੇ ਤੌਰ ਤੇ ਪੇਸ਼ ਕਰੀ ਜਾ ਰਹੀਆਂ ਹਨ।

ਯੂਰਪ 'ਚ ਆਦਿ ਵਾਸੀ ਕਬੀਲੇ ਉਥੇ ਵੀ ਸਨ, ਏਥੇ ਵੀ ਸਨ, ਪਰ ਯੂਰਪ ਵਿਚ ਕੀ ਹੋਇਆ ਕਿ ਟਰਾਈਬਲ ਮਸਲਿਆਂ ਨੂੰ ਉਥੋਂ ਦੀਆਂ ਜਨ-ਜਾਤੀਆਂ ਨੂੰ ਮਾਰ ਕੇ ਹੱਲ ਕੀਤੇ ਉਨ੍ਹਾਂ ਨੂੰ ਗੁਲਾਮ ਬਣਾ ਲਿਆ, ਉਨ੍ਹਾਂ ਦੀਆਂ ਬੋਲੀਆਂ ਲੱਗਣ ਲੱਗ ਪਈਆਂ। ਭਾਰਤ ਨੇ ਵਿਚਾਰਧਾਰਕ ਤੌਰ ਤੇ ਜਨ-ਜਾਤੀਆਂ ਨੂੰ ਕਾਬੂ ਕੀਤਾ। ਮੈਂ ਜਦੋਂ ਕਬੀਰ ਪੰਥੀਆਂ 'ਤੇ ਕੰਮ ਕਰ ਰਿਹਾ ਸੀ ਜੰਮੂ ਰਿਆਸਤ ਦੇ ਕੋਲ ਸਿਆਲਕੋਟ ਦੇ ਆਸ ਪਾਸ ਟਰਾਈਬ ਮੇਘ ਬਰਾਦਰੀ ਦੇ ਲੋਕ ਰਹਿੰਦੇ ਸਨ, ਉਨ੍ਹਾਂ 'ਤੇ ਜੋ ਰਾਜਪੂਤ ਜ਼ੁਲਮ ਕਰਦੇ ਸਨ, ਉਹ ਕਹਾਣੀਆਂ ਵੱਖਰੀਆਂ ਹਨ ਜਦੋਂ ਸਿਆਲਕੋਟ ਵਿਚ ਉਦਯੋਗੀਕਰਣ ਹੋਇਆ ਉਥੇ ਚਮੜੇ ਦਾ , ਖੇਡਾਂ ਦਾ ਕੰਮ ਸ਼ੁਰੂ ਹੋਇਆ ਕੱਪੜੇ ਦਾ ਕੰਮ ਸਭ ਤੋਂ ਵੱਧ ਸ਼ੁਰੂ ਹੋਇਆ ਤਾਂ ਇਹ ਮੇਘ ਬਰਾਦਰੀ 'ਚੋਂ ਮਜ਼ਦੂਰਾਂ ਦੀ ਲੋੜ ਪਈ, ਰਿਕਰੂਟਮੈਂਟ ਦੀ ਲੋੜ ਪਈ। ਪਹਿਲੀ ਸ਼ਤਾਬਦੀ ਤੋਂ ਚੌਥੀ ਸ਼ਤਾਬਦੀ ਦਾ ਸਮਾਂ ਭਾਰਤ ਸੋਨੇ ਦੀ ਚਿੜੀ ਹੈ। ਸਾਡੀ ਸਾਰੀ ਰਿਕਰੂਟਮੈਂਟ ਟ੍ਰਾਈਬਲ ਲੋਕਾਂ ਤੋਂ ਪੂਰੀ ਹੋਈ ਹੈ। ਆਦਿ ਵਾਸੀ ਕਬੀਲਿਆ ਨੂੰ ਖਤਮ ਕਰ ਹੀ ਨਹੀਂ ਸੀ ਸਕਦੇ ਕਿਉਂਕਿ ਸਾਨੂੰ ਬੰਦਿਆ ਦੀ ਲੋੜ ਸੀ, ਫਿਰ ਜਦੋਂ ਅਸੀਂ ਜੰਗਲ ਕਟ ਰਹੇ ਸੀ ਸਾਨੂੰ ਕਿਸਾਨਾਂ ਦੀ ਲੋੜ ਸੀ। ਅਸੀਂ ਉਨ੍ਹਾਂ ਨੂੰ ਮਾਰਿਆ ਨਹੀਂ ਅਸੀਂ ਪੁਰਾਣਾ ਰਾਹੀਂ, ਬ੍ਰਾਹਮਣਕ ਸੰਸਕਾਰਾਂ ਰਾਹੀਂ ਉਨ੍ਹਾਂ ਨੂੰ ਆਪਣੇ 'ਚ ਸ਼ਾਮਿਲ ਕੀਤਾ। ਤੇ ਸ਼ਾਮਿਲ ਕਰਕੇ ਜਾਤਾਂ ਦੀ ਜਕੜ ਬੰਦੀ ਵਿਚ ਬੰਨ੍ਹ ਦਿੱਤਾ। ਔਰਤਾਂ ਨੂੰ ਵੀ ਵਿਚੇ ਹੀ। ਮੈਟ੍ਰੀਆਰਕਲ ਸੁਸਾਇਟੀ ਵਿਚ ਔਰਤ ਨੂੰ ਪੂਰੀ ਮਾਨਤਾ ਸੀ, ਕਹਿੰਦੇ ਨੇ ਨਾ ਬਈ ਜੰਗਲ ਵੱਲ ਨਾ ਜਾਇਓ ਓਧਰ ਔਰਤਾਂ ਬੰਦੇ ਨੂੰ ਦੁੰਬਾ ਬਣਾ ਦਿੰਦੀਆਂ ਹਨ। ਅੱਜ ਵੀ ਹਿਮਾਚਲ ਦੇ ਪਹਾੜੀ ਇਲਾਕਿਆਂ ਵਿਚ ਔਰਤ ਖੇਤੀ ਕਰਦੀ ਹੈ ਔਰਤ ਤਿੰਨ-ਤਿੰਨ ਮਰਦਾਂ ਕੋਲੋਂ ਖੇਤੀ ਦਾ ਕੰਮ ਕਰਾਉਂਦੀ ਹੈ। ਇਸ ਸੰਘਰਸ਼ 'ਚ ਸੱਤਾਂ ਪ੍ਰਾਪਤ ਲੋਕ ਜਿੱਤ ਜਾਂਦੇ ਹਨ ਤੇ ਔਰਤ ਗੁਲਾਮ ਬਣ ਜਾਂਦੀ ਏ। ਜੋ ਇਸਲਾਮ 'ਚ ਤਿੰਨ-ਤਿੰਨ ਔਰਤਾਂ ਦੀ ਗੱਲ ਹੈ। ਇਸਲਾਮ ਫਿਊਡਲ ਸੁਸਾਇਟੀ ਵਿਚ ਮਰਦ ਪ੍ਰਧਾਨ ਹੋਵੇਗਾ ਤੇ ਔਰਤ ਦਾ ਸ਼ੋਸ਼ਣ ਹੋਵੇਗਾ। ਇਸਲਾਮ ਟਰਾਈਬਲ ਸੁਸਾਇਟੀ ਤੋਂ ਫਿਊਡਲ ਸੁਸਾਇਟੀ ਵੱਲ ਪ੍ਰਵੇਸ਼ ਕਰਦਾ ਹੈ। ਮਾਡਰਨ ਸੁਸਾਇਟੀ ਇਸਲਾਮ ਦੀ ਬਣੀ ਹੀ ਨਹੀਂ। ਯੂਰਪ ਨੇ ਪੂਰੀ ਦੀ ਪੂਰੀ ਫਲਾਸਫੀ ਤੇ ਵਿਚਾਰਧਾਰਾ ਨੂੰ ਪਕੜ ਵਿਚ ਲੈ ਆਂਦਾ ਤੇ ਉਹ ਮਾਡਰਨ ਬਣ ਗਏ, ਤੇ ਗਰੀਬ ਦੇਸ਼ਾਂ ਨੂੰ ਆਧੁਨਿਕ ਤਰੀਕਿਆਂ ਨਾਲ ਦਬਾ ਲਿਆ। ਵਿਕਾਸ ਤਾਂ ਟੈਕਨੌਲਜੀ ਤੇ ਫਲਾਸਫੀ ਨਾਲ ਹੀ ਹੋਣਾ ਹੈ। ਆਧੁਨਿਕ ਬਣਾਉਣ ਲਈ ਮਜ਼ਦੂਰ ਨੂੰ, ਔਰਤ ਨੂੰ, ਆਜ਼ਾਦ ਕਰਨਾ ਪਵੇਗਾ, ਲੋਕ ਕਹਿੰਦੇ ਹਨ ਕਿ

ਵਿਦੇਸ਼ਾਂ 'ਚ ਭਾਰਤੀ ਬਹੁਤ ਕੰਮ ਕਰਦੇ ਹਨ, ਏਥੇ ਨਹੀਂ ਕਰਦੇ। ਕੰਮ ਕੀ ਕਰਨ ? , ਕਮਾਈ ਤਾਂ ਸਾਰੀ ਕੰਮ ਕਰਾਉਣ ਵਾਲੇ ਖਾ ਜਾਂਦੇ ਹਨ।

ਸਿੱਖ ਇਤਿਹਾਸ ਸਾਰੇ ਵਿਦਵਾਨ ਗਲਤ ਲਿਖੀ ਜਾ ਰਹੇ ਹਨ। ਉਹ ਕਿਉਂ ਸਿੱਖ ਇਤਿਹਾਸ ਨੂੰ ਇਸ ਤਰ੍ਹਾਂ ਲਿਖ ਰਹੇ ਹਨ, ਇਸ ਨੂੰ ਜਾਨਣਾ ਵੀ ਜ਼ਰੂਰੀ ਹੈ। ਅੰਗਰੇਜ਼ਾਂ ਦੇ ਆਉਣ ਦੌਰਾਨ ਪੰਜਾਬ 'ਚ 55 % ਮੁਸਲਿਮ ਰਹਿੰਦੇ ਹਨ, ਬਾਕੀ ਏਥੇ ਆਰੀਆ ਸਮਾਜੀ ਹਨ, ਸਨਾਤਨ ਧਰਮੀ ਹਨ ਆਦਿ ਧਰਮੀ ਹਨ, ਵਾਲਮੀਕੀ ਹਨ, ਤੇ ਸਿੱਖ ਧਰਮ ਦੀ ਅਬਾਦੀ 13 ਪ੍ਰਤੀਸ਼ਤ ਦੇ ਕਰੀਬ ਹੈ। ਸਿੱਖਾਂ ਦੀ ਐਨੀ ਥੋੜ੍ਹੀ ਅਬਾਦੀ ਹੋਵੇ ਤੇ ਅੱਜ ਸਿੱਖ ਇਤਿਹਾਸ ਪੰਜਾਬ ਦਾ ਇਸ ਤਰ੍ਹਾਂ ਲਿਖਿਆ ਜਾਵੇ ਬਈ ਉਨ੍ਹਾਂ ਨੇ ਪੂਰੇ ਪੰਜਾਬ ਨੂੰ ਕਵਰ ਕਰ ਲਿਆ ਹੈ, ਇੰਝ ਮਹਿਸੂਸ ਹੋਵੇ ਕਿ ਜਿਵੇਂ ਪੰਜਾਬ 'ਚ ਹੋਰ ਕੋਈ ਕਾਸਟ ਹੁੰਦੀ ਹੀ ਨਹੀਂ, ਇਹ ਇਤਿਹਾਸਕਾਰੀ ਨਹੀਂ ਹੈਗੀ। ਇਤਿਹਾਸ ਦੀ ਡੋਮੀਨੇਸ਼ਨ ਹੈ। ਹੁਣ ਪ੍ਰੋ. ਪੂਰਨ ਸਿੰਘ ਕਹਿੰਦਾ ਹੈ 'ਪੰਜਾਬ ਵਸਦਾ ਗੁਰਾਂ ਦੇ ਨਾਂ ਤੇ' ਪੰਜਾਬ ਕਿੱਦਾਂ ਗੁਰੂ ਦੇ ਨਾਂ ਤੇ ਵਸਦਾ ਹੈ ?, ਏਥੇ 55 ਪ੍ਰਤੀਸ਼ਤ ਮੁਸਲਿਮ ਹਨ ਕੀ ਉਹ ਬੰਦੇ ਨਹੀਂ ਸਨ ? ਜਾਂ ਬਾਕੀ ਜਾਤਾਂ ਦੇ ਲੋਕ ਬੰਦੇ ਨਹੀਂ ਸਨ, ਇਸ ਤੁਕ ਦੀ ਵਿਆਖਿਆ ਸ਼ੁਰੂ ਕਰ ਦਿਓ ਤੇ ਸਿੱਖ ਇਤਿਹਾਸ ਲੱਭਣਾ ਸ਼ੁਰੂ ਕਰ ਦਿਓ ਐਂ ਲੱਗੇ ਗੁਰੂ ਨਾਨਕ ਦੇ ਸਮੇਂ ਵੀ ਇਸ ਤਰ੍ਹਾਂ ਸਿੱਖ ਧਰਮ ਰਿਹਾ ਹੋਣਾ ਹੈ। ਪੰਜਵੀਂ ਸ਼ਤਾਬਦੀ ਤੋਂ ਬਾਅਦ ਇਥੇ ਪੰਜਾਬ 'ਚ ਗੁਪਤਿਆਂ ਦਾ ਰਾਜ ਆਉਂਦਾ ਹੈ। ਇਨ੍ਹਾਂ ਦੇ ਰਾਜ ਤੋਂ ਬਾਅਦ ਪੰਜਾਬ ਮੂਲ ਧਾਰਾ ਤੋਂ ਕੱਟ ਗਿਆ ਸੀ। ਇਹ ਇਤਿਹਾਸਕ ਤੱਥ ਹੈ। ਭਾਵੇਂ ਕਿ ਪੰਜਾਬ ਸੋਨੇ ਦੀ ਚਿੜੀ ਵੀ ਰਿਹਾ, ਕੇਂਦਰ ਵਿਚ ਵੀ ਰਿਹਾ ਪਰ ਇਸ ਪੀਰੀਅਰਡ ਵਿਚ। ਏਥੇ 12ਵੀਂ-13 ਵੀਂ ਸ਼ਤਾਬਦੀ 'ਚ ਤੁਰਕ ਆ ਜਾਂਦੇ ਹਨ, ਇਹ ਸੂਚਨਾ ਬਾਬਾ ਫਰੀਦ ਤੋਂ ਮਿਲਦੀ ਹੈ। ਬਾਬਾ ਫਰੀਦ ਪਾਕ ਪਟਨ 'ਚ ਆਏ। ਉਥੇ ਰੇਤ ਦਾ ਟਿੱਬਾ ਸੀ। ਰੇਤ ਦੇ ਟਿੱਬੇ 'ਚ ਕੁਟੀਆ ਬਣਾਈ। ਬਾਬਾ ਫਰੀਦ ਤੋਂ 15-20 ਸਾਲ ਤੱਕ ਪਾਕ ਪਟਨ ਇਕ ਟਰੇਡਿੰਗ ਸੈਂਟਰ ਬਣ ਗਿਆ ਸੀ। ਤੁਰਕ ਉਸ ਵੇਲੇ ਸਭ ਤੋਂ ਵਧੇਰੇ ਵਪਾਰ ਕਰਕੇ ਦਰਾ ਖ਼ੈਬਰ ਤੋਂ ਪੰਜਾਬ 'ਚ ਆਉਂਦੇ ਸਨ। ਇਹ ਲੋਕ ਰਿਫਿਊਜ਼ੀ ਸਨ, ਬਾਬਾ ਫਰੀਦ ਵੀ ਰਿਫਿਊਜ਼ੀ ਦੇ ਤੌਰ ਤੇ ਆਇਆ ਸੀ। ਮੰਗੋਲਾਂ ਦੇ ਧੱਕੇ ਹੋਏ, ਮੰਗੋਲਾਂ ਦੇ ਜ਼ੁਲਮ ਦੇ ਸਤਾਏ ਇਹ ਸਾਰੇ ਲੋਕ ਸਨ। ਨੂਰ ਜਹਾਂ ਵੀ ਨਾਲ ਸੀ। ਕਾਫ਼ਲੇ ਵਿਚ ਲੋਕ ਆਉਂਦੇ ਸਨ ਤੇ ਪੰਜਾਬ 'ਚ ਆ ਕੇ ਵਸਦੇ ਜਾਂਦੇ ਸਨ। ਉਥੋਂ ਉਹ ਨਾਲ ਲੈ ਕੇ ਆਏ ਹੱਥੀਂ ਕੰਮ ਕਰਨ ਦੀ ਕਲਾ, ਇਕ ਉਹ ਚਰਖਾ ਲੈ ਕੇ ਆਏ ਜਿਸ ਨਾਲ ਸੂਤ ਕੱਤਿਆ ਜਾਂਦਾ ਸੀ। ਫਿਰ ਲਿਆਏ ਉਹ ਕੁਤਬ ਮਿਨਾਰ ਸੂਈ ਜਿਹਦੇ ਨਾਲ ਸਮੁੰਦਰ ਦੇ ਜਹਾਜ ਚੱਲਦੇ ਸਨ। ਸਭ ਤੋਂ ਅਹਿਮ ਗੱਲ ਇਹ ਹੈ ਕਿ 13 ਵੀਂ ਸ਼ਤਾਬਦੀ ਵਿਚ ਇਹ ਲੋਕ ਭਾਰਤ ਵਿਚ ਕਾਗਜ਼ ਲੈ ਕੇ ਆਏ। ਇਸ ਤੋਂ ਪਹਿਲਾ ਭੋਜ ਪੱਤਰ ਲਿਖੇ ਜਾਂਦੇ ਸਨ ਚੀਨ 'ਚ 11 ਵੀਂ ਸ਼ਤਾਬਦੀ ਵਿਚ ਕਾਗਜ਼ ਆ ਗਿਆ ਸੀ, ਭਾਰਤ ਵਿਚ 13 ਵੀ ਸ਼ਤਾਬਦੀ ਵਿਚ ਆਇਆ। ਪੰਜਾਬ ਵਿਚ ਇਕ ਨਵੀਂ ਆਰਥਿਕ ਕ੍ਰਾਂਤੀ ਆਉਂਦੀ ਹੈ। ਬਈ ਕੱਪੜੇ ਦਾ ਕੰਮ ਹੋ ਰਿਹਾ, ਚਮੜੇ ਦਾ ਕੰਮ ਹੋ ਰਿਹਾ ਹੈ। ਆਬਾਦੀ ਵਧ ਗਈ ਹੈ ਜੇ ਆਪਾ ਕਹਿੰਦੇ ਹਾਂ ਕਿ ਹਿੰਦੋਸਤਾਨ ਵਿਚ ਅੰਗਰੇਜ਼ਾਂ ਦੇ ਆਉਣ ਨਾਲ ਪੰਜਾਬ ਵਿਚ 55 ਪ੍ਰਤੀਸ਼ਤ ਮੁਸਲਿਮ ਸਨ ਤਾਂ ਅਸੀਂ ਸਮਝ ਸਕਦੇ ਹਾਂ ਕਿ ਉਸ ਸਮੇਂ ਪੰਜਾਬ ਵਿਚ ਮੁਸਲਮਾਨਾਂ ਦੀ ਆਬਾਦੀ ਬਹੁਤ ਵਧੇਰੇ ਸੀ। ਐਨਾ ਕੰਮ ਪੰਜਾਬ 'ਚ ਸੀ ਤਾਂ ਸਵਾਲ ਹੈ ਰਿਕਰੂਟਮੈਂਟ ਕਿੱਥੋਂ ਹੋਈ ਫੇਰ ਉਤਰੀ ਭਾਰਤ 'ਚੋਂ ਸ਼ਿਲਪੀ ਏਥੇ ਆਏ। ਉਦੋਂ ਪੇਸ਼ਾਵਰ ਲੋਕ ਜਿਨ੍ਹਾਂ ਨੂੰ ਦਲਿਤ ਅਸੀਂ ਕਹਿੰਦੇ ਹਾਂ, ਬਹੁਤ ਵੱਡੀ ਸੰਖਿਆ ਵਿਚ ਪੰਜਾਬ ਆਏ, ਏਥੇ ਉਨ੍ਹਾਂ ਨੂੰ ਕੰਮ ਮਿਲ ਰਿਹਾ ਸੀ ਤੇ ਨਕਦ ਅਦਾਇਗੀ ਹੋ ਰਹੀ ਸੀ। ਫੇਰ ਏਥੇ ਖੱਤਰੀ, ਅਰੋੜੇ ਪੰਜਾਬ ਆਏ ਜਿਨ੍ਹਾਂ ਨੇ ਵਪਾਰ ਨੂੰ ਬਹੁਤ ਪ੍ਰਭਾਵਿਤ ਕੀਤਾ ਇਹ ਮੱਧ ਭਾਰਤ 'ਚੋਂ ਆਏ ਲੱਗਦੇ ਹਨ। ਇਹ ਲੋਕ ਏਥੇ ਆ ਕੇ ਕੰਮ ਸੰਭਾਲਦੇ ਹਨ। ਮੁਸਲਮਾਨ ਜਾਂ ਤਾਂ ਕਿਸਾਨ ਹਨ, ਜਾਂ ਹੱਥੀ ਕੰਮ ਕਰਨ ਵਾਲੇ ਹਨ, ਜਾਂ ਜੁਲਾਹੇ ਹਨ, ਨਾਨਕ ਤੋਂ ਬਾਅਦ ਇਹ ਕਲਾਸ



ਖੱਤਰੀ-ਅਰੋੜੇ ਇਕ ਸ਼ਹਿਰ ਬਣਾਉਂਦੇ ਹਨ ਇਹ ਲੋਕ ਟਰੇਡ ਨਾਲ ਜੁੜੇ ਹੋਏ ਲੋਕ ਹਨ ਹੁਣ ਖੱਤਰੀ-ਅਰੋੜੇ ਨੂੰ ਪੰਜਾਬ ਵਿਚ ਇਕ ਪਹਿਚਾਣ ਚਾਹੀਦੀ ਹੈ। ਇਹ ਜੋ ਪਹਿਲਾ ਨਾਨਕ ਸਿੱਖ ਧਰਮ ਬਣਦਾ ਹੈ, ਇਸ ਨੂੰ ਨਾਨਕ ਪੰਥੀ ਵੀ ਕਹਿ ਲਓ ਇਹ ਖੱਤਰੀ-ਅਰੋੜੇ ਦਾ ਸਿੱਖ ਧਰਮ ਬਣਦਾ ਹੈ ਨਾ ਇਸ ਵਿਚ ਦਲਿਤ ਹਨ, ਨਾ ਹੀ ਮੁਸਲਿਮ। ਉਦੋਂ ਪੂਰੇ ਭਾਰਤ ਵਿਚ ਇਹ ਲਹਿਰ ਚੱਲ ਰਹੀ ਸੀ ਕਿ ਗੈਰ ਇਸਲਾਮਕ ਲੋਕ ਆਪਣੀ ਪਹਿਚਾਣ ਕਿਵੇਂ ਕਰਨ ਤੇ ਪੰਜਾਬ 'ਚ ਇਸ ਤਰ੍ਹਾਂ ਹੋ ਰਿਹਾ ਸੀ। ਇਹ ਕਲਾਸ ਪੈਸੇ ਵਾਲੀ ਸੀ, ਇਹ ਧਰਮ ਲਈ ਦਸਵੰਧ ਕੱਢਣ ਲੱਗੇ, ਹੁਣ ਦਸਵੰਧ ਜੁਲਾਹਾ , ਤੇ ਦਲਿਤ ਥੋੜਾ ਕੱਢੇਗਾ। ਉਹ ਕਿਥੋਂ ਕੱਢੇਗਾ ? ਫੇਰ ਜਦੋਂ ਪੈਸਾ ਇਕੱਠਾ ਹੁੰਦਾ ਹੈ ਤਾਂ ਉਹ ਕਹਿੰਦੇ ਹਨ ਕਿ ਇਹ ਗੱਦੀ ਸਾਡੀ ਜਾਤ ਵਿਚ ਰਹੇਗੀ। ਉਹ ਫਿਰ ਰਾਜੇ ਕੋਲ ਜਾਂਦੇ ਸਨ। ਰਾਜਾ ਇਕ ਅੱਧੇ ਨੂੰ ਸਜ਼ਾ ਦੇ ਕੇ ਗੱਦੀ ਦੇ ਦਿੰਦਾ ਸੀ। ਸੋ ਅਸੀਂ ਸਿੱਖ ਧਰਮ ਇਤਿਹਾਸਕਾਰੀ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਹੀ ਕਰਦੇ ਹਾਂ ਪਹਿਲਾ ਪੰਜਾਬ ਕਿਹੋ ਜਿਹਾ ਸੀ, ਕੌਣ ਸਨ ਏਥੇ ਅਸੀਂ ਰੋਲ ਘਚੋਲ ਕਰ ਰਹੇ ਹਾਂ। ਸਾਡੇ ਕੋਲ ਕੋਈ ਸਿੱਖ ਹਿਸਟੋਰੀਅਨ ਨਹੀਂ ਹੈ। ਐਵੇਂ ਕਥਾ-ਕਹਾਣੀਆਂ ਦੇ ਆਧਾਰ 'ਤੇ ਸਿੱਖ ਇਤਿਹਾਸ ਨੂੰ ਖੜਾ ਕਰਦੇ ਹਨ। ਬਾਬੇ ਨਾਨਕ ਦੀਆਂ ਚਮਤਕਾਰੀ ਕਹਾਣੀਆਂ ਦੇ ਆਧਾਰ ਤੇ ਸਿੱਖ ਇਤਿਹਾਸ ਨੂੰ ਖੜਾ ਕਰਦੇ ਹਾਂ ਦੇਖੋ ਬਾਬਾ ਨਾਨਕ 14 ਵੀਂ ਸਦੀ ਵਿਚ ਪੰਜਾਬ ਆਉਂਦਾ ਹੈ ਤੇ ਜਦੋਂ ਮੁਸਲਮਾਨ ਪੰਜਾਬ ਆਉਂਦੇ ਹਨ ਉਹ ਹੈ 13 ਵੀਂ ਸ਼ਤਾਬਦੀ ਇਹ 200 ਸਾਲ ਵਿਚ ਪੰਜਾਬ 'ਚ ਬਹੁਤ ਚੇਂਜ ਆਉਂਦੀ ਹੈ। ਜਿਵੇਂ ਭਾਰਤ ਦੇ ਬਾਕੀ ਥਾਵਾਂ ਤੇ ਕਬੀਰ ਪੰਥੀ ਬਣੇ, ਦਾਦੂ, ਨਾਮਦੇਵ ਪੰਥੀ ਬਣੇ ਸਨ, ਉਸੇ ਤਰ੍ਹਾਂ ਨਾਨਕ ਪੰਥੀ ਵੀ ਬਣੇ। ਫੇਰ ਨਾਨਕ ਤੋਂ ਬਾਅਦ ਭਗਤੀ ਦੀ ਇਕ ਫਿਲਾਸਫੀ ਹੈ, ਨਾਮ ਸਿਮਰਨ ਦੀ ਫਲਾਸਫੀ ਹੈ ਗੁਰੂ ਅਰਜਨ ਦੇਵ ਦੇ ਰਿਹਾ ਹੈ ਜੋ ਕਹਿੰਦਾ ਹੈ 'ਸਾਧ ਦਾ ਨਿੰਦਕ ਬ੍ਰਿਸ਼ਟ ਕਾ ਕੀੜਾ' ਅੱਜ ਦੇ ਪ੍ਰਸੰਗ ਵਿਚ ਨਾਮ ਮੁਕਤੀ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਕਿਹਾ ਜਾਂਦਾ ਹੈ 'ਜਿੱਤ ਜੰਮੇ ਰਾਜਾਨ ...' ਸਿੱਖੀ ਜੱਟ ਨਾਲ ਜੁੜੀ ਹੈ। ਡਾ. ਅੰਬੇਡਕਰ ਨੇ ਕਿਹਾ ਕਿ ਜਦ ਤੱਕ ਜਾਤਾਂ ਡਲਿਊਟ ਨਹੀਂ ਹੁੰਦੀਆਂ, ਜਦ ਤੱਕ ਨਹੀਂ ਮਿਟਦੀਆਂ ਉਦੋਂ ਤੱਕ ਧਰਮ ਕਿਵੇਂ ਬਣ ਸਕਦਾ ਹੈ। ਅਸੀਂ ਹਰ ਗੱਲ ਦਾ ਫੈਸਲਾ ਜਾਤਾ ਦੇ ਆਧਾਰ 'ਤੇ ਕਰਦੇ ਹਾਂ ਧਰਮ ਦੇ ਅਧਾਰ 'ਤੇ ਨਹੀਂ।

ਹੁਣ ਸਥਿਤੀ ਕੀ ਹੈ ਪੰਜਾਬ ਵਿਚ ਧਰਮ ਤਾਂ ਹੈ ਹੀ ਨਹੀਂ, ਡੇਰੇ ਹਨ, ਲੋਕਾਂ ਦੇ ਆਪਣੇ ਡੇਰੇ ਹਨ ਮੱਠ ਹਨ। ਹਿੰਦੂ ਧਰਮ ਨੇ ਇਹ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਹਿੰਦੂ ਧਰਮ ਨੂੰ ਯੂਨੀਫ਼ਾਰਮ ਰਿਲੀਜ਼ਨ ਬਣਾ ਸਕੀਏ। ਪਹਿਲਾ ਕਲੋਨੀਅਲ ਪੀਰੀਅਡ ਸੀ ਹੁਣ ਮਲਟੀ ਨੈਸ਼ਨਲ ਕੰਪਨੀ ਪੀਰੀਅਡ ਹੈ, ਪੂੰਜੀਵਾਦ ਕਿਓਂ ਨਹੀਂ ਆ ਰਿਹਾ। ਡਾ. ਅੰਬੇਡਕਰ ਦਾ ਬੜਾ ਕ੍ਰਾਂਤੀਕਾਰੀ ਯਤਨ ਸੀ ਕਿ ਜਾਤਾਂ ਨੂੰ ਖਤਮ ਕਰਨ ਲਈ ਅਸੀਂ ਬੁੱਧ ਧਰਮ ਲੈ ਆਈਏ ਸ਼ਾਇਦ ਜਾਤਾਂ ਖਤਮ ਹੋ ਜਾਣ ਜਿਸ ਤਰ੍ਹਾਂ ਮੈਂ ਸਿੱਖ ਇਤਿਹਾਸ ਨੂੰ ਦੇਖਦਾ ਹਾਂ ਉਸੇ ਤਰ੍ਹਾਂ ਮੈਂ ਭਗਤੀ ਲਹਿਰ ਨੂੰ ਦੇਖਦਾ ਹਾਂ।


ਹੁਣ ਆਪਾਂ ਤੁਰਕਾਂ ਦੇ ਆਉਣ ਤੋਂ ਬਾਅਦ ਜੁਲਾਹੇ ਲੈ ਲਈਏ। ਕਬੀਰ ਦਾ ਪਿਛੋਕੜ ਸਾਰੇ ਦੇ ਸਾਰਾ ਸਿੱਧਾਂ ਨਾਥਾਂ ਨਾਲ ਹੈ। ਨਾਥਾਂ ਦੀ ਟ੍ਰੀਡੀਸ਼ਨ ਐਂਟੀ ਬ੍ਰਾਹਮਣਿਕ ਟ੍ਰੀਡੀਸ਼ਨ ਹੈ, ਲੇਕਿਨ ਏਥੇ ਆ ਗਈ ਉਨ੍ਹਾਂ ਦੀ ਸ਼ੋਸ਼ਲ ਮੂਵਲੈਟੀ ਉਹ ਸ਼ਹਿਰ 'ਚ ਰਹਿ ਕੇ ਕੱਪੜਾ ਬਣਾਉਂਦਾ ਹੈ ਤੇ ਦੁਕਾਨ 'ਤੇ ਦੇ ਕੇ ਪੈਸੇ ਜੇਬ ਵਿਚ ਪਾ ਲੈਂਦਾ ਹੈ ਇੰਝ ਉਸ ਦੀ ਆਰਥਿਕਤਾ 'ਚ ਤਬਦੀਲੀ ਆਉਂਦੀ ਹੈ। ਤਾਂ ਫਿਰ ਉਹ ਆਪਣੀ ਹੋਂਦ ਜਿਤਾਉਣਾ ਚਾਹੁੰਦਾ ਹੈ ਕਬੀਰ ਵਰਗੇ ਲੋਕ ਗੈਰ ਮੁਸਲਿਮ ਲੋਕ ਨੇ ਇਹ ਉਹ ਲੋਕ ਹਨ, ਜਿਹੜੇ ਕਬੀਲਿਆ 'ਚ ਆਏ, ਜੋ ਬ੍ਰਾਹਮਣ ਸਮਾਜ ਨੂੰ ਨਹੀਂ ਮੰਨਦੇ ਉਹ ਹੁਣ ਮੇਨ ਸਟਰੀਮ ਬਣਾਉਣੇ ਚਾਹੁੰਦੇ ਸਨ, ਉਨ੍ਹਾਂ ਨੂੰ ਅੱਗੇ ਭਗਤੀ ਤੋਂ ਇਲਾਵਾ ਕੁਝ ਦਿਸਦਾ ਹੀ ਨਹੀਂ। ਉਨ੍ਹਾਂ ਦੀ ਚੇਤਨਾ ਵਿਚ ਭਗਤੀ ਪਈ ਹੈ। ਕੀ ਹੋਇਆ ਕਿ ਸਾਡੇ ਸਮਾਜ ਨੇ ਸਾਇੰਸ ਨੂੰ ਮਾਰ ਦਿੱਤਾ ਉਹ ਕਿਵੇਂ ਜੋ ਸਰਜਨ ਹੁੰਦੇ ਸਨ ਉਨ੍ਹਾਂ ਨੂੰ ਅਛੂਤ ਸਮਝਿਆ ਜਾਂਦਾ ਸੀ। ਮੈਂ ਕਈ ਉਦਾਹਰਨਾ ਦੇ ਸਕਦਾ ਹਾਂ ਕਿ ਏਥੋਂ ਦੇ ਡਾਕਟਰ ਅਛੂਤ ਮੰਨੇ

ਜਾਂਦੇ ਸਨ। ਐਲਬਰੂਨੀ ਜਦੋਂ ਭਾਰਤ ਆਇਆ ਤਾਂ ਉਹਨੇ ਦੇਖਿਆ ਜੋ ਬ੍ਰਾਹਮ ਗੁਪਤ ਹੈ, ਉਹਨੂੰ ਪਤਾ ਹੈ ਕਿ ਸੂਰਜ ਗ੍ਰਹਿਣ ਕਿਵੇਂ ਲੱਗਦਾ ਹੈ, ਚੰਦ ਗ੍ਰਹਿਣ ਕਿਵੇਂ ਲੱਗਦਾ ਹੈ, ਧਰਤੀ ਤੋਂ ਸੂਰਜ ਕਿਨੀ ਦੂਰੀ 'ਤੇ ਹੈ, ਲੇਕਿਨ ਇਸਦੇ ਬਾਵਜੂਦ ਵੀ ਮਿਥਿਹਾਸਕ ਕਹਾਣੀਆਂ ਲਿਆ ਰਿਹਾ ਹੈ, ਸੱਤਾ ਦੀ ਪਾਵਰ ਲੌਬੀ ਦਾ ਐਨਾ ਡਰ ਸੀ ਉਹ ਸੱਚ ਕਹਿਣ ਤੋਂ ਡਰਦਾ ਸੀ। ਮੈਂ ਜੋ ਗੱਲ ਏਥੇ ਸਿੱਖ ਇਤਿਹਾਸ ਬਾਰੇ ਕਹੀ ਹੈ ਇਸ ਤੇ ਚਰਚਾ ਹੋਵੇ ਤਾਂ ਤੂਫ਼ਾਨ ਖੜਾ ਹੋ ਜਾਵੇ... ਜਿਸ ਤਰ੍ਹਾਂ ਅਕਾਲ ਤਖਤ ਦਾ ਡਰ ਹੈ, ਕਿਵੇਂ ਯੂਨੀਵਰਸਿਟੀਆਂ 'ਚ ਉਹ ਲੋਕ ਖੋਜ ਨਹੀਂ ਕਰਨ ਦਿੰਦੇ ਜੇ ਗੁਰਬਾਣੀ ਤੇ ਗੁਰੂ ਗ੍ਰੰਥ ਸਾਹਿਬ ਤੇ ਕੋਈ ਥੀਸਿਸ ਲਿਖਣਾ ਹੋਵੇ ਤਾਂ ਉਹ ਅਕਾਲ ਤਖਤ ਵਾਲੇ ਕਹਿੰਦੇ ਹਨ ਕਿ ਸਾਡੇ ਤੋਂ ਸਕਿਊਟਨੀ ਕਰਵਾਓ... ਸੋ ਉਦੋਂ ਅਦਾਰਿਆ ਦਾ ਐਨਾ ਦਬਾਅ ਸੀ ਐਲਬਰੂਨੀ ਕਹਿੰਦਾ ਹੈ ਕਿ ਧਾਰਮਿਕ ਸੰਸਥਾਵਾਂ ਦਾ ਐਨਾ ਦਬਾਅ ਸੀ ਉਸ ਵੇਲੇ ਕੋਈ ਬੰਦਾ ਸੁਤੰਤਰ ਤਰੀਕੇ ਨਾਲ ਆਪਣੀ ਵਿਗਿਆਨਕ ਗੱਲ ਨਹੀਂ ਸੀ ਕਹਿ ਸਕਦਾ। ਫਿਰ ਵਿਗਿਆਨਕ ਦੀ ਕਿਵੇਂ ਤਰੱਕੀ ਹੁੰਦੀ ? ਸਾਡੇ ਕੋਲ ਰਹਿ ਕੀ ਜਾਂਦਾ ਹੈ ਕੇਵਲ ਭਗਤੀ। ਹੈਟਰੋਜੀਨੀਅਸ ਦੀ ਸਿੱਧਾ ਦੀ ਪ੍ਰੰਪਰਾ ਭਗਤੀ ਪ੍ਰੰਪਰਾ ਦੇ ਆਉਣ ਨਾਲ ਖਤਮ ਹੋ ਜਾਂਦੀ ਹੈ। ਤੁਸੀਂ ਦੇਖੋ ਬਾਬਾ ਨਾਨਕ ਸਿੱਧ ਜੋਗੀਆਂ ਨਾਲ ਬਹਿਸ ਕਰਦਾ ਹੈ ਜੋਗੀ ਐਂਟੀ ਬ੍ਰਾਹਮਣਕ ਹਨ, ਉਹ ਇਹ ਸਿੱਧ ਕਰ ਰਿਹਾ ਹੈ ਕਿ ਜੋਗੀ ਗਲਤ ਹਨ। ਪੰਜਾਬ 'ਚ ਜੋਗੀਆਂ ਦਾ ਸਭ ਤੋਂ ਵੱਧ ਸਨਮਾਨ ਰਿਹਾ ਹੈ, ਸਾਡੇ ਕਿੱਸਾਕਾਰ ਜੋਗੀਆਂ ਤੋਂ ਬਗੈਰ ਗੱਲ ਹੀ ਨਹੀਂ ਸੀ ਕਰਦੇ। ਜੋਗੀਆਂ ਤੋਂ ਭਗਤੀ ਵਾਲੇ ਬੰਦੇ ਬਹੁਤ ਘਬਰਾਏ। ਕਿਉਂਕਿ ਜੋਗੀ ਪੁਰਾਣਾਂ ਨੂੰ ਨਹੀਂ ਮੰਨਦੇ, ਵੇਦਾਂ ਨੂੰ ਨਹੀਂ ਮੰਨਦੇ, ਏਥੋਂ ਤੱਕ ਵਾਰਸ ਸ਼ਾਹ ਆਪਣੇ ਕਿੱਸੇ 'ਚ ਡੀਬੇਟ ਕਰਾਉਂਦਾ ਹੈ ਤੇ ਜੋਗੀ ਨੂੰ ਵੱਡਾ ਸਿੱਧ ਕਰਦਾ ਹੈ।

ਜੋਗੀਆਂ ਦੇ ਜੇ ਅਸੀਂ ਤੰਤਰਾਂ ਦੀ ਸਟੱਡੀ ਕਰੀਏ ਤਾਂ ਤੰਤਰ ਜੋ ਹਨ, ਉਹ ਮੈਟਰੀਆਰਕਲ ਹਨ। ਤੰਤਰ ਦੀ ਸਾਰੀ ਦੀ ਸਾਰੀ ਸਾਧਨਾ ਔਰਤ ਦੇ ਜਨਣ ਅੰਗਾ ਦੀ ਪੂਜਾ ਉੱਤੇ ਕੇਂਦਰਤ ਹੈ। ਆਪਣੇ ਕੋਲ ਜੋ ਘਰਾਂ 'ਚ ਕੀਤੀਆਂ ਰਸਮਾਂ ਹਨ... ਆਪਾਂ ਪਾਠ ਕਰਦੇ ਹਾਂ ਉਸ ਦੌਰਾਨ ਜੋ ਘੜਾ ਰੱਖਦੇ ਹਾਂ , ਥੱਲੇ ਕਣਕ-ਜੌਂ ਰੱਖਦੇ ਹਾਂ ਘੜਾ ਇਸਤਰੀ ਦੇ ਗਰਭ ਦਾ ਪ੍ਰਤੀਕ ਹੈ, ਸਾਡਾ ਇਹ ਪੇਟ ਤੇ ਜੋ ਨਿਸ਼ਾਨ ਹੈ ਤੰਤਰ 'ਚ ਇਹ ਨਿਸ਼ਾਨ ਇਸਤਰੀ ਯੌਨੀ ਹੈ, ਅਸੀਂ ਮੈਟਰੀਆਰਕੀ ਦੀ ਪ੍ਰੰਪਰਾ ਵਿਚ ਖੜੇ ਹਾਂ, ਜੇ ਅਸੀਂ ਆਪਣੇ ਕਰਮ ਕਾਂਡਾ ਵਿਚੋਂ ਇਸਤਰੀ ਪ੍ਰੰਪਰਾ ਨੂੰ ਦੇਖਣ ਦੀ ਵੀ ਕੋਸ਼ਿਸ਼ ਕਰੀਏ ਤਾਂ ਤੁਸੀਂ ਹੈਰਾਨ ਹੋ ਜਾਉਗੇ। ਕਿਸ ਤਰੀਕੇ ਨਾਲ ਹਰ ਥਾਂ ਤੇ ਇਸਤਰੀ ਬੈਠੀ ਹੈ। ਹੁਣ ਜਦੋਂ ਮੀਂਹ ਨਹੀਂ ਪੈਂਦਾ ਤਾਂ ਗੁੱਡੀ-ਗੁੱਡੇ ਦਾ ਵਿਆਹ ਕਰਵਾਇਆ ਜਾਂਦਾ ਹੈ , ਬਈ ਮੁੰਡੇ-ਕੁੜੀ ਦਾ ਮਿਲਾਪ ਕਰੋਗੇ ਤਾਂ ਮੀਂਹ ਪੈ ਜਾਵੇਗਾ। ਸਾਡੇ ਕੋਲ ਸੰਭੋਗ ਐਨਾ ਪਵਿੱਤਰ ਮੰਨਿਆ ਜਾਂਦਾ ਸੀ ਕਿ ਇਹ ਗੱਲ ਧਰਤੀ ਦੇ ਉਤਪਾਦਨ ਨਾਲ ਜੁੜੀ ਸੀ। ਅਜੇ ਵੀ ਜਦੋਂ ਪੁਰਾਣੇ ਸਮੇਂ 'ਚ ਸੋਕਾ-ਕਾਲ ਪੈ ਜਾਂਦਾ ਸੀ ਤਾਂ ਔਰਤਾ ਨਗਨ ਹੋ ਕੇ ਹਲ ਚਲਾਉਂਦੀਆਂ ਸਨ। ਇਸ ਕੰਮ ਲਈ ਇਸਤਰੀ ਦਾ ਇਹ ਔਰਗਨ ਪਵਿੱਤਰ ਹੈ। ਬ੍ਰਾਹਮਣਕ ਸਮਾਜ ਵਿਚ ਅਪਵਿੱਤਰ ਹੈ ਜਦੋਂ ਹੱਲ੍ਹ ਚਲਾਉਣਾ ਹੋਵੇ ਤਾਂ ਉਹ ਇਕ ਪੱਥਰ ਰੱਖਦੇ ਹਨ ਉਸ ਤੇ ਗੇਰੂਆ ਰੰਗ ਲਾਉਂਦੇ ਸਨ... ਇਸਤਰੀ ਦੀ ਮੈਨੁਸ਼ੇਰੇਸ਼ਨ ਦਾ ਪ੍ਰਤੀਕ ਹੈ ਇਹ... ਕਿ ਸਾਡੀ ਫ਼ਸ਼ਲ ਵਧੇਰੇ ਹੋਵੇ। ਜਦੋਂ ਫ਼ਸ਼ਲ ਬੀਜਣੀ ਹੋਵੇ ਤਾਂ ਪਹਿਲਾ ਗਰਭ ਵਤੀ ਇਸਤਰੀ ਜਾਂਦੀ ਸੀ। ਉਹਦੇ ਪੈਰ ਖੇਤਾਂ ਵਿਚ ਪਹਿਲਾਂ ਪਵਾਏ ਜਾਂਦੇ ਸਨ। ਤੰਤਰ ਸੂਤਰ ਤੇ ਜੋਗੀਆਂ ਵਿਚ ਇਸਤਰੀ ਦਾ ਦਰਜਾ ਉੱਚਾ ਮੰਨਿਆ ਗਿਆ ਹੈ। ੦



ਯੁੱਧਰਤ ਆਮ ਆਦਮੀ
(ਜਸ ਸਾਹਿਤ ਦਾ ਦਸਤਾਵੇਜ਼ੀ ਤ੍ਰੈਮਾਸਿਕ)



ਦਲਿਤ ਦਰਸ਼ਨ
(ਵਿਸ਼ੇਸ਼ ਅੰਕ)
ਸੰਪਾਦਕ
ਰਮਣਿਕਾ ਗੁਪਤਾ
ਮਹਿਮਾਨ ਸੰਪਾਦਕ
ਗਿਆਨ ਸਿੰਘ ਬੱਲ
ਸਹਾਇਕ ਸੰਪਾਦਕ
ਦਵਾਰਕਾ ਭਾਰਤੀ
ਮੁੱਲ 40 ਰੁਪਏ
ਪ੍ਰਾਪਤੀ ਸਥਾਨ
Gian Singh Bal
14-BB Oil Baradari,
Near Circuit House,Jalandhar




ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ -141001
ਫੋਨ : 0161-2413613, 2404928
ਮੋਬਾਇਲ : 98152-98459
E-mail chetnaparkashan@sify.com
ਮੁੱਲ 75 ਰੁਪਏ

ਭਗਵੰਤ ਰਸੂਲਪੁਰੀ ਦਾ ਨਵਾਂ ਕਹਾਣੀ ਸੰਗ੍ਰਹਿ

ਭਗਵੰਤ ਕਹਾਣੀ-ਕਲਾ ਵਿੱਚ ਪੁਰਾਤਨ ਮਿੱਥਾਂ, ਇਤਿਹਾਸਕ/ ਮਿਥਿਹਾਸਕ ਪਾਤਰਾਂ ਨੂੰ ਅੱਜ ਦੇ ਕੰਪਿਊਟਰ ਦੇ ਸਕੈਚਾਂ, ਡਿਜ਼ਾਇਨਾ ਤੇ ਰੀਮੋਟ ਦੱਬਦੇ ਹੱਥਾਂ ਦੀ ਛੂਹਣ, ਮੋਬਾਇਲ ਦੇ ਚਿਹਨ, ਆਦਿ ਭਾਵਾਂ ਦੀ ਤਰਜ਼ਮਾਨੀ ਕਰਦੇ ਪ੍ਰਤੀਕਾਂ ਨੂੰ ਨਵੀਨ ਅਰਥ ਦੇ ਕੇ ਅਜਿਹੀਆਂ ਕਹਾਣੀਆਂ ਦੀ ਰਚਨਾ ਕਰਦਾ ਹੈ, ਜਿਨ੍ਹਾਂ ਵਿੱਚ ਮਰਦ ਤੇ ਔਰਤ ਦੇ ਅੰਤਰਮਨ ਦੀ ਪੀੜਾ ਤੇ ਉਸ ਦੇ ਪ੍ਰਗਟਾਵੇ ਵਿੱਚ ਕੋਈ ਅੰਤਰ ਨਹੀਂ। ਦੋਵੇਂ ਹੀ ਹੱਡ-ਮਾਸ ਦੇ ਪੁਤਲੇ, ਬੇਬਸ, ਦੱਬੇ-ਘੁੱਟੇ , ਆਪਣੀ ਮਾੜੀ ਹਾਲਤ ਲਈ ਜ਼ਿੰਮੇਵਾਰ ਨੂੰ ਕ੍ਰੋਧ ਦੀ ਅਗਨੀ ਵਿੱਚ ਭਸਮ ਕਰਨ ਲਈ ਤਤਪਰ ਕਿਤੇ ਖੂੰਖਾਰ, ਕਿਤੇ ਵਿਚਾਰੇ ਤੇ ਕਦੇ ਤਰਸਯੋਗ ਨਜ਼ਰ ਆਉਂਦੇ ਪਾਤਰ, ਬਿਨਾਂ ਕਿਸੇ ਦਾ ਪੱਖ ਪੂਰੇ ਸਿਰਫ ਹਾਲਾਤਾਂ ਤੇ ਦੁੱਖਾਂ-ਪੀੜਾਂ ਦਾ ਬਿਆਨ ਕਰ ਕਦੇ ਪਾਠਕ ਨੂੰ ਝੰਜੋੜ ਜਾਂਦੇ ਹਨ ਤੇ ਕਦੇ ਉਦਾਸ ਕਰ ਜਾਂਦੇ ਹਨ।

- ਡਾ. ਜਸਵਿੰਦਰ ਕੌਰ ਬਿੰਦਰਾ